# ਪੰਜਾਬੀ ਨਾਰੀ ਸਾਹਿਤ

DPBI652

Edited By:
Dr. Yaadwinder Kaur

LOVELY PROFESSIONAL UNIVERSITY

LOVELY PROFESSIONAL UNIVERSITY

# ਪੰਜਾਬੀ ਨਾਰੀ ਸਾਹਿਤ

**Edited By**

**Dr. Yaadvinder Kaur**

| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ - 1 | ਨਾਰੀ, ਨਾਰੀ ਚਿੰਤਨ ਅਤੇ ਨਾਰੀਵਾਦ | ਡਾ. ਯਾਦਵਿੰਦਰ ਕੌਰ | 1-12 |
| ਅਧਿਆਇ - 2 | ਪੰਜਾਬੀ ਨਾਰੀ ਸਾਹਿਤ: ਅਰਥ, ਉਦਭਵ ਅਤੇ ਵਿਕਾਸ | ਡਾ. ਯਾਦਵਿੰਦਰ ਕੌਰ | 13-22 |
| ਅਧਿਆਇ - 3 | ਪੰਜਾਬੀ ਨਾਰੀ ਕਾਵਿ: ਇਤਿਹਾਸਕ ਪਰਿਪੇਖ | ਡਾ. ਯਾਦਵਿੰਦਰ ਕੌਰ | 23-34 |
| ਅਧਿਆਇ - 4 | ਸੁਖਵਿੰਦਰ ਅੰਮ੍ਰਿਤ ਰਚਿਤ ਕਾਵਿ 'ਹਜ਼ਾਰ ਰੰਗਾਂ ਦੀ ਲਾਟ' ਵਿਚ ਪੇਸ਼ ਨਾਰੀ ਸੰਵਾਦ, ਥੀਮਗਤ ਪਸਾਰ ਅਤੇ ਰੂਪਗਤ ਵਿਸ਼ਲੇਸ਼ਣ | ਡਾ. ਯਾਦਵਿੰਦਰ ਕੌਰ | 35-46 |
| ਅਧਿਆਇ - 5 | ਪੰਜਾਬੀ ਨਾਰੀ ਸਵੈਜੀਵਨੀ: ਇਤਿਹਾਸਕ ਪਰਿਪੇਖ | ਡਾ. ਯਾਦਵਿੰਦਰ ਕੌਰ | 47-58 |
| ਅਧਿਆਇ - 6 | ਅੰਮ੍ਰਿਤਾ ਪ੍ਰੀਤਮ ਰਚਿਤ ਸਵੈਜੀਵਨੀ ਰਸੀਦੀ ਟਿਕਟ ਵਿਚ ਪੇਸ਼ ਨਾਰੀ ਸਰੋਕਾਰਾਂ ਦਾ ਵਿਸ਼ਲੇਸ਼ਣ ਤੇ ਨਾਰੀ ਸੰਵੇਦਨਾ | ਡਾ. ਯਾਦਵਿੰਦਰ ਕੌਰ | 59-70 |
| ਅਧਿਆਇ - 7 | ਪੰਜਾਬੀ ਨਾਰੀ ਨਾਵਲ: ਇਤਿਹਾਸਕ ਪਰਿਪੇਖ | ਡਾ. ਯਾਦਵਿੰਦਰ ਕੌਰ | 71-82 |
| ਅਧਿਆਇ - 8 | ਪ੍ਰਗਟ ਸਿੰਘ ਸਤੌਜ ਰਚਿਤ 'ਤੀਵੀਆਂ' ਨਾਵਲ ਵਿਚ ਪੇਸ਼ ਨਾਰੀ ਬਿੰਬ ਦਾ ਵਿਸ਼ਲੇਸ਼ਣ | ਡਾ. ਯਾਦਵਿੰਦਰ ਕੌਰ | 83-92 |
| ਅਧਿਆਇ - 9 | ਪੰਜਾਬੀ ਨਾਰੀ ਕਹਾਣੀ: ਇਤਿਹਾਸਕ ਪਰਿਪੇਖ | ਡਾ. ਯਾਦਵਿੰਦਰ ਕੌਰ | 93-104 |
| ਅਧਿਆਇ - 10 | ਅਜੀਤ ਕੌਰ ਰਚਿਤ ਕਹਾਣੀ ਸੰਗ੍ਰਹਿ 'ਫਾਲਤੂ ਔਰਤ'ਵਿਚ ਪੇਸ਼ ਨਾਰੀ ਸਰੋਕਾਰਾਂ ਦਾ ਵਿਸ਼ਲੇਸ਼ਣ ਅਤੇ ਨਾਰੀ ਸੰਵੇਦਨਾ | ਡਾ. ਯਾਦਵਿੰਦਰ ਕੌਰ | 105-114 |
| ਅਧਿਆਇ - 11 | ਪੰਜਾਬੀ ਨਾਰੀ ਨਾਟਕ: ਇਤਿਹਾਸਕ ਪਰਿਪੇਖ | ਡਾ. ਯਾਦਵਿੰਦਰ ਕੌਰ | 115-126 |
| ਅਧਿਆਇ - 12 | ਪਾਲੀ ਭੁਪਿੰਦਰ ਰਚਿਤ ਨਾਟਕ 'ਸਿਰਜਣਾ' ਵਿਚ ਲਿੰਗ ਘਾੜ੍ਹਤ ਦੇ ਸਮੀਕਰਨ | ਡਾ. ਯਾਦਵਿੰਦਰ ਕੌਰ | 127-136 |
| ਅਧਿਆਇ - 13 | ਪੰਜਾਬੀ ਨਾਰੀਵਾਦੀ ਸਮੀਖਿਆ ਦ੍ਰਿਸ਼ਟੀ: ਇਤਿਹਾਸਕ ਪਰਿਪੇਖ | ਡਾ. ਯਾਦਵਿੰਦਰ ਕੌਰ | 137-146 |
| ਅਧਿਆਇ - 14 | ਡਾ. ਵਨੀਤਾ ਰਚਿਤ 'ਨਾਰੀਵਾਦ ਤੇ ਸਹਿਤ' ਪੁਸਤਕ ਵਿਚ ਪੇਸ਼ ਨਾਰੀਵਾਦੀ ਪਹੁੰਚ | ਡਾ. ਯਾਦਵਿੰਦਰ ਕੌਰ | 147-155 |

# Unit 01: ਨਾਰੀ, ਨਾਰੀ ਚਿੰਤਨ ਅਤੇ ਨਾਰੀਵਾਦ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਨਾਰੀਵਾਦ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਰੀਵਾਦ ਦੇ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਰੀਵਾਦ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਨਾਰੀਵਾਦ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਨਾਰੀਵਾਦ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਨਾਰੀਵਾਦ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਨਾਰੀਵਾਦ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਨਾਰੀਵਾਦ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਨਾਰੀਵਾਦ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ।ਆਧੁਨਿਕ ਯੁੱਗ ਵਿੱਚ ਨਾਰੀਵਾਦ ਦਾ ਮਹੱਤਵ ਬਹੁਤ ਵੱਧ ਗਿਆ ਹੈ ।

ਨਾਰੀਵਾਦ ਅੰਦੋਲਨਾਂ ਅਤੇ ਵਿਚਾਰਧਾਰਾਵਾਂ ਦਾ ਇੱਕ ਸੰਗ੍ਰਹਿ ਹੈ, ਜਿਨ੍ਹਾਂ ਦਾ ਉਦੇਸ਼ ਔਰਤਾਂ ਲਈ ਸਮਾਨ ਰਾਜਨੀਤਕ, ਆਰਥਿਕ ਅਤੇ ਸਾਮਾਜਕ ਅਧਿਕਾਰਾਂ ਨੂੰ ਪਰਿਭਾਸ਼ਿਤ ਕਰਨਾ, ਉਨ੍ਹਾਂ ਦੀ ਸਥਾਪਨਾ, ਅਤੇ ਰੱਖਿਆ ਕਰਨਾ ਹੈ।ਇਸ ਵਿੱਚ ਸਿੱਖਿਆ ਅਤੇ ਰੋਜਗਾਰ ਦੇ ਖੇਤਰ ਵਿੱਚ ਔਰਤਾਂ ਲਈ ਸਮਾਨ ਮੌਕਿਆਂ ਦੀ ਸਥਾਪਨਾ ਕਰਨ ਦੀ ਮੰਗ ਸ਼ਾਮਿਲ ਹੈ।

ਹਰ ਯੁੱਗ ਵਿਚ ਨਾਰੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ਅਤੇ ਅਜੋਕਾ ਯੁੱਗ ਖਾਸ ਤੌਰ ਤੇ ਨਾਰੀ ਸਸ਼ਕਤੀਕਰਨ ਦਾ ਹੈ। ਅੱਜ ਦੀ ਨਾਰੀ ਹਰ ਵਰਗ ਤੇ ਹਰ ਖੇਤਰ ਵਿਚ ਪੁਰਸ਼ਾਂ ਤੋਂ ਪਿੱਛੇ ਨਹੀਂ ਹੈ। ਪਰ ਅੱਜ ਦੀ ਨਾਰੀ ਵਿਚ ਜੋ ਬਦਲਾਵ ਦੇਖਣ ਨੂੰ ਮਿਲਦਾ ਹੈ, ਪਹਿਲਾ ਇਸ ਤਰ੍ਹਾਂ ਨਹੀਂ ਸੀ। ਨਾਰੀ ਦੀ ਦਿਸ਼ਾ ਤੇ ਦਸ਼ਾ ਬਹੁਤ ਖਰਾਬ ਸੀ। ਉਸ ਨੂੰ ਸਮਾਜ ਵਿਚ ਬਣਦਾ ਹੱਕ ਲੈਣ ਲਈ ਬਹੁਤ ਕੁੱਝ ਸਹਿਣਾ ਪਿਆ ਹੈ। ਨਾਰੀ ਨੇ ਜਦੋਂ ਆਪਣੇ ਹੱਕਾਂ ਲਈ ਲੜਨਾ ਸ਼ੁਰੂ ਕੀਤਾ ਤਾਂ ਇਹ ਇਕ 'ਵਾਦ' ਬਣ ਲੱਗਾ। ਜਿਸ ਨਾਲ ਨਾਰੀਵਾਦ ਦੀ ਸ਼ੁਰੂਆਤ ਹੋਈ। ਵੀਹਵੀਂ ਸਦੀ ਦੇ ਸਤਵੇਂ ਦਹਾਕੇ ਵਿੱਚ ਸਮਾਜ ਵਿੱਚ ਨਾਰੀਵਾਦੀ (Feminism) ਵਿਚਾਰਾਂ ਦਾ ਪ੍ਰਚਾਰ ਬਹੁਤ ਵੱਧ ਗਿਆ ਅਤੇ ਸਾਹਿਤ ਆਲੋਚਨਾ ਵਿੱਚ ਵੀ ਨਾਰੀਵਾਦੀ ਵਿਚਾਰਧਾਰਾ ਦੇ ਆਲੋਚਕਾਂ ਨੇ ਆਪਣਾ ਅੰਦੋਲਨ ਅਰੰਭ ਕੀਤਾ। ਇਸ ਅੰਦੋਲਨ ਦੇ ਪਿੱਛੇ ਦੋ ਸਦੀਆਂ ਦਾ ਉਹ ਸੰਘਰਸ਼ ਸੀ, ਜੋ ਔਰਤਾਂ ਆਪਣੇ ਹੱਕਾਂ ਲਈ ਲੜ ਰਹੀਆਂ ਸਨ। ਨਾਰੀਵਾਦ ਬਾਰੇ 1914 ਨਾਰੀ ਦਿਵਸ਼ ਦਾ ਪੋਸਟਰ ਵਿਚ ਇਸ ਦੱਸਿਆ ਗਿਆ ਹੈ ਕਿ ਨਾਰੀਵਾਦ (ਅੰਗਰੇਜ਼ੀ:feminism,ਫ਼ੈਮੀਨਿਜ਼ਮ), ਅੰਦੋਲਨਾਂ ਅਤੇ ਵਿਚਾਰਧਾਰਾਵਾਂ ਦਾ ਇੱਕ ਸੰਗ੍ਰਹਿ ਹੈ, ਜਿਨ੍ਹਾਂ ਦਾ ਉਦੇਸ਼ ਔਰਤਾਂ ਲਈ ਸਮਾਨ ਰਾਜਨੀਤਕ, ਆਰਥਿਕ ਅਤੇ ਸਾਮਾਜਕ ਅਧਿਕਾਰਾਂ ਨੂੰ ਪਰਿਭਾਸ਼ਿਤ ਕਰਨਾ, ਉਨ੍ਹਾਂ ਦੀ ਸਥਾਪਨਾ, ਅਤੇ ਰੱਖਿਆ ਕਰਨਾ ਹੈ। ਇਸ ਵਿੱਚ ਸਿੱਖਿਆ ਅਤੇ ਰੋਜਗਾਰ ਦੇ ਖੇਤਰ ਵਿੱਚ ਔਰਤਾਂ ਲਈ ਸਮਾਨ ਮੌਕਿਆਂ ਦੀ ਸਥਾਪਨਾ ਕਰਨ ਦੀ ਮੰਗ ਸ਼ਾਮਿਲ ਹੈ। ਫਰਾਂਸੀਸੀ ਦਾਰਸ਼ਨਿਕ, ਚਾਰਲਜ਼ ਫੂਰੀਏ ਨੂੰ, 1837 ਵਿੱਚ ਫੈਮੀਨਿਜਮ (Feminism) ਸ਼ਬਦ ਦੀ ਘਾੜਤ ਦਾ ਸਿਹਰਾ ਦਿੱਤਾ ਜਾਂਦਾ ਹੈ। ਸ਼ਬਦ ਫੈਮੀਨਿਜਮ (ਨਾਰੀਵਾਦ) ਅਤੇ ਨਾਰੀਵਾਦੀ (ਫੈਮੀਨਿਸਟ) ਪਹਿਲੀ ਵਾਰ 1872 ਵਿੱਚ ਫ਼ਰਾਂਸ ਅਤੇ ਨੀਦਰਲੈਂਡ ਵਿੱਚ, 1890 ਵਿੱਚ ਗਰੇਟ ਬ੍ਰਿਟੇਨ ਅਤੇ 1910 ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਸਾਹਮਣੇ ਆਏ, ਅਤੇ ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ ਫੈਮੀਨਿਸਟ 1894 ਵਿੱਚ ਅਤੇ ਫੈਮੀਨਿਜਮ 1895 ਵਿੱਚ ਪਹਿਲੀ ਵਾਰ ਵਰਤਿਆ ਗਿਆ।

ਨਾਰੀਵਾਦ ਸ਼ਬਦ ਦੇ ਵਿਭਿੰਨ ਸਮਾਨਾਰਥਕ ਸ਼ਬਦ ਔਰਤ, ਇਸਤਰੀ, ਮਾਦਾ ਆਦਿ ਹਨ। 'ਨਾਰੀ' ਨਾਲ ਜਦੋਂ 'ਵਾਦ' ਜੁੜ ਜਾਂਦਾ ਹੈ ਤਾਂ ਇਹ ਸ਼ਬਦ ਜਿਸ ਵਿਸ਼ੇ ਨਾਲ ਜੁੜਦਾ ਹੈ ਉਹ ਆਪਣੇ ਨਾਲ ਇੱਕ ਵਿਚਾਰ, ਚਿੰਤਨ, ਕ੍ਰਾਂਤੀ ਸੰਘਰਸ਼ ਅਤੇ ਅੰਦੋਲਨ ਦੇ ਬੀਜ ਲੈਕੇ ਚਲਦਾ ਹੈ। ਜਿਵੇਂ-ਜਿਵੇਂ ਇਹ 'ਵਾਦ' ਵਿਕਾਸ ਕਰਦਾ ਹੈ ਇਸ ਦੀਆਂ ਵਿਭੰਨ ਵਿਚਾਰਧਾਰਕ ਲੜੀਆਂ ਬਣਦੀਆਂ ਵਿਗਸਦੀਆਂ ਅਤੇ ਟੁੱਟਦੀਆਂ-ਭੱਜਦੀਆਂ ਹਨ। ਇਸੇ ਤੋੜ-ਜੋੜ ਵਿੱਚੋਂ ਵਿਕਾਸ ਦਾ ਰਸਤਾ ਨਿਕਲਦਾ ਹੈ। ਨਾਰੀਜਨ 'ਵਾਦ' ਨਾਲ ਜੁੜਿਆ ਇੱਕ ਵਿਸ਼ੇਸ਼ ਵਰਗ ਜਾਂ ਇਸ ਨਾਲ ਸੰਬੰਧਤ ਵਿਭਿੰਨ ਧਿਰਾਂ ਸਵੈ ਅਤੇ ਸਮਾਜ ਦੀ ਬਿਹਤਰੀ ਵੱਲ ਕਦਮ ਵਧਾਉਂਦੀਆਂ ਹਨ। 'ਨਾਰੀਵਾਦ' ਬਾਰ ਵੀ ਇਹ ਸੱਚ ਹੈ ਕਿ ਇਸ ਨੇ ਸਮਾਜ ਦੇ ਵਿਸ਼ੇਸ਼ ਵਰਗ ਭਾਵ ਔਰਤ ਜਾਤੀ ਦੇ ਹਿੱਤ ਵਿੱਚ ਅਵਾਜ ਬੁਲੰਦ ਕੀਤੀ। ਇਸ ਬਾਰੇ ਡਾ. ਬਲਵਿੰਦਰ ਕੌਰ ਬਰਾੜ ਨੇ 'ਵੈਬਸਟਰ ਇੰਗਲਿਸ਼ ਡਿਕਸ਼ਨਰੀ ਦੇ ਹਵਾਲੇ ਨਲ ਲਿਖਿਆ ਹੈ:- ਫ਼ੈਮੀਨਿਜ਼ਮ ਸ਼ਰਦ ਅੰਗਰੇਜੀ ਵਿੱਚ ਫਰੈਂਚ ਰਾਹੀਂ ਆਇਆ। ਫਰੈਂਚ ਵਿੱਚ ਇਹ ਲਾਤੀਂਲੀ ਸ਼ਰ ਤੋਂ ਮਿਲ ਕੇ ਬਣਿਆ ਹੈ। ਜੋ ਪੰਜਾਬੀ ਵਿੱਚ ਨਾਰੀਵਾਦ ਦੇ ਸਮਾਨ ਅਰਥ ਰੱਖਦਾ ਹੈ। ਨਾਰੀਵਾਦ ਦਾ ਅਰਥ ਹੈ। ਲਿੰਗ ਦੇ ਅਧਾਰ ਤੇ ਰਾਜੀਨਿਤਕ, ਆਰਥਿਕ ਅਤੇ ਸਮਾਜਿਕ ਸਮਾਨਤਾ ਤੋਂ ਹੈ। ਨਾਰੀਵਾਦ ਦੀ ਜਨਮ-ਭੂਮੀ ਅਤੇ ਇਸਨੂੰ ਪ੍ਰਫੁਲਿਤ ਕਰਨ ਦੇ ਯਤਨ ਪੱਛਮੀ ਸਮਜ ਵਿੱਚ ਆਰੰਭ ਹੋਏ। ਪੱਛਮੀ ਸਮਾਜ ਵਿੱਚ ਸਭ ਤੋਂ ਪਹਿਲਾਂ ਔਰਤਾਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਈਆਂ। ਬੀਜ ਰੂਪ ਵਿੱਚ ਸਭ ਤੋਂ ਪਹਿਲਾਂ ਮੈਰੀਵੂਲਸਟੋਨ ਕਰਾਫਟ ਨੇ ਔਰਤਾਂ ਦੇ ਹੱਕ ਵਿੱਚ ਨਾਹਰਾਂ ਬੁਲੰਦ ਕੀਤਾ। ਉਸਦੀ ਸੰਨ 1792 ਵਿੱਚ ਪ੍ਰਕਾਸ਼ਿਤ ਹੋਈ ਪੁਸਤਕ 'ਅ ਵਿੰਡੀਕੇਸ਼ਨ ਔਫ ਦਾ ਰਾਈਟਜ਼ ਔਫ ਵਿਮਨ' ਨਾਲ ਔਰਤ ਦੇ ਦੁੱਖਾਂ ਤੇ ਹੱਕਾਂ ਲਈ ਬਹਿਸ਼ ਆਰੰਭ ਹੋਈ। ਸਮਾਜ ਵਿੱਚ ਨਾਰੀ ਦੀ ਮੁੱਢੋ-ਮੁੱਢੋ ਬਰਾਬਰੀ ਦਾ ਏਜੰਡਾ ਲੈਕੇ ਨਾਰੀਵਾਦ ਚੇਤਨਾ ਦੀ ਲਹਿਰ ਭਾਵੇਂ ਪੱਛਮ ਵਿੱਚ ਉੱਤਰੀ ਪਰ ਇਸਦੇ ਸਰੋਕਾਰਾ, ਸੋਝੀਆਂ ਅਤੇ ਪ੍ਰਭਾਵਾਂ ਨੇ ਸਾਰੀ ਦੁਨੀਆਂ ਚ ਮੁਲਕਾ, ਸਮਾਜਾਂ, ਸੱਭਿਆਚਾਰਾਂ ਨੂੰ ਕਲੇਵਰ ਵਿੱਚ ਲਿਆ। ਨਾਰੀਵਾਦ ਦੇ ਅਧਾਰ ਤੇ ਪ੍ਰੇਰਕ ਨਾਰੀ ਚੇਤਨਾ ਨਾਲ ਸਬੰਧਿਤ ਉਨ੍ਹਾਂ ਸਮਾਜਿਕ ਲਹਿਰਾਂ ਵਿੱਚ ਪਏ ਹਨ। ਜਿਨਾਂ ਨੇ ਨਾਰੀ ਚੇਤਨਾ ਨਾਲ ਸਦੀਆਂ ਤੋਂ ਹੋ ਰਹੀ ਬੇਇਨਸਾਫੀ ਵਿਰੁੱਧ ਅਵਾਜ਼ ਬੁਲੰਦ ਕੀਤੀ ਅਤੇ ਨਾਰੀ ਨੂੰ ਬਰਾਬਰ ਦੇ ਸਮਾਜਿਕ ਨਾਗਰਿਕ ਅਧਿਕਾਰ ਦਿਵਾਉਣ ਲਈ ਸਮੂਹਿਕ ਯਤਨ ਆਰੰਭੇ। ਨਾਰੀਵਾਦ ਦਾ ਸਕੰਲਪ ਆਪਣੀ ਹੋਂਦ ਇਸ ਤੱਥ ਤੋਂ ਗ੍ਰਹਿਣ ਕਰਦਾ ਹੈ ਕਿ ਇਸ ਕਾਇਨਾਤ ਵਿੱਚ ਨਾਰੀ ਦੀ ਗਣਨਾ ਪ੍ਰਾਣੀਆਂ ਦੇ ਉਸ ਵਰਗ ਵਿੱਚ ਪ੍ਰਵਾਵਿਤ ਹੈ

ਜਿਸਨੂੰ ਮਨੁੱਖ ਕਿਹਾ ਜਾਂਦਾ ਹੈ ਅਤੇ ਜਿਹੜਾ ਪ੍ਰਵਰਗ ਚੇਤਨਾ ਯੁਕਤ ਹੋਣ ਕਕੇ ਸਭ ਤੋਂ ਸ੍ਰੇਸ਼ਟ ਤੇ ਉੱਤਮ ਹੈ। ਪ੍ਰਕਿਰਤਿਕ ਜਗਤ ਤੇ ਸਥਾਈ, ਸਦੀਵੀ ਅਤੇ ਅਟੱਲ ਨਿਯਮਾਂ ਅਨੁਸਾਰ ਪੁਰਖ ਤੇ ਨਾਰੀ ਮਨੁੱਖੀ ਇਕਾਈ ਦੇ ਦੋ ਜੁਜ਼ ਹਨ।

**ਨਾਰੀਵਾਦ: ਇਤਿਹਾਸਕ ਪਰਿਪੇਖ:** ਨਾਰੀਵਾਦ ਸ਼ਬਦ ਜਿਹੜਾ ਕਿ ਪੰਜਾਬੀ ਵਿੱਚ ਪਰਿਆਇ ਵਜੋਂ ਪ੍ਰਚਲਿਤ 18 ਵਿੱਚ ਪਹਿਲੀ ਵਾਰ ਵਿੱਚ ਦਰਜ ਹੋਇਆ। ਇਸਦਾ ਅਰਥ ਇਹ ਨਹੀਂ ਕਿ ਨਾਰੀ ਨਾਲ ਹੋ ਰਹੇ ਅਨਿਆਂ ਜਾਂ ਨਾਰੀ ਦੇ ਮਾਨਵੀ ਅਧਿਕਾਰਾਂ ਦੀ ਗੱਲ ਇਸ ਤੋਂ ਪਹਿਲਾਂ ਤੁਰੀ ਹੀ ਨਹੀਂ ਸੀ, ਪਰ ਇੱਕ ਸਮਾਜਿਕ ਸੰਗਠਿਤ ਲਹਿਰ ਵਜੋਂ ਨਾਰੀਵਾਦ ਫਰਾਂਸ ਵਿੱਚ 1880 ਵਿੱਚ, ਇੰਗਲੈਂਡ, ਅਮਰੀਕਾ ਵਿੱਚ 1890 ਵਿੱਚ ਉਭਰਿਆ। ਇੱਕ ਰਾਜਨੀਤਿਕ ਲਹਿਰ ਵਜੋਂ ਨਾਰੀਵਾਦ ਦੇ ਇਤਿਹਾਸ ਤੇ ਹੁਣ ਤੱਕ ਦੇ ਤਿੰਨ ਦੌਰ ਮੰਨੇ ਗਏ ਹਨ। ਨਾਰੀਵਾਦ ਇਤਿਹਾਸਕਾਰ ਇਨ੍ਹਾਂ ਦੌਰਾਂ ਨੂੰ ਨਿਮਨਲਿਖਤ ਤਿੰਨ ਸਿਰਲੇਖਾਂ ਅਧੀਨ ਵਿਚਾਰਦੇ ਹਨ।

**ਨਾਰੀਵਾਦ ਦਾ ਪਹਿਲਾ ਦੌਰ:** ਨਾਰੀ ਦੀ ਸਮਾਜਕ ਕਾਨੂੰਨੀ ਬਰਾਬਰੀ ਦੇ ਮੁੱਦੇ ਨੂੰ ਪਹਿਲੀ ਵਾਰ ਫੋਕਸ ਵਿੱਚ ਲਿਆਉਣ ਵਾਲੀ ਇਸ ਲਹਿਰ ਦਾ ਸਮਾਂ ਅਠਾਰਵੀ ਸਦੀ ਦੇ ਅਖੀਰ ਤੋ 20 ਵੀਂ ਸਦੀ ਦੇ ਲਗਪਗ ਆਰੰਭ ਤੱਕ ਨਿਸ਼ਚਿਤ ਕੀਤਾ ਜਾਂਦਾ ਹੈ। ਆਪਣੀ ਪੁਸਤਕ ਵਿੱਚ ਨਾਰੀ ਨਾਲ ਹੋ ਰਹੀ ਬੇਇਨਸਾਫੀ ਨੂੰ ਅਠਾਰਵੀ ਸਦੀ ਦੇ ਮੁਕਣ ਵੇਲੇ ਤੱਕ ਸਮਾਜਕ ਅਕਾਦਸ਼ਿਕ ਬਹਿਸਾਂ ਵਿੱਚ ਲੈ ਆਂਦਾ ਸੀ ਅਤੇ 1848 ਵਿੱਚ ਅਮਰੀਕਾ ਵਿੰਚ ਹੋਈ ਗੁਲਾਮਾਂ ਅਤੇ ਨਾਰੀਆਂ ਦੇ ਬਰਾਬਰੀ ਦੇ ਅਧਿਕਾਰ ਮੁੱਦਾ ਵੀ ਬਣੇ ਸਨ, ਪਰ ਨਾਰੀਵਾਦ ਇੱਕ ਸਮਾਜਿਕ ਰਾਜਨੀਤਿਕ ਲਹਿਰ ਵਜੋ 19 ਵੀਂ ਸਦੀ ਦੇ ਅੱਧ ਵਿੱਚ ਸੰਗਠਿਤ ਹੋਇਆ। ਇੰਗਲੈਂਡ ਵਿੱਚ ਮੱਧਵਰਗੀ ਔਰਤਾਂ ਦਾ ਇੱਕ ਗਰੁੱਪ ਸ਼ਗ਼ਾਕਤ ਦੀ ਅਗਵਾਈ ਹੇਠ ਸਰਗਰਮ ਹੋਇਆ। ਉਹਨਾਂ ਨੇ 1858 ਤੋਂ 1864 ਤੱਕ ਜਤੀ ਦੇ ਸਰੋਕਾਰ ਨਾਰੀ ਲਈ ਸਿੱਖਿਆ, ਰੁਜ਼ਗਾਰ, ਵਿਆਹ ਕਾਨੂੰਨਾਂ ਦੀਆਂ ਜਰੂਰਤਾਂ ਆਦਿ ਦੇ ਨਾਲ ਨਾਲ ਮਹੱਤਵ ਅਕਾਂਥੀ ਮਧ ਵਰਗੀ ਔਰਤਾਂ ਦੇ ਨਿੱਜੀ ਅਨੁਭਵ ਦੀ ਉਪਜ ਸਨ। ਨਾਰੀ ਨੂੰ ਵੋਟ ਦਾ ਅਧਿਕਾਰ ਲੰਬੇ ਸੰਘਰਸ਼ ਬਾਅਦ ਪਹਿਲੀ ਵਾਰ ਅਮਰੀਕਾ ਵਿੱਚ 1920 ਨੂੰ ਮਿਲਿਆ। ਭਾਰ ਨਾਰੀਵਾਦੀਆਂ ਨੂੰ ਵੀ ਜਾਪਦਾ ਸੀ ਕਿ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਉਪਰੰਤ ਸਮਾਜ ਵਿੱਚ ਨਾਰੀ ਦੀ ਬਰਾਬਰੀ ਦਾ ਮਸਲਾ ਖੁਦ-ਬਖੁਦ ਨਜਿਠਿਆ ਜਾਵੇਗਾ ਅਤੇ 1920 ਤੋਂ ਬਾਅਦ ਜੰਮਣ ਵਾਲੀ ਨਾਰੀ ਲਈ ਨਾਰੀਵਾਦ ਇੱਕ ਬੀਤ ਚੁੱਕਿਆ ਇਤਿਹਾਸ ਹੋਵੇਗਾ।

**ਨਾਰੀਵਾਦ ਦਾ ਦੂਜਾ ਦੌਰ:** ਨਾਰੀ ਦੇ ਆਰਥਕ ਅਧਿਕਾਰਾਂ ਅਤੇ ਸਮਾਜਕ ਖੁੱਲਾਂ ਦੇ ਮਸਲਿਆਂ ਨੇ 1960 ਵਿੱਚ ਬਲ ਗ੍ਰਹਿਣ ਕੀਤਾ ਅਮਰੀਕਾ ਵਿੱਚ ਦੀ ਅਸਫਲਾ ਉਪਰੰਤ ਨੇ ਅਮਰੀਕੀ ਸਮਾਜ ਵਿੱਚ ਨਾਰੀ ਦੀ ਮੁਕੰਮਲ ਹਿੱਸੇਦਾਰੀ ਦੀ ਸੰਕਲਪ ਨੂੰ ਮੁੱਖ ਰੱਖਦਿਆ 1960 ਵਿੱਚ ਸਥਾਪਨਾ ਕੀਤੀ ਗਈ। ਇਸ ਸਮੇਂ ਇੰਗਲੈਡ ਅਤੇ ਯੂਪ ਵਿੱਚ ਰੁਜਗਾਰ ਦੇ ਬਰਾਬਰ ਮੌਕਿਆਂ, ਬਰਾਬਰ ਤਨਖਾਹਾਂ ਦੇ ਨਾਲ ਨਾਲ ਹੋਰ ਸਿਵਲ ਅਧਿਕਾਰਾਂ ਤੇ ਵਿਹਾਰਾਂ ਵਿੱਚ ਹੋ ਰਹੇ ਵਿਤਕਰਿਆਂ ਪ੍ਰਤੀ ਨਾਰੀ ਰੋਹ ਸੰਗਠਿਤ ਹੋਇਆ। ਲਗਪਗ 1960 ਤੋਂ 1980 ਤੱਕ ਚੱਲੀ ਇਸ ਜਦੋਂ ਜਹਿਦ ਨੂੰ ਨਾਂ ਦਿੱਤਾ ਇਸ ਵਿੱਚ ਸਮਾਜਵਾਦੀ, ਨਾਰੀਵਾਦ, ਕਾਲਾ ਨਾਰੀਵਾਦ, ਲੈਜ਼ਬੀਅਨ ਨਾਰੀਵਾਦ ਦੀਆਂ ਸਥਾਪਨਾਵਾਂ ਕਰਨ ਵਾਲੇ ਬਹੁਤ ਸਾਰੇ ਗਰੁੱਪ ਆਪਣੀਆਂ ਪਹਿਲਤਾਵਾਂ ਅਤੇ ਵਿਚਾਰਧਾਰਕ ਧਿਰਾਂ ਸਮੇਤ ਸਰਗਰਮ ਹਨ।

**ਨਾਰੀਵਾਦ ਦਾ ਤੀਜਾ ਪੜਾਅ:** ਇਤਿਹਾਸਕਾਰਾਂ ਦਾ ਮਤ ਹੈ ਕਿ 1990 ਤੋਂ ਬਾਅਦ ਨਾਰੀਵਾਦ ਸਾਂਝੇ, ਅਜੰਡਿਆਂ ਤੇ ਕੇਦਰਤਿ ਹੋ ਗਿਆ ਹੈ। ਇਸ ਦੌਰ ਵਿੱਚ ਨਾਰੀਵਾਦ ਵਿਭੰਨ ਦੇਸ਼ਾਂ ਕੋਸਾਂ, ਜਾਤਾਂ ਜਮਾਤਾਂ, ਧਰਮਾਂ ਕਬੀਲਿਆਂ ਦੀ ਨਾਰੀ ਦੀਆਂ ਨਿੱਜੀ ਅਤੇ ਸਮਾਜਕ ਦੋਹਾਂ ਕਿਸਮਾਂ ਦੀਆਂ ਲੋੜਾਂ, ਸਮੱਸਿਆਵਾਂ, ਸਰੋਕਾਰਾਂ ਸਬੰਧੀ ਰਾਜਨੀਤਿਕ ਪੋਜੀਸ਼ਨਾਂ ਅਤੇ ਅਕਾਦਮਿਕ ਪੇਸ਼ਕਾਰੀਆਂ ਨਾਲ ਡੂੰਘੀ ਬਬਸਤਗੀ ਰੱਖਦਾ ਹੈ ਅਤੇ ਵਿਭੰਨ ਆਧਾਰਾਂ ਤੇ ਵਿਚਾਰਾ ਨੂੰ ਵਿਚਾਰਧਾਰਕ ਪੈਂਤੜਿਆਂ ਤੋਂ ਸੁਤੰਤਰ ਤੌਰ ਤੇ ਸੰਬੋਧਿਤ ਹੁੰਦਾ ਹੈ।ਨਾਰੀਵਾਦ ਦੇ ਪ੍ਰਮੁੱਖ ਚਿੰਤਕ ਅਤੇ ਉਹਨਾਂ ਦੀਆਂ ਸਥਾਪਨਾਵਾ ਫਰਾਂਸ ਦੇ ਬਹੁਚਰਚਿਤ ਨਾਰੀ ਚਿੰਤਕ ਸਿਮੋਨ ਦੇ ਬੁਵਾਇਰ ਦੀ 1949 ਈ ਵਿੱਚ 'ਦ ਸੈਂਕਡ ਸੈਕਸ ਨਾਮ ਦੀ ਪੁਸਤਕ ਆਈ ਜਿਸ ਪੁਸਤਕ ਨਾਲ ਹਰ ਪਾਸੇ ਧੂਨੀ ਗੂੰਝਣ ਲੱਗ ਗਈ ਸੀ। ਇਸ ਸਦਕਾ ਔਰਤ ਨੂੰ ਔਰਤ ਬਣਾਏ ਜਾਣ ਤੇ ਪ੍ਰਕਿਰਿਆ ਦੀ ਖੋਜ-ਬੀਣ ਸ਼ੁਰੂ ਹੋਈ। ਔਰਤ ਦੀ ਵਿਸ਼ੇਸ਼ ਨਿਰਮਾਣਕਾਰੀ ਦੀਆਂ ਸਮਾਜ-ਸਭਿਆਚਾਰਕ ਹਾਲਾਤਾਂ ਦਾ ਗਹਿਰਾਈ ਵਿੱਚ ਅਧਿਐਨ ਸ਼ੁਰੂ ਹੋਇਆ। ਜਿਸ ਪੁਸਤਕ ਵਿੱਚ ਸਿਮੋਨ ਨੇ ਕਿਹਾ ''ਜੀਵ ਵਿਗਿਆਨ, ਮਨੋਵਿਸਲੇਸ਼ਣੀ ਸਿਧਾਂਤ ਅਤੇ ਇਤਿਹਾਸਕ ਪਦਾਰਥਵਾਦ ਦੇ ਨਜ਼ਰੀਏ ਤੋਂ ਨਾਰੀ ਨੂੰ ਪਰਿਭਾਸ਼ਿਤ ਕਰਨ ਦੇ ਅੱਡੋ-ਅੱਡ ਸਿਧਾਂਤਾ ਦਾ ਲੇਖਾ ਜੋਖਾ ਕਰਦਿਆ ਉਸਨੇ ਨਿਰਣਾ ਕੀਤਾ ਕਿ ਇਹ ਤਿੰਨੇ ਖੇਸੇ ਨਾਰੀ ਦੀ ਹੋਂਦ ਸਥਿਤੀ ਅਤੇ ਹੋਂਦ ਚੇਤਨਾ ਨਾਲ ਨਿਆਂ ਨਹੀ ਕਰ ਰਹੇ''। ਨਾਰੀਵਾਦ ਪਰਿਪੇਖ ਵਿੱਚ 'ਕੇਟ ਮਿਲੇਟ' ਦੀ ਪੁਸਤਕ ਸੈਕਚੁਅਲ

ਪੋਲੀਟਿਕਸ' 1969 ਵਿੱਚ ਖਾਸ ਚਰਚਾ ਦਾ ਵਿਸ਼ਾ ਬਣੀ। ਇਸ ਨਾਲ ਨਾਰੀਵਾਦੀ ਚਿੰਤਕ ਨਾਰੀਵਾਦੀ ਸਹਿਤ ਸਿਧਾਤਾਂ ਦੀ ਵੱਖਰਤਾ ਬਾਰੇ ਚੇਤੰਨ ਹੋਣ ਲੱਗੀਆਂ ਕੇਟ ਮਿਲੇਟ ਦੀ ਪੁਸਤਕ ਤਿੰਨ ਭਾਗਾਂ ਵਿੱਚ ਵੰਡੀ ਹੋਈ ਹੈ।

1. ਲਿੰਗਕ ਰਾਜਨੀਤੀ
2. ਇਤਿਹਾਸਿਕ ਪਿਛੋਕੜ
3. ਸਾਹਿਤਕ ਪ੍ਰੀਬਿੰਬ।

ਪਹਿਲੇ ਹਿੱਸੇ ਵਿੱਚ ਮਿਲੇਟ ਨੇ ਔਰਤ ਅਤੇ ਮਰਦ ਦੇ ਸਬੰਧਾਂ ਵਿੱਚ ਤਾਕਤ ਕਿਸ ਕੋਲ ਹੈ ਇਸ ਬਾਰੇ ਆਪਣੇ ਸਿਧਾਂਤ ਪੇਸ਼ ਕੀਤੇ ਦੂਜੇ ਹਿੱਸੇ ਵਿੱਚ ਨਾਰੀਵਾਦੀ ਸਘਰੰਸ਼ ਅਤੇ ਉਸਦੇ ਵਿਰੋਧੀ ਕੋਣ ਹਨ, ਇਸਦਾ ਉਲੇਖ ਕੀਤਾ ਅਤੇ ਤੀਜੇ ਹਿੱਸੇ ਵਿੱਚ ਉਸਨੇ ਚਰਿਤ ਲੇਖਕਾਂ ਨੂੰ ਲੈਕੇ ਨਾਰੀਵਾਦੀ ਦ੍ਰਿਸ਼ਟੀ ਤੋਂ ਉਹਨਾਂ ਦਾ ਸਾਹਿਤਕ ਵਿਸ਼ਲੇਸ਼ਣ ਕੀਤਾ ਹੈ। ਹੈਲਨ ਸਿਖਸਮ ਸਿਕਸੂ ਦਾ ਜਨਮ ਵਗਨ ਵਿੱਚ ਹੋਇਆ ਮੁੱਢਲੀ ਪੜਾਈ ਦਾ ਫੋਕਸ ਅੰਗਰੇਜੀ ਸਾਹਿਤ ਤੇ ਜੇਮਸ ਜੁਆਏਸ ਦੀਆ ਲਿਖਤਾ ਤੇ ਸੀ। ਉਹ ਯੂਨੀਵਰਸਿਟੀ ਆਫ ਪੇਰਿਸ ਵਿੱਚ ਪੜ੍ਹਾਵੁਦੀ ਵੀ ਰਹੀ ਜਿੱਥੇ ਉਹ ਨਾਰੀਵਾਦ ਨਾਲ ਜੁੜੀ। ਹੈਲਨ ਸਿਕਸੂ ਨੇ ਨਾਰੀ ਲੇਖਣ ਵੁਧਰ ਵਧੇਰੇ ਜੋਰ ਦਿੱਤਾ ਹੈ। ਉਹ ਨਾਰੀਵਾਦ ਦੇ ਵਿਰੋਧੀ ਸ਼ਰਦ ਮਾਰਸਵਾਦ ਦਾ ਵੀ ਵਿਰੋਧ ਕਰਦੀ ਹੈ। ਉਸਨੇ ਇਸ ਗੱਲ ਉੱਪਰ ਜੋਰ ਦਿੰਤਾ ਕਿ ਔਰਤ ਨੂੰ ਜੀਵ ਦੇ ਲਵੇ ਰੂਪਾਂ ਵਿੱਚ ਢਲਣਾ ਚਾਹੀਦਾ ਹੈ ਤੇ ਆਪਣੇ ਢੰਗ ਨਾਲ ਲੇਖਣ ਕਰਨਾ ਚਾਹੀਦਾ ਹੈ ਤਾ ਜੋ ਆਪਣੇ ਆਪ ਨੂੰ ਬਿਆਨ ਕਰ ਸਕੇ। ਸਿਕਸੂ ਬਾਰੇ ਪ੍ਰਮਜੀਤ ਕੌਰ ਅਤੇ ਵਿਨੋਦ ਮਿੱਤਲ ਰੋਜਮੈਰੀ ਟੰਗ ਦੇ ਹਵਾਲੇ ਨਾਲ ਲਿਖਦੇ ਹਨ ''ਸਿਕਸੂ ਨੇ ਔਰਤਾ ਨੂੰ, ਔਰਤਾਂ ਲਈ ਮਰਦਾਂ ਦੁਆਰਾ ਬਣਾਏ ਗਈ ਦੁਨੀਆਂ ਤੋਂ ਬਾਹਰ ਖੁਦ ਲਿਖਣ ਲਹੀ ਵੰਗਾਰਿਆ ਉਸਨੇ ਔਰਤਾਂ ਨੂੰ ਖੁਦ ਨੂੰ ਸ਼ਬਦਾਂ ਵਿੱਚ ਪੇਸ਼ ਕਰਨ ਦਾ ਤਰਕ ਦਿੱਤਾ।

**ਬੈਟੀ ਫਰੀਡਨ** ਦੀ ਪੁਸਤਕ 'ਦ ਫੈਮੀਨਿਨ ਮਿਸਟੀਕ' ਔਰਤਾਂ ਨਾਲ ਵਧੀਕੀਆਂ ਅਤੇ ਵਿਰੋਧੀ ਪ੍ਰਭਾਵ ਵਜੋਂ ਉੱਭਰੀ। ਇਸ ਨੇ ਅਮਰੀਕਾ ਵਿੱਚ 'ਨੈਸ਼ਨਲ ਔਰਗਨਾਈਜ਼ੇਸ਼ਨ ਆਫ ਵੂਮਨ' ਦੀ ਨੀਹ ਰੱਖੀ ਜੋ 'ਨਾਓ' (ਟਰਮ) ਦੇ ਨਾ ਨਾਲ ਪ੍ਰਸਿੱਧ ਹੋਈ। ਇਸ ਨਾਲ ਔਰਤਾਂ ਨੂੰ ਆਪਣੇ ਹੱਕਾਂ ਦੀ ਮੰਗ ਲਈ ਪਲੇਟ ਫਾਰਮ ਪ੍ਰਾਪਤ ਹੋਇਆ ਇਸ ਪ੍ਰਭਾਵ ਸਦਕਾ ਔਰਤ ਨੇ ਇਸ ਗੱਲ ਦੀ ਡਟ ਕੇ ਆਲੋਚਨਾ ਕੀਤੀ ਕਿ ਔਰਤ ਦੀ ਸੰਪੂਰਨਤਾ ਕੇਵਲ ਬੱਚੇ ਪੈਦਾ ਕਰਨ ਤੇ ਘਰ ਨੂੰ ਸੰਭਾਲਣ ਵਿੱਚ ਹੈ। ਇਸ ਕਿਤਾਬ ਨੇ ਸਮੇਂ ਦੀ ਲਹਿਰ ' ਤੇ ਬਹੁਤ ਅਸਰ ਪਾਇਆ ਤੇ ਨਾਰੀਵਾਦ ਨੂੰ ਇੱਕ ਅੰਦੋਲਨ ਵਿੱਚ ਢਾਲਣ ਲਈ ਰਾਹ ਪੱਧਰਾ ਕੀਤਾ। ਇਸ ਤਰ੍ਹਾਂ ਉਪਰੋਕਤ ਚਿੰਤਕਾਂ ਅਤੇ ਸੰਸਥਾਵਾਂ ਨੇ ਨਾਰੀ ਅਤੇ ਨਾਰੀਵਾਦ ਦੇ ਵਿਕਾਸ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਇਹ੍ ਚਿੰਤਕ ਨਾਰੀ ਨੂੰ ਜਾਗਰੂਕ ਕਰਨ ਅਤੇ ਇਸਦੇ ਹੱਕਾਂ ਦੀ ਗੰਲ ਕਰਨ ਨਾਲ-ਨਾਲ ਇੱਕ ਸਿੱਧਾਂਤ ਸਿਰਜਨ ਵੱਲ ਵੀ ਕਿਰਿਆਸ਼ੀਲ ਹੁੰਦੇ ਹਨ ਜਿਸਨੂੰ ਆਧਾਰ ਬਣਾਕੇ ਔਰਤਾਂ ਦੀਆਂ ਵਿਭਿੰਨ ਸਮੱਸਿਆਵਾਂ ਨੂੰ ਸਮਝਿਆ ਜਾ ਸਕੇ। ਇਸ ਤਰ੍ਹਾਂ ਵਿਭਿੰਨ ਨਾਰੀਵਾਦੀ ਚਿੰਤਕਾਂ ਦੇ ਉਪਰੋਤਕ ਵਰਣਿਤ ਸਿਧਾਤਾਂ ਦੀ ਰੋਸ਼ਨੀ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਪੱਛਮ ਵਿੱਚ ਨਾਰੀਵਾਦੀ ਚਿੰਤਨ ਹੁਣ ਤੱਕ ਆਪਣੇ ਕਈ ਪੜਾਅ ਪਾਰ ਕਰ ਚੁੱਕਿਆ ਹੈ। ਇਹ ਚਿੰਤਨ ਦੇ ਨਾਲ ਨਾਲ ਇੱਕ ਲਿਹਰ ਦੇ ਰੂਪ ਵਿੱਚ ਵੀ ਦੇਖਿਆ ਜਾ ਸਕਦਾ ਹੈ। ਇਸਦੇ ਕਈ ਮਾਡਲ ਜਾ ਸਕੂਲ ਸਥਾਪਿਤ ਹੋ ਚੁੱਕੇ ਹਨ ਜਿੰਨ੍ਹਾਂ ਦੀ ਲੋਅ ਵਿੰਚ ਨਾਰੀਵਾਦ ਨੇ ਆਪਣਾ ਮੁਹਾਂਦਰਾ ਨਿਖਾਰਿਆ ਹੈ। ਮਾਰਕਸਵਾਦੀ ਨਾਰੀਵਾਦ ਤੋਂ ਸ਼ੁਰੂ ਹੋਕੇ ਕ੍ਰਮਵਾਰ ਉਦਾਰਵਾਦ ਨਾਰੀਵਾਦ, ਉਗਰ ਨਾਰੀਵਾਦ ਮਨੋਵਿਸ਼ਲੇਸ਼ਣ ਨਾਰੀਵਾਦ, ਅਸਤਿਤਵਵਾਦੀ ਨਾਰੀਵਾਦ, ਬਲੈਕ ਜਾ ਕਾਲਿਆਂ ਨਾਰੀਵਾਦ ਅਤੇ ਹੁਣ ਤੱਕ ਉੱਤਰ ਨਾਰੀਵਾਦ ਦੀ ਗੱਲ ਵੀ ਸ਼ੁਰੂ ਹੋ ਚੁੱਕੀ ਹੈ ਇਹਨਾਂ ਵੱਖ-ਵੱਖ ਮਾਡਲਾਂ ਰਾਹੀਂ ਔਰਤ ਦੀ ਚੇਤਨਾ ਦੇ ਵਿਕਾਸ ਦਾ ਨਵਾਂ ਯੁੱਗ ਸ਼ੁਰੂ ਹੁੰਦਾ ਹੈ, ਜਿੱਥੇ ਅਸੀਂ ਸੰਖੇਪ ਵਿੱਚ ਇਹਨਾਂ ਅਧਿਐਨ ਸਕੂਲਾਂ ਦੀਆਂ ਧਾਰਨਾਵਾਂ ਬਾਰੇ ਗੱਲ ਕਰਾਂਗੇ। ਕਿਉਂਕਿ ਇਹ ਅਧਿਐਨ ਸਕੂਲ ਨਾਰੀਵਾਦ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

**ਮਾਰਕਸਵਾਦੀ ਨਾਰੀਵਾਦ** ਔਰਤਾਂ ਦਾ ਸਮਾਜਿਕ ਉਤਪਾਦਨ ਦੇ ਵਿੱਚ ਸ਼ਾਮਿਲ ਹੋਣ ਤੇ ਔਰਤ ਨੂੰ ਬਰਾਬਰ ਦੇ ਮੋਕੇ ਦਿੱਤੇ ਜਾਣ ਦੀ ਗੱਲ ਕਰਦਾ ਹੈ। ਇਹ ਔਰਤ ਦੀ ਦੂਜੀ ਸਥਿਤੀ ਦਾ ਕਾਰਨ ਆਰਥਿਕਤਾ ਨੂੰ ਮੰਨਦਾ ਹੈ। ਘਰੈਲੂ ਕੰਮ-ਕਾਜ, ਬੱਚਿਆਂ ਦੀ ਦੇਖ-ਰੇਖ ਵਿਆਹ ਆਦਿ ਔਰਤ ਦੀ ਗੁਲਾਮੀ ਦਾ ਕਾਰਨ ਮੰਨਦਾ ਹੈ ਵੁਹ ਆਰਥਿਕਤਾ ਦੀ ਤਾਕਤ ਵਿੱਚ ਵੱਡੇ ਫੇਰ ਬਦਲ ਦੀ ਮੰਗ ਕਰਦਾ ਹੈ ਜਿਸ ਨਾਲ ਸਿਰਫ ਔਰਤਾਂ ਹੀ ਨਹੀ ਸਗੋਂ ਬਾਕੀ ਸਰੀਆਂ ਰਾਸ਼. ਅਗਤ ਧਿਰਾਂ ਦੀ ਹਾਲਤ ਵਿੱਚ ਵੀ ਸੁਧਾਰ ਹੋਵੇ ਪਰ ਮਾਰਕਸ਼ਵਾਦੀ ਨਾਰੀਵਾਦ ਸਿਰਫ ਕੰਮਕਾਜੀ ਔਰਤਾਂ ਨੂੰ ਕੇਂਦਰ ਵਿੱਚ ਰੱਖਦਾ ਹੈ ਉਹ ਆਰਥਿਕਤਾ ਦੀ ਆਜਾਦੀ ਵਿੱਚ ਹੀ ਔਰਤ ਦੀ ਆਜਾਦੀ ਸਿੱਖ ਲੈਂਦਾ ਹੈ ਅਤੇ ਆਰਥਿਕਤਾ

ਤੋਂ ਬਾਹਰ ਸਮੱਗਰ ਰੂਪ ਵਿੱਚ ਔਰਤ ਦੀ ਆਜਾਦੀ ਤੋਂ ਅਖਾਂ ਫੇਰ ਲੈਂਦਾ ਹੈ। ਇਸ ਲਹੀ ਆਰਥਿਕਤਾ ਉੱਪਰ ਭਾਰੂ ਹੋਣਾ ਉਸਦੀ ਇੱਕ ਸੀਮਾ ਵੀ ਬਣ ਜਾਂਦੀ ਹੈ ਅਤੇ ਕਮਜ਼ੋਰੀ ਵੀ।

**ਉਦਾਰਵਾਦੀ ਨਾਰੀਵਾਦ** ਵੀ ਨਾਰੀਵਾਦ ਦੇ ਵਿਕਾਸ ਵਿੱਚ ਅਹਿਮ ਸਥਾਨ ਰੱਖਦਾ ਹੈ ਉਹ ਸਮਾਜ ਵਿੱਚ ਔਰਤਾਂ ਦੀ ਯੋਗਤਾ ਦੇ ਆਧਾਰ ਤੇ ਬਰਾਬਰੀ ਦੀ ਗੰਲ ਕਰਦਾ ਹੈ ਇਸ ਅਨੁਸਾਰ ਔਰਤਾਂ ਆਪਣੇ ਕੰਮਾਂ ਅਤੇ ਯੋਗਤਾਂ ਰਾਹੀ ਮਰਦ ਦੇ ਬਰਾਬਰ ਖੜ ਸਕਦੀਆਂ ਹਨ। ਇਹ ਨਾਰੀਵਾਦ ਗਰਭਪਾਤ, ਜਿਣਸ਼ੀ ਧੱਕੇਸ਼ਾਹੀ, ਵੋਟ ਦਾ ਅਧਿਕਾਰ,ਸਿੱਖਿਆ, ਉਚਿੱਤ ਸਿਹਤ ਸੇਵਾਵਾਂ, ਘਰੇਲੂ ਹਿੰਸਾ ਆਦਿ ਮੁੱਢਲੇ ਮਸਲਿਆ ਤੇ ਖਿਲਾਲ ਕੇਂਦਰਿਤ ਕਰਦਾ ਹੈ। ਪਰ ਉਦਾਰਵਾਦੀ ਨਾਰੀਵਾਦ ਔਰਤ-ਮਰਦ ਦੀ ਬਰਾਬਤਾ ਦੀ ਗੱਲ ਕਰਦਾ ਹੈ ਪਰ ਔਰਤ ਦੀ ਦੂਜੈਲੀ ਸਥਿਤੀ ਦੀ ਤਹਿ ਪਿੱਛੇ ਪਏ ਕਾਰਣਾਂ ਦੀ ਪਰਖ ਪੜਚੋਲ ਵਿੱਚ ਵੀ ਨਹੀ ਪੈਂਦਾ ਸਗੋ ਇਹ ਸਮਾਜਕ ਢਾਂਚੇ ਵਿੱਚ ਥੋੜੇ ਜਿਹੇ ਸੁਧਾਰ ਲਿਆਕੇ ਔਰਤਾਂ ਦੀ ਸਥਿਤੀ ਨੂੰ ਸੁਧਾਰਨ ਵੱਲ ਰੁਚਿਤ ਹੁੰਦਾ ਹੈ।

**ਰੈਡੀਕਲ ਜਾਂ ਉਗਰ ਨਾਰੀਵਾਦ** ਔਰਤ ਦੇ ਦਮਨ ਨੂੰ ਜੈਂਡਰ ਦੇ ਵਖਰੇਵੇਂ ਅਤੇ ਕਾਮੁਕਤਾ ਵਿੱਚ ਮੰਨਦਾ ਹੈ ਇਹ ਔਰਤ ਦੇ ਆਪਣੇ ਸ਼ਰੀਰ ਉੱਪਰ ਸੁਤੰਤਰ ਹੋਂਦ ਦੀ ਪੈਰਵੀ ਕਰਦਾ ਹੈ ਭਾਵ ਲਿੰਗਕ ਆਜ਼ਾਦੀ ਦੀ ਗੱਲ ਕਰਦਾ ਹੈ। ਰੈਡੀਕਲ ਨਾਰੀਵਾਦ ਘਰ, ਪਰਿਵਾਰ ਅਤੇ ਵਿਆਹ ਜੋ ਔਰਤ ਨੂੰ ਬੇਟੀ, ਪ੍ਰੇਮਿਕਾ, ਪਤਨੀ ਜਾਂ ਮਾਂ ਦੇ ਰੂਪ ਵਿੱਚ ਚਿੰਤਵਦਾ ਹੈ, ਨੂੰ ਨਕਾਰਦਾ ਹੈ। ਇਸ ਨਾਰੀਵਾਦ ਮਾਡਲ ਦਾ ਮੁਖ ਮਨੋਰਥ ਔਰਤ ਜਾਤੀ ਦੀ ਔਰਤ ਵਜੋਂ ਹੈਸੀਅਤ ਸਥਾਪਿਤ ਕਰਦਾ ਹੈ।

**ਮਨੋਵਿਸ਼ਲੇਸ਼ਣੀ ਨਾਰੀਵਾਦ** ਫਰਾਇਡ ਦੇ ਸਿਧਾਂਤਾ ਉੱਪਰ ਅਧਾਰਿਤ ਸੀ ਫਰਾਇਡ ਅਨੁਸਾਰ ਬੱਚਾ ਲਿੰਗਕ ਪਛਾਣ ਚੇਤਨ ਅਤੇ ਅਵਚੇਤਨ ਵਿਚੋਂ ਪ੍ਰਾਪਤ ਕਰਦਾ ਹੈ। ਜੋ ਨਿੰਪੁਸੀਕਰਣ ਅਤੇ ਈਡੀਪਸ ਕੰਪਲੈਕਸ ਨਾਲ ਸਬੰਧਿਤ ਹੈ। ਜਿੱਥੇ ਪੁਰਖ ਲਿੰਗ ਦੀ ਹੋਂਦ ਬਾਲ ਲੜਕੇ ਨੂੰ ਅਭਿਮਾਨ ਦੀ ਪਛਾਨ ਦਿੰਦੀ ਹੈ ਅਤੇ ਉੱਥੇ ਬਾਲ ਲੜਕੀ ਵਿੱਚ ਨਾਰਿਤਾ ਦੀ ਪਛਾਣ ਉਸਦੀ ਮਾਂ ਦੇ ਸਮਾਨ ਹੈ ਜੋ ਨਿਪੁੰਸਕੀਕਰਣ ਨੂੰ ਪ੍ਰਾਪਤ ਕਰਦਾ ਹੈ ਇਸ ਤਰ੍ਹਾਂ ਫਰਾਇਡ ਦਾ ਔਰਤ ਦੇ ਦਮਨ ਦਾ ਸਿਧਾਂਤ ਲਿੰਗਕ ਪਛਾਨ ਦਾ ਮਾਨਸਿਕ ਉਸਾਰ ਨਾਲ ਸਬੰਧਿਤ ਹੈ। ਪਰ ਇਸ ਤਰ੍ਹਾਂ ਇਹ ਸੰਕਲਪ ਔਰਤ ਦੀ ਸਥਿਤੀ ਨੂੰ ਦੂਜੈਲੇ ਸਥਾਨ ਤੇ ਲੈ ਜਾਦਾ ਹੈ। ਕਿਉਕਿ ਔਰਤ ਦੀ ਦੂਜੈਲੀ ਸਥਿਤੀ ਉਸਦੀ ਜੈਵਿਕ ਸਰੀਰਿਕ ਬਣਤਰ ਵਿੱਚੋਂ ਨਹੀ ਸਗੋਂ ਸਮਾਜਕ ਪ੍ਰਸਥਿਤੀਆਂ ਵਿੱਚ ਉਪਜਦੀ ਹੈ।

**ਅਸਤਿਤਵਵਾਦੀ ਨਾਰੀਵਾਦ** ਅਨੁਸਾਰ ਮਨੁੱਖ ਆਪਣੇ ਸਰੀਰ ਨਾਲੋ ਵੱਧ ਮਹੱਤਪੂਰਨ ਹੈ। ਇਹ ਮਨੁੱਖ ਦੀ ਹੋਂਦ ਤੇ ਕੇਂਦਰਿਤ ਵਿਚਾਰਧਾਰਾ ਨੂੰ ਪੇਸ਼ ਕਰਦਾ ਹੈ। ਅਸਤਿਤਵਵਾਦੀ ਨਾਰੀਵਾਦ ਇਹ ਨਾਰਗ ਬੁਲੰਦ ਕਰਦਾ ਹੈ ਕਿ ਮਨੁੱਖ ਪ੍ਰਕਿਰਤੀ ਦਾ ਮਹੱਤਵਪੂਰਨ ਅੰਗ ਹੈ। ਜਿਸਦੀ ਅੱਗੋ ਦੋਂ ਰੂਪ ਹਨ ਜੋ ਆਪਣੀ ਆਪਣੀ ਸਰੀਰਕ ਬਣਤਰ ਕਾਰਨ ਵੱਖਰੀ ਵੱਖਰੀ ਵਿਸ਼ੇਸ਼ਤਾ ਰੱਖਦੇ ਹਨ। ਇਸ ਲਈ ਇਹਨਾਂ ਨੂੰ ਜੈਵਿਕ ਬਣਤਰ ਦੇ ਆਧਾਰ ਤੇ ਉੱਚਾ ਜਾਂ ਨੀਵਾਂ ਨੂੰ ਜੈਵਿਕ ਬਣਤਰ ਦੇ ਆਧਾਰ ਤੇ ਉੱਚਾ ਜਾ ਨੀਵਾਂ ਨਹੀ ਕਿਹਾ ਜਾ ਸਕਦਾ।

**ਸਮਾਜਵਾਦੀ ਨਾਰੀਵਾਦ** ਮਾਰਕਸਵਾਦੀ ਨਾਰੀਵਾਦ ਦਾ ਹੀ ਅਗਲਾ ਪੜਾਅ ਹੈ ਇਸ ਵਿੱਚ ਨਾਰੀ ਦੀ ਸਥਿਤੀ ਲਈ ਸਮਾਜਿਕ ਵਿਵਸਥਾ ਦਾ ਵਿਸ਼ਲੇਸ਼ਣ ਹੁੰਦਾ ਹੈ ਇਹ ਵੀ ਪਿੱਤਰਮਤਾ ਅਤੇ ਔਰਤ ਦੀ ਆਰਥਿਤ ਸਥਿਤੀ ਨੂੰ ਹੀ ਔਰਤ ਦੀ ਦੂਜੈਲੀ ਸਥਿਤੀ ਦਾ ਕਾਰਣ ਮੰਨਦਾ ਹੈ। ਮਰਦ ਦੀ ਆਰਥਿਕਤਾ ਦੀ ਰਾਜਨੀਤੀ ਕਾਰਨ ਹੀ ਔਰਤ ਨੂੰ ਅਜਿਹੀ ਕਾਰਜ ਤੱਕ ਸੀਮਤ ਰਖਿਆ ਜਾਂਦਾ ਹੈ ਜਿਸਦਾ ਪਿੱਤਰਸਤਾ ਵਿੱਚ ਕੋਈ ਮੁੱਲ ਨਹੀ ਹੁੰਦਾ। ਇਹਨਾਂ ਅਨੁਸਾਰ ਔਰਤਾਂ ਨੂੰ ਘਰੇਲੂ ਮਿਹਨਤਾਨਾ ਵੀ ਮਿਲਣਾ ਚਾਹੀਦਾ ਹੈ ਤਾਂ ਕਿ ਉਸਦੀ ਮਿਹਨਤ ਦਾ ਮੁੱਲ ਪੈ ਸਕੇ।

**ਬਲੈਕ ਜਾਂ ਕਾਲਿਆਂ ਦਾ ਨਾਰੀਵਾਦ** ਔਰਤਾਂ ਵੱਲੋਂ ਨਸਲਵਾਦ ਤੇ ਜੈਂਡਰ ਦੇ ਵਿਰੋਧ ਵਿੱਚ ਕੀਤੇ ਗਏ ਸੰਘਰਸ਼ ਨੂੰ ਪ੍ਰਗਟਾਉਂਦਾ ਹੈ। ਇਸਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਨਸਲੀ ਵਿਤਕਰੇ ਦੀ ਆਲੋਚਨਾ ਕਰਦਾ ਹੈ ਤੇ ਨਸਲੀ ਵਿਤਕਰੇ ਨੂੰ ਵੀ ਔਰਤ ਦੀ ਦਮਨਤਾ ਦੇ ਅੰਗ ਵਜੋਂ ਲੈਂਦਾ ਹੈ। ਜਿੱਥੇ ਬਾਦੀ ਨਾਰੀਵਾਦ ਸਕੂਲ ਕੇਲ ਜੈਂਡਰ ਜਾਂ ਆਰਥਿਕ ਰਾਜਨੀਤੀ ਦੁਆਲੇ ਘੁੰਮਦੇ ਹਨ ਉੱਥੇ ਇਹ ਸਕੂਲ ਜੈਂਡਰ ਤੇ ਨਸਲ ਦੋਹਾਂ ਨੂੰ ਆਪਣਾ ਆਧਾਰ ਬਣਾਉਂਦਾ ਹੈ। ਕਾਲੀ ਔਰਤ ਪੁਸ਼ ਦੇ ਸੋਸ਼ਣ ਦੇ ਨਾਲ ਨਾਲ ਗੋਰੀ ਔਰਤ ਦੁਆਰਾ ਵੀ ਸ਼ੋਸ਼ਿਤ ਹੁੰਦੀ ਹੈ। ਜਿਸ ਕਾਰਨ ਵੁਹ ਦੂਹਰਾ ਸੰਤਾਪ ਹੰਢਾਉਂਦੀ ਹੈ। ਇਸ ਲਈ ਬਲੈਕ ਨਾਰੀਵਾਦ ਪੱਛਮੀ ਨਾਰੀਵਾਦ ਦੇ ਸਮਾਨ ਬਲੈਕ ਜਾਂ ਕਾਲੀ ਔਰਤ ਦੀਆਂ ਸਮੱਸਿਆਵਾਂ ਨੂੰ ਵੀ ਉਜਾਗਰ ਕਰਦਾ ਹੈ। ਇਹ ਔਰਤ ਦੇ ਦਮਨ ਦੇ ਸਾਰੇ ਪੱਖਾਂ ਨੂੰ ਸਮੁੱਚ ਵਿੱਚ ਵਾਚਦਾ ਹੈ। ਇਹਨਾਂ ਅਨੁਸਾਰ ਜਮਾਤ,

ਨਸਲ, ਜੈਂਡਰ ਤੇ ਕਾਮੁਕਤਾ ਦਾ ਸੰਯੋਜਨ ਔਰਤ ਨੂੰ ਅੱਗੇ ਵਧਣ ਲਹੀ ਪ੍ਰੋਤਸਾਹਿਤ ਕਰਦਾ ਹੈ। ਇਸ ਨਹੀ ਦਮਨ ਦੇ ਸਾਰੇ ਰੂਪਾਂ ਨੂੰ ਪਛਾਣ ਕੇ ਹੀ ਅਸੀਂ ਸਾਰਥਕ ਸਿੱਟੇ ਤੇ ਪੁੱਜ ਸਕਦੇ ਹਾਂ।

**ਉਤਰ ਨਾਰੀਵਾਦ** ਉੱਤਰ ਅਧੁਨਿਕਤਵਾਦ, ਵਾਂਗ ਉੱਤਰ ਨਾਰੀਵਾਦ, ਨਾਰੀਵਾਦ ਦੀ ਨਿਰੰਤਰਤਾ ਵਿੱਚ ਹੀ ਅਗਲਾ ਪੜਾਅ ਹੈ ਜਿਹੜਾ ਨਾਰੀਵਾਦ ਦੀ ਡੀਬੇਟ ਨੂੰ ਹੀ ਵਿਸਤਾਰਤੇ ਤੇ ਖਿਲਾਰਦਾ ਹੈ। ਨਾਰੀਵਾਦ ਵੱਲੋਂ ਪਿਤਰਕੀ ਨੂੰ ਦਿੱਤੀਆਂ ਚੁਣੋਤੀਆਂ ਜਾਂ ਜੈਂਡਰ ਵਿਤਕਰਿਆਂ ਨੂੰ ਮੁੱਢੋ ਨਸ਼ਟ ਕਰ ਬਰਾਬਰੀ ਪਾਉਣ ਦਾ ਏਜੰਡਾ ਇਸ ਵਿੱਚੋ ਮਨਫੀ ਨਹੀ ਹੋਇਆ ਪਰ ਨਾਲ ਲਹੀ ਇਹ ਵੀ ਸੱਚ ਹੈ ਕਿ 1990 ਵਿਆਂ ਤੋਂ ਬਾਅਦ ਉਤਰ ਅਧੁਨਿਕਤਾ ਨੇ ਜਿਵੇਂ ਮਨੁੱਖ ਦੀ ਨਿੱਜੀ ਸਪੇਸ ਨੂੰ ਤਸਲੀਮ ਕੀਤਾ ਹੈ। ਉਸਨੂੰ ਯੂਨੀਕ ਹੋਣ ਦਾ ਜਿਵੇ ਪਾਠ ਪੜਾਇਆ ਹੈ। ਨਾਰੀ ਦੀ ਹੋਦ ਵੀ ਨਵੀਆਂ ਘਾੜਤਾ ਵਿੱਚ ਪਈ ਹੈ। ਉੱਤਰ ਨਾਰੀਵਾਦ ਅਜੋਕੀ ਨਾਰੀ ਦੇ ਸਰੋਕਾਰਾਂ ਅਤੇ ਅਨੁਭਵਾਂ ਨੂੰ ਕਲਾਈ ਵਿੱਚ ਲੈ ਰਿਹਾ ਹੈ। ਨਾਰੀਵਾਦੀ ਚਿੰਤਕ ਖਰਡ ਸਪੇਸ ਦੀ ਮੰਗ ਕਰ ਰਹੇ ਹਨ ਸਮਾਜਿਕ ਸਬੰਧਾ ਦੀ ਥਾ ਨਿੱਜਤਾ ਕੇਂਦਰ ਵਿੱਚ ਆ ਰਹੀ ਹੈ ਆਮ ਤੌਰ ਤੇ ਨਾਰੀ ਮੁਕਤੀ ਦੇ ਸਮੂਹਿਕ ਰਾਜਨੀਤਿਕ ਏਜੰਡੇ ਦੀ ਥਾਂ ਨਾਰੀ ਦੀਆਂ ਵਿਅਕਤੀਗਤ, ਨਿੱਜੀਵਾਦੀ ਕਾਮਨਾਵਾਂ ਤੇ ਫੋਕਸ ਕਰਦੀਆਂ ਹਨ ਅਤੇ ਨਾਰੀਵਾਦ ਦੇ ਮੰਤਵਾਂ ਤੇ ਉਦੇਸ਼ਾਂ ਵਿੱਚ ਜਿਕਰਯੋਗ ਸ਼ਿਫਟ ਲਿਆਉਣ ਵਾਲੇ ਮੋਹਰੀ ਹੋਣ ਦਾ ਮਾਨ ਹਾਸਲ ਕਰਨਾ ਚਾਹੁੰਦੀਆਂ ਹਨ ।

ਪੰਜਾਬ ਅਤੇ ਸਿੱਖ ਧਰਮ ਦੇ ਹਵਾਲੇ ਨਾਲ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਸਿੱਖ ਧਰਮ ਦੀ ਸਮਾਜਿਕ ਦੇਨ ਦਾ ਇਕ ਮਹੱਤਵਪੂਰਣ ਪੱਖ ਹੈ ਨਾਰੀ-ਚੇਤਨਾ। ਕਿਸੇ ਦੇਸ਼ ਜਾਂ ਜਾਤਿ ਦੀ ਸਭਿਅਤਾ ਦਾ ਅਨੁਮਾਨ ਉਸ ਦੀ ਨਾਰੀ ਜਾਤਿ ਦੀ ਸਮਾਜਿਕ ਸਥਿਤੀ ਤੋਂ ਲਗਾਇਆ ਜਾ ਸਕਦਾ ਹੈ। ਇਹੀ ਕਾਰਣ ਹੈ ਕਿ ਨਾਰੀ ਦੀ ਸਥਿਤੀ ਅਤੇ ਉਸ ਦੀਆਂ ਸਮਸਿਆਵਾਂ ਸਦਾ ਵਿਚਾਰਸ਼ੀਲ ਸਮਾਜ ਦੇ ਚਿੰਤਨ ਦਾ ਜ਼ਰੂਰੀ ਮੁੱਦਾ ਬਣੀਆਂ ਰਹੀਆਂ ਹਨ। ਜਦ ਤਕ ਸਮਾਜ ਦਾ ਅਰਧ-ਅੰਗ ਚੰਗੀ ਤਰ੍ਹਾਂ ਉੱਨਤ ਨਹੀਂ ਹੋਵੇਗਾ, ਤਦ ਤਕ ਸਮਾਜ ਦਾ ਸੰਤੁਲਿਤ ਵਿਕਾਸ ਸੰਭਵ ਨਹੀਂ ਹੋਵੇਗਾ। ਇਸ ਵਿਚ ਕੋਈ ਸੰਦੇਹ ਨਹੀਂ ਕਿ ਭਾਰਤੀ ਨਾਰੀ ਨੂੰ ਸਮਾਜ ਵਿਚ ਕਦੇ ਗੌਰਵਪੂਰਣ ਸਥਾਨ ਪ੍ਰਾਪਤ ਸੀ। ਪਰ ਮੱਧ ਯੁਗ ਵਿਚ ਇਸ ਨੂੰ ਪਾਪਮਈ ਅਤੇ ਨਾਰਕੀ ਸਮਝਿਆ ਜਾਣ ਲਗਿਆ। ਇਸ ਦਾ ਕਾਰਣ ਨਾਥ-ਮਤ ਅਤੇ ਹੋਰ ਸਾਧਨਾ-ਪੱਧਤੀਆਂ ਸਨ ਜਿਨ੍ਹਾਂ ਵਿਚ ਨਾਰੀ ਨੂੰ ਪੂਰੀ ਤਰ੍ਹਾਂ ਨਿੰਦਣ-ਯੋਗ ਮੰਨਿਆ ਗਿਆ। ਫਲਸਰੂਪ ਮੱਧ-ਯੁਗ ਦੇ ਲਗਭਗ ਸਾਰੇ ਧਰਮ-ਸਾਧਕਾਂ ਦੀਆਂ ਬਾਣੀਆਂ ਵਿਚ ਨਾਰੀ ਦੀ ਨਿੰਦਿਆ ਦਾ ਸਵਰ ਪ੍ਰਤੱਖ ਜਾਂ ਪਰੋਖ ਰੂਪ ਵਿਚ ਮਿਲ ਜਾਂਦਾ ਹੈ। ਉਦੋਂ ਇਹ ਸਮਝਿਆ ਜਾਂਦਾ ਸੀ ਕਿ ਨਾਰੀ ਪੁਰਸ਼ ਦੀ ਅਧਿਆਤਮਿਕਤਾ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਕਬੀਰ ਆਦਿ ਸੰਤਾਂ ਨੇ ਵੀ ਇਹ ਗੱਲੋਂ ਕਹਿਣੋ ਸੰਕੋਚ ਨਹੀਂ ਕੀਤਾ। ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਕਬੀਰ-ਬਾਣੀ (ਕਬੀਰ ਗ੍ਰੰਥਾਵਲੀ, ਪੰਨਾ 31) ਵਿਚ ਮੰਨਿਆ ਗਿਆ ਹੈ ਕਿ ਨਾਰੀ ਦੀ ਉਪਸਥਿਤੀ ਵਿਚ ਪੁਰਸ਼ ਲਈ ਆਤਮ- ਗਿਆਨ , ਮੁਕਤੀ , ਭਗਤੀ ਆਦਿ ਵਿਚ ਪ੍ਰਵੇਸ਼ ਕਰ ਸਕਣਾ ਅਸੰਭਵ ਹੈ—

ਨਾਰੀ ਨਸਾਵੈ ਤੀਨ ਸੁਖ ਜੋ ਨਰ ਪਾਸੈਂ ਹੋਇ।
ਭਗਤਿ ਮੁਕਤਿ ਨਿਜ ਗਯਾਨ ਮੈ ਪੈਸਿ ਨ ਸਕਈ ਕੋਇ।

ਸੰਸਾਰ ਵਿਚ ਸਾਰੀ ਮਨੁੱਖਤਾ ਦਾ ਕਲਿਆਣ ਚਾਹੁਣ ਵਾਲੇ ਸੰਤਾਂ ਨੇ ਨਾਰੀ ਸੰਬੰਧੀ ਨਿੰਦਣ ਵਾਲੀ ਰੁਚੀ ਨੂੰ ਅਪਣਾਉਣ ਵੇਲੇ ਕੇਵਲ ਕਾਮਿਨੀ ਰੂਪ ਨੂੰ ਹੀ ਵੇਖਿਆ, ਇਸ ਦੇ ਅਰਧੰਗਿਨੀ ਰੂਪ ਨੂੰ ਵੇਖਣ ਦਾ ਯਤਨ ਹੀ ਨਹੀਂ ਕੀਤਾ। ਇਸ ਸੰਬੰਧ ਵਿਚ ਗੁਰਬਾਣੀ ਹੋਰਨਾਂ ਸੰਤ-ਸਾਧਕਾਂ ਦੀ ਪਹੁੰਚ ਤੋਂ ਵਖਰੀ ਕਿਸਮ ਦੀ ਹੈ। ਗੁਰੂ ਨਾਨਕ ਦੇਵ ਜੀ ਨੇ 'ਆਸਾ ਕੀ ਵਾਰ ' ਵਿਚ ਅਕਟ ਪ੍ਰਮਾਣਾਂ ਦੁਆਰਾ ਸਮਾਜਿਕ ਜੀਵਨ ਵਿਚ ਨਾਰੀ ਦੇ ਸਥਾਨ ਅਤੇ ਮਹੱਤਵ ਦੀ ਸਥਾਪਨਾ ਕੀਤੀ ਹੈ ਅਤੇ ਦਸਿਆ ਹੈ ਕਿ ਨਾਰੀ ਤੋਂ ਪੁਰਸ਼ ਪੈਦਾ ਹੁੰਦਾ ਹੈ, ਉਸੇ ਦੇ ਗਰਭ ਵਿਚ ਉਸ ਦੀ ਸਿਰਜਨਾ ਹੁੰਦੀ ਹੈ। ਉਸੇ ਨਾਲ ਉਸ ਦੀ ਮੰਗਣੀ ਅਤੇ ਵਿਆਹ ਹੁੰਦਾ ਹੈ। ਉਸੇ ਨਾਲ ਹੀ ਮਿੱਤਰਤਾ ਦਾ ਸੰਬੰਧ ਜੁੜਦਾ ਹੈ ਅਤੇ ਜੀਵਨ ਦਾ ਸਿਲਸਿਲਾ ਚਲਦਾ ਹੈ। ਇਕ ਨਾਰੀ ਦੇ ਮਰਣ ਉਪਰੰਤ ਦੂਜੀ ਦੀ ਭਾਲ ਕੀਤੀ ਜਾਂਦੀ ਹੈ ਅਤੇ ਉਸੇ ਦੁਆਰਾ ਹੋਰ ਸੰਸਾਰਿਕ ਸੰਬੰਧ ਕਾਇਮ ਹੁੰਦੇ ਹਨ। ਫਿਰ ਉਸ ਨੂੰ ਕਿਉਂ ਬੁਰਾ ਕਿਹਾ ਜਾਏ ਜਿਸ ਤੋਂ ਰਾਜਿਆਂ ਦਾ ਜਨਮ ਹੁੰਦਾ ਹੈ। ਨਾਰੀ ਤੋਂ ਹੀ ਨਾਰੀ ਪੈਦਾ ਹੁੰਦੀ ਹੈ। ਬਿਨਾ ਨਾਰੀ ਦੇ ਕੋਈ ਵੀ ਜਨਮ ਧਾਰਣ ਨਹੀਂ ਕਰ ਸਕਦਾ। ਨਾਰੀ ਤੋਂ ਮੁਕਤ ਕੇਵਲ ਸਤਿ-ਸਰੂਪ ਪਰਮਾਤਮਾ ਹੀ ਹੈ—

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ। (ਗੁ.ਗ੍ਰੰ.473)।

**ਸਾਰ-ਅੰਸ਼:**

ਨਾਰੀਵਾਦ ਦੇ ਅਧਾਰ ਤੇ ਪ੍ਰੇਰਕ ਨਾਰੀ ਚੇਤਨਾ ਨਾਲ ਸਬੰਧਿਤ ਉਨ੍ਹਾਂ ਸਮਾਜਿਕ ਲਹਿਰਾਂ ਵਿੱਚ ਪਏ ਹਨ। ਜਿਨ੍ਹਾਂ ਨੇ ਨਾਰੀ ਚੇਤਨਾ ਨਾਲ ਸਦੀਆਂ ਤੋਂ ਹੋ ਰਹੀ ਬੇਇਨਸਾਫੀ ਵਿਰੁੱਧ ਅਵਾਜ਼ ਬੁਲੰਦ ਕੀਤੀ ਅਤੇ ਨਾਰੀ ਨੂੰ ਬਰਾਬਰ ਦੇ ਸਮਾਜਿਕ ਨਾਗਰਿਕ ਅਧਿਕਾਰ ਦਿਵਾਉਣ ਲਈ ਸਮੂਹਿਕ ਯਤਨ ਆਰੰਭੇ। ਨਾਰੀਵਾਦ ਦਾ ਸਕੰਲਪ ਆਪਣੀ ਹੋਂਦ ਇਸ ਤੱਥ ਤੋਂ ਗ੍ਰਹਿਣ ਕਰਦਾ ਹੈ ਕਿ ਇਸ ਕਾਇਨਾਤ ਵਿੱਚ ਨਾਰੀ ਦੀ ਗਣਨਾ ਪ੍ਰਾਣੀਆਂ ਦੇ ਉਸ ਵਰਗ ਵਿੱਚ ਪ੍ਰਵਾਵਿਤ ਹੈ ਜਿਸਨੂੰ ਮਨੁੱਖ ਕਿਹਾ ਜਾਂਦਾ ਹੈ ਅਤੇ ਜਿਹੜਾ ਪ੍ਰਵਰਗ ਚੇਤਨਾ ਯੁਕਤ ਹੋਣ ਕਕੇ ਸਭ ਤੋਂ ਸ੍ਰੇਸ਼ਟ ਤੇ ਉੱਤਮ ਹੈ। ਪ੍ਰਕਿਰਤਿਕ ਜਗਤ ਤੇ ਸਥਾਈ, ਸਦੀਵੀ ਅਤੇ ਅਟੱਲ ਨਿਯਮਾਂ ਅਨੁਸਾਰ ਪੁਰਖ ਤੇ ਨਾਰੀ ਮਨੁੱਖੀ ਇਕਾਈ ਦੇ ਦੋ ਜੁਜ਼ ਹਨ।

ਸੋ ਇਸ ਤਰ੍ਹਾਂ ਅਸੀਂ ਇਸ ਸਿੱਟੇ ਤੇ ਪਹੁੰਚਦਾ ਹਾਂ ਕਿ ਨਾਰੀਵਾਦ ਤੇ ਨਾਰੀ ਚਿੰਤਨ ਕਰਨ ਦਾ ਮੰਤਵ ਹੀ ਸਭ ਤੋਂ ਪਹਿਲਾਂ ਨਾਰੀਵਾਦੀ ਸੋਚ ਪੱਛਮੀ ਸੱਭਿਅਤਾ ਪਿਤਾ ਦੀ ਪ੍ਰਮੁਖਤਾ ਨੂੰ ਸਵੀਕਾਰ ਕਰ ਕੇ ਆਦਮੀ ਨੂੰ ਸਮਾਜ ਵਿੱਚ ਔਰਤ ਨਾਲੋਂ ਉੱਚਾ ਸਥਾਨ ਦਿੰਦੀ ਹੈ। ਘਰੇਲੂ, ਧਾਰਮਿਕ, ਸਮਾਜਿਕ, ਕਾਨੂੰਨੀ, ਆਰਥਿਕ ਅਤੇ ਕਲਾਤਮਿਕ ਖੇਤਰਾਂ ਵਿੱਚ ਔਰਤ ਹਮੇਸ਼ਾਂ ਮਰਦਾਂ ਤੋਂ ਪਿੱਛੇ ਹੀ ਰਹੀ ਹੈ। ਉਹ ਸੱਭਿਆਚਾਰਿਕ ਅਤੇ ਹੋਰ ਮਾਮਲਿਆਂ ਵਿੱਚ ਅੱਗੇ ਨਹੀਂ ਵੱਧ ਸਕੀ। ਔਰਤਾਂ ਨੂੰ ਬਚਪਨ ਤੋਂ ਹੀ ਇਹ ਸਿੱਖਿਆ ਦਿੱਤੀ ਜਾਂਦੀ ਹੈ ਕਿ ਆਦਮੀ ਉਸ ਤੋਂ ਬਿਹਤਰ ਹੈ, ਸੋ ਉਹ ਆਪਣੀ ਜਾਤ ਨੂੰ ਨੀਵਾਂ ਸਮਝਣ ਲੱਗਦੀ ਹੈ ਅਤੇ ਆਪਣੀ ਦਰਜਾਬੰਦੀ ਵਿੱਚ ਆਪ ਹਿੱਸਾ ਪਾਉਂਦੀ ਹੈ। ਮਨੁੱਖ ਦਾ ਨਾਰੀ ਜਾਂ ਪੁਰਖ ਹੋਣਾ ਤਾਂ ਸਰੀਰਕ ਬਣਤਰ ਨਾਲ ਜੁੜਿਆ ਹੋਇਆ ਹੈ, ਪਰ ਉਸ ਦਾ ਲਿੰਗ, ਮਰਦਾਨਾ ਜਾਂ ਜਨਾਨਾ ਜ਼ਿਆਦਾਤਰ ਮਨੁੱਖਾਂ ਤੇ ਬਣਾਏ ਹੋਏ ਸੱਭਿਆਚਾਰ ਨੇ ਉਸਾਰਿਆ ਹੈ। ਸਿਮੋਨ ਡੀ ਬੋਵੋਇਰ ਨੇ ਲਿਖਿਆ ਹੈ ਕਿ ਔਰਤ, ਔਰਤ ਪੈਦਾ ਨਹੀਂ ਹੁੰਦੀ, ਬਣਾ ਦਿੱਤੀ ਜਾਂਦੀ ਹੈ। ਸੱਭਿਆਚਾਰ ਉਸ ਨੂੰ ਤੀਵੀਆਂ ਵਰਗਾ ਬਣਾ ਦਿੰਦਾ ਹੈ। ਇਸ ਕਰ ਕੇ ਆਦਮੀ ਨੂੰ ਫੁਰਤੀਲਾ, ਪ੍ਰਮੁਖ, ਖ਼ਤਰੇ ਮੁੱਲ ਲੈਣ ਵਾਲਾ, ਤਰਕਸ਼ੀਲ ਅਤੇ ਰਚਨਾਤਮਿਕ ਸਮਝਿਆ ਜਾਂਦਾ ਹੈ ਅਤੇ ਔਰਤਾਂ ਨੂੰ ਨਰਮਦਿਲ, ਅਕਰਮਿਕ, ਡਰਪੋਕ, ਭਾਵੁਕ, ਸਧਾਰਨ, ਅਸਾਨੀ ਨਾਲ ਰਜ਼ਾਮੰਦੀ ਦੇਣ ਵਾਲੀ ਕਿਹਾ ਜਾਂਦਾ ਹੈ। ਸਾਹਿਤ ਵਿੱਚ ਵੀ ਇਹ ਮਰਦਾਨਾ ਸਿਧਾਂਤ ਹੀ ਹਾਵੀ ਹਨ ਅਤੇ ਥੋੜ੍ਹੇ ਸਮੇਂ ਪਹਿਲਾਂ ਤੱਕ ਪੱਛਮੀ ਸਾਹਿਤ ਮਰਦਾਂ ਵੱਲੋਂ ਮਰਦਾਂ ਲਈ ਹੀ ਲਿਖਿਆ ਗਿਆ ਹੈ। ਜਿੰਨੇ ਵੀ ਮੰਨੇ-ਪ੍ਰਮੰਨੇ ਸਾਹਿਤਿਕ ਕਾਰਜ ਹਨ, ਉਹਨਾਂ ਵਿੱਚ ਪੁਰਸ਼ ਨਾਇਕ ਹਨ, ਇਡੀਪਸ, ਯੂਲਿਸਿਜ਼, ਹੈਮਲਟ, ਟਾਮ ਜੋਨਸ, ਕੈਪਟਨ ਏਹਾਬ, ਹੱਕ ਫਿੰਨ ਮਰਦਾਨਗੀ ਦਾ ਪ੍ਰਤੀਕ ਹਨ। ਇਹਨਾਂ ਰਚਨਾਵਾਂ ਵਿੱਚ ਜਦ ਵੀ ਕੋਈ ਔਰਤ ਪਾਤਰ ਹੁੰਦੀ ਹੈ ਤਾਂ ਉਹ ਮਾਮੂਲੀ ਅਤੇ ਦੱਬੀ ਹੋਈ ਹੁੰਦੀ ਹੈ। ਨਾਰੀਵਾਦੀ ਆਲੋਚਕ ਇਸ ਲਈ ਕਹਿੰਦੇ ਹਨ ਕਿ ਵੀਹਵੀਂ ਸਦੀ ਤੱਕ ਲਿਖਿਆ ਗਿਆ ਸਾਹਿਤ ਜ਼ਿਆਦਾਤਰ ਆਦਮੀ ਦੇ ਨਜ਼ਰੀਏ ਤੋਂ ਹੀ ਪੇਸ਼ ਕੀਤਾ ਗਿਆ ਹੈ। ਨਾਰੀਵਾਦੀ ਲੇਖਕ ਕਹਿੰਦੇ ਹਨ ਕਿ ਲਿਖਣ ਦੇ ਤੌਰ-ਤਰੀਕੇ ਅਤੇ ਆਲੋਚਨਾ ਵਿੱਚ ਵੀ ਬਦਲਾਅ ਲਿਆਉਣਾ ਚਾਹੀਦਾ ਹੈ ਤਾਂ ਜੋ ਪੁਰਾਣੇ ਸਾਹਿਤ ਨੂੰ ਵੀ ਨਵੇਂ ਢੰਗ ਨਾਲ ਵੇਖ ਕੇ ਜਿੰਨੀਆਂ ਵੀ ਪੱਖਪਾਤੀ ਗੱਲਾਂ ਹਨ, ਉਹਨਾਂ ਨੂੰ ਅਲੱਗ ਕੀਤਾ ਜਾ ਸਕੇ। ਇਹ ਵੀ ਮੰਨਿਆ ਜਾਂਦਾ ਹੈ ਕਿ ਕੁੱਝ ਲੇਖਕ ਐਸੇ ਵੀ ਹੋਏ ਹਨ, ਜਿਨ੍ਹਾਂ ਨੇ ਆਪਣੇ ਸਮੇਂ ਦੀ ਵਿਚਾਰਧਾਰਾ ਤੋਂ ਉੱਪਰ ਉੱਠ ਕੇ ਨਾਰੀ ਨੂੰ ਸਮਝਿਆ ਅਤੇ ਉਸ ਦੇ ਉੱਤੇ ਜਿਹੜੇ ਵੀ ਦਬਾਅ ਹਨ, ਜਿਨ੍ਹਾਂ ਕਰ ਕੇ ਉਸ ਦਾ ਚਰਿੱਤਰ ਉੱਭਰ ਨਹੀਂ ਸਕਦਾ, ਉਹਨਾਂ ਦਾ ਵਰਣਨ ਕੀਤਾ ਹੈ। ਚੌਸਰ, ਸ਼ੇਕਸਪੀਅਰ, ਸੈਮਿਯੂਲ, ਰਿਚਰਡਸਨ, ਹੇਨਰੀਕ ਇਬਸਨ ਅਤੇ ਜਾਰਜ ਬਰਨਾਰਡ ਸ਼ਾਅ, ਉਹਨਾਂ ਲੇਖਕਾਂ ਦੀ ਗਿਣਤੀ ਵਿੱਚੋਂ ਹਨ, ਜਿਨ੍ਹਾਂ ਨੇ ਔਰਤ ਨੂੰ ਵੀ ਸਮਾਨ ਦਰਜਾ ਦਿਵਾਉਣ ਦੀ ਕੋਸ਼ਿਸ਼ ਕੀਤੀ।

**ਮੁੱਖ/ਕੇਂਦਰੀ ਸ਼ਬਦ:**

- ਨਾਰੀਵਾਦ---ਔਰਤਾਂ ਬਾਰੇ ਚਰਚਾ ਕਰਨ ਵਾਲਾ ਚਿੰਤਨ
- ਵਾਸਤਵਿਕਤਾ---ਸੱਚਾਈ
- ਆਧੁਨਿਕਤਾ---ਸਥਿਤੀ
- ਕਲਪਾਨਤਮਿਕ---ਕਾਲਪਨਿਕ
- ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ

ਪ੍ਰਸ਼ਨ 1. ਫੈਮੀਨਿਜਮ (Feminism) ਸ਼ਬਦ ਦੀ ਘਾੜਤ ਦਾ ਸਿਹਰਾ ਦਿੱਤਾ ਜਾਂਦਾ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਚਾਰਲਜ਼ ਫੂਰੀਏ

ਪ੍ਰਸ਼ਨ 2. ਸੈਕਿੰਡ ਸੈਕਸ ਪੁਸਤਕ ਕਿਸਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਚਾਰਲਜ਼ ਫੂਰੀਏ

ਪ੍ਰਸ਼ਨ 3. ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ। ਕਿਸ ਦੀ ਰਚਨਾ ਹੈ?

ੳ ਭਗਤ ਕਬੀਰ

ਅ ਗੁਰੂ ਨਾਨਕ ਦੇਵ ਜੀ

ੲ ਭਾਈ ਗੁਰਦਾਸ

ਸ ਗੁਰੂ ਅਰਜਨਦੇਵ ਜੀ

ਪ੍ਰਸ਼ਨ 4. ''ਜੀਵ ਵਿਗਿਆਨ, ਮਨੋਵਿਸਲੇਸ਼ਣੀ ਸਿਧਾਂਤ ਅਤੇ ਇਤਿਹਾਸਕ ਪਦਾਰਥਵਾਦ ਦੇ ਨਜ਼ਰੀਏ ਤੋਂ ਨਾਰੀ ਨੂੰ ਪਰਿਭਾਸ਼ਿਤ ਕਰਨ ਦੇ ਅੱਡੋ-ਅੱਡ ਸਿਧਾਂਤਾ ਦਾ ਲੇਖਾ ਜੋਖਾ ਕਰਦਿਆ ਉਸਨੇ ਨਿਰਣਾ ਕੀਤਾ ਕਿ ਇਹ ਤਿੰਨੇ ਖੇਸੇ ਨਾਰੀ ਦੀ ਹੋਂਦ ਸਥਿਤੀ ਅਤੇ ਹੋਂਦ ਚੇਤਨਾ ਨਾਲ ਨਿਆਂ ਨਹੀ ਕਰ ਰਹੇ'' ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 5. ਔਰਤ ਨੂੰ ਜੀਵ ਦੇ ਲਵੇ ਰੂਪਾਂ ਵਿੱਚ ਢਲਣਾ ਚਾਹੀਦਾ ਹੈ ਤੇ ਆਪਣੇ ਢੰਗ ਨਾਲ ਲੇਖਣ ਕਰਨਾ ਚਾਹੀਦਾ ਹੈ ਤਾ ਜੋ ਆਪਣੇ ਆਪ ਨੂੰ ਬਿਆਨ ਕਰ ਸਕੇ।

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 6. ਨਾਰੀਵਾਦ ਔਰਤਾਂ ਦਾ ਸਮਾਜਿਕ ਉਤਪਾਦਨ ਦੇ ਵਿੱਚ ਸ਼ਾਮਿਲ ਹੋਣ ਤੇ ਔਰਤ ਨੂੰ ਬਰਾਬਰ ਦੇ ਮੋਕੇ ਦਿੱਤੇ ਜਾਣ ਦੀ ਗੱਲ ਕਰਦਾ ਹੈ। ਇਹ ਔਰਤ ਦੀ ਦੂਜੀ ਸਥਿਤੀ ਦਾ ਕਾਰਨ ਆਰਥਿਕਤਾ ਨੂੰ ਮੰਨਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 7. ਔਰਤ ਦੇ ਦਮਨ ਦਾ ਸਿਧਾਂਤ ਲਿੰਗਕ ਪਛਾਨ ਦਾ ਮਾਨਸਿਕ ਉਸਾਰ ਨਾਲ ਸਬੰਧਿਤ ਹੈ। ਪਰ ਇਸ ਤਰ੍ਹਾਂ ਇਹ ਸੰਕਲਪ ਔਰਤ ਦੀ ਸਥਿਤੀ ਨੂੰ ਦੂਜੈਲੇ ਸਥਾਨ ਤੇ ਲੈ ਜਾਦਾ ਹੈ। ਕਿਉਕਿ ਔਰਤ ਦੀ ਦੂਜੈਲੀ ਸਥਿਤੀ ਉਸਦੀ ਜੈਵਿਕ ਸਰੀਰਿਕ ਬਣਤਰ ਵਿੱਚੋਂ ਨਹੀ ਸਗੋਂ ਸਮਾਜਕ ਪ੍ਰਸਥਿਤੀਆਂ ਵਿੱਚ ਉਪਜਦੀ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 8. ਔਰਤ ਦੇ ਦਮਨ ਨੂੰ ਜੈਂਡਰ ਦੇ ਵਖਰੇਵੇਂ ਅਤੇ ਕਾਮੁਕਤਾ ਵਿੱਚ ਮੰਨਦਾ ਹੈ ਇਹ ਔਰਤ ਦੇ ਆਪਣੇ ਸ਼ਰੀਰ ਉੱਪਰ ਸੁਤੰਤਰ ਹੋਂਦ ਦੀ ਪੈਰਵੀ ਕਰਦਾ ਹੈ ਭਾਵ ਲਿੰਗਕ ਆਜ਼ਾਦੀ ਦੀ ਗੱਲ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 9. ਸਮਾਜ ਵਿੱਚ ਔਰਤਾਂ ਦੀ ਯੋਗਤਾ ਦੇ ਆਧਾਰ ਤੇ ਬਰਾਬਰੀ ਦੀ ਗੰਲ ਕਰਦਾ ਹੈ ਇਸ ਅਨੁਸਾਰ ਔਰਤਾਂ ਆਪਣੇ ਕੰਮਾਂ ਅਤੇ ਯੋਗਤਾਂ ਰਾਹੀ ਮਰਦ ਦੇ ਬਰਾਬਰ ਖੜ ਸਕਦੀਆਂ ਹਨ। ਇਹ ਨਾਰੀਵਾਦ ਗਰਭਪਾਤ, ਜਿਣਸ਼ੀ ਧੱਕੇਸ਼ਾਹੀ, ਵੋਟ ਦਾ ਅਧਿਕਾਰ,ਸਿੱਖਿਆ, ਉਚਿੱਤ ਸਿਹਤ ਸੇਵਾਵਾਂ, ਘਰੇਲੂ ਹਿੱਸਾ ਆਦਿ ਮੁੱਢਲੇ ਮਸਲਿਆ ਤੇ ਖਿਲਾਲ ਕੇਂਦਰਿਤ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 10. ਨਾਰੀਵਾਦ ਔਰਤ-ਮਰਦ ਦੀ ਬਰਾਬਤਾ ਦੀ ਗੱਲ ਕਰਦਾ ਹੈ ਪਰ ਔਰਤ ਦੀ ਦੂਜੈਲੀ ਸਥਿਤੀ ਦੀ ਤਹਿ ਪਿੱਛੇ ਪਏ ਕਾਰਣਾਂ ਦੀ ਪਰਖ ਪੜਚੋਲ ਵਿੱਚ ਵੀ ਨਹੀ ਪੈਂਦਾ ਸਗੋ ਇਹ ਸਮਾਜਕ ਢਾਂਚੇ ਵਿੱਚ ਥੋੜੇ ਜਿਹੇ ਸੁਧਾਰ ਲਿਆਕੇ ਔਰਤਾਂ ਦੀ ਸਥਿਤੀ ਨੂੰ ਸੁਧਾਰਨ ਵੱਲ ਰੁਚਿਤ ਹੁੰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਜਸਵੀਰ ਕੇਸਰ

ਪ੍ਰਸ਼ਨ 12. ਨਾਰੀ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ? ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਸਭ ਤੋਂ ਪਹਿਲਾਂ ਨਾਰੀਵਾਦ ਦੀ ਕਿਹੜੀ ਕਿਸਮ ਪ੍ਰਚੱਲਿਤ ਹੋਈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਸ | 2. ਅ | 3. ਅ | 4. ੳ | 5. ੲ |
| 6. ੳ | 7. ਸ | 8. ੲ | 9. ਅ | 10. ਅ |
| 11.ੲ | 12. ੳ | 13. ੳ | 14. ਅ | 15. ੳ |

## ਅਭਿਆਸ ਪ੍ਰਸ਼ਨ

1. ਨਾਰੀਵਾਦ ਦੇ ਸਿਧਾਂਤਕ ਪਰਿਪੇਖ ਉੱਪਰ ਨੋਟ ਲਿਖੋ?
2. ਨਾਰੀਵਾਦ ਦਾ ਅਰਥ ਦੱਸਦਿਆਂ ਨਾਰੀਵਾਦ ਦੇ ਸਰੂਪ ਬਾਰੇ ਚਰਚਾ ਕਰੋ।
3. ਨਾਰੀਵਾਦ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸ ਦਾ ਸਰੂਪ ਉਲੀਕੋ।

## Further Reading


- ਸੰਧਾਵਾਲੀਆਂ,ਸਰਬਜੀਤ ਕੌਰ. ਨਾਰੀ ਦਾ ਮੁੱਢਲਾ ਕਦਮ.ਪਬਲੀਕੇਸ਼ਨ ਬਿਊਰੋ ਪਟਿਆਲਾ.1996
- ਚਰਨਜੀਤ ਕੌਰ(ਡਾ.) ਨਾਰੀ ਚੇਤਨਾ.ਲੋਕਗੀਤ ਪ੍ਰਕਾਸ਼ਨ.1999
- ਹਰਪ੍ਰੀਤ ਕੋਰ (ਡਾ).ਨਾਰੀਵਾਦ. ਲੋਕਗੀਤ ਪ੍ਰਕਾਸ਼ਨ 2003
- ਕੇਸਰ,ਜਸਬੀਰ ਕੌਰ(ਡਾ.) ਔਰਤ ਅਜ਼ਾਦ ਹੈ?. ਲੋਕਗੀਤ ਪ੍ਰਕਾਸ਼ਨ,2004.
- ਚਰਨਜੀਤ ਕੌਰ(ਡਾ.) ਨਾਰੀ ਨੀਝ,ਲੋਕਗੀਤ ਪ੍ਰਕਾਸ਼ਨ, 2010.
- ਨੀਤੂ ਅਰੋੜਾ, ਸਮਕਾਲੀ ਪੰਜਾਬੀ ਕਵਿਤਾ:ਪ੍ਰਤਿਰੋਧੀ ਪ੍ਰਵਚਨ.2011
- ਸੁਨੀਤਾ ਸ਼ਰਮਾ, ਸਮਕਾਲੀ ਪੰਜਾਬੀ ਕਵਿਤਾ:ਨਾਰੀਵਾਦੀ ਪਰਿਪੇਖ.ਲੋਕਗੀਤ ਪ੍ਰਕਾਸ਼ਨ ਚੰਡੀਗੜ ,2013.
- ਸੀਮੋਨ ਦ ਬੋਅਵਾਰ.ਦ ਸੈਕੰਡ ਸੈਕਸ (ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2014
- ਵਰਜ਼ੀਨੀਆਂ ਵੁਲਫ.ਏ ਰੂਮ ਔਫ ਵਨਜ਼ ਅਉਨ(ਆਪਣਾ ਇਕ ਕਮਰਾ ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2016
- ਕੈਰੋਂ,ਜੋਗਿੰਦਰ ਸਿੰਘ .ਨਾਰੀਵਾਦ: ਸਮਾਜ ਤੇ ਸਿੱਧਾਂਤਕ ਚਿੰਤਨ,ਕੇ.ਜੀ.ਗ੍ਰਾਫ਼ਿਕਸ ਅੰਮ੍ਰਿਤਸਰ 2017
- ਕੈਰੋਂ, ਜੋਗਿੰਦਰ ਸਿੰਘ. ਨਾਰੀਵਾਦੀ ਕੋਸ਼. ਕੇ,ਜੀ,ਗ੍ਰਾਫ਼ਿਕਸ ਅੰਮ੍ਰਿਤਸਰ 2018
- ਨਿਵੇਦਤਾ ਮੈਨਨ.ਨਾਰੀਵਾਦੀ ਨਜ਼ਰੀਆ (ਅਨੁਵਾਦ ਦਲਜੀਤ ਅਮੀ) ਤਦਬੀਰ ਪ੍ਰਕਾਸ਼ਨ ਮੋਹਾਲੀ, 2018


**Online Links**

https://punjabipedia.org/topic.aspx?txt=%E0%A8%A8%E0%A8%BE%E0%A8%B0%E0%A9%80-%E0%A8%9A%E0%A9%87%E0%A8%A4%E0%A8%A8%E0%A8%BE

# Unit 02: ਪੰਜਾਬੀ ਨਾਰੀ ਸਾਹਿਤ: ਅਰਥ, ਉਦਭਵ ਅਤੇ ਵਿਕਾਸ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੰਜਾਬੀ ਨਾਰੀ ਸਾਹਿਤ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਨਾਰੀ ਸਾਹਿਤ ਦੇ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਨਾਰੀ ਸਾਹਿਤ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਪੰਜਾਬੀ ਨਾਰੀ ਸਾਹਿਤ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਪੰਜਾਬੀ ਨਾਰੀ ਸਾਹਿਤ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਨਾਰੀ ਸਾਹਿਤ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਪੰਜਾਬੀ ਨਾਰੀ ਸਾਹਿਤ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਪੰਜਾਬੀ ਨਾਰੀ ਸਾਹਿਤ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਪੰਜਾਬੀ ਨਾਰੀ ਸਾਹਿਤ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ।ਆਧੁਨਿਕ ਯੁੱਗ ਵਿੱਚ ਪੰਜਾਬੀ ਨਾਰੀ ਸਾਹਿਤ ਦਾ ਮਹੱਤਵ ਬਹੁਤ ਵੱਧ ਗਿਆ ਹੈ।

ਸਮਕਾਲੀ ਸਮਾਂ ਬੰਦੇ ਦੀ ਚੇਤਨਾ ਦੇ ਬਸਤੀਕਰਨ ਦਾ ਸਮਾਂ ਹੈ। ਇਹ ਉਹ ਸਮਾਂ ਹੈ ਜਦੋਂ ਬੰਦੇ ਦੀ ਚੇਤਨਾ ਨੂੰ ਘੜਨ ਲਈ ਵੀ ਪੂਰੇ ਦਾ ਪੂਰਾ ਉਦਯੋਗੀ ਤੰਤਰ ਹੋਂਦ ਵਿੱਚ ਆ ਚੁੱਕਾ ਹੈ ਤੇ ਜਿਸ ਦੇ ਗੇੜ ਵਿੱਚ ਆ ਕੇ ਇੱਕ ਤੋਂ ਬਾਅਦ ਇੱਕ, ਇਕੋ ਤਰ੍ਹਾਂ ਦੇ ਬਾਜ਼ਾਰੀ ਦਿਮਾਗ ਤੇ ਦਿਲ ਢੇਰਾਂ ਦੇ ਢੇਰ ਪੈਦਾ ਕੀਤੇ ਜਾ ਰਹੇ ਨੇ। ਇਹ ਪੂੰਜੀ ਦੇ ਸਰਵਵਿਆਪੀਕਰਨ ਦਾ ਸਮਾਂ ਹੈ। ਦੂਸਰੀ ਸੰਸਾਰ ਜੰਗ ਤੋਂ ਬਾਅਦ ਦੁਨਿਆ ਅੰਦਰ ਸ਼ੁਰੂ ਹੋਏ ਮੈਟਾ ਨੈਰੇਟਿਵਾਂ ਦੇ ਜਾਮ ਹੋਣ ਅਤੇ ਦੁਨਿਆ ਅੰਦਰ ਵਾਧੂ ਉਪਜ ਦਾ ਵੱਡਾ ਸੰਕਟ ਪੈਦਾ ਹੋ ਜਾਣ ਪਿਛੋਂ ਪੂੰਜੀ ਨੇ ਆਪਣੇ ਸੁਭਾਅ ਮੁਤਾਬਕ ਹੀ ਪੂੰਜੀ ਦੇ ਨਵੇਂ ਖੇਤਰ ਲੱਭਣੇ ਸ਼ੁਰੂ ਕਰ ਦਿੱਤੇ ਸਨ। ਪੂੰਜੀ ਦੇ ਇਹਨਾਂ ਨਵੇਂ ਖੇਤਰਾਂ ਵਿੱਚ ਨਵੀਆਂ ਮੰਡੀਆਂ ਵੀ ਸ਼ਾਮਲ ਸਨ ਅਤੇ ਨਿਵੇਸ਼ ਲਈ ਨਵੇਂ ਖੇਤਰ ਵੀ। ਨਵੀਆਂ ਮੰਡੀਆਂ ਦੀ ਤਲਾਸ਼ ਨੇ ਦੁਨਿਆਂ ਦੇ ਵੱਖ ਵੱਖ ਖਿੱਤਿਆਂ ਅੰਦਰ ਜੰਗਾਂ ਪੈਦਾ ਕੀਤੀਆਂ। ਨਿਵੇਸ਼ ਲਈ ਲੱਭੇ ਖੇਤਰ ਵਜੋਂ ਸੱਭਿਆਚਾਰ ਵੱਡੀਆਂ ਸੰਭਾਵਨਾਵਾਂ ਲੈ ਕੇ ਆਇਆ। ਇਸ ਨੂੰ ਸਥਾਪਤ ਵਿਚਾਰਧਾਰਾ ਬੰਦੇ ਦੀ ਮਨੋਚੇਤਨਾ ਘੜਨ ਲਈ ਵਰਤਦੀ ਰਹੀ ਹੈ। ਕਿਸੇ ਸਮੇਂ ਦੀਆਂ ਨਾਬਰ ਤੇ ਬਾਗੀ ਅਵਾਜ਼ਾਂ ਨੂੰ ਰੱਦਣ ਦਾ ਕਾਰਜ ਵੀ ਸਾਹਿਤ ਰਾਹੀਂ ਹੁੰਦਾ ਰਿਹਾ ਹੈ। ਪ੍ਰੰਤੂ ਦੂਸਰੇ ਪਾਸੇ ਸਾਹਿਤ ਬੰਦੇ ਦੇ ਬੁਨਿਆਦੀ ਖਾਸੇ ਨੂੰ ਬਚਾਅ ਕੇ ਰੱਖਣ ਦਾ ਸਾਧਨ ਵੀ ਰਿਹਾ ਹੈ। ਸਾਹਿਤ ਬੁਨਿਆਦੀ ਰੂਪ ਵਿੱਚ ਇੱਕ ਸਿਰਜਣਾਤਮਕ ਕਾਰਜ ਹੈ। ਸਿਰਜਣਾਤਮਕਤਾ ਸਾਹਿਤ ਹੋਣ ਦੀ ਬੁਨਿਆਦੀ ਸ਼ਰਤ ਹੈ। ਇਸੇ ਲਈ ਕਿਸੇ ਵੀ ਸਮੇਂ ਦਾ ਵਧੇਰੇ ਪ੍ਰਤੀਨਿਧ ਸਾਹਿਤ ਲੋਕ ਮਾਨਸ ਨਾਲ ਜੁੜਿਆ ਲੱਭਦਾ ਹੈ। ਪੰਜਾਬੀ ਸਾਹਿਤ ਦੇ ਪ੍ਰਸੰਗ ਵਿੱਚ ਜੇਕਰ ਗੱਲ ਕਰੀਏ ਤਾਂ ਇਸ ਵਿੱਚ ਵੀ ਮੁਕਤੀ ਦੇ ਵੱਖ ਵੱਖ ਪ੍ਰਵਚਨਾਂ ਦੀ ਹਮੇਸ਼ਾ ਖੜਕਵੀਂ ਹੋਂਦ ਰਹੀ ਹੈ। ਸਮਕਾਲ ਵਿੱਚ ਪ੍ਰਚੱਲਤ ਪੰਜਾਬੀ ਸਾਹਿਤ ਦੀਆਂ ਵਧੇਰੇ ਵਿਧਾਵਾਂ ਬਸਤੀਵਾਦ ਵਿਰੋਧੀ ਸੰਘਰਸ਼ ਦੀ ਉਪਜ ਹਨ। ਇਸੇ ਲਈ ਇਹਨਾਂ ਦੀ ਪ੍ਰਧਾਨ ਸੁਰ ਹਮੇਸ਼ਾ ਨਾਬਰੀ ਦੀ ਹੀ ਰਹੀ ਹੈ। ਇਸ ਸਾਹਿਤ ਵਿੱਚ ਮਿਹਨਤਕਸ਼ ਅਤੇ ਸਮਾਜਕ ਤੌਰ ਤੇ ਦਮਿਤ ਦਲਿਤ ਤੇ ਨਾਰੀ ਦੀ ਬੁਲੰਦ ਅਵਾਜ਼ ਉਭਰਦੀ ਰਹੀ ਹੈ। ਪੰਜਾਬੀ ਦਾ ਨਾਰੀ ਸਾਹਿਤ ਸ਼ੁਰੂ ਤੋਂ ਹੀ ਨਾਰੀ ਦੀ ਦੁਜੈਲੀ ਹੋਂਦ ਦੇ ਮਸਲਿਆਂ ਨੂੰ ਮੁਖ਼ਾਤਬ ਹੋ ਕੇ ਸਮਾਜ ਵਿਚਲੀਆਂ ਪਿਤਰਕੀ ਸਰੰਚਨਾਵਾਂ ਨੂੰ ਫਰੋਲਣ ਤੇ ਰੱਦਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਏਥੋਂ ਤੱਕ ਕਿ ਕਈ ਵਾਰ ਨਾਰੀਵਾਦੀ ਲੇਖਕਾਵਾਂ ਉੱਤੇ ਸਗੋਂ ਉਲਾਰ ਹੋ ਜਾਣ ਅਤੇ ਪਿਤਰਕੀ ਸਰੰਚਨਾਵਾਂ ਦੀ ਥਾਂ ਪੁਰਸ਼ ਵਿਰੋਧ ਦਾ ਪੈਂਤੜਾ ਮੱਲ ਲੈਣ ਦੇ ਵੀ ਇਲਜ਼ਾਮ ਲੱਗਦੇ ਰਹੇ ਹਨ। ਅਮ੍ਰਿਤਾ ਪ੍ਰੀਤਮ, ਅਜੀਤ ਕੌਰ, ਸ਼ਸ਼ੀ ਸਮੁੰਦਰਾ, ਮਨਜੀਤ ਟਿਵਾਣਾ, ਦਲੀਪ ਕੌਰ ਟਿਵਾਣਾ, ਸੁਖਵੰਤ ਕੌਰ ਮਾਨ, ਮਨਜੀਤ ਇੰਦਰਾ ,ਪਾਲ ਕੌਰ ਆਦਿ ਕਿੰਨੀਆਂ ਹੀ ਨਾਰੀ ਅਵਾਜ਼ਾਂ ਪੰਜਾਬੀ ਸਾਹਿਤ ਇਤਿਹਾਸ ਦੇ ਇੱਕ ਮੋੜ ਉੱਤੇ ਪਿਤਰਕੀ ਪੈਂਤੜਿਆਂ ਨੂੰ ਚੁਣੌਤੀ ਦਿੰਦੀਆਂ ਰਹੀਆਂ ਹਨ। ਪ੍ਰੰਤੂ ਸਮਕਾਲੀ ਸਮੇਂ ਵਿੱਚ ਨਾਰੀ ਸਾਹਿਤ ਦਾ ਸੁਭਾਅ ਤੇ ਸਰੂਪ ਵੀ ਪੰਜਾਬੀ ਦੇ ਬਾਕੀ ਸਾਹਿਤ ਵਾਂਗ ਹੀ ਬਦਲਿਆ ਹੈ ਤੇ ਨਿਰੰਤਰ ਬਦਲ ਰਿਹਾ ਹੈ। ਇਸੇ ਲਈ ਸਮੇਂ ਸਮੇਂ ਉੱਤੇ ਹੁੰਦੀਆਂ ਚਰਚਾਵਾਂ ਵਿੱਚ ਸਮਕਾਲੀ ਪੰਜਾਬੀ ਨਾਰੀ ਸਾਹਿਤ ਤਿੱਖੀ ਆਲੋਚਨਾ ਦਾ ਸਬੱਬ ਵੀ ਬਣਦਾ ਹੈ। ਇਸ ਆਲੋਚਨਾ ਨਾਲ ਜੁੜੇ ਪੱਖਾਂ ਉੱਤੇ ਚਰਚਾ ਕਰਨ ਤੋਂ ਪਹਿਲਾਂ ਇਹ ਜਾਣਣਾ ਜ਼ਰੂਰੀ ਜਾਪਦਾ ਹੈ ਕਿ ਕਿਸੇ ਵੀ ਸਮੇਂ ਵਿੱਚ ਸਾਹਿਤ ਪੈਦਾ ਕਿਵੇਂ ਹੁੰਦਾ ਹੈ? ਇਹ ਲੇਖਕ ਕਿੱਥੋਂ ਆਉਂਦੇ ਹਨ?

ਲੇਖਣੀ ਨੂੰ ਬੰਦੇ ਦੀ ਚੇਤਨਾ ਦੇ ਪ੍ਰਗਟਾਵੇ ਦੇ ਇੱਕ ਸਾਧਨ ਵਜੋਂ ਸਮਝਿਆ ਜਾ ਸਕਦਾ ਹੈ। ਚੇਤਨਾ ਤੇ ਉਸਦੀ ਸਿਰਜਣਾ ਬਾਰੇ ਮਾਰਕਸ ਦਾ ਕਥਨ ਹੈ, "ਚੇਤਨਾ ਸੁਚੇਤ ਹੋਂਦ ਤੋਂ ਬਿਨਾ ਹੋਰ ਕੁਝ ਨਹੀਂ ਹੋ ਸਕਦੀ, ਅਤੇ ਮਨੁੱਖ ਦੀ ਹੋਂਦ ਉਸ ਦੀ ਅਸਲ ਜੀਵਨ-ਪ੍ਰਕਿਰਿਆ ਹੈ...ਇਹ ਚੇਤਨਾ ਨਹੀਂ ਹੈ ਜੋ ਜੀਵਨ ਨੂੰ ਨਿਰਧਾਰਤ ਕਰਦੀ ਹੈ, ਸਗੋਂ ਜ਼ਿੰਦਗੀ ਚੇਤਨਾ ਨੂੰ ਨਿਰਧਾਰਤ ਕਰਦੀ ਹੈ। " (ਦ ਜਰਮਨ ਆਈਡੀ) ਬੰਦੇ ਦੀ ਚੇਤਨਾ ਉਸ ਦੇ ਇਤਿਹਾਸਕ ਵਿਕਾਸ ਦੇ ਇੱਕ ਪੜ੍ਹਾਅ ਉੱਤੇ ਉਤਪਾਦਨੀ ਕਿਰਿਆਵਾਂ ਦੇ ਸਿੱਟੇ ਵਜੋਂ ਹੋਂਦ ਵਿੱਚ ਆਈ ਅਤੇ ਹਰ ਸਮੇਂ ਉਸ ਦੀਆਂ ਪਦਾਰਥਕ ਪ੍ਰਸਥਿਤੀਆਂ ਦੁਆਰਾ ਨਿਰਧਾਰਤ ਕੀਤੀ ਜਾਂਦੀ ਰਹੀ ਹੈ। ਪਦਾਰਥਕ ਪ੍ਰਸਥਿਤੀਆਂ ਵੀ ਬੰਦੇ ਦੀ ਹੋਂਦ ਤੋਂ ਬਿਲਕੁਲ ਅਲੱਗ ਅਤੇ ਆਜ਼ਾਦ ਹਸਤੀ ਰੱਖਣ ਵਾਲਾ ਕੁਝ ਨਹੀਂ ਹੁੰਦਾ ਸਦੋਂ ਇਹ ਵੀ ਬੰਦੇ ਦੀਆਂ ਕਿਰਿਆਵਾਂ ਦਾ ਅਸਰ ਕਬੂਲਦੀਆਂ ਹਨ। ਜੀਵਨ ਵਿੱਚ ਵਿਚਰਦਾ ਹੋਇਆ ਬੰਦਾ ਦੋ ਤਰ੍ਹਾਂ ਦੀਆਂ ਕਿਰਿਆਵਾਂ ਵਿੱਚ ਮਸਰੂਫ਼ ਰਹਿੰਦਾ ਹੈ। ਪਹਿਲੀ ਕਿਰਿਆ ਦਾ ਸੰਬੰਧ ਆਰਥਿਕ ਉਤਪਾਦਨ ਨਾਲ ਹੈ। ਇਹ ਕਿਰਿਆ ਬੰਦੇ ਦੇ ਕੁਦਰਤ ਨਾਲ ਕਿਰਿਆਸ਼ੀਲ ਸੰਬੰਧ ਨੂੰ ਦਰਸਾਉਂਦੀ ਹੈ। ਇਸ ਪੂਰੀ ਧਰਤੀ ਉੱਤੇ ਬੰਦਾ ਹੀ ਅਜਿਹਾ ਜੀਵ ਹੈ ਜੋ ਆਪਣੀ ਹੋਂਦ ਨੂੰ ਬਚਾਉਣ ਲਈ ਆਪਣੀ ਰੋਜ਼ੀ ਖ਼ੁਦ ਕੁਦਰਤ ਨਾਲ ਕਿਰਿਆਸ਼ੀਲ ਸੰਬੰਧਾਂ ਵਿੱਚੋਂ ਉਪਜਾਉਂਦਾ ਹੈ। ਦੂਸਰੀ ਕਿਰਿਆ ਅੰਤਰ-ਕਿਰਿਆ ਹੈ। ਆਰਥਿਕ ਉਤਪਾਦਨ ਕਰਦਿਆਂ ਬੰਦਾ ਇੱਕ ਦੂਸਰੇ ਨਾਲ ਵੀ ਸੰਬੰਧਾਂ ਵਿੱਚ ਬੱਝਦਾ ਹੈ, ਜਿਹਨਾਂ ਨੂੰ ਸਮਾਜਕ ਸੰਬੰਧ ਕਿਹਾ ਜਾਂਦਾ ਹੈ। ਸਮਾਜਕ ਵਾਸਤਵਿਕਤਾ ਨੂੰ ਨਿਰਧਾਰਤ ਕਰਨ ਸਮੇਂ ਅੰਤਿਮ ਤੌਰ ਉੱਤੇ ਉਤਪਾਦਨੀ ਸੰਬੰਧਾਂ ਦੇ ਫੈਸਲਾਕੁੰਨ ਮਹੱਤਵ ਦੇ ਬਾਵਜੂਦ, ਉਤਪਾਦਨੀ ਤੇ ਸਮਾਜਕ ਸੰਬੰਧ ਦੋਵੇਂ ਦਵੰਦਾਤਮਕ ਰਿਸ਼ਤੇ ਵਿੱਚ ਹੀ ਬੱਝੇ ਰਹਿੰਦੇ ਹਨ। ਭਾਵ ਦੋਵੇਂ ਇੱਕ ਦੂਸਰੇ ਨੂੰ ਨਿਰਧਾਰਤ ਕਰਦੇ ਰਹਿੰਦੇ ਹਨ। ਮਨੁੱਖੀ ਚੇਤਨਾ ਵਿੱਚ ਤਬਦੀਲੀਆਂ ਉਤਪਾਦਨੀ ਸ਼ਕਤੀਆਂ ਦੇ ਵਿਕਾਸ ਨਾਲ ਸੰਭਵ ਬਣਦੀਆਂ ਹਨ। ਉਤਪਾਦਨੀ ਸ਼ਕਤੀਆਂ ਤੇ ਸਮਾਜਕ ਸੰਬੰਧਾਂ ਦਰਮਿਆਨ ਟਕਰਾਅ ਵਿੱਚੋਂ ਹੀ ਨਵੀਂ ਸਮਾਜਕ ਚੇਤਨਾ ਦਾ ਜਨਮ ਹੁੰਦਾ ਹੈ ਅਤੇ ਤਬਦੀਲੀ ਦੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ।

ਇਸ ਤਰ੍ਹਾਂ ਸਪਸ਼ਟ ਹੈ ਕਿ ਚੇਤਨਾ ਸਮਾਜੀ ਸਰੰਚਨਾਵਾਂ ਤੋਂ ਕਦੇ ਮੁਕਤ ਨਹੀਂ ਰਹਿ ਸਕਦੀ। ਸਿਰਜਣਾਤਮਕ ਲੇਖਕ ਵੀ ਸਿਰਜਣਾਤਮਕਤਾ ਨਾਲ਼ ਸੰਬੰਧਤ ਸਾਰੇ ਦਾਅਵਿਆਂ ਦੇ ਬਾਵਜੂਦ ਹੋਂਦ ਅਤੇ ਸਮਾਜਕ ਪ੍ਰਸਥਿਤੀਆਂ ਦੇ ਤਣਾਅ ਵਿੱਚ ਹੀ ਵਿਚਰਦਾ ਹੈ। ਉਹ ਸਮਾਜਕ ਧਰਾਤਲ ਵਿੱਚ ਹੋ ਰਹੀਆਂ ਦਿੱਖ ਜਾਂ ਅਦਿੱਖ ਤਬਦੀਲੀਆਂ ਨੂੰ ਹੀ ਵੱਖ ਵੱਖ ਸਾਹਿਤਕ ਵਿਧਾਵਾਂ ਰਾਹੀਂ ਪੇਸ਼ ਕਰ ਰਿਹਾ ਹੁੰਦਾ ਹੈ। ਇਸ ਲਈ ਕੋਈ ਵੀ ਲੇਖਕ ਆਪਣੇ ਸਮਿਆਂ ਦੀ ਉਪਜ ਹੀ ਹੁੰਦਾ ਹੈ, ਉਹ ਸਮਿਆਂ ਦਾ ਬਾਗੀ ਨਹੀਂ ਹੁੰਦਾ। ਬਾਗੀ ਜਾਂ ਨਾਬਰ ਲੇਖਕ ਸਮੇਂ ਦੀਆਂ ਭਾਰੂ ਵਿਚਾਰਧਾਰਾਵਾਂ ਨਾਲ਼ ਟਕਰਾਅ ਰਿਹਾ ਹੁੰਦਾ ਹੈ, ਜਿਹਨਾਂ ਬਾਰੇ ਵੀ ਮਾਰਕਸ ਨੇ ਸਪਸ਼ਟ ਕੀਤਾ ਸੀ ਕਿ ਇੱਕ ਜਮਾਤੀ ਸਮਾਜ ਵਿੱਚ ਹਾਕਮ ਜਮਾਤ ਦੀ ਚੇਤਨਾ ਹੀ ਭਾਰੂ ਚੇਤਨਾ ਹੁੰਦੀ ਹੈ। ਬਾਗੀ ਜਾਂ ਨਾਬਰ ਲੇਖਕ ਉਹਨਾਂ ਉਤਪਾਦਨੀ ਸ਼ਕਤੀਆਂ ਦੀ ਪ੍ਰਤੀਨਿਧਤਾ ਕਰ ਰਿਹਾ ਹੋ ਸਕਦਾ ਹੈ, ਜੋ ਪੈਦਾ ਤਾਂ ਹੋ ਚੁੱਕੀਆਂ ਹਨ ਪ੍ਰੰਤੂ ਅਜੇ ਵਿਕਾਸ ਦੇ ਮੁਢਲੇ ਪੜ੍ਹਾਵਾਂ ਉੱਤੇ ਹੀ ਹਨ। ਆਪਣੀ ਸਿਰਜਣਾਤਮਕ ਪ੍ਰਤਿਭਾ ਸਦਕਾ ਉਹ ਸਤਾਹ ਤੋਂ ਹੇਠਾਂ ਦੀਆਂ ਅਦਿੱਖ ਹਲਚਲਾਂ ਨੂੰ ਪਛਾਨਣ ਦੇ ਕਾਬਲ ਹੋ ਜਾਂਦਾ ਹੈ ਤੇ ਇਹ ਹਲਚਲਾਂ ਹੀ ਉਸ ਦੀ ਚੇਤਨਾ ਨੂੰ ਵੀ ਪ੍ਰਭਾਵਤ ਕਰਨ ਲਗਦੀਆਂ ਹਨ। ਜੋ ਲੇਖਕ ਆਪਣੇ ਪ੍ਰਵਚਨ ਦੇ ਪੱਧਰ ਉੱਤੇ ਵੀ ਹਾਕਮ ਚੇਤਨਾ ਨੂੰ ਹੀ ਆਤਮਸਾਤ ਕਰੀ ਰੱਖਦਾ ਹੈ, ਉਹ ਸਮਿਆਂ ਦੀ ਹਾਕਮੀ ਵਿਚਾਰਧਾਰਾ ਤੇ ਹਾਕਮੀ ਸ਼ਕਤੀਆਂ ਦਾ ਪ੍ਰਤੀਨਿਧ ਬਣਦਾ ਹੈ। ਕਿਸੇ ਵੀ ਸਮੇਂ ਦੇ ਸਾਹਿਤ ਵਿੱਚ ਚੇਤਨਾ ਨਾਲ਼ ਸੰਬੰਧਤ ਇਹ ਦੋਵੇਂ ਪ੍ਰਵਿਰਤੀਆਂ ਹਮੇਸ਼ਾ ਕਾਇਮ ਰਹਿੰਦੀਆਂ ਹਨ।

ਪੰਜਾਬੀ ਦਾ ਸਮਕਾਲੀ ਨਾਰੀ ਸਾਹਿਤ ਵੀ ਆਪਣੇ ਸਮਿਆਂ ਦੀ ਹੀ ਉਪਜ ਹੈ। ਇਹਨਾਂ ਸਮਿਆਂ ਵਿੱਚ ਰਵਾਇਤੀ ਉਦਯੋਗਿਕ ਸੈਕਟਰ ਦੀ ਥਾਂ ਸਰਵਿਸ ਸੈਕਟਰ ਨੇ ਮੱਲ ਲਈ ਹੈ। ਸਮੂਰਤ ਵਸਤੂਆਂ ਤੋਂ ਵੱਧ ਅਮੂਰਤ ਸੇਵਾਵਾਂ ਅਤੇ ਸੂਚਨਾਵਾਂ ਦਾ ਉਤਪਾਦਨ ਹੋਣਾ ਸ਼ੁਰੂ ਹੋ ਗਿਆ ਹੈ। ਇਹ ਉਤਪਾਦਨ ਉਦਯੋਗਕ ਉਤਪਾਦਨ ਤੋਂ ਉਲਟ ਅਦ੍ਰਿਸ਼ ਕਿਸਮ ਦਾ ਹੈ। ਵਿੱਤੀ ਪੂੰਜੀ ਨੇ ਪੂੰਜੀ ਦੇ ਇਕੱਤਰੀਕਰਨ ਦੀ ਪ੍ਰਕਿਰਿਆ ਨੂੰ ਵੀ ਅਮੂਰਤ ਕਰ ਦਿੱਤਾ ਹੈ। ਇਸੇ ਲਈ ਇਹਨਾਂ ਸਮਿਆਂ ਦੀ ਵਾਸਤਵਿਕਤਾ ਵੀ ਧੁੰਦਲੀ ਹੋ ਗਈ ਹੈ। ਇਸ ਵਾਸਤਵਿਕਤਾ ਨੂੰ ਜਾਨਣਾ ਤੇ ਸਮਝਣਾ ਪਹਿਲਾਂ ਨਾਲੋਂ ਵਧੇਰੇ ਗੁੰਝਲਦਾਰ ਕਾਰਜ ਬਣ ਗਿਆ ਹੈ। ਇਸ ਵਾਸਤਵਿਕਤਾ ਵਿੱਚ ਮੱਧਲੀ ਜਮਾਤ ਤੇ ਮੱਧਲਾ ਬੰਦਾ ਕੇਂਦਰ ਵਿੱਚ ਆ ਗਏ ਹਨ। ਇਸੇ ਤਰ੍ਹਾਂ ਮੱਧਲੀ ਜਮਾਤ ਦੇ ਸਰੋਕਾਰ ਵੀ ਪ੍ਰਮੁੱਖਤਾ ਹਾਸਲ ਕਰ ਗਏ ਹਨ। ਮੱਧਲੀ ਜਮਾਤ ਹਮੇਸ਼ਾ ਸਵੈ-ਕੇਂਦਰਤ ਤੇ ਐਂਬੀਸ਼ੀਅਸ ਹੁੰਦੀ ਹੈ। ਇਹ ਸਮਾਜਕ ਤੇ ਆਰਥਿਕ ਪ੍ਰਤਿਸ਼ਠਾ ਹਾਸਲ ਕਰਨ ਲਈ ਉੱਪਰਲੀਆਂ ਜਮਾਤਾਂ ਤੇ ਉਹਨਾਂ ਦੀ ਵਿਚਾਰਧਾਰਾ ਨੂੰ ਹੀ ਆਪਣਾ ਆਦਰਸ਼ ਮੰਨ ਕੇ ਚੱਲਦੀ ਹੈ। ਸਧਾਰਨ ਸਥਿਤੀਆਂ ਵਿੱਚ ਇਹ ਉਪਰਲੀ ਜਮਾਤ ਦੀ ਭਿਆਲ ਬਣ ਕੇ ਰਹਿੰਦੀ ਹੈ। ਸਮਕਾਲੀ ਨਾਰੀ ਸਾਹਿਤ ਨੂੰ ਰਚਣ ਵਾਲੀ ਸਾਡੇ ਸਮਿਆਂ ਦੀ ਇਹੀ ਮੱਧਲੀ ਨਾਰੀ ਹੈ। ਇਹ ਨਾਰੀ ਸਾਹਿਤ ਰਚਣ ਵਾਲੀ ਇਸ ਮੱਧਲੀ ਨਾਰੀ ਨੇ ਆਪਣੀ ਹੋਣੀ ਕਿਸੇ ਤਰ੍ਹਾਂ ਦੇ ਪ੍ਰਤੀਰੋਧੀ ਜੋਖਮ ਨਾਲ ਜੋੜਨ ਦੀ ਬਜਾਏ ਕਾਰਪੋਰੇਟੀ ਪਿਤਰਕੀ ਨਾਲ ਸੰਬੰਧਤ ਕਰ ਲਈ ਹੈ। ਇਸੇ ਲਈ ਸਮਕਾਲੀ ਨਾਰੀ ਲੇਖਕਾ ਆਪਣੀਆਂ ਪੂਰਬਲੀਆਂ ਲੇਖਕਾਵਾਂ ਦੇ ਮੁਕਾਬਲੇ ਪਿਤਰਕੀ ਵਿਵਸਥਾ ਤੇ ਕਦਰਾਂ ਕੀਮਤਾਂ ਨਾਲ਼ ਵਧੇਰੇ ਸਹਿਜ ਹੋ ਕੇ ਵਿਚਰ ਰਹੀ ਹੈ। ਉਹ ਨਾਰੀਵਾਦੀ ਹੋਣ ਨੂੰ ਇੱਕ ਤਰ੍ਹਾਂ ਦਾ ਇਲਜ਼ਾਮ ਮੰਨਣ ਲੱਗ ਪਈ ਹੈ। ਇਸ ਦਾ ਭਾਵ ਇਹ ਹੈ ਕਿ ਉਸ ਅਨੁਸਾਰ ਬਰਾਬਰੀ ਦਾ ਕੋਈ ਵੀ ਮਸਲਾ ਬਾਕੀ ਨਹੀਂ ਰਹਿ ਗਿਆ ਹੈ। ਨਾਰੀਵਾਦ ਦੇ ਨਿਸ਼ੇਧ ਦੀਆਂ ਪਿਤਰਕੀ ਧਾਰਨਾਵਾਂ ਨੂੰ ਹੀ ਅੰਤਿਮ ਮੰਨ ਕੇ ਉਹ ਪੁਰਸ਼ ਅਨੁਰੂਪੀ ਸੱਭਿਆਚਾਰਕ ਕੀਮਤਾਂ ਦੀ ਅਨੁਸਾਰੀ ਦਿਸਣ ਦੀ ਕੋਸ਼ਿਸ਼ ਵਿੱਚ ਰੁੱਝੀ ਹੋਈ ਹੈ।

ਸਵਾਲ ਇਹ ਹੈ ਕਿ ਆਮ ਤੌਰ ਤੇ ਲੇਖਕ ਤੇ ਲੇਖਕਾਵਾਂ ਮੱਧਲ਼ੀ ਜਮਾਤ ਵਿੱਚੋਂ ਹੀ ਆਉਂਦੇ ਰਹੇ ਹਨ। ਇਸ ਲਿਖਤ ਵਿੱਚ ਉੱਪਰ ਕੁਝ ਨਾਰੀ ਲੇਖਕਾਵਾਂ ਦਾ ਜ਼ਿਕਰ ਕੀਤਾ ਗਿਆ ਸੀ। ਉਹ ਸਾਰੀਆਂ ਇਸੇ ਮੱਧ ਵਰਗ ਨਾਲ ਹੀ ਸੰਬੰਧਤ ਹਨ। ਉਹਨਾਂ ਲੇਖਕਾਵਾਂ ਨੇ ਜਿਹਨਾਂ ਸਮਿਆਂ ਵਿੱਚ ਆਪਣਾ ਸਾਹਿਤਕ ਸਫਰ ਸ਼ੁਰੂ ਕੀਤਾ, ਉਹ ਸਮੇਂ ਰਾਸ਼ਟਰੀ ਅਤੇ ਰਾਸ਼ਟਰਾਂ ਅੰਦਰਲੇ ਸੰਘਰਸ਼ਾਂ ਦੇ ਸਮੇਂ ਸਨ। ਮੁਕੰਮਲ ਪ੍ਰਭੂਸੱਤਾਹੀਣਤਾ ਜਾਂ ਰਾਸ਼ਟਰੀ ਅੰਦੋਲਨਾਂ ਦੇ ਸਿੱਟੇ ਵਜੋਂ ਮਿਲੀ ਪ੍ਰਭੂਸੱਤਾ ਦੀਆਂ ਸਥਿਤੀਆਂ ਵਿੱਚ ਬੁਨਿਆਦੀ ਵਿਵਸਥਾ ਦੇ ਹੋਰ ਪੱਖਾਂ ਦੇ ਨਾਲ ਨਾਲ ਪਿਤਰਕੀ ਸੰਬੰਧਾਂ ਨਾਲ ਸੰਵਾਦ ਰਚਾਉਣ ਲਈ ਢੁਕਵੀਆਂ ਪ੍ਰਸਥਿਤੀਆਂ ਸਨ। ਇਹਨਾਂ ਦੋਹਾਂ ਸਥਿਤੀਆਂ ਵਿੱਚ ਮੱਧਲੀ ਜਮਾਤ ਗਤੀਸ਼ੀਲਤਾ ਦੇ ਸਾਰਥਕ ਰਸਤੇ ਲੱਭ ਰਹੀ ਸੀ। ਭਾਰਤ ਦੇ ਰਾਸ਼ਟਰੀ ਅੰਦੋਲਨ ਤੇ ਅਜ਼ਾਦੀ ਤੋਂ ਬਾਅਦ ਦੇ ਮੁਢਲੇ ਦਹਾਕਿਆਂ ਦੌਰਾਨ ਮੱਧਲੀ ਜਮਾਤ ਉੱਚ ਜਮਾਤ ਨਾਲ ਭਿਆਲੀ ਦੇ ਬਾਵਜੂਦ ਅਜ਼ਾਦ ਪ੍ਰਵਚਨਾਂ ਦੀ ਰਚਨਾ ਕਰਦੀ ਰਹੀ ਹੈ। ਪਰੰਪਰਕ ਰਾਸ਼ਟਰੀ ਅੰਦੋਲਨ ਦੇ ਸਮਾਨੰਤਰ ਚੱਲਦੀ ਕ੍ਰਾਂਤੀਕਾਰੀ ਲਹਿਰ ਇਸ ਮੱਧਲੀ ਜਮਾਤ ਦੀ ਹੀ ਉਪਜ ਸੀ। ਅਜ਼ਾਦੀ ਤੋਂ ਬਾਅਦ ਭਾਰਤ ਅੰਦਰ ਸਮਾਜਕ ਤਬਦੀਲੀ ਲਈ ਚੱਲੇ ਬਹੁਤ ਸਾਰੇ ਅੰਦੋਲਨਾਂ ਵਿੱਚ ਵੀ ਇਸ ਨੇ ਆਗੂ ਭੂਮਿਕਾ ਨਿਭਾਈ ਸੀ। ਪ੍ਰੰਤੂ ਅੱਸੀਵਿਆਂ ਦੇ ਦਹਾਕੇ ਤੋਂ ਬਾਅਦ ਭਾਰਤ ਵਰਗੇ ਦੇਸ਼ ਅੰਦਰਲੀਆਂ ਪਦਾਰਥਕ ਪ੍ਰਸਥਿਤੀਆਂ ਵਿੱਚ ਬੁਨਿਆਦੀ ਤਬਦੀਲੀ ਵਾਪਰੀ ਹੈ। ਜਿਵੇਂ ਪਹਿਲਾਂ ਜ਼ਿਕਰ ਹੋਇਆ ਹੈ ਕਿ ਅਰਥਚਾਰੇ ਵਿੱਚ ਸਰਵਿਸ ਸੈਕਟਰ ਨੇ ਖੇਤੀ ਅਤੇ ਉਦਯੋਗਕ ਸੈਕਟਰ ਨੂੰ ਪਛਾੜ ਦਿੱਤਾ। ਪਾਰਲੀਮਾਨੀ ਜਮਹੂਰੀਅਤ ਵਿੱਚ ਇੱਕ ਲਗਾਤਾਰਤਾ ਕਾਇਮ ਰਹਿਣ ਦੇ

ਬਾਵਜੂਦ ਨਵ-ਉਦਾਰਵਾਦੀ ਨੀਤੀਆਂ ਅਖਤਿਆਰ ਕਰਨ ਕਰਕੇ ਰਾਸ਼ਟਰੀ ਪ੍ਰਭੂਸੱਤਾ ਅੱਗੇ ਵੱਡੇ ਸਵਾਲੀਆ ਨਿਸ਼ਾਨ ਲੱਗ ਗਏ ਹਨ। ਨਵ-ਉਦਾਰਵਾਦ ਬਾਹਰੀ ਤੌਰ ਤੇ ਖੁੱਲੀ ਮੰਡੀ ਦਾ ਪ੍ਰਚਾਰ ਕਰਦਾ ਹੈ। ਇਸ ਅਨੁਸਾਰ ਹਰ ਤਰ੍ਹਾਂ ਦੇ ਫੈਸਲੇ ਖੁੱਲੀ ਮੰਡੀ ਦੀਆਂ ਸ਼ਕਤੀਆਂ ਨੂੰ ਹੀ ਕਰਨੇ ਚਾਹੀਦੇ ਹਨ ਅਤੇ ਆਰਥਿਕ ਖੇਤਰ ਵਿੱਚ ਸਟੇਟ ਦੀ ਦਖਲਅੰਦਾਜ਼ੀ ਖਤਮ ਹੋ ਜਾਣੀ ਚਾਹੀਦੀ ਹੈ। ਪ੍ਰੰਤੂ ਹਕੀਕਤ ਵਿੱਚ ਮੰਡੀ ਤੇ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਦਾ ਸੰਤੁਲਨ ਕਾਰਪੋਰੇਟ ਸੈਕਟਰ ਤੇ ਅਮਰੀਕਾ ਜਿਹੇ ਸਾਮਰਾਜੀ ਦੇਸ਼ਾਂ ਦੇ ਹੱਕ ਵਿੱਚ ਚਲਾ ਜਾਂਦਾ ਹੈ। ਰਾਸ਼ਟਰੀ ਪੂੰਜੀ ਵੱਲੋਂ ਕਾਰਪੋਰੇਟ ਪੂੰਜੀ ਅੱਗੇ ਗੋਡੇ ਟੇਕ ਦੇਣ ਕਾਰਨ ਸਮਾਜਕ ਗਤੀਸ਼ੀਲਤਾ ਦੀਆਂ ਸੰਭਾਵਨਾਵਾਂ ਸੀਮਤ ਹੋ ਗਈਆਂ ਹਨ। ਵਿਚਾਰਕ ਜੜ੍ਹਤਾ ਦੀਆਂ ਪਹਿਲਾਂ ਤੋਂ ਹੀ ਬਣੀਆਂ ਸਥਿਤੀਆਂ ਨੇ ਸੱਭਿਆਚਾਰਕ ਪੂੰਜੀ ਦੇ ਵੇਗ ਨਾਲ ਹੋਰ ਵਿਕਰਾਲ ਰੂਪ ਧਾਰ ਲਿਆ ਹੈ। ਇਸ ਨਵੇਂ ਪੂੰਜੀ ਨਿਵੇਸ਼ ਨੇ ਆਰਥਿਕ ਉਤਪਾਦਨ ਤੇ ਸੱਭਿਆਚਾਰਕ ਉਤਪਾਦਨ ਵਿਚਲੀ ਕਿਸੇ ਵੀ ਵਿੱਥ ਨੂੰ ਮੇਟ ਦਿੱਤਾ ਹੈ। ਸੱਭਿਆਚਾਰਕ ਉਤਪਾਦਨ ਵੀ ਮੰਡੀ ਦੇ ਘੇਰੇ ਅੰਦਰ ਆ ਗਿਆ ਹੈ। ਇਸ ਕਾਰਨ ਚੇਤਨਾ/ਵਿਚਾਰਧਾਰਾਵਾਂ ਦਾ ਪੁਨਰ ਉਤਪਾਦਨ ਹੋਰ ਵਧੇਰੇ ਆਰਥਿਕ ਤੱਤਾਂ ਨਾਲ ਜੁੜ ਗਿਆ ਹੈ। ਇਸ ਲਈ ਸਮਕਾਲੀ ਸਮਾਂ ਹਾਕਮ ਵਿਚਾਰਾਂ ਦੀ ਚੜ੍ਹਤ ਦਾ ਸਮਾਂ ਹੈ। ਹਾਕਮ ਜਮਾਤਾਂ ਦੇ ਵਿਚਾਰ ਬਿਨਾ ਸ਼ੱਕ ਸਮਾਜ ਦੇ ਭਾਰੂ ਵਿਚਾਰ ਹੁੰਦੇ ਹਨ, ਪ੍ਰੰਤੂ ਸਿਰਜਣਾਤਮਕ ਅਮਲ-ਪ੍ਰਕਿਰਿਆ ਵਿੱਚ ਪਏ ਬਹੁਤ ਬੰਦੇ ਉਹਨਾਂ ਵਿਚਾਰਾਂ ਨੂੰ ਚੁਣੌਤੀ ਵੀ ਪੇਸ਼ ਕਰਦੇ ਰਹਿੰਦੇ ਹਨ। ਸਮਕਾਲੀ ਸਮਿਆਂ ਵਿੱਚ ਇਹ ਨਾਬਰ ਪ੍ਰਵਚਨ ਘਟਦੇ ਜਾ ਰਹੇ ਹਨ। ਇਤਿਹਾਸ ਦੇ ਅੰਤ ਜਿਹੀਆਂ ਧਾਰਨਾਵਾਂ ਨੇ ਇਹ ਵਿਚਾਰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪੂੰਜੀਵਾਦੀ ਉਦਾਰਵਾਦੀ ਜਮਹੂਰੀਅਤ ਹੀ ਬੰਦੇ ਦੀ ਅੰਤਿਮ ਸਮਾਜਕ, ਸਿਆਸੀ ਤੇ ਆਰਥਿਕ ਹੋਣੀ ਹੈ।

ਪਿਛਲੇ ਦਹਾਕਿਆਂ ਵਿੱਚ ਇਹ ਹਾਕਮ ਵਿਚਾਰ ਹਰ ਜਮਾਤ ਦੇ ਬੰਦੇ ਦੀ ਮਨੋਚੇਤਨਾ ਦਾ ਹਿੱਸਾ ਬਣਾ ਕੇ ਬੰਦੇ ਨੂੰ ਸਵੈ-ਕੇਂਦਰਤ, ਵਸਤੂਆਂ ਦਾ ਖਪਤਕਾਰੀ, ਸੁੱਖ ਰਹਿਣਾ ਜੀਵ ਬਣਾਉਣ ਦੀ ਵੱਡੇ ਪੈਮਾਨੇ ਉੱਤੇ ਕੋਸ਼ਿਸ਼ ਹੋਈ ਹੈ। ਇਸ ਵਿੱਚ ਤਕਨੀਕੀ ਵਿਕਾਸ ਨੇ ਆਪਣੀ ਵੱਡੀ ਭੂਮਿਕਾ ਨਿਭਾਈ ਹੈ। ਸੂਚਨਾ ਤਕਨੀਕੀ ਤੇ ਮੀਡੀਆ ਤੰਤਰ ਦੇ ਵਿਕਾਸ ਨੂੰ ਬੰਦੇ ਦੀ ਪ੍ਰਤੀਬਿੰਬੀ ਚੇਤਨਾ ਘੜ੍ਹਨ ਲਈ ਵਰਤਿਆ ਜਾ ਰਿਹਾ ਹੈ। ਇਹ ਪ੍ਰਤੀਬਿੰਬੀ ਚੇਤਨਾ ਬੰਦੇ ਨੂੰ ਜੀਵਨ ਦੀ ਵਾਸਤਵਿਕਤਾ ਤੋਂ ਦੂਰ ਰੁਮਾਨੀ ਭ੍ਰਮਿਕ ਦੁਨਿਆ ਦਾ ਬਾਸ਼ਿੰਦਾ ਬਣਾ ਦਿੰਦੀ ਹੈ। ਇਸ ਚੇਤਨਾ ਲਈ ਵਾਸਤਵਿਕਤਾ ਤੋਂ ਵੱਧ ਉਸ ਦਾ ਪ੍ਰਤੀਬਿੰਬ ਮਹੱਤਵਪੂਰਨ ਹੁੰਦਾ ਹੈ। ਇਸ ਲਈ ਇਸ਼ਤਿਹਾਰਾਂ ਤੇ ਸੱਭਿਆਚਾਰਕ ਮੀਡੀਆ ਦੇ ਹੋਰ ਰੂਪਾਂ ਦੀ ਵਰਤੋਂ ਕਰਕੇ ਵਸਤੂਆਂ ਦੇ ਲੁਭਾਉਣੇ ਪ੍ਰਤੀਬਿੰਬਾਂ ਦੀ ਬਰਸਾਤ ਦਿਨ ਰਾਤ ਬੰਦੇ ਦੀਆਂ ਨਜ਼ਰਾਂ ਅੱਗੇ ਪੈਦਾ ਕੀਤੀ ਜਾਦੀ ਹੈ। ਇਹ ਪ੍ਰਤੀਬਿੰਬ ਖਪਤ ਸੱਭਿਆਚਾਰ ਪੈਦਾ ਹੋਣ ਲਈ ਸਾਜ਼ਗਾਰ ਹਾਲਾਤ ਪੈਦਾ ਕਰਦੇ ਹਨ। ਬੰਦੇ ਦੇ ਜੀਵਨ ਦਾ ਇਕੋ ਇੱਕ ਮਕਸਦ ਇਹਨਾਂ ਪ੍ਰਤੀਬਿੰਬਾਂ ਦਾ ਉਪਭੋਗ ਕਰਨਾ ਬਣ ਜਾਂਦਾ ਹੈ। ਬੰਦਾ ਆਪਣੀ ਸੂਝ ਤੇ ਬੌਧਿਕਤਾ ਦੇ ਆਸਰੇ ਇਸ ਪ੍ਰਕਿਰਿਆ ਨਾਲ ਨਹੀਂ ਲੜ ਸਕਦਾ ਕਿਉਂਕਿ ਬੰਦੇ ਦਾ ਪ੍ਰਤੀਬਿੰਬੀਕਰਨ ਸੂਝ ਅਤੇ ਤਰਕ ਦੀਆਂ ਵਿਧੀਆਂ ਰਾਹੀਂ ਨੇਪਰੇ ਨਹੀਂ ਚਾੜ੍ਹਿਆ ਜਾਂਦਾ।

ਇਹੀ ਕਾਰਨ ਹੈ ਕਿ ਅੱਸੀਵਿਆਂ ਦੇ ਦਹਾਕੇ ਤੱਕ ਭਾਰੂ ਵਿਚਾਰਾਂ ਤੋਂ ਨਾਬਰ ਲੇਖਕ/ਲੇਖਕਾਵਾਂ ਨੇ ਵੀ ਖਪਤ ਦੀਆਂ ਅਸੀਮ ਮੰਡੀਆਂ ਵਿੱਚ ਵਸਤੂਆਂ ਦੇ ਖਰੀਦਾਰਾਂ ਵਜੋਂ ਵਿਚਰਨਾ ਸ਼ੁਰੂ ਕਰ ਦਿੱਤਾ ਹੈ। ਅਮ੍ਰਿਤਾ ਪ੍ਰੀਤਮ ਨੇ ਤਾਂ ਬਹੁਤ ਪਹਿਲਾਂ ਹੀ ਸਥਾਪਤੀ ਨੂੰ ਪੂਰੀ ਤਰ੍ਹਾਂ ਆਤਮਸਾਤ ਕਰ ਲਿਆ ਸੀ, ਦਲੀਪ ਕੌਰ ਟਿਵਾਣਾ ਤੇ ਮਨਜੀਤ ਕੌਰ ਟਿਵਾਣਾ ਵੀ ਆਤਮ ਕੇਂਦਰਤ ਅਧਿਆਤਮ ਦੀ ਬੁੱਕਲ ਵਿੱਚ ਸਿਮਟ ਜਾਂਦੀਆਂ ਹਨ। ਵੱਡੀ ਪੱਧਰ ਉੱਤੇ ਲੇਖਕਾਵਾਂ ਨੇ ਬਾਗੀ ਸੁਰਾਂ ਨੂੰ ਨਾ ਸਿਰਫ ਤਿਲਾਂਜਲੀ ਦੇ ਦਿੱਤੀ ਹੈ ਸਗੋਂ ਉਹ ਮਰਦ ਪ੍ਰਧਾਨਤਾ ਦੇ ਸੰਕਲਪਾਂ ਤੇ ਸੰਸਥਾਵਾਂ ਨੂੰ ਕੁਦਰਤੀ ਮੰਨ ਕੇ ਸਵੀਕਾਰ ਤੇ ਪ੍ਰਵਾਨਗੀ ਦੇ ਰਾਹ ਵੀ ਨਿੱਕਲ ਤੁਰੀਆਂ ਹਨ। ਇਸ ਪ੍ਰਸੰਗ ਵਿੱਚ ਸਮਕਾਲੀ ਸਮਿਆਂ ਦੀ ਸਭ ਤੋਂ ਹਰਮਨਪਿਆਰੀ ਕਵਿਤਰੀ ਸੁਖਵਿੰਦਰ ਅਮ੍ਰਿਤ ਦੀ ਕਵਿਤਾ ਦਾ ਅਧਿਐਨ ਕੀਤਾ ਜਾ ਸਕਦਾ ਹੈ। ਅਮ੍ਰਿਤ ਆਪਣੀ ਕਵਿਤਾ ਵਿੱਚ ਸਤ੍ਹਹ ਉੱਤੇ ਨਾਰੀ ਚੇਤਨਾ ਦੀ ਬਾਤ ਪਾਉਂਦੀ ਦਿਸਦਿਆਂ ਵੀ ਦਰਅਸਲ ਪੁਰਸ਼ ਤੰਤਰ ਨੂੰ ਹੀ ਵਾਰ ਵਾਰ ਸਥਾਪਤ ਕਰਦੀ ਰਹਿੰਦੀ ਹੈ। ਦਮਨੀ ਮਰਦ-ਔਰਤ ਸੰਬੰਧ ਹੀ ਉਸ ਦੀ ਕਵਿਤਾ ਵਿੱਚ ਵਾਰ ਵਾਰ ਵਡਿਆਏ ਜਾਂਦੇ ਹਨ। ਕਥਾਕਾਰੀ ਦੇ ਪੱਧਰ ਉੱਤੇ ਨਵ-ਚਰਚਿਤ ਸੁਰਿੰਦਰ ਨੀਰ ਦੇ ਨਾਵਲ ਪੂਰੀ ਤਰ੍ਹਾਂ ਸਥਾਪਤੀ ਦੀ ਵਿਚਾਰਧਾਰਾ ਨੂੰ ਨਾ ਸਿਰਫ ਆਤਮਸਾਤ ਕਰਕੇ ਹੀ ਤੁਰਦੇ ਹਨ, ਸਗੋਂ ਉਸ ਹੈਜਮੋਨਿਕ ਵਿਚਾਰਧਾਰਾ ਦੀ ਸੁਚੇਤ ਪੈਰਵਾਈ ਵੀ ਕਰਦੇ ਹਨ। ਭੁਪਿੰਦਰ ਕੌਰ ਪ੍ਰੀਤ ਦੀ ਕਵਿਤਾ ਵਿਚਲਾ ਅਧਿਆਤਮ ਪੁਰਸ਼ ਸ਼ਕਤੀ ਸਨਮੁਖ ਮੁਕੰਮਲ ਸਮਰਪਣ ਨੂੰ ਪੇਸ਼ ਕਰਦਿਆਂ ਨਾਰੀ ਦੀ ਅਧੀਨ ਸਥਿਤੀ ਨੂੰ ਕੁਦਰਤੀ ਸਥਿਤੀ ਸਵੀਕਾਰ ਕਰਨ ਲਗਦਾ ਹੈ।

ਸਮਕਾਲੀ ਪੰਜਾਬੀ ਨਾਰੀ ਕਵਿਤਾ ਵਿੱਚ ਅਧਿਆਤਮ ਦੇ ਸਵਾਲ ਨੂੰ ਵਧੇਰੇ ਧਿਆਨ ਨਾਲ ਵਿਚਾਰਨ ਦੀ ਲੋੜ ਹੈ, ਕਿਉਂਕਿ ਇਸ ਅਧਿਆਤਮ ਦੀਆਂ ਇਕਾਈਆਂ ਇਕਹਿਰੀਆਂ ਨਹੀਂ ਹਨ। ਪੰਜਾਬੀ ਦੀਆਂ ਕਵਿੱਤਰੀਆਂ ਨੀਰੂ ਅਸੀਮ ਜਾਂ ਅਮਰਜੀਤ ਘੁੰਮਣ ਦਾ ਅਧਿਆਤਮ ਕਿਸੇ ਅਧਿਆਤਮਕ ਮੁਕਤੀ ਦੀ ਤਲਾਸ਼ ਦੀ ਇੱਛਾ ਤੋਂ ਵੱਧ ਵਾਸਤਵਿਕ ਜੀਵਨ-ਸੰਘਰਸ਼ ਵਿੱਚ ਨਿਰਾਸ਼ ਹੋ ਜਾਣ ਦੀ ਸਥਿਤੀ ਨੂੰ ਪੇਸ਼ ਕਰਦਾ ਹੈ।

ਆਰਥਿਕ ਉਤਪਾਦਨ ਦੇ ਖੇਤਰ ਵਿੱਚ ਨਾਰੀ ਦੀ ਸ਼ਮੂਲੀਅਤ ਤੋਂ ਬਾਅਦ ਨਾਰੀ ਅੰਦਰ ਮੁਕਤੀ ਤੇ ਅਸਲ ਬਰਾਬਰੀ ਦੀ ਆਸ਼ਾ ਪੈਦਾ ਹੋਈ ਸੀ। ਮੱਧਲੀ ਨਾਰੀ ਉਤਪਾਦਨ ਦੇ ਸਰਵਿਸ ਸੈਕਟਰ ਵਿੱਚ ਹੀ ਵਧੇਰੇ ਸਰਗਰਮ ਹੋਈ ਹੈ। ਪ੍ਰੰਤੂ ਇਹ ਸ਼ਮੂਲੀਅਤ ਸਮਾਜਕ ਸੰਬੰਧਾਂ ਵਿੱਚ ਕਿਸੇ ਤਰ੍ਹਾਂ ਦੀ ਰੈਡੀਕਲ ਤਬਦੀਲੀ ਲਿਆਉਣ ਵਿੱਚ ਸਫਲ ਨਹੀਂ ਹੋਈ। ਉਤਪਾਦਨ ਦੇ ਖੇਤਰ ਵਿੱਚ ਸਰਗਰਮ ਨਾਰੀ ਨੂੰ ਅਜੇ ਵੀ ਪੁਰਸ਼ ਨਾਲ ਉਸੇ ਤਰ੍ਹਾਂ ਦੇ ਪਰੰਪਰਕ ਸਮਾਜਕ ਰਿਸ਼ਤਿਆਂ ਵਿੱਚ ਬੱਝਣਾ ਪੈਂਦਾ ਹੈ। ਇਥੋਂ ਤੱਕ ਕਿ ਪ੍ਰੇਮੀ ਦੇ ਸਮਾਜਕ ਦਾਇਰੇ ਤੋਂ ਬਾਹਰ ਦੇ ਰਿਸ਼ਤੇ ਵਿੱਚ ਵੀ ਪਿਤਰਕੀ ਕੀਮਤਾਂ ਹੀ ਕਾਰਜਸ਼ੀਲ ਰਹਿੰਦੀਆਂ ਹਨ। ਨਵ-ਉਦਾਰਵਾਦੀ ਵਿੱਤੀ ਵਿਵਸਥਾ ਵਿੱਚ ਕਿਸੇ ਬੁਨਿਆਦੀ ਸਮਾਜਕ ਤਬਦੀਲੀ ਦੀ ਕਲਪਨਾ ਸ਼ਾਮਿਲ ਨਹੀਂ ਹੈ, ਸਗੋਂ ਇਸ ਦੇ ਉਲਟ ਸੱਭਿਆਚਾਰਕ ਪੂੰਜੀ ਲਗਾਤਾਰ ਪਰੰਪਰਕ ਪਿਤਰਕੀ ਰਿਸ਼ਤਿਆਂ ਦੇ ਪ੍ਰਤੀਬਿੰਬ ਬੰਦਿਆਂ ਦੇ ਮਸਤਕਾਂ ਅੰਦਰ ਪੁਨਰ-ਸਥਾਪਤ ਕਰਦੀ ਰਹਿੰਦੀ ਹੈ। ਇਹ ਸਥਿਤੀ ਦਾ ਅਜਬ ਵਿਰੋਧਾਭਾਸ ਹੈ। ਬੰਦਿਆਂ ਕੋਲ ਉਪਭੋਗ ਲਈ ਉਤਰ ਆਧੁਨਿਕ ਤਕਨੀਕ ਤੇ ਵਸਤਾਂ ਹਨ, ਪ੍ਰੰਤੂ ਉਹ ਮੱਧਕਾਲੀਨ ਸਮਾਜਕ ਸੰਬੰਧਾਂ ਵਿੱਚ ਵਿਚਰਦੇ ਹਨ। ਬਰਾਬਰੀ ਤੇ ਮੁਕਤੀ ਦੀ ਆਸ ਕਰਨ ਵਾਲੀ ਨਾਰੀ ਲਈ ਇਹ ਸਥਿਤੀ ਨਿਰਾਸ਼ ਹੋ ਜਾਣ ਦੀ ਬਣ ਜਾਂਦੀ ਹੈ। ਉਹ ਵਾਸਤਵਿਕ ਜੀਵਨ ਸੰਘਰਸ਼ ਵਿੱਚ ਹਾਰ ਮੰਨ ਕੇ ਅਧਿਆਤਮ ਦੀ ਸ਼ਰਣ ਚਲੀ ਜਾਂਦੀ ਹੈ। ਬੰਦੇ ਨੇ ਜਿਸ ਤਰ੍ਹਾਂ ਦਾ ਬਣਨਾ ਹੈ, ਉਹ ਉਸ ਦੀਆਂ ਪਦਾਰਥਕ ਸਥਿਤੀਆਂ ਉੱਤੇ ਹੀ ਨਿਰਭਰ ਕਰਦਾ ਹੈ।

ਮਾਰਕਸ ਨੇ ਸਪਸ਼ਟ ਕੀਤਾ ਸੀ ਕਿ ਅੰਤਿਮ ਰੂਪ ਵਿੱਚ, ਤੁਸੀਂ ਜੋ ਉਤਪਾਦਨ ਕਰਦੇ ਹੋ ਤੇ ਜਿਵੇਂ ਉਤਪਾਦਨ ਕਰਦੇ ਹੋ, ਉਸੇ ਤਰ੍ਹਾਂ ਦੇ ਤੁਸੀਂ ਹੁੰਦੇ ਹੋ। ਵਿੱਤੀ ਪੂੰਜੀ ਦੇ ਯੁੱਗ ਵਿੱਚ ਸੇਵਾਵਾਂ ਦੇ ਉਤਪਾਦਨ ਖੇਤਰ ਵਿੱਚ ਕੰਮ ਕਰਦੇ ਕਾਮਿਆਂ ਲਈ ਪਦਾਰਥਕ ਪ੍ਰਸਥਿਤੀਆਂ ਦੀ ਵਾਸਤਵਿਕਤਾ ਸਮਝਣਾ ਮੁਕਾਬਲਤਨ ਕਠਿਨ ਕੰਮ ਹੁੰਦਾ ਹੈ। ਇਸੇ ਲਈ ਇਥੇ ਚੇਤਨਾ ਦੇ ਭਰਮਾਂ ਲਈ ਵਧੇਰੇ ਸਾਜ਼ਗਾਰ ਹਾਲਾਤ ਹੁੰਦੇ ਹਨ। ਚੇਤਨਾ ਦੇ ਇਹ ਭਰਮ ਨਾਰੀ ਚੇਤਨਾ ਨੂੰ ਸੰਘਰਸ਼ਾਂ ਦੀ ਨਿਰਾਰਥਕਤਾ ਦੇ ਅਹਿਸਾਸ ਨਾਲ ਜੋੜ ਦਿੰਦੇ ਹਨ। ਇਹ ਅਹਿਸਾਸ ਉਸੇ ਤਰ੍ਹਾਂ ਦੀ ਨਵ-ਹੀਗਲੀਅਨ ਸਮਝ ਵਿਚੋਂ ਪੈਦਾ ਹੁੰਦਾ ਹੈ, ਜੋ ਵਿਚਾਰਾਂ/ਸੋਚਾਂ/ਸੰਕਲਪਾਂ ਨੂੰ ਚੇਤਨਾ ਦੀ ਅਜ਼ਾਦਾਨਾ ਉਪਜ ਸਮਝ ਕੇ ਇਹਨਾਂ ਨੂੰ ਹੀ ਬੰਦੇ ਦੀਆਂ ਅਸਲ ਜ਼ੰਜੀਰਾਂ ਸਮਝ ਰਹੇ ਸਨ। ਪੰਜਾਬੀ ਦੇ ਨਾਰੀ ਸਾਹਿਤ ਵਿਚਲੀ ਸੰਘਰਸ਼ਾਂ ਤੋਂ ਮੋਹ ਭੰਗ ਦੀ ਸਥਿਤੀ ਚੇਤਨਾ ਦੇ ਭਰਮਾਂ ਦੀ ਬੁਨਿਆਦ ਉੱਤੇ ਖੜੀ ਹੈ। ਇਹ ਸਾਹਿਤ ਇਸ ਸਮਝ ਉੱਤੇ ਟੇਕ ਰੱਖਦਾ ਸੀ ਕਿ ਦੁਨਿਆ ਨੂੰ ਸ਼ਾਇਦ ਸਿਰਫ ਬਰਾਬਰੀ ਦਾ ਸੁਪਨਾ ਲੈ ਕੇ ਜਾਂ ਆਪਣੇ ਇਸ ਸੰਬੰਧੀ ਵਿਚਾਰਾਂ ਨੂੰ ਬਦਲ ਕੇ ਬਦਲਿਆ ਜਾ ਸਕਦਾ ਹੈ। ਇਸੇ ਲਈ ਵਾਸਤਵਿਕਤਾ ਦਾ ਅਹਿਸਾਸ ਇਸ ਸਾਹਿਤ ਨੂੰ ਅਧਿਆਤਮਕ ਭਾਂਜ ਤੱਕ ਲੈ ਜਾਂਦਾ ਹੈ। ਪ੍ਰੰਤੂ ਤਸੱਲੀ ਵਾਲੀ ਗੱਲ ਇਹ ਹੈ ਕਿ ਮੋਹ ਭੰਗ ਤੇ ਅਧਿਆਤਮਕ ਭਾਂਜ ਦੇ ਬਾਵਜੂਦ ਇਸ ਤਰ੍ਹਾਂ ਦਾ ਵਧੇਰੇ ਸਾਹਿਤ ਉਪਭੋਗੀ ਪ੍ਰਵਚਨਾਂ ਦੇ ਦਾਇਰੇ ਤੋਂ ਬਾਹਰ ਵਿਚਰਦਾ ਹੈ।

## ਸਾਰ-ਅੰਸ਼

ਸਮਕਾਲੀ ਪੰਜਾਬੀ ਨਾਰੀ ਸਾਹਿਤ ਵਿੱਚ ਉਪਭੋਗੀ ਪ੍ਰਵਚਨ ਪੂਰੀ ਤਰ੍ਹਾਂ ਗੈਰ ਹਾਜ਼ਰ ਨਹੀਂ ਹਨ। ਨਾਰੀ ਸਾਹਿਤ ਵਿੱਚ ਇੱਕ ਧਾਰਾ ਪ੍ਰਵੇਸ਼ ਕਰ ਰਹੀ ਹੈ ਜੋ ਖਪਤਕਾਰੀ ਪ੍ਰਸਥਿਤੀਆਂ ਦੀ ਪ੍ਰਤੀਨਿਧਤਾ ਕਰਦੀ ਹੈ। ਇਹ ਧਾਰਾ ਸਮਕਾਲੀ ਸਮਿਆਂ ਦੀਆਂ ਭਾਰੂ ਵਿਚਾਰਧਾਰਾਵਾਂ ਨਾਲ ਵਧੇਰੇ ਇਕਸੁਰਤਾ ਵਿੱਚ ਹੈ। । ਇਹ ਧਾਰਾ ਨਾਰੀ ਦੀ ਆਪਣੀ ਦੇਹੀ ਪ੍ਰਤੀ ਕਿਸੇ ਤਰ੍ਹਾਂ ਦੀ ਗਿਲਾਨੀ ਤੋਂ ਮੁਕਤ ਹੋ ਕੇ ਇਸ ਨੂੰ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਵਰਤਣ ਦੇ ਵਿਚਾਰ ਦੀ ਹੈ। ਪਿਛਲੇ ਸਮੇਂ ਵਿੱਚ ਜਸਲੀਨ ਕੌਰ ਦੀਆਂ ਕਵਿਤਾਵਾਂ ਵਿੱਚ ਇਹ ਪ੍ਰਵਿਰਤੀ ਉਭਰਦੀ ਦਿਸੀ ਹੈ, ਕੁਝ ਨਾਰੀ ਕਥਾਕਾਰ ਵੀ ਇਸ ਧਾਰਾ ਵਿੱਚ ਸ਼ਾਮਲ ਹੁੰਦੀਆਂ ਹਨ। ਇਹ ਸਾਹਿਤ ਆਪਣੀਆਂ ਅਭਿਲਾਸ਼ਾਵਾਂ ਦਾ ਪਿੱਛਾ ਕਰਦੀ ਨਾਰੀ ਸੰਵੇਦਨਾ ਦਾ ਹੈ, ਪ੍ਰੰਤੂ ਇਹ ਸਮਕਾਲੀ ਸਮੇਂ ਵਿੱਚ ਦੇਹੀ, ਮੰਡੀ ਤੇ ਨਾਰੀ ਦੀ ਕਾਮਨਾ ਦੀ ਗੁੰਝਲਦਾਰ ਅੰਤਰ ਕ੍ਰਿਆ ਦੇ ਪਾਸਾਰਾਂ ਨੂੰ- ਨਹੀਂ ਫੜਦਾ। ਪਦਾਰਥਕ ਪ੍ਰਸਥਿਤੀਆਂ ਵਿੱਚ ਬੁਨਿਆਦੀ ਤਬਦੀਲੀ ਆਜਾਣ ਤੋਂ ਬਿਨਾ ਸਮਾਜਕ ਸੰਬੰਧਾਂ ਦੇ ਬਦਲ ਜਾਣ ਦੀ ਕੋਈ ਸੰਭਾਵਨਾ ਨਹੀਂ ਬਣ ਸਕਦੀ। ਜਿਵੇਂ ਪਹਿਲਾਂ ਸਪਸ਼ਟ ਕੀਤਾ ਗਿਆ ਹੈ ਸਮਕਾਲੀ ਪ੍ਰਸਥਿਤੀਆਂ ਬੰਦਿਆਂ ਦੇ ਬੁਨਿਆਦੀ ਰੂਪ ਵਿੱਚ ਵੱਖਰੇ ਸਮਾਜਕ ਸੰਬੰਧਾਂ ਦੀ ਸੰਭਾਵਨਾਂ ਪੈਦਾ ਨਹੀਂ ਕਰ ਰਹੀਆਂ। ਇਸ ਲਈ ਸਮਕਾਲੀ ਸਮਿਆਂ ਵਿੱਚ ਵੀ ਨਾਰੀ ਦੀ ਕਾਮਨਾ ਦਾ ਸਬੰਧ ਮਰਦ ਦੀ ਭੋਗ ਦੀ ਇੱਛਾ ਨਾਲ ਜੁੜਿਆ ਰਹਿੰਦਾ ਹੈ। ਮਰਦ ਨੂੰ ਭੋਗਦਿਆਂ ਵੀ ਨਾਰੀ ਮਰਦ ਵੱਲੋਂ ਭੋਗੀ ਜਾ ਰਹੀ ਵਸਤ ਹੀ ਬਣੀ ਰਹਿੰਦੀ ਹੈ- ਨਾਰੀ ਦੇ ਸੱਤਾ ਸੰਬੰਧਾਂ ਵਿੱਚ ਕੋਈ ਅੰਤਰ ਨਹੀਂ ਵਾਪਰਦਾ। ਹੋ ਸਕਦਾ ਹੈ ਕਿ ਇਸ ਤਰ੍ਹਾਂ ਦੇ ਸਾਹਿਤ ਦਾ ਪ੍ਰਚੱਲਨ ਆਉਣ ਵਾਲੇ ਦਿਨ ਗੁੰਝਲਾਂ ਨੂੰ ਨਹੀਂ ਫੜ ਸਕੇਗਾ। ਸਾਹਿਤ ਇੱਕ ਅਜਿਹੀ ਵਿਧਾ ਹੈ ਜੋ ਅਪ੍ਰਤੱਖ ਵਾਸਤਵਿਕਤਾ ਨੂੰ ਪ੍ਰਤੱਖ ਕਰ ਦਿੰਦੀ ਹੈ। ਸਾਹਿਤ ਦੀ ਪ੍ਰਮਾਣਕਤਾ ਲਈ ਰਚਨਾਕਾਰ ਦੇ ਅਨੁਭਵ ਦੀ ਪ੍ਰਮਾਣਕਤਾ ਦੀ ਲੋੜ ਹੁੰਦੀ ਹੈ। ਨਾਰੀ ਸਾਹਿਤ ਵਿੱਚੋਂ ਕੁਦਰਤੀ ਹੀ ਮੁਕਤੀ ਦੇ ਪ੍ਰਵਚਨਾਂ ਦੀ ਭਾਲ ਕੀਤੀ ਜਾਂਦੀ ਹੈ ਕਿਉਂਕਿ ਇੱਕ ਜਮਾਤ ਵਜੋਂ ਨਾਰੀ ਅਜੇ ਵੀ ਦਲਿਤ ਹੈ। ਪ੍ਰੰਤੂ ਸਮਕਾਲੀ ਪਦਾਰਥਕ ਪ੍ਰਸਥਿਤੀਆਂ ਇਸ ਦੀ ਇਸ ਵਾਸਤਵਿਕਤਾ

ਨੂੰ ਧੁੰਦਲਾਅ ਰਹੀਆਂ ਹਨ। ਹਮੇਸ਼ਾ ਵਾਂਗ ਹੁਣ ਵੀ ਨਾਰੀ ਲਈ ਆਪਣੇ ਆਪ ਨੂੰ, ਪੁਰਸ਼ ਦੀ ਦ੍ਰਿਸ਼ਟੀ ਨੂੰ ਉਲੰਘ ਕੇ ਦੇਖਣਾ ਅਸਾਨ ਨਹੀਂ ਹੈ। ਪ੍ਰੰਤੂ ਇੱਕ ਯਾਦ ਰੱਖਣਯੋਗ ਸੱਚ ਇਹ ਵੀ ਹੈ ਕਿ ਸਿਰਫ ਪਦਾਰਥਕ ਪ੍ਰਸਥਿਤੀਆਂ ਹੀ ਬੰਦੇ ਦੀ ਹੋਂਦ ਨੂੰ ਨਿਰਧਾਰਤ ਨਹੀਂ ਕਰਦੀਆਂ। ਬੰਦੇ ਦੀ ਸਿਰਜਣਾਤਮਕ ਅਮਲ ਪ੍ਰਕਿਰਿਆ ਵੀ ਪਦਾਰਥਕ ਪ੍ਰਸਥਿਤੀਆਂ ਨੂੰ ਬਦਲਦੀ ਹੈ। ਇਸੇ ਲਈ ਸਾਹਿਤ ਵਿੱਚ ਨਾਰੀ ਚੇਤਨਾ ਦਾ-ਮਸਲਾ ਗੰਭੀਰ ਮਸਲਾ ਹੈ। ਪੰਜਾਬੀ ਦਾ ਨਾਰੀ ਸਾਹਿਤ ਆਪਣੀ ਪ੍ਰਮਾਣਕਤਾ, ਚੇਤਨਾ ਦੀ ਪ੍ਰਮਾਣਕਤਾ ਨਾਲ ਜੁੜ ਕੇ ਹੀ ਸਿੱਧ ਕਰ ਸਕਦਾ ਹੈ। ਨਾਰੀ ਦੀ ਸਿਰਜਣਾਤਮਕ ਅਮਲ ਪ੍ਰਕਿਰਿਆ ਵਿੱਚ ਚੇਤਨਾ ਦੇ ਪੱਧਰ ਉੱਤੇ ਪਿਤਰਕੀ ਸਰੰਚਨਾਵਾਂ ਤੇ ਕੀਮਤਾਂ ਨੂੰ ਪਛਾਣਣ ਦੇ ਨਾਲ ਨਾਲ ਅਮਲ ਦੇ ਪੱਧਰ ਉੱਤੇ ਉਹਨਾਂ ਨੂੰ ਰੱਦ ਕਰਨਾ ਵੀ ਸ਼ਾਮਲ ਹੈ। ਨਾਰੀ ਸਾਹਿਤ ਸਚਮੁੱਚ ਇਸ ਸਿਰਜਣਾਤਮਕ ਅਮਲ-ਪ੍ਰਕਿਰਿਆ ਦੇ ਕਾਰਗਰ ਰਾਹ ਸੁਝਾਉਣ ਦੇ ਨਾਲ ਖੁਦ ਵੀ ਸਾਹਿਤਕਾਰਾਂ ਦੀ ਸਿਰਜਣਾਤਮਕ ਪ੍ਰਕਿਰਿਆ ਬਣ ਸਕਦਾ ਹੈ।

## ਮੁੱਖ/ਕੇਂਦਰੀ ਸ਼ਬਦ:

- ਨਾਰੀ ਸਾਹਿਤ---ਔਰਤਾਂ ਦੁਆਰਾ ਰਚਿਆ ਸਾਹਿਤ
- ਸਮਕਾਲੀ---ਹੁਣ ਦੇ ਸਮੇਂ ਦਾ
- ਜਮਾਤ---ਵਰਗ/ਸ਼੍ਰੇਣੀ
- ਪਿਤਰਕੀ---ਮਰਦ ਪ੍ਰਧਾਨ
- ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ

ਪ੍ਰਸ਼ਨ 1. ਕਿਹੜੀ ਲੇਖਿਕਾ ਆਤਮ ਕੇਂਦਰਤ ਅਧਿਆਤਮ ਦੀ ਬੁੱਕਲ ਵਿੱਚ ਸਿਮਟ ਜਾਂਦੀ ਹੈ?

ੳ ਸਿਮੋਨ

ਅ ਅੰਮ੍ਰਿਤਾ ਪ੍ਰੀਤਮ

ੲ ਹੈਲਨ ਸਿਕਸੂ

ਸ ਦਲਪੀ ਕੌਰ ਟਿਵਾਣਾ

ਪ੍ਰਸ਼ਨ 2. ਕਵਿਤਰੀ ਤੇ ਨਾਵਲਕਾਰਾ ਕੌਣ ਹੈ?

ੳ ਸਿਮੋਨ

ਅ ਅੰਮ੍ਰਿਤਾ ਪ੍ਰੀਤਮ

ੲ ਹੈਲਨ ਸਿਕਸੂ

ਸ ਦਲਪੀ ਕੌਰ ਟਿਵਾਣਾ

ਪ੍ਰਸ਼ਨ 3. ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ। ਕਿਸ ਦੀ ਰਚਨਾ ਹੈ?

ੳ ਭਗਤ ਕਬੀਰ

ਅ ਗੁਰੂ ਨਾਨਕ ਦੇਵ ਜੀ

ੲ ਭਾਈ ਗੁਰਦਾਸ

ਸ ਗੁਰੂ ਅਰਜਨਦੇਵ ਜੀ

ਪ੍ਰਸ਼ਨ 4. "ਨਾਵਲ ਪੂਰੀ ਤਰ੍ਹਾਂ ਸਥਾਪਤੀ ਦੀ ਵਿਚਾਰਧਾਰਾ ਨੂੰ ਨਾ ਸਿਰਫ ਆਤਮਸਾਤ ਕਰਕੇ ਹੀ ਤੁਰਦੇ ਹਨ, ਸਗੋਂ ਉਸ ਹੈਜਮੋਨਿਕ ਵਿਚਾਰਧਾਰਾ ਦੀ ਸੁਚੇਤ ਪੈਰਵਾਈ ਵੀ ਕਰਦੇ ਹਨ।''

ਉਪਰੋਕਤ ਪਰਿਭਾਸ਼ਾ ਕਿਸ ਦੇ ਬਾਰੇ ਹੈ?

ੳ ਸੁਰਿੰਦਰ ਨੀਰ

ਅ ਅੰਮ੍ਰਿਤਾ ਪ੍ਰੀਤਮ

ੲ ਹੈਲਨ ਸਿਕਸੂ

ਸ ਦਲਪੀ ਕੌਰ ਟਿਵਾਣਾ

ਪ੍ਰਸ਼ਨ 5. ਔਰਤ ਨੂੰ ਜੀਵ ਦੇ ਲਵੇ ਰੂਪਾਂ ਵਿੱਚ ਢਲਣਾ ਚਾਹੀਦਾ ਹੈ ਤੇ ਆਪਣੇ ਢੰਗ ਨਾਲ ਲੇਖਣ ਕਰਨਾ ਚਾਹੀਦਾ ਹੈ ਤਾ ਜੋ ਆਪਣੇ ਆਪ ਨੂੰ ਬਿਆਨ ਕਰ ਸਕੇ।

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 6. ਕਵਿਤਾ ਵਿਚਲਾ ਅਧਿਆਤਮ ਪੁਰਸ਼ ਸ਼ਕਤੀ ਸਨਮੁਖ ਮੁਕੰਮਲ ਸਮਰਪਣ ਨੂੰ ਪੇਸ਼ ਕਰਦਿਆਂ ਨਾਰੀ ਦੀ ਅਧੀਨ ਸਥਿਤੀ ਨੂੰ ਕੁਦਰਤੀ ਸਥਿਤੀ ਸਵੀਕਾਰ ਕਰਨ ਲਗਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਭੁਪਿੰਦਰ ਕੌਰ ਪ੍ਰੀਤ

ਅ ਅੰਮ੍ਰਿਤਾ ਪ੍ਰੀਤਮ

ੲ ਸੁਰਿੰਦਰ ਨੀਰ

ਸ ਦਲਪੀ ਕੌਰ ਟਿਵਾਣਾ

ਪ੍ਰਸ਼ਨ 7. ਔਰਤ ਦੇ ਦਮਨ ਦਾ ਸਿਧਾਂਤ ਲਿੰਗਕ ਪਛਾਨ ਦਾ ਮਾਨਸਿਕ ਉਸਾਰ ਨਾਲ ਸਬੰਧਿਤ ਹੈ। ਪਰ ਇਸ ਤਰ੍ਹਾਂ ਇਹ ਸੰਕਲਪ ਔਰਤ ਦੀ ਸਥਿਤੀ ਨੂੰ ਦੂਜੈਲੇ ਸਥਾਨ ਤੇ ਲੈ ਜਾਂਦਾ ਹੈ। ਕਿਉਕਿ ਔਰਤ ਦੀ ਦੂਜੈਲੀ ਸਥਿਤੀ ਉਸਦੀ ਜੈਵਿਕ ਸਰੀਰਿਕ ਬਣਤਰ ਵਿੱਚੋਂ ਨਹੀ ਸਗੋਂ ਸਮਾਜਕ ਪ੍ਰਸਥਿਤੀਆਂ ਵਿੱਚ ਉਪਜਦੀ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 8 ਬਹੁਤ ਪਹਿਲਾਂ ਹੀ ਸਥਾਪਤੀ ਨੂੰ ਪੂਰੀ ਤਰ੍ਹਾਂ ਆਤਮਸਾਤ ਕਰ ਲਿਆ ਸੀ

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਭੁਪਿੰਦਰ ਕੌਰ ਪ੍ਰੀਤ

ਅ ਸੁਰਿੰਦਰ ਨੀਰ

ੲ ਅੰਮ੍ਰਿਤਾ ਪ੍ਰੀਤਮ

ਸ ਦਲਪੀ ਕੌਰ ਟਿਵਾਣਾ

ਪ੍ਰਸ਼ਨ 9. ਸਮਾਜ ਵਿੱਚ ਔਰਤਾਂ ਦੀ ਯੋਗਤਾ ਦੇ ਆਧਾਰ ਤੇ ਬਰਾਬਰੀ ਦੀ ਗੰਲ ਕਰਦਾ ਹੈ ਇਸ ਅਨੁਸਾਰ ਔਰਤਾਂ ਆਪਣੇ ਕੰਮਾਂ ਅਤੇ ਯੋਗਤਾਂ ਰਾਹੀ ਮਰਦ ਦੇ ਬਰਾਬਰ ਖੜ ਸਕਦੀਆਂ ਹਨ। ਇਹ ਨਾਰੀਵਾਦ ਗਰਭਪਾਤ, ਜਿਣਸ਼ੀ ਧੱਕੇਸ਼ਾਹੀ, ਵੋਟ ਦਾ ਅਧਿਕਾਰ,ਸਿੱਖਿਆ, ਉਚਿੱਤ ਸਿਹਤ ਸੇਵਾਵਾਂ, ਘਰੇਲੂ ਹਿੱਸਾ ਆਦਿ ਮੁੱਢਲੇ ਮਸਲਿਆ ਤੇ ਖਿਲਾਲ ਕੇਂਦਰਿਤ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 10. ਨਾਰੀਵਾਦ ਔਰਤ-ਮਰਦ ਦੀ ਬਰਾਬਤਾ ਦੀ ਗੱਲ ਕਰਦਾ ਹੈ ਪਰ ਔਰਤ ਦੀ ਦੂਜੈਲੀ ਸਥਿਤੀ ਦੀ ਤਹਿ ਪਿੱਛੇ ਪਏ ਕਾਰਣਾਂ ਦੀ ਪਰਖ ਪੜਚੋਲ ਵਿੱਚ ਵੀ ਨਹੀ ਪੈਂਦਾ ਸਗੋ ਇਹ ਸਮਾਜਕ ਢਾਂਚੇ ਵਿੱਚ ਥੋੜੇ ਜਿਹੇ ਸੁਧਾਰ ਲਿਆਕੇ ਔਰਤਾਂ ਦੀ ਸਥਿਤੀ ਨੂੰ ਸੁਧਾਰਨ ਵੱਲ ਰੁਚਿਤ ਹੁੰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਜਸਵੀਰ ਕੇਸਰ

ਪ੍ਰਸ਼ਨ 12. ਨਾਰੀ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ? ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀਵਾਦੀ ਕੋਸ਼ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਜੋਗਿੰਦਰ ਕੈਰੋਂ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਸਭ ਤੋਂ ਪਹਿਲਾਂ ਨਾਰੀਵਾਦ ਦੀ ਕਿਹੜੀ ਕਿਸਮ ਪ੍ਰਚੱਲਿਤ ਹੋਈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਸ | 2. ਅ | 3. ਅ | 4. ੳ | 5. ੲ |
| 6. ੳ | 7. ਸ | 8. ੲ | 9. ਅ | 10. ਅ |
| 11.ੲ | 12. ੳ | 13. ੳ | 14. ਅ | 15. ੳ |

## ਅਭਿਆਸ ਪ੍ਰਸ਼ਨ

1. ਨਾਰੀਵਾਦ ਦੇ ਸਿਧਾਂਤਕ ਪਰਿਪੇਖ ਉੱਪਰ ਨੋਟ ਲਿਖੋ?
2. ਨਾਰੀਵਾਦ ਦਾ ਅਰਥ ਦੱਸਦਿਆਂ ਨਾਰੀਵਾਦ ਦੇ ਸਰੂਪ ਬਾਰੇ ਚਰਚਾ ਕਰੋ।
3. ਨਾਰੀਵਾਦ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸ ਦਾ ਸਰੂਪ ਉਲੀਕੋ।

## Further Reading


- ਸੰਧਾਵਾਲੀਆਂ,ਸਰਬਜੀਤ ਕੌਰ. ਨਾਰੀ ਦਾ ਮੁੱਢਲਾ ਕਦਮ.ਪਬਲੀਕੇਸ਼ਨ ਬਿਊਰੋ ਪਟਿਆਲਾ.1996
- ਚਰਨਜੀਤ ਕੌਰ(ਡਾ.) ਨਾਰੀ ਚੇਤਨਾ.ਲੋਕਗੀਤ ਪ੍ਰਕਾਸ਼ਨ.1999
- ਹਰਪ੍ਰੀਤ ਕੋਰ (ਡਾ).ਨਾਰੀਵਾਦ. ਲੋਕਗੀਤ ਪ੍ਰਕਾਸ਼ਨ 2003
- ਕੇਸਰ,ਜਸਬੀਰ ਕੋਰ(ਡਾ.) ਔਰਤ ਅਜ਼ਾਦ ਹੈ?. ਲੋਕਗੀਤ ਪ੍ਰਕਾਸ਼ਨ,2004.
- ਚਰਨਜੀਤ ਕੋਰ(ਡਾ.) ਨਾਰੀ ਨੀਝ,ਲੋਕਗੀਤ ਪ੍ਰਕਾਸ਼ਨ, 2010.
- ਸੁਨੀਤਾ ਸ਼ਰਮਾ, ਸਮਕਾਲੀ ਪੰਜਾਬੀ ਕਵਿਤਾ:ਨਾਰੀਵਾਦੀ ਪਰਿਪੇਖ.ਲੋਕਗੀਤ ਪ੍ਰਕਾਸ਼ਨ ਚੰਡੀਗੜ ,2013.
- ਸੀਮੋਨ ਦ ਬੋਅਵਾਰ.ਦ ਸੈਕੰਡ ਸੈਕਸ (ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2014
- ਵਰਜ਼ੀਨੀਆਂ ਵੁਲਫ.ਏ ਰੂਮ ਔਫ ਵਨਜ਼ ਅਉਨ(ਆਪਣਾ ਇਕ ਕਮਰਾ ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2016


## Online Links

https://punjabipedia.org/topic.aspx?txt=%E0%A8%A8%E0%A8%BE%E0%A8%B0%E0%A9%80%E0%A8%9A%E0%A9%87%E0%A8%A4%E0%A8%A8%E0%A8%BE

# Unit 03: ਪੰਜਾਬੀ ਨਾਰੀ ਕਾਵਿ: ਇਤਿਹਾਸਕ ਪਰਿਪੇਖ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੰਜਾਬੀ ਕਵਿਤਾ ਦੀ ਪਰੰਪਰਾ ਨੂੰ ਜਾਨਣ ਦੇ ਸਮਰੱਥ ਹੋਣਗੇ।
- ਨਾਰੀ ਕਾਵਿ ਦੇ ਸਰੂਪ, ਪ੍ਰਯੋਜਨ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਨਾਰੀ ਕਾਵਿ ਦੀ ਪਰੰਪਰਾ ਨੂੰ ਸਮਝਣ ਦੇ ਕਾਬਿਲ ਹੋਣਗੇ।
- ਪੰਜਾਬੀ ਨਾਰੀ ਕਾਵਿ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਵਿੱਚ ਰਚੇ ਨਾਰੀ ਕਾਵਿ ਦੇ ਇਤਿਹਾਸਿਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਹ ਪਾਠ ਵਿਦਿਆਰਥੀ ਨੂੰ ਪੰਜਾਬੀ ਨਾਰੀ ਕਾਵਿ ਅਤੇ ਅਤੇ ਇਸ ਦੇ ਇਤਿਹਾਸਕ ਪਰਿਪੇਖ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਨਾਰੀ ਚਿੰਤਨ ਅਤੇ ਨਾਰੀਵਾਦ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ। ਆਧੁਨਿਕ ਯੁੱਗ ਵਿੱਚ ਨਾਰੀ ਚਿੰਤਨ ਅਤੇ ਨਾਰੀ ਕਾਵਿ ਦਾ ਮਹੱਤਵ ਬਹੁਤ ਵੱਧ ਗਿਆ ਹੈ।

ਉਸ ਰਚਨਾ ਨੂੰ 'ਕਾਵਿ' ਕਹਿੰਦੇ ਹਨ ਜਿਸ ਦੀ ਸਿਰਜਣਾ ਕਵੀ ਕਰਦਾ ਹੈ। 'ਮੇਦਾਨੀ ਕੋਸ਼' ਅਨੁਸਾਰ ਕਵੀ ਦੁਆਰਾ ਕੀਤਾ ਹੋਇਆ ਕਾਰਜ ਕਾਵਿ ਹੈ। ਆਚਾਰਯ ਮੰਮਟ ਨੇ ਆਪਣੀ ਪੁਸਤਕ 'ਕਾਵ੍ਯ ਪ੍ਰਕਾਸ਼' ਵਿਚ ਕਵੀ-ਕਰਮ ਨੂੰ ਕਾਵਿ ਕਿਹਾ ਹੈ। ਇਸ ਤਰ੍ਹਾਂ ਕਾਵਿ ਸ਼ਬਦ ਦੀ ਵਿਆਖਿਆ 'ਕਾਵਿ' (ਕਵੀ) ਦੇ ਸੰਦਰਭ ਵਿਚ ਉਚਿਤ ਢੰਗ ਨਾਲ ਹੋ ਸਕਦੀ ਹੈ। ਡਾ.ਗੁਰਸ਼ਰਨ ਕੌਰ ਅਨੁਸਾਰ 'ਕਵੀ' ਸ਼ਬਦ ਦੀਆਂ ਦੋ ਵਿਉਤਪਤੀਆਂ ਮੰਨੀਆ ਜਾਂਦੀਆ ਹਨ। ਜੇ ਇਸ ਦੀ ਵਿਉਤਪੱਤੀ 'ਕਵ੍' ਧਾਤੂ ਤੋਂ ਮੰਨੀ ਜਾਏ, ਜਿਸ ਦਾ ਅਰਥ ਹੈ ਵਰਣਨ ਕਰਨਾ ਜ਼ਾਂ ਸਰਬੱਗ ਹੋਣਾ, ਤਾਂ ਕਵੀ ਤੋਂ ਭਾਵ ਹੈ ਵਰਣਨ ਕਲਾ ਵਿਚ ਨਿਪੁਣ ਜਾਂ ਸਭ ਕੁਝ ਜਾਣਨ ਵਾਲਾ ਵਿਅਕਤੀ । ਮੰਮਟ ਦੀ ਇਸ ਵਿਉਤਪੱਤੀ ਦੇ ਆਧਾਰ ਤੇ 'ਅਲੌਕਿਕ ਵਰਣਨ ਵਿਚ ਨਿਪੁਣ ਕਵੀ ਕਰਮ ਨੂੰ 'ਕਾਵਿ ਕਿਹਾ ਜਾਂਦਾ ਹੈ। ਜੈ 'ਕੁ' ਧਾਤੂ ਤੋਂ ਕਵੀ ਦੀ ਵਿਉਤਪੱਤੀ ਮੰਨੀ ਜਾਏ, ਜਿਸ ਦਾ ਅਰਥ ਹੈ ਸ਼ਬਦ ਕਰਨਾ, ਤਾਂ 'ਕਵੀ' ਤੋਂ ਭਾਵ ਹੈ ਉਹ ਵਿਅਕਤੀ ਜੋ ਸ਼ਬਦ ਰਾਹੀਂ ਆਪਣਾ ਭਾਵ ਜਾਂ ਅਰਥ ਪ੍ਰਗਟਾ ਸਕਦਾ ਹੈ। ਭੱਟ ਗੋਪਾਲ ਨੇ ਇਸ ਵਿਉਤਪਤੀ ਦੇ ਆਧਾਰ ਤੇ ਰਸ ਅਤੇ ਭਾਵ ਨੂੰ ਸ਼ਬਦ ਰੂਪ ਵਿਚ ਪੇਸ਼ ਕਰਨ ਵਾਲਾ ਕਵੀ-ਕਰਮ ਹੀ 'ਕਾਵਿ' ਮੰਨਿਆ ਹੈ। ਇਸ ਤਰ੍ਹਾਂ ਕੁਝ ਜਾਣਨ ਵਾਲੇ, ਵਰਣਨ ਕਲਾ ਵਿਚ ਨਿਪੁਣ ਅਤੇ ਰਸ ਤੇ ਭਾਵ ਨੂੰ ਸ਼ਬਦਾਂ ਰਾਹੀਂ ਪ੍ਰਗਟਾਉਣ ਵਾਲੀ ਕਵੀ ਦੀ ਕ੍ਰਿਤੀ ਹੀ 'ਕਾਵਿ' ਹੈ।

ਪੰਜਾਬੀ ਨਾਰੀ ਕਾਵਿ ਦਾ ਇਤਿਹਾਸ ਦੇਖਣ ਤੋਂ ਪਹਿਲਾਂ ਆਧੁਨਿਕ ਪੰਜਾਬੀ ਕਾਵਿ ਦਾ ਇਤਿਹਾਸ ਦੇਖਣਾ ਜ਼ਰੂਰੀ ਜਾਪਦਾ ਹੈ। ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਪੁਸਤਕ ਵਿਚ ਡਾ. ਰਜਿੰਦਰ ਪਾਲ ਸਿੰਘ ਵਿਚ ਲਿਖਦੇ ਹਨ, ਕਵਿਤਾ ਇੱਕ ਅਜਿਹੀ ਵਿਧਾ ਹੈ ਜੋ ਆਦਿ ਕਾਲ ਤੋਂ ਚੱਲੀ ਆ ਰਹੀ ਹੈ।ਪਰ ਆਧੁਨਿਕ ਪੰਜਾਬੀ ਕਵਿਤਾ ਦਾ ਕਾਲਕ ਨਿਖੇੜਾ 1849 ਤੋ ਕੀਤਾ ਗਿਆ ਹੈ। ਆਧੁਨਿਕ ਵਿਧਾਵਾ ਅੰਗਰੇਜੀ ਤੋਂ ਪ੍ਰਭਾਵਿਤ ਹੋ ਕੇ ਸ਼ੁਰੂ ਹੋਈਆਂ ਹਨ ਪਰ ਕਵਿਤਾ ਉਰਦੂ (ਰੁਬਾਈ,ਗਜਲ) ਫਾਰਸੀ ਪਰੰਪਰਾ ਤੋ ਆਈਆਂ ਹਨ ਤੇ ਹਾਈਜੂ ਜਾਪਾਨ ਖੁੱਲੀ ਕਵਿਤਾ ਹੀ ਅੰਗਰੇਜੀ ਤੋਂ ਆਈ ਹੈ। ਇਸ ਕਿਤਾਬ ਵਿੱਚ ਲੇਖਕ ਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਤਿੰਨ ਕਾਲਾਂ ਵਿੱਚ ਵੰਡਿਆ ਹੈ।

- ਪਹਿਲਾ ਪੜਾਅ - ਮੁੱਢਲਾ ਬਸਤੀਵਾਦੀ ਕਾਲ (1849-1900)
- ਦੂਜਾ ਪੜਾਅ - ਬਸਤੀਵਾਦੀ ਕਾਲ(1900-1947)
- ਤੀਜਾ ਪੜਾਅ- ਉਤਰ ਬਸਤੀਵਾਦੀ ਕਾਲ(1947-2005)

**ਮੁੱਢਲਾ ਬਸਤੀਵਾਦੀ ਕਾਲ:** ਇਹ ਕਾਲ ਧਾਰਮਿਕ, ਰਾਜਸੀ ਕਾਰਨਾਂ ਪੱਖੋ ਵਿਸ਼ੇਸ਼ਤਾ ਰੱਖਦਾ ਹੈ।ਅੰਗਰੇਜਾਂ ਦੇ ਆਉਣ ਨਾਲ ਆਈਆਂ ਤਬਦੀਲੀਆਂ ਨਵੀਂ ਸਿੱਖਿਆ ਪ੍ਰਣਾਲੀ ਮੁੱਢਲੇ ਕਾਲ ਦਾ ਆਰੰਭ ਬੰਨਦੀਆਂ ਹਨ। ਇਸ ਸਮੇਂ ਸਿੱਖਿਆ ਪੁਸਤਕਾਂ ਆਧੁਨਿਕ ਚੇਤਨਾ ਦੇ ਪਸਾਰ ਲਈ ਲਿਖੀਆਂ ਗਈਆਂ ਸਨ।ਇਸ ਸਮੇਂ 1850-1870 ਧਰਮ ਸੁਧਾਰ ਲਹਿਰ ਪੈਦਾ ਹੋਈ। ਦੂਜੀ ਵੱਡੀ ਲਹਿਰ ਨਾਮਧਾਰੀ ਲਹਿਰ ਪੈਦਾ ਹੋਈ। ਇਸ ਕਾਲ ਚ ਕਿੱਸਾ ਕਾਵਿ ਧਾਰਾ ਰੁਮਾਂਟਿਕ ਪ੍ਰਵਿਰਤੀ ਵਿੱਚ ਸਾਹਮਣੇ ਆਉਦੀ ਹੈ।ਮਾਹੀ ਕੰਬੋ, ਮੋਲਣੀ ਅਨਦੁਸਤਾਰ, ਫਜਲ ਸ਼ਾਹ, ਮੀਆਂ ਮੁਹੰਮਦ ਬਖਸ਼, ਕਿਸ਼ਨ ਸਿੰਘ ਆਰਿਫ, ਭਗਵਾਨ ਸਿੰਘ ਕਾਵਿ ਆਲੋਚਕਾਂ ਨੇ ਇਹਨਾਂ ਕਵੀਆਂ ਨਾਲ ਇਨਸਾਫ ਨਹੀਂ ਕੀਤਾ ਕਿਓਕਿ ਉਹ ਆਪ ਪੱਛਮੀ ਢੰਗ ਦੇ ਅਲੋਚਕ ਸਨ। ਇਸ ਨੂੰ ਰਵਾਇਤੀ ਕਵਿਤਾ ਕਹਿ ਕੇ ਛੱਡ ਦਿੱਤਾ ਪਰ ਇਸ ਕਿਤਾਬ ਚ ਇਹਨਾਂ ਕਵੀਆਂ ਬਾਰੇ ਜਾਣਕਾਰੀ ਦਿੱਤੀ ਹੈ ਤੇ ਇਨ੍ਹਾਂ ਦੀ ਕਲਾ ਕਵਿਤਾ ਵਿਸ਼ਿਆਂ ਬਾਰੇ ਦੱਸਿਆ ਗਿਆ ਹੈ। ਵਾਰ ਕਾਵਿ ਵਿੱਚ ਇਸ ਸਮੇਂ ਕਾਹਨ ਸਿੰਘ ਬੰਗਾ,ਮਟਕ, ਕਵੀ ਸੋਭਾ, ਖਜਾਨ ਸਿੰਘ,ਆਦਿ ਕਵੀਆਂ ਬਾਰੇ ਦੱਸਿਆ ਗਿਆ ਹੈ। ਧਾਰਮਿਕ ਕਾਵਿ ਵਿੱਚ ਮੀਰਾ ਸ਼ਾਹ ਜਲੰਧਰੀ,ਖਵਾਜਾ ਗੁਲਾਮ ਫਰੀਦ, ਇਮਾਮ ਬਖਸ਼, ਨੂਰ ਮੁਹੰਮਦ ਨੂਰ,ਆਦਿ ਕਵੀਆਂ ਦੇ ਨਾਵਾਂ ਨੂੰ ਇਸ ਪੁਸਤਕ ਚ ਦਰਜ ਕੀਤਾ ਗਿਆ ਹੈ। ਇਸ ਕਾਲ ਵਿੱਚ ਸਟੇਜੀ ਕਵਿਤਾ ਸ਼ੁਰੂ ਹੁੰਦੀ ਹੈ।1872-73 ਵਿੱਚ ਇਸਦਾ ਅਰੰਭ ਹੋਇਆ।ਇਹ ਕਵੀ ਦਰਬਾਰ ਪਿਰਤ ਸਰਕਾਰੀ ਸਰਪ੍ਰਸਤੀ ਹੇਠ ਸ਼ੁਰੂ ਹੋਈ।

**ਬਸਤੀਵਾਦੀ ਕਾਲ:** ਇਸ ਕਾਲ ਦਾ ਸਮਾਂ 1900 -1947ਤੱਕ ਰੱਖਿਆ ਗਿਆ ਹੈ ਜੋ ਕਿ ਇਤਿਹਾਸ ਦਾ ਬਹੁਤ ਹੀ ਮਹੱਤਵਪੂਰਨ ਸਮਾਂ ਹੈ।ਇਸ ਕਾਲ ਚ ਜਿਆਦਾ ਕਵਿਤਾ ਲਹਿਰਾਂ ਚ ਪੈਦਾ ਹੋਈ।ਖਿਲਾਫਤ ਲਹਿਰ, ਬੱਬਰ ਅਕਾਲੀ ਲਹਿਰ, ਕੌਮੀ ਆਜਾਦੀ ਦੀ ਲਹਿਰ,। ਇਸ ਸਮੇਂ ਕਿਸਾਕਾਰੀ ਵੀ ਜਾਰੀ ਰਹੀ। ਸਟੇਜੀ ਕਾਵਿ ਇਸ ਕਾਲ ਚ ਰੰਗ ਫੜਦਾ ਹੈ। ਸਟੇਜੀ ਕਾਵਿ ਦੇ ਤਿੰਨ ਪੜਾਅ ਕੀਤੇ ਗਏ ਹਨ। ਮੁੱਢਲਾ ਕਾਲ, ਪ੍ਰਫੁੱਲਤ ਕਾਲ, ਸੁਤੰਤਰਤਾ ਉਪਰੰਤ ਕਾਲ ਤੇ ਅੱਗੇ। ਇਸ ਕਾਲ ਚ ਲਿਖੀ ਗਈ ਨਵੀਂ ਪੰਜਾਬੀ ਕਵਿਤਾ ਦੀ ਪ੍ਰਧਾਨਤਾ ਕਾਰਨ ਹਾਸ਼ੀਏ ਤੇ ਧੱਕੀ ਪੰਜਾਬੀ ਕਵਿਤਾ ਦਾ ਚਾਨਣਾ ਪਾਇਆ ਹੈ ਅਤੇ ਇਨ੍ਹਾਂ ਸਾਰੇ ਕਵੀਆਂ ਬਾਰੇ ਦੱਸਿਆ ਹੈ। ਨਵੀਂ ਪੰਜਾਬੀ ਕਵਿਤਾ ਦੀਆਂ ਦੋ

ਪੀੜ੍ਹੀਆਂ ਹਨ। ਪਹਿਲੀ ਚ ਭਾਰੀ ਵੀਰ ਸਿੰਘ, ਪੂਰਨ ਸਿੰਘ, ਲਾਲਾ ਕਿਰਪਾ ਸਾਗਰ, ਅਤੇ ਦੂਜੀ ਚ ਮੋਹਨ ਸਿੰਘ, ਅਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਹਨ।

**ਉੱਤਰ ਬਸਤੀਵਾਦੀ:** ਇਸ ਕਾਲ ਵਿੱਚ ਦੇਸ਼ ਵੰਡ ਤੋ ਬਾਅਦ ਪ੍ਰਯੋਗਸ਼ੀਲ ਲਹਿਰ, ਨਕਸਲਵਾੜੀ ਲਹਿਰ, ਪੰਜਾਬ ਸੰਕਟ, ਲਹਿਰਾਂ ਅਧੀਨ ਕਵੀ ਪੈਦਾ ਹੋਏ। ਪੰਜਾਬੀ ਕਵਿਤਾ ਨੇ ਨਵਾਂ ਰੰਗ ਫੜਿਆ।1990 ਤੋ ਬਾਅਦ ਨਵ ਬਸਤੀਵਾਦ ਜਾਂ ਉੱਤਰ ਆਧੁਨਿਕਤਾ ਜਾਂ ਸਮਕਾਲੀ ਦੌਰ ਦੀ ਪਰਵਾਸੀ, ਪਾਕਿਸਤਾਨੀ ਕਵਿਤਾ ਹੋਦ ਚ ਆਈ। ਪ੍ਰਗਤੀਸ਼ੀਲ ਕਵਿਤਾ ਚ ਗੁਰਚਰਨ ਰਾਮਪੁਰੀ, ਹਰਭਜਨ ਹੰੁਦਲ, ਜਹਤਾਰ, ਪ੍ਰੀਤਮ ਸਿੰਘ ਰਾਹੀ, ਆਦਿ ਕਵੀ ਵਰਣਨ ਕੀਤੇ ਹਨ। ਸਟੇਜੀ ਕਵੀਆਂ ਬਾਰੇ ਵੀ ਦੱਸਿਆ ਗਿਆ ਹੈ। ਇਸ ਦੌਰ ਵਿੱਚ ਹਜ਼ਾਰਾ ਸਿੰਘ ਗੁਰਦਾਸਪੁਰੀ, ਇੰਦਰਜੀਤ ਹਸਨਪੁਰੀ, ਆਦਿ ਨਾਮ ਆਉਂਦੇ ਹਨ। ਪ੍ਰਯੋਗਸ਼ੀਲ ਲਹਿਰ ਦਾ ਆਰੰਭ ਤਾਂ ਜਸਵੀਰ ਸਿੰਘ ਆਹਲੀਵਾਲੀਆ ਦੀ ਅਗਵਾਈ ਹੇਠ ਡਲਹੌਜੀ 1961 ਵਿੱਚ ਹੋਏ ਸੈਮੀਨਾਰ ਤੋਂ ਮੰਨਿਆ ਜਾਂਦਾ ਹੈ। ਇਹ ਲਹਿਰ 1960 -70 ਤੱਕ ਚੱਲੀ। ਅਜਾਇਬ ਕਮਲ, ਸੁਖਪਾਲਵੀਰ ਹਸਰਤ, ਰਵਿੰਦਰ ਰਵੀ, ਆਦਿ ਕਵੀਆਂ ਦੇ ਨਾਂ ਵਰਣਨ ਕੀਤੇ ਗਏ ਹਨ। ਅਧੁਨਿਕ ਪੰਜਾਬੀ ਕਵਿਤਾ ਦੇ ਅਧੀਨ ਡਾ. ਹਰਭਜਨ ਸਿੰਘ, ਜਸਵੰਤ ਸਿੰਘ ਨੇਕੀ,ਸ਼ਿਵ ਕੁਮਾਰ ਬਟਾਲਵੀ, ਆਦਿ ਕਵੀਆਂ ਨੂੰ ਰੱਖਿਆ ਹੈ। ਜੁਝਾਰਵਾਦੀ ਪ੍ਰਵਿਰਤੀ ਦੇ ਬਹੁਤ ਸਾਰੇ ਕਵੀ ਪ੍ਰਸਿੱਧ ਹੋਏ ਜਿਨਾਂ ਵਿੱਚ ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਅਮਰਜੀਤ ਚੰਦਨ, ਹਰਭਜਨ ਸਿੰਘ ਹਲਵਾਰਵੀ, ਅਵਤਾਰ ਪਾਸ਼ ਆਦਿ ਕਵੀਆਂ ਦਾ ਵਰਣਨ ਕੀਤਾ ਹੈ। ਇਸ ਸਮੇਂ ਦੇ ਕੁੱਝ ਹੋਰ ਕਵੀ ਜੋ ਪ੍ਰਮੁੱਖ ਕਵੀਆਂ ਦੀ ਗਿਣਤੀ ਵਿੱਚ ਆਉਂਦੇ ਹਨ ਜਿਵੇਂ ਕੇਸਰ ਸਿੰਘ ਅਤੇ ਸੁਰਜੀਤ ਪਾਤਰ ਦਾ ਨਾਮ ਆਉਂਦਾ ਹੈ। ਪੰਜਾਬ ਸੰਕਟ ਅਧੀਨ ਇਹਨਾਂ ਕਵੀਆਂ ਦੇ ਨਾਮ ਹਨ ਜਿਨਾਂ ਨੇ ਉਸ ਸਮੇਂ ਕਵਿਤਾ ਲਿਖੀ।

ਅੱਜਕਲ ਪਰਵਾਸੀ ਸ਼ਾਇਰੀ ਵਿੱਚ ਨਵਾਂ ਨਾਂ ਡਾ ਅਮਰਜੀਤ ਟਾਂਡਾ ਦਾ ਹੈ। ਉਹਨਾਂ 8 ਕਿਤਾਬਾਂ ਨਜ਼ਮਾਂ ਚ ਤੇ ਇੱਕ ਹਿੰਦੀ ਵਿੱਚ ਨਜ਼ਮਾਂ ਦੀ ਕਿਤਾਬ ਦੇ ਨਾਲ ਹੀ ਇੱਕ ਨਾਵਲ "ਨੀਲਾ ਸੁੱਕਾ ਸਮੁੰਦਰ" ਨਵੀਨ ਕਾਵਿਕ ਵਾਰਤਕ ਵਿਧੀ ਚ ਪਾਠਕਾਂ ਦੀ ਝੋਲੀ ਪਾਇਆ ਹੈ। ਉਹ ਨਜ਼ਮ ਦੇ ਸ਼ਾਇਰ ਹਨ। ਹਿੰਦੀ ਚ ਵੀ ਛਪ ਚੁੱਕੇ ਹਨ।

**ਪਾਕਿਸਤਾਨੀ ਪੰਜਾਬੀ ਕਵਿਤਾ:** ਇਸ ਵਿੱਚ ਪਾਕਿਸਤਾਨੀ ਪੰਜਾਬੀ ਕਵਿਤਾ ਦੀ ਇਤਿਹਾਸਕਾਰੀ ਵਿੱਚ 1947 ਦੀ ਦੇਸ਼ ਵੰਡ ਨੂੰ ਅਹਿਮ ਬਿੰਦੂ ਮੰਨਿਆ ਜਾ ਸਕਦਾ ਹੈ।ਦੇਸ਼ ਵੰਡ ਤੋ ਪਹਿਲਾ ਦਾ ਪੰਜਾਬੀ ਸਾਹਿਤ ਸੰਯੁਕਤ ਹੀ ਸੀ। ਪਾਕਿਸਤਾਨੀ ਪੰਜਾਬੀ ਕਵਿਤਾ ਦੀ ਇਤਿਹਾਸਕਾਰੀ ਕਰਨ ਸਮੇਂ ਕਈ ਸਮੱਸਿਆਵਾਂ ਆਉਂਦੀਆਂ ਹਨ। ਪਹਿਲੀ ਸਮੱਸਿਆ ਪੁਸਤਕ ਪ੍ਰਾਪਤੀ ਦੀ ਹੈ ਅਤੇ ਦੂਜੀ ਲਿਪੀ ਦੀ ਹੈ। ਫਿਰ ਵੀ ਇਸ ਪੁਸਤਕ ਵਿੱਚ ਤਕਰੀਬਨ ਬਹੁਤ ਸਾਰੇ ਪਾਕਿਸਤਾਨੀ ਪੰਜਾਬੀ ਸਾਹਿਤ ਨੂੰ ਬਿਆਨ ਕੀਤਾ ਗਿਆ ਹੈ। ਫੈਜ ਅਹਿਮਦ ਫੈਜ, ਸ਼ਰੀਫ ਕੁੰਜਾਹੀ, ਤਨਵੀਰ ਬੁਖਾਰੀ, ਨਜਮ ਹੁਸੈਨ ਸੱਯਦ ਆਦਿ ਕਵੀਆਂ ਬਾਰੇ ਚੰਗੀ ਤਰਾਂ ਲਿਖਿਆ ਗਿਆ ਹੈ। ਲੇਖਕ ਨੇ ਇਸ ਕਵਿਤਾ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਹੈ। ਪਹਿਲਾ ਪੜਾਅ ਜਿਸ ਵਿੱਚ ਆਜਾਦੀ ਦੀ ਖੁਸ਼ੀ ਦੀ ਕਵਿਤਾ ਅਤੇ ਦੂਜੇ ਪਾਸੇ ਇਸੇ ਹੀ ਦੌਰ ਚ ਵਿਛੋੜੇ ਦਾ ਦਰਦ ਪੇਸ਼ ਕੀਤਾ ਗਿਆ ਹੈ। ਦੂਜੇ ਪੜਾਅ ਵਿੱਚ ਟੁੱਟੇ ਸੁਪਨਿਆਂ ਦੌਰਾਨ ਲਿਖੀ ਕਵਿਤਾ ਆਉਦੀ ਹੈ। ਤੀਜੇ ਦੌਰ ਚ ਜਦੋਂ ਪੰਜਾਬੀ ਨੂੰ ਮਾਨਤਾ ਪ੍ਰਾਪਤ ਹੋਈ ਨਵੇਂ ਕਾਵਿ ਰੂਪ ਲਿਖੇ ਗਏ। ਚੌਥਾ ਦੌਰ ਸਮਕਾਲੀ ਰੱਖਿਆ ਗਿਆ ਹੈ ਜਿਸ ਵਿੱਚ ਕਵਿਤਰੀਆਂ ਬਦਲ ਰਹੇ ਮਹੌਲ ਬਾਰੇ ਲਿਖਦੀਆਂ ਹਨ। ਅੱਜ ਦੋਹਾਂ ਪਾਸੇ ਕਵਿਤਾ ਦਾ ਲਿਪੀਅੰਤਰ ਹੋਣ ਲੱਗਾ ਹੈ ਜੋ ਪੰਜਾਬੀ ਸ਼ਾਇਰੀ ਦਾ ਨਵਾਂ ਰੁਝਾਨ ਹੈ।

**ਪਰਵਾਸੀ ਪੰਜਾਬੀ ਕਵਿਤਾ:** ਪਰਵਾਸੀ ਕਵਿਤਾ ਕੋਈ ਵੱਖ ਧਾਰਾ ਨਹੀਂ ਸਗੋਂ ਪੰਜਾਬੀ ਕਵਿਤਾ ਅੰਦਰ ਵਿਚਰਦੀਆਂ ਸਮਾਨਾਂਤਰ ਧਾਰਾਵਾਂ ਵਿੱਚੋ ਇੱਕ ਹੈ। ਇਹ ਵਿਦੇਸ਼ੀ ਧਰਤੀ ਤੇ ਰਹਿੰਦੇ ਕਵੀਆਂ ਵੱਲੋਂ ਲਿਖੀ ਕਵਿਤਾ ਹੈ। ਜਿਸ ਵਿੱਚ ਇਹਨਾਂ ਦੀਆਂ ਆਪਣੀਆ ਸਮੱਸਿਆਵਾਂ ਹਨ। ਸਾਰੀ ਪਰਵਾਸੀ ਕਵਿਤਾ ਇੱਕੋ ਜਿਹੀ ਨਹੀਂ ਹੈ। ਲੇਖਕ ਦੁਆਰਾ ਇਹ ਵੀ ਦੱਸਿਆ ਗਿਆ ਹੈ ਕਿ ਕਿਸ ਪ੍ਰਵਾਸੀ ਪੰਜਾਬੀ ਕਵਿਤਾ ਚ ਕਿਹੜੇ ਸ਼ਬਦਾਂ ਕਾਵਿ ਰੂਪਾਂ ਦਾ ਰੁਝਾਨ ਹੈ। ਕਿਹੜੇ ਕਿਹੜੇ ਦੇਸ਼ਾ ਵਿੱਚ ਕਿਹੜੇ ਕਵੀ ਲਿਖ ਰਹੇ ਹਨ ਉਨ੍ਹਾਂ ਬਾਰੇ ਦੱਸਿਆ ਗਿਆ ਹੈ। ਦਰਸ਼ਨ ਸਿੰਘ ਗਿਆਨੀ, ਬੇਅੰਤ ਸਬਰਾ, ਨਵਤੇਜ ਭਾਰਤੀ, ਸਾਧੂ ਬਿਨਿੰਗ ਆਦਿ ਕਵੀਆਂ ਬਾਰੇ ਦੱਸਿਆ ਗਿਆ ਹੈ।

**ਪੰਜਾਬੀ ਨਾਰੀ ਕਾਵਿ**: ਕਵਿਤਾ ਵਿਚ ਨਾਰੀ ਦਾ ਜ਼ਿਕਰ ਤਾਂ ਬਹੁਤ ਪਹਿਲਾਂ ਤੋਂ ਹੀ ਹੁੰਦਾ ਆਇਆ ਹੈ, ਪਰ ਨਾਰੀ ਰਾਹੀਂ ਕਵਿਤਾ ਦੀ ਰਚਨਾ ਬਹੁਤ ਘੱਟ ਹੋਈ, ਜੋ ਵੀਹਵੀਂ ਸਦੀ ਤੋਂ ਪਹਿਲੋਂ ਤਾਂ ਨਾਮ ਮਾਤਰ ਹੀ ਜਾਪਦੀ ਹੈ। ਨਾਰੀ ਕਾਵਿ ਦਾ ਸੂਰਜ ਵੀਹਵੀਂ ਸਦੀ ਵਿਚ ਹੀ ਉੱਗਿਆ ਜਿਸ ਵਿਚ ਨਾਰੀ ਵੱਲੋਂ ਨਾਰੀ ਦੇ ਪੱਖ ਦੀ ਗੱਲ ਅਤੇ ਸਿੱਧੇ ਜਾਂ ਅਸਿੱਧੇ ਤਰੀਕਿਆਂ ਨਾਲ ਕੁਝ ਕੁ ਹੱਦ ਤੀਕ ਪੁਰਖ ਦੇ ਵਿਰੋਧ ਦੀ ਗੱਲ ਕੀਤੀ ਗਈ ਹੈ। ਪੰਜਾਬੀ ਨਾਰੀ ਕਾਵਿ ਵਿਚ ਸਭ ਤੋਂ ਪਹਿਲਾ ਜਿਕਰ ਅੰਮ੍ਰਿਤਾ ਪ੍ਰੀਤਮ, ਮਨਜੀਤ ਕੌਰ ਟਿਵਾਣਾ, ਪ੍ਰਭਜੋਤ ਕੌਰ, ਸੁਖਵਿੰਦਰ ਅੰਮ੍ਰਿਤ, ਨੀਤੂ ਅਰੋੜਾ ਦਾ ਆਉਂਦਾ ਹੈ।

**ਅੰਮ੍ਰਿਤਾ ਪ੍ਰੀਤਮ** ਇੱਕ ਪੰਜਾਬੀ ਲੇਖਕ, ਕਵੀ, ਨਾਵਲਕਾਰ, ਕਹਾਣੀਕਾਰ ਅਤੇ ਵਾਰਤਕਕਾਰ ਸੀ। ਉਸਨੂੰ ਪੰਜਾਬੀ ਭਾਸ਼ਾ ਦੇ 20ਵੀਂ ਸਦੀ ਦੇ ਸਭ ਤੋਂ ਅਹਿਮ ਕਵੀਆਂ ਵਿੱਚ ਮੰਨਿਆ ਜਾਂਦਾ ਹੈ ਅਤੇ ਪਹਿਲੀ ਅਹਿਮ ਨਾਰੀ ਲੇਖਕ ਮੰਨਿਆ ਜਾਂਦਾ ਹੈ। ਛੇ ਦਹਾਕਿਆਂ ਵਿੱਚ ਫੈਲੇ ਆਪਣੇ ਸਾਹਿਤਕ ਸਫ਼ਰ ਦੌਰਾਨ, ਉਸਨੇ ਕਵਿਤਾ, ਨਾਵਲ, ਜੀਵਨੀ, ਨਿਬੰਧ ਵਰਗੀਆਂ ਵਿਧਾਵਾਂ ਦੇ ਅੰਦਰ 100 ਤੋਂ ਵੱਧ ਕਿਤਾਬਾਂ ਲਿਖੀਆਂ ਹਨ। ਇਨ੍ਹਾਂ ਰਚਨਾਵਾਂ ਵਿੱਚ ਪ੍ਰੀਤਮ ਦੇ 20 ਕਾਵਿ-ਸੰਗ੍ਰਹਿ, 13 ਕਹਾਣੀ-ਸੰਗ੍ਰਹਿ, ਵਾਰਤਕ ਦੀਆਂ ਕਿਤਾਬਾਂ, ਤਿੰਨ ਸਫ਼ਰਨਾਮੇ, ਦੋ ਸਵੈ-ਜੀਵਨੀਆਂ ਅਤੇ ਪੰਜਾਬੀ ਲੋਕ ਗੀਤਾਂ ਦਾ ਇੱਕ ਸੰਗ੍ਰਿਹ ਵੀ ਸ਼ਾਮਿਲ ਹਨ। ਉਸ ਦੀਆਂ ਕਿਤਾਬਾਂ ਨੂੰ ਕਈ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿੱਚ ਅਨੁਵਾਦ ਵੀ ਕੀਤਾ ਗਿਆ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਅੱਜ ਆਖਾਂ ਵਾਰਿਸ ਸ਼ਾਹ ਨੂੰ ਉਸ ਦੀ ਸਭ ਤੋਂ ਮਸ਼ਹੂਰ ਰਚਨਾ ਹੈ ਜਿਸ ਵਿੱਚ ਉਹ ਹਿੰਦੁਸਤਾਨ ਦੀ ਵੰਡ ਤੋਂ ਬਾਅਦ ਹੋਏ ਕਤਲੇਆਮ ਪ੍ਰਤੀ ਆਪਣਾ ਰੋਸ ਦਿਖਾਉਂਦੇ ਹੋਏ ਵਾਰਿਸ ਸ਼ਾਹ ਨੂੰ ਵਾਪਸ ਆਉਣ ਦੀ ਦੁਹਾਈ ਪਾਉਂਦੀ ਹੈ। ਉਸ ਨੇ ਕਈ ਕਾਵਿ ਸੰਗ੍ਰਹਿ ਪੰਜਾਬੀ ਦੀ ਝੋਲੀ ਵਿੱਚ ਪਾਏ। ਉਸ ਦਾ ਪਹਿਲਾ ਕਾਵਿ ਸੰਗ੍ਰਹਿ 'ਠੰਢੀਆਂ ਕਿਰਨਾਂ 1935 ਵਿੱਚ ਪ੍ਰਕਾਸ਼ਿਤ ਹੋਇਆ। ਅੰਮ੍ਰਿਤਾ ਪ੍ਰੀਤਮ ਨੂੰ 1956 ਵਿੱਚ ਸੁਨੇਹੜੇ, ਕਾਵਿ ਸੰਗ੍ਰਹਿ 'ਤੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ।

**ਪ੍ਰਭਜੋਤ** ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਦੂਜੀ ਕਵਿਤਰੀ ਸੀ ਜਿਸ ਨੇ ਇਸਤਰੀ ਮਨ ਦੀਆ ਉਮੰਗਾਂ ਤੇ ਸੱਧਰਾਂ ਨੂੰ ਕਵਿਤਾ ਦਾ ਵਿਸ਼ਾ ਬਣਾ ਕੇ, ਉਨ੍ਹਾਂ ਦੇ ਜਜ਼ਬਿਆ ਦੀ ਤਰਜਮਾਨੀ ਕਰਨ ਦਾ ਯਤਨ ਕੀਤਾ ਹੈ। ਪ੍ਰਭਜੋਤ ਦੇ ਬਿਆਨ ਵਿੱਚ ਸਰਲਤਾ, ਡੂੰਘੀ ਤੀਬਰਤਾ, ਰਸ ਤੇ ਰੋਮਾਂਸ ਦਾ ਅੰਸ਼ ਭਰਿਆ ਹੈ। ਉਸਦੇ ਇਸਤਰੀ ਦਿਲ ਦੀ ਸੁਭਾਵਿਕ ਕੋਮਲਤਾ ਤੇ ਭਾਵ, ਮਧੁਰਤਾ, ਰਸੀਲੀ ਭਾਸ਼ਾ ਤੇ ਭਾਵ ਪ੍ਰਧਾਨ ਰੋਮਾਂਸ ਭਿੱਜੇ ਰੰਗ ਵਿਚ ਹੀ ਵਧੇਰੇ ਨਿਖਰਦੀ ਹੈ ਅਤੇ ਪ੍ਰਗਤੀਵਾਦੀ ਕਵਿਤਾ ਫ਼ੈਸਨਦਾਰੀ ਹੀ ਪ੍ਰਤੀਤ ਹੁੰਦੀ ਹੈ। ਪ੍ਰਭਜੋਤ ਕੌਰ ਨੂੰ "ਪੱਬੀ" ਲਿਖਣ ਉੱਤੇ 1964 ਵਿੱਚ ਸਾਹਿਤ ਅਕਾਡਮੀ ਦਿੱਲੀ ਨੇ ਪੰਜ ਹਜ਼ਾਰ ਰੁਪਏ ਦਾ ਇਨਾਮ ਦਿੱਤਾ ਸੀ। ਅਤੇ 1967 ਵਿੱਚ ਉਸਨੂੰ ਭਾਰਤ ਸਰਕਾਰ ਵਲੋਂ ਪਦਮ ਸ੍ਰੀ ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। ਇਹ ਪੰਜਾਬ ਦੀ ਵਿਧਾਨ ਪਰੀਸ਼ਦ ਲਈ ਨਾਮਜ਼ਦ ਹੋਈ ਅਤੇ ਯੂਨੈਸਕੋ ਦੇ ਕੌਮੀ ਕਮਿਸ਼ਨ ਦੀ ਮੈਂਬਰ ਵੀ ਰਹੀ। ਕਾਵਿ-ਸੰਗ੍ਰਹਿ, ਲਟ ਜੋਤ ਜਗੇ (1943), ਪਲਕਾਂ ਓਹਲੇ (1944) ਕੁਝ ਹੋਰ (1946), ਅਜ਼ਲ ਤੋਂ (1946), ਕਾਫ਼ਲੇ (1947), ਸੁਪਨੇ ਸੱਧਰਾਂ (1949), ਚੋਣਵੀ ਕਵਿਤਾ (1949), ਦੋ ਰੰਗ (1951), ਪੰਖੇਰੂ (1956), ਸ਼ਾਹਰਾਹ (ਉਰਦੂ ਲਿਪੀ, 1957), ਬਣ ਕਪਾਸੀ (1958), ਪੱਬੀ (1962), ਖਾੜੀ (1967) ਆਦਿ ਲਿਖੇ ਮਿਲਦੇ ਹਨ।

**ਡਾ. ਮਨਜੀਤ ਟਿਵਾਣਾ** (ਜਨਮ 1947) ਇੱਕ ਪੰਜਾਬੀ ਲੇਖਕ ਹੈ। ਉਸ ਦੀ ਪਹਿਲੀ ਕਵਿਤਾ ਅੰਮ੍ਰਿਤਾ ਪ੍ਰੀਤਮ ਦੁਆਰਾ ਸੰਪਾਦਿਤ ਨਾਗਮਣੀ ਵਿੱਚ ਪ੍ਰਕਾਸ਼ਿਤ ਹੋਈ ਸੀ। ਰਚਨਾਵਾਂ ,ਕਾਵਿ ਸੰਗ੍ਰਹਿ, ਇਲਹਾਮ (1976), ਇਲਜ਼ਾਮ (1980), ਉਨੀਂਦਾ ਵਰਤਮਾਨ, ਤਾਰਿਆਂ ਦੀ ਜੋਤ(1982), ਅੱਗ ਦੇ ਮੋਤੀ (2002)। ਇਸਦੀ ਕਾਵਿ ਪੁਸਤਕ "ਉਨੀਂਦਾ ਵਰਤਮਾਨ" ਨੂੰ 1990 ਵਿੱਚ ਸਾਹਿਤ ਅਕਾਦਮੀ ਇਨਾਮ ਮਿਲਿਆ ਸੀ।

**ਮਨਜੀਤ ਇੰਦਰਾ** (24 ਫਰਵਰੀ 1950-) ਪੰਜਾਬੀ ਕਵਿਤਰੀ ਤੇ ਲੇਖਿਕਾ ਹਨ । ਉਨ੍ਹਾਂ ਦਾ ਜਨਮ ਸ. ਹਰਭਜਨ ਸਿੰਘ ਕਲਸੀ ਦੇ ਘਰ ਹੋਇਆ । ਉਨ੍ਹਾਂ ਨੇ ਐਮ ਏ (ਪੰਜਾਬੀ), ਅਤੇ ਐਮ ਫਿਲ ਤੱਕ ਵਿਦਿਆ ਪ੍ਰਾਪਤ ਕੀਤੀ। ਮਨਜੀਤ ਇੰਦਰਾ ਉਹਨਾਂ ਕਵਿਤਰੀਆਂ ਵਿਚੋਂ ਹਨ ਜੋ ਆਪਣਾ ਕਲਾਮ ਤਰੰਨਮ ਵਿੱਚ ਵੀ ਪੇਸ਼ ਕਰਨ ਦੀ ਮੁਹਾਰਤ ਰਖਦੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਹਨ ; ਕਾਵਿ ਸੰਗ੍ਰਹਿ : ਅੰਤਹਕਰਣ, ਰੋਹ ਵਿਦਰੋਹ, ਕਾਲਾ ਬਾਗ, ਚੰਦਰੇ ਹਨੇਰੇ, ਅਲਖ, ਪੂਰਤੀ-ਆਪੂਰਤੀ (ਕਵਿਤਾ), ਤਾਰਿਆਂ ਦਾ ਛੱਜ; ਤੂੰ ਆਵਾਜ਼ ਮਾਰੀ ਹੈ (ਕਾਵਿ-ਨਾਵਲ), ਜੰਗਲ ਦੇ ਦਾਅਵੇਦਾਰ (ਮਹਾਸਵੇਤਾ ਦੇਵੀ ਦੇ ਬੰਗਲਾ ਨਾਵਲ ਦਾ ਅਨੁਵਾਦ) । ਉਨ੍ਹਾਂ ਨੂੰ ਮਿਲੇ ਪੁਰਸਕਾਰ ਹਨ : ਪੋਇਟੈੱਸ ਆਫ਼ ਦ ਟਾਈਮ - ਸਾਹਿਤ ਅਕੈਡਮੀ ਜੱਬਲਪੁਰ, ਪੰਜਾਬ ਰਤਨ - ਸ਼ਹੀਦ ਮੈਮੋਰੀਅਲ, ਸਾਹਿਤ ਅਵਾਰਡ, ਸ਼ਿਰੋਮਣੀ ਪੋਇਟੈੱਸ - ਬਜ਼ਮੇ-ਅਦਬ, ਫਰੀਦਕੋਟ ।

(ਹਾਥਰਸ 'ਚ ਬਲਾਤਕਾਰ
ਪੀੜਤਾ ਕੁੜੀ ਦੇ ਨਾਮ)
ਪੋਠੋਹਾਰਨ ਕੁੜੀ ਵਾਂਗਰਾਂ
ਹਾਥਰਸ ਦੀ ਛੈਲ-ਛਬੀਲੀ
ਸਿਰ ਤੇ ਚੁੱਕੀ
ਪੰਡ ਘਾਹ ਦੀ
ਪੈਲਾਂ ਪਾਂਦੀ
ਝੋਲੇ ਖਾਂਦੀ
ਓਭੜ ਖਾਬੜ ਰਾਹੀਂ ਟੁਰਦੀ
ਮਾਂ ਆਪਣੀ ਤੋਂ ਪਛੜ ਗਈ ਸੀ
ਵੀਰੇ ਤੋਂ ਰਹਿ ਗਈ ਸੀ ਪਿੱਛੇ
ਠਾਕੁਰਾਂ ਦੇ ਵਿਗੜੇ ਕਾਕੇ
ਨਸ਼ਿਆਂ ਡੰਗੇ
ਕਾਮੀ ਕੀੜੇ
ਓਸ ਲਗਰ ਦੀ
ਚਾਈ ਸਿਰ ਤੇ
ਗਠੜੀ ਘਾਹ ਦੀ
ਸੁੱਟ ਵਗਾਹ ਕੇ
ਉਸ ਨਾਜੋ ਨੂੰ
ਖਿੱਚ ਧਰੂਅ ਕੇ
ਸੰਘਣੇ ਖੇਤੀਂ
ਚਹੁੰ ਬੱਬਰਾਂ ਨੇ
ਮਸਲ਼ ਮਧੋਲ਼
ਅਧਮੋਈ ਕੀਤੀ...
ਕੁਝ ਨਾ ਬੋਲੇ
ਪੋਲ ਨਾ ਖੋਲ੍ਹੇ
ਜੀਭ ਵਿਹੂਣੀ ਕੀਤੀ ਸ਼ੋਧੀ...

**ਸੁਖਵਿੰਦਰ ਅੰਮ੍ਰਿਤ** ਪੰਜਾਬੀ ਗ਼ਜ਼ਲਗੋ ਹੈ। ਆਧੁਨਿਕ ਬੋਧ ਦੀ ਪੰਜਾਬੀ ਗ਼ਜ਼ਲ ਲਿਖਦੀ ਹੈ। ਸੁਖਵਿੰਦਰ ਅੰਮ੍ਰਿਤ ਦੇ ਕਾਵਿ ਸਫਰ ਦਾ ਆਰੰਭ 1997 ਵਿੱਚ ਸੂਰਜ ਦੀ ਦਹਿਲੀਜ਼ ਗ਼ਜ਼ਲ ਸੰਗ੍ਰਹਿ ਦੇ ਪ੍ਰਕਾਸ਼ਿਤ ਹੋਣ ਨਾਲ ਹੋਇਆ। ਇਸ ਉਪਰੰਤ ਉਸ ਦੇ ਦੂਜੇ ਗ਼ਜ਼ਲ ਸੰਗ੍ਰਹਿ ਚਿਰਾਗਾਂ ਦੀ ਡਾਰ (1999) ਅਤੇ ਖੁੱਲ੍ਹੀਆਂ ਕਵਿਤਾਵਾਂ ਦਾ ਸੰਗ੍ਰਹਿ ਕਣੀਆਂ(2000) ਪ੍ਰਕਾਸ਼ਿਤ ਹੋਇਆ। ਉਸ ਦੀ ਚੌਥੀ ਪੁਸਤਕ ਪਰ ਤੀਜਾ ਗ਼ਜ਼ਲ ਸੰਗ੍ਰਹਿ ਪੱਤਝੜ ਵਿੱਚ ਪੁੰਗਰਦੇ ਪੱਤੇ (2002) ਅਤੇ 2003 ਵਿੱਚ ਉਸ ਦੀ ਸੰਪਾਦਤ ਗ਼ਜ਼ਲ ਸੰਗ੍ਰਹਿ ਕੇਸਰ ਦੇ ਛਿੱਟੇ ਵੀ ਪ੍ਰਕਾਸ਼ਿਤ ਹੋ ਚੁੱਕੀ ਸੀ। ਸੁਖਵਿੰਦਰ ਅੰਮ੍ਰਿਤ ਨੇ ਪੰਜਾਬੀ ਕਵਿਤਾ ਨੂੰ ਅਸਲੋਂ ਸੱਜਰਾ ਤੇ ਨਿਵੇਕਲਾ ਮੁਹਾਵਰਾ ਦੇ ਕੇ ਨਵੀਂ ਬੁਲੰਦੀ ’ਤੇ ਪਹੁੰਚਾਇਆ ਹੈ। ਉਸਦੀ ਗ਼ਜ਼ਲ ਵਿਚਲੇ ਨਾਰੀਪਨ ਨੇ ਪੰਜਾਬੀ ਗ਼ਜ਼ਲ ਨੂੰ ਨਵੀਂ ਨੁਹਾਰ ਅਤੇ ਰੰਗਤ ਨਾਲ ਸਰਸ਼ਾਰ ਕੀਤਾ ਹੈ। ਉਸ ਦੀ ਕਵਿਤਾ ਵਿੱਚ ਲੋਕ- ਗੀਤਾਂ ਵਰਗਾ ਗਹਿਰਾ ਅਨੁਭਵ ਤੇ ਵੇਗ ਹੈ। ਨਵੀਂ ਪੀੜ੍ਹੀ ਦੀ ਇਹ ਸਿਰਮੌਰ ਸ਼ਾਇਰਾ ਪੰਜਾਬੀ ਕਵਿਤਾ 'ਚ ਨਵੇਂ ਬਿੰਬ ਤੇ ਨਵੇਂ ਸੰਕਲਪ ਲੈ ਕੇ ਆਈ ਹੈ। ਉਹ ਜਿੰਨੀ ਸ਼ਿੱਦਤ ਨਾਲ ਉਚੀਆਂ ਕਦਰਾਂ ਕੀਮਤਾਂ ਨੂੰ ਮੁਹੱਬਤ ਕਰਦੀ ਹੈ, ਓਨੇ ਹੀ ਰੋਹ ਨਾਲ ਅਣ- ਮਨੁੱਖੀ ਵਰਤਾਰਿਆਂ ਨੂੰ ਨਕਾਰਦੀ ਹੈ।

ਸੁਖਵਿੰਦਰ ਅੰਮ੍ਰਿਤ ਨੇ ਹਿੰਦੀ ਦੀ ਕਾਵਿ ਰਚਨਾ " ਕਨੂਪ੍ਰਿਆ " ਦਾ ਪੰਜਾਬੀ ਚ ਕਾਵਿ ਅਨੁਵਾਦ ਪੰਜਾਬੀ ਅਕਾਦਮੀ ਦਿੱਲੀ ਲਈ ਕੀਤਾ। ਉਸ ਦੀਆਂ ਪੁਸਤਕਾਂ ਹਿੰਦੀ ਤੇ ਅੰਗਰੇਜ਼ੀ ਚ ਅਨੁਵਾਦਿਤ ਹੋਈਆ ਹਨ। ਕਾਵਿ-ਸੰਗ੍ਰਹਿ ਕਣੀਆਂ, ਧੁੱਪ ਦੀ ਚੁੰਨੀ , ਚਿੜੀਆਂ, ਧੂੰਆਂ, ਸਬਕ, ਲਫਜ਼ਾ ਦੀ ਦਰਗਾਹ , ਰਿਸ਼ਤਿਆਂ ਦੀ ਰੰਗੋਲੀ ਆਦਿ ਮਿਲਦੇ ਹਨ।

**ਡਾ. ਪਾਲ ਕੌਰ** ਦਾ ਜਨਮ ਪਿੰਡ ਕਾਲੋਮਾਜਰਾ ਜਿਲਾ ਪਟਿਆਲਾ ਵਿਖੇ ਪਿਤਾ ਸੁਰੈਣ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਹੋਇਆ। ਪਾਲ ਕੌਰ ਨੇ ਚੰਡੀਗੜ੍ਹ ਵਿੱਚ ਐਮ ਸੀ ਐਮ ਡੀ.ਏ.ਵੀ. ਕਾਲਜ ਤੋਂ ਬੀ ਏ ਤੱਕ ਪੜ੍ਹਾਈ ਕੀਤੀ ਅਤੇ ਫਿਰ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਅਤੇ ਡਾਕਟਰੇਟ। ਪਾਲ ਕੌਰ ਐਸ ਏ ਜੈਨ ਕਾਲਜ, ਅੰਬਾਲਾ ਸ਼ਹਿਰ ਵਿੱਚ ਪੰਜਾਬੀ ਦੀ ਅਧਿਆਪਕਾ ਰਹੀ ਹੈ। ਉਸ ਨੇ ਕਵਿਤਾ ਅਤੇ ਆਲੋਚਨਾ ਦੇ ਕਈ ਸੰਗ੍ਰਹਿ ਪ੍ਰਕਾਸ਼ਿਤ ਕੀਤੇ ਹਨ। ਉਸ ਨੂੰ ਭਾਸ਼ਾ ਵਿਭਾਗ, ਪੰਜਾਬ ਵਲੋਂ ਉਸ ਦੀ ਨਵੀਨਤਮ ਕਾਵਿ-ਕਿਤਾਬ *ਬਾਰਿਸ਼ ਅੰਦਰੇ-ਅੰਦਰ* ਲਈ ਪੁਰਸਕਾਰ ਦਿੱਤਾ ਗਿਆ ਸੀ।ਪਾਲ ਕੌਰ ਇਸੇ ਦ੍ਰਿਸ਼ਟੀਕੋਣ ਤੋਂ ਹੀ ਉਹ ਔਰਤ ਦੀਆਂ ਪ੍ਰਸਥਿਤੀਆਂ ਦਾ ਅਧਿਐਨ ਵਿਸ਼ਲੇਸ਼ਣ ਕਰਦੀ, ਨਾਰੀ ਦੇ ਮਨੋਭਾਵਾਂ ਨੂੰ ਪੇਸ਼ ਹੀ ਨਹੀਂ ਕਰਦੀ ਸਗੋਂ ਉਸ ਨੂੰ ਆਸ਼ਾਵਾਦੀ ਦਿਸ਼ਾ ਵੀ ਪ੍ਰਦਾਨ ਕਰਦੀ ਹੈ। ਕਾਵਿ ਸੰਗ੍ਰਹਿ- ਖ਼ਲਾਅਵਾਸੀ(1985), ਮੈਂ ਮੁਖ਼ਾਤਿਬ ਹਾਂ(1988), ਸਵੀਕਾਰ ਤੋਂ ਬਾਦ(1990), ਇੰਜ ਨਾ ਮਿਲੀਂ(1999), ਬਾਰਿਸ਼ ਅੰਦਰੇ-ਅੰਦਰ(2005), ਪੀਂਘ (2007), ਪੌਣ ਤੜਾਗੀ (2009), ਹੁਣ ਤੱਕ (2019)

ਸੁਣਿਆ ਏ ਕਿ ਜਦੋਂ ਮੈਂ ਜੰਮੀ ਸਾਂ

ਤਾਂ ਮੈਨੂੰ ਵੇਖ ਕੇ 'ਕਿਸੇ' ਨੇ ਮੂੰਹ ਫੇਰ ਲਿਆ ਸੀ

ਤੇ 'ਕਿਸੇ' ਨੇ ਪਿੱਠ ਕਰ ਲਈ ਸੀ

ਤੇ ਜਿਵੇਂ ਕਹਿੰਦੇ ਨੇ ਕਿ ਬੱਚਾ ਇੱਕੀ ਦਿਨਾਂ ਵਿਚ

ਪਿਓ ਦੀ ਪੱਗ ਪਛਾਣ ਲੈਂਦਾ ਹੈ

ਮੈਂ ਪਿੱਠ ਪਛਾਣ ਲਈ ਸੀ !

ਉਦੋਂ ਹੀ ਮੈਂ, ਪਿੱਠਾਂ ਨੂੰ ਵੇਖਣ

ਤੇ ਜਰਨ ਦੀ ਆਦੀ ਹੋ ਗਈ

ਤੇ ਜਦੋਂ ਵੀ ਅੱਖਾਂ 'ਚ ਰੋਹ ਭਰਿਆ

ਤਾਂ ਮੈਂ ਉਨ੍ਹਾਂ ਪਿੱਠਾਂ ਉਪਰ

ਆਪਣੀ ਉਦਾਸ ਇਬਾਰਤ ਲਿਖ ਦਿੱਤੀ

ਜਿਸ ਨੂੰ ਉਹ ਪਿੱਠਾਂ ਵਾਲੇ

ਕਦੇ ਵੀ ਪੜ੍ਹ ਨਹੀਂ ਸਕੇ !

ਮੈਂ ਤਾਂ ਕਿਆਰੀ ਵਿਚ, ਹੋਰਨਾਂ ਪੌਦਿਆਂ ਨਾਲ

ਕਿਸੇ ਖੱਬਲ ਵਾਂਗ ਉੱਗ ਪਈ ਸਾਂ

ਤੇ ਖੱਬਲ ਵਾਂਗ ਹੀ ਪਲ ਗਈ ਹਾਂ !

ਮਾਲੀ ਨੇ ਜਦੋਂ ਵੀ ਚਾਹਿਆ,

ਮੈਨੂੰ ਪੁੱਟ ਕੇ ਸੁੱਟਣ ਦੀ ਕੋਈ ਕਸਰ ਨਹੀਂ ਛੱਡੀ !

ਪਰ ਮੈਂ ਉਨ੍ਹਾਂ ਪੌਦਿਆਂ ਦੀਆਂ ਜੜ੍ਹਾਂ ਨਾਲ,

ਮੁੜ ਉੱਗ ਪਈ !

**ਨੀਤੂ ਅਰੋੜਾ** (ਜਨਮ 12 ਜੁਲਾਈ 1979) ਪੰਜਾਬੀ ਕਵਿੱਤਰੀ ਅਤੇ ਅਧਿਆਪਿਕਾ ਹਨ। ਨੀਤੂ ਅਰੋੜਾ ਨੇ ਸਰਕਾਰੀ ਸੈਕੰਡਰੀ ਸਕੂਲ, ਭਗਤਾ ਭਾਈ ਕਾ ਤੋਂ ਆਪਣੀ ਸਕੂਲੀ ਪੜ੍ਹਾਈ ਕੀਤੀ ਅਤੇ ਪੰਜਾਬੀ ਯੂਨੀਵਰਸਿਟੀ ਰੀਜ਼ਨਲ ਸੈਂਟਰ, ਬਠਿੰਡਾ ਤੋਂ ਐੱਮ.ਏ. ਪੰਜਾਬੀ, ਪੰਜਾਬੀ

ਯੂਨੀਵਰਸਿਟੀ ਤੋਂ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ। ਹੁਣ ਉਹ ਯੂਨੀਵਰਸਿਟੀ ਕਾਲਜ ਘੁੱਦਾ (ਬਠਿੰਡਾ) ਵਿੱਚ ਸਹਾਇਕ ਪ੍ਰੋਫ਼ੈਸਰ ਹਨ। ਸੁਆਲਾਂ ਦੇ ਸਨਮੁਖ (ਕਾਵਿ-ਸੰਗ੍ਰਹਿ-2008), ਮੈਂ ਇੱਥੇ ਕਿਤੇ (ਕਾਵਿ-ਸੰਗ੍ਰਹਿ-2016), ਮੈਨੂੰ ਛੁੱਟੀ ਚਾਹੀਦੀ ਐ (ਅਨੁਵਾਦ-2019), ਸਮਕਾਲੀ ਪੰਜਾਬੀ ਕਵਿਤਾ: ਪ੍ਰਤੀਰੋਧੀ ਪ੍ਰਵਚਨ ਰਚੇ ਹਨ। ਕਵਿਤਾ ਸੁਪਨਾਜ਼ ਵਿਚ ਉਹ ਲਿਖਦੀ ਹੈ:

ਉਹ ਸਮਝਦੇ ਹਨ

ਮੈਂ ਖ਼ਤਰਨਾਕ ਔਰਤ ਹਾਂ

ਔਰਤਾਂ ਜੋ ਸੁਰਖੀ ਨਹੀਂ ਲਾਉਂਦੀਆਂ

ਚੂੜੀਆਂ ਨਹੀਂ ਪਾਉਂਦੀਆਂ

ਗਹਿਣਿਆਂ ਦੀ ਥਾਂ

ਕਿਤਾਬਾਂ ਖ਼ਰੀਦਦੀਆਂ ਹਨ

ਜਿਹਨਾਂ ਦੇ ਪਰਸਾਂ ਵਿੱਚ

ਕੰਘਾ ਸ਼ੀਸ਼ਾ ਨਹੀਂ

ਕਾਗਜ਼ ਤੇ ਕਲਮਾਂ ਹੁੰਦੀਆਂ

ਅਜਿਹੀਆਂ ਔਰਤਾਂ ਖ਼ਤਰਨਾਕ ਹੁੰਦੀਆਂ

ਉਹ ਮੈਨੂੰ ਖ਼ਤਰਨਾਕ ਸਮਝ

ਮੇਰਾ ਪਿੱਛਾ ਕਰਦੇ ਹਨ

ਮੇਰੇ ਘਰ ਦਾ ਹਰ ਕੋਨਾ ਫਰੋਲਦੇ

ਖਾਲੀ ਹੱਥ ਪਰਤ ਜਾਂਦੇ

ਕਿਤੋਂ ਕੁਝ ਖ਼ਤਰਨਾਕ ਨਹੀਂ ਮਿਲਦਾ

ਬਸ ਉਹ ਮੇਰੀਆਂ

ਅੱਖਾਂ ਵੱਲ ਦੇਖਣਾ ਭੁੱਲ ਜਾਂਦੇ ਹਨ

ਤੇ ਤਲਾਸ਼ੀ ਬਿਨਾਂ ਬਚੀ ਰਹਿੰਦੀ ਹੈ

ਇਹ ਇੱਕੋ ਇੱਕ ਜਗ੍ਹਾ

ਜਿੱਥੇ ਮੈਂ ਸੁਪਨੇ ਲੁਕੋ ਕੇ ਰੱਖਦੀ ਹਾਂ

## ਸਾਰ-ਅੰਸ਼

ਸੋ ਇਸ ਤਰ੍ਹਾਂ ਅਸੀਂ ਇਸ ਸਿੱਟੇ ਤੇ ਪਹੁੰਚਦਾ ਹਾਂ ਕਿ ਲਿਖਣਾ ਇਕ ਵਚਨਬੱਧਤਾ ਹੈ , ਕੋਈ ਸ਼ੁਗਲ ਜਾਂ ਦਿਲ ਪਰਚਾਵੇ ਵਾਲੀ ਪ੍ਰਕਿਰਿਆ ਨਹੀਂ। ਗੁਰਪ੍ਰੀਤ ਖੋਖਰ ਲਿਖਦਾ ਹੈ ਕਿ ਸਾਹਿਤ ਸਿਰਜਣਾ ਘੋਰ ਫ਼ਕੀਰੀ ਦਾ ਰਾਹ ਹੈ ਤੇ ਨਾਰੀ ਲੇਖਕਾਂ ਲਈ ਤਾਂ ਹੋਰ ਵੀ ਬਿਖੜਾ ਪੈਂਡਾ। ਉਸ ਦੇ ਲਈ ਦੋ ਵਿਕਲਪ ਹਨ : ਇਕ ਪਾਸੇ ਘਰ ਅਤੇ ਦੂਜੇ ਪਾਸੇ ਕਲਮ। ਜੇ ਉਹ ਘਰ-ਪਰਿਵਾਰ ਵੱਲ ਪੂਰਾ ਧਿਆਨ ਦਿੰਦੀ ਹੈ ਤਾਂ ਉਸ ਦੀ ਸਾਹਿਤ-ਸਿਰਜਣਾ ਕੁਝ ਨਾ ਕੁਝ ਨਿਸਤੇਜ ਰਹਿ ਜਾਂਦੀ ਹੈ ਅਤੇ ਜੇ ਉਹ ਕਲਮ ਨੂੰ ਬਹੁਤ ਸਮਾਂ ਦੇਵੇ ਤਾਂ ਘਰ-ਪਰਿਵਾਰ ਵੱਲ ਉਸ ਦੀਆਂ ਜ਼ਿੰਮੇਵਾਰੀਆਂ ਵਿਚ ਕੁਝ ਨਾ ਕੁਝ ਢਿੱਲ-ਮੱਠ ਰਹਿ ਜਾਣੀ ਕੁਦਰਤੀ ਹੈ। ਪੰਜਾਬੀ ਸਾਹਿਤ ਨੂੰ ਸ਼ਾਹਕਾਰ ਰਚਨਾਵਾਂ ਦੇਣ ਵਾਲਾ ਰਾਮ ਸਰੂਪ ਅਣਖੀ ਖ਼ੁਦ ਲਿਖਦਾ ਹੈ, ''ਇਸਤਰੀ-ਮਨ ਦੀ ਪੀੜ ਨੂੰ ਜਿੰਨੀ ਸ਼ਿੱਦਤ ਤੇ ਗਹਿਰਾਈ ਨਾਲ ਔਰਤ ਆਪ ਪੇਸ਼ ਕਰ ਸਕਦੀ ਹੈ, ਮਰਦ -ਲੇਖਕ ਕਿੰਨਾ ਵੀ

ਅਨੁਭਵੀ ਤੇ ਉਦਾਰਵਾਦੀ ਹੋਵੇ, ਇਸਤਰੀ-ਮਨ ਨੂੰ ਓਨਾ ਨੇੜਿਓਂ ਨਹੀਂ ਪਕੜ ਸਕਦਾ।" ਪੰਜਾਬੀ ਸਾਹਿਤ ਦੇ ਨਾਮੀ ਆਲੋਚਕ ਪ੍ਰੋ. ਬ੍ਰਹਮਜਗਦੀਸ਼ ਸਿੰਘ ਦੇ ਸ਼ਬਦਾਂ 'ਚ, "ਮਨੁੱਖੀ ਸੱਭਿਆਚਾਰ 'ਚ ਪੁਰਖ ਨਾਲੋਂ ਇਸਤਰੀ ਵਧੇਰੇ ਸੰਵੇਦਨਸ਼ੀਲ, ਸਾਬਰ ਤੇ ਸਮਝਦਾਰ ਹੁੰਦੀ ਹੈ। ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੁਰਸ਼ ਨਾਲੋਂ ਵਧੇਰੇ ਚੰਗੀ ਤਰ੍ਹਾਂ ਨਾਲ ਸਮਝਦੀ ਹੈ। ਭਾਰਤੀ ਪਰਿਪੇਖ 'ਚ ਇਹ ਗੱਲ ਵਧੇਰੇ ਚੰਗੀ ਤਰ੍ਹਾਂ ਨਾਲ ਸਮਝੀ ਜਾ ਸਕਦੀ ਹੈ ਕਿਉਂਕਿ ਸਾਡੇ ਇੱਥੇ ਇਸਤਰੀ ਦੇ ਸਾਹਮਣੇ ਫ਼ਰਜ਼ ਹੀ ਫ਼ਰਜ਼ ਹਨ। ਅਧਿਕਾਰਾਂ ਦੀ ਕੋਈ ਮਹਿਕਦੀ ਜਾਂ ਖ਼ੂਬਸੂਰਤ ਵਾਦੀ ਹੈ ਹੀ ਨਹੀਂ। ਉਹ ਆਪਣੀਆਂ ਕੋਮਲ ਭਾਵਨਾਵਾਂ ਉੱਪਰ ਮਰਯਾਦਾ ਦੇ ਬੋਝਲ ਪੱਥਰ ਰੱਖ ਕੇ ਮਰਦ ਦੀ ਇੱਛਾ ਅਨੁਸਾਰ ਜਿਉਣ ਲਈ ਮਜਬੂਰ ਹੈ। ਸਾਹਿਤ ਦੇ ਕਿੰਨੇ ਹੀ ਰੂਪ ਤੇ ਕਿੰਨੇ ਹੀ ਵਾਦ ਹਨ। ਨਾਰੀ ਲੇਖਕਾਂ ਦੀ ਰਚਨਾ ਦਾ ਕੋਈ ਵਾਦ ਨਹੀਂ। ਅਜੋਕੇ ਦੌਰ ਦੀਆਂ ਨਾਰੀ ਲੇਖਕਾਂ ਦੀ ਖ਼ਾਸੀਅਤ ਇਹ ਹੈ ਕਿ ਉਹ ਆਪਣੇ ਨਿੱਜੀ ਵਿਗੋਚੇ ਤੇ ਵਿਅਕਤੀਗਤ ਸੱਖਣੇਪਣ ਤੋਂ ਪਾਰ ਲੰਘ ਆਈਆਂ ਹਨ ਤੇ ਨਿੱਜ ਦੇ ਦਰਦ ਤੋਂ ਘੇਰਾ ਵਸੀਹ ਕਰਦਿਆਂ ਲੋਕਾਈ ਦੇ ਦਰਦ ਨੂੰ ਆਪਣੀ ਰਚਨਾਕਾਰੀ ਦਾ ਹਿੱਸਾ ਬਣਾ ਰਹੀਆਂ ਹਨ। ।

## ਮੁੱਖ/ਕੇਂਦਰੀ ਸ਼ਬਦ:

- ਪੈਰਾਡਾਇਮ ---ਵਿਚਾਰ ਦਾ ਚਲੰਤ ਪ੍ਰਤੀਰੂਪ
- ਸਾਰਵਭੌਮਿਕ --- ਸਰਵ-ਵਿਆਪਕ
- ਨਿਰਪੇਖ--- ਨਿਰਲੇਪ
- ਹੌਰਰ ---ਡਰਾਉਣਾ
- ਉਦਾਰਵਾਦ --- ਅਜ਼ਾਦੀ ਅਤੇ ਸਮਾਨਤਾ

## ਸਵੈ-ਮੁਲਾਂਕਣ:

ਪ੍ਰਸ਼ਨ 1 ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਪੁਸਤਕ ਦਾ ਲੇਖਕ ਕੌਣ ਹੈ?

ੳ ਸਿਮੋਨ

ਅ ਅੰਮ੍ਰਿਤਾ ਪ੍ਰੀਤਮ

ੲ ਹੈਲਨ ਸਿਕਸੂ

ਸ ਰਜਿੰਦਰ ਪਾਲ ਸਿੰਘ

ਪ੍ਰਸ਼ਨ 2. ਸਟੇਜੀ ਕਵਿਤਾ ਦਾ ਕਵੀ ਕੌਣ ਹੈ?

ੳ ਸਿਮੋਨ

ਅ ਅੰਮ੍ਰਿਤਾ ਪ੍ਰੀਤਮ

ੲ ਹੈਲਨ ਸਿਕਸੂ

ਸ ਇਮਾਮ ਬਖਸ਼

ਪ੍ਰਸ਼ਨ 3. ਪ੍ਰਯੋਗਸ਼ੀਲ ਲਹਿਰ ਦਾ ਬਾਨੀ?

ੳ ਲਾਲ ਸਿੰਘ ਦਿਲ

ਅ ਜਸਬੀਰ ਸਿੰਘ ਆਹਲੂਵਾਲੀਆ

ੲ ਪਾਸ਼

ਸ ਸੰਤ ਰਾਮ ਉਦਾਸੀ

ਪ੍ਰਸ਼ਨ 4. "ਇਸ ਕਾਲ ਦਾ ਸਮਾਂ 1900 -1947ਤੱਕ ਰੱਖਿਆ ਗਿਆ ਹੈ ਜੋ ਕਿ ਇਤਿਹਾਸ ਦਾ ਬਹੁਤ ਹੀ ਮਹੱਤਵਪੂਰਨ ਸਮਾਂ ਹੈ।ਇਸ ਕਾਲ ਚ ਜਿਆਦਾ ਕਵਿਤਾ ਲਹਿਰਾਂ ਚ ਪੈਦਾ ਹੋਈ।ਖਿਲਾਫਤ ਲਹਿਰ, ਬੱਬਰ ਅਕਾਲੀ ਲਹਿਰ, ਕੌਮੀ ਆਜਾਦੀ ਦੀ ਲਹਿਰ, ਇਸ ਸਮੇਂ ਕਿਸਾਕਾਰੀ ਵੀ ਜਾਰੀ ਰਹੀ। ਸਟੇਜੀ ਕਾਵਿ ਇਸ ਕਾਲ ਚ ਰੰਗ ਫੜਦਾ ਹੈ।''

ਉਪਰੋਕਤ ਪਰਿਭਾਸ਼ਾ ਕਿਸ ਦੇ ਬਾਰੇ ਹੈ?

ੳ ਬਸਤੀਵਾਦੀ ਕਾਲ

ਅ ਮੁੱਢਲਾ ਬਸਤੀਵਾਦੀ ਕਾਲ

ੲ ਉਤਰ ਬਸਤੀਵਾਦੀ ਕਾਲ

ਸ ਉਪਰੋਕਤ ਕੋਈ ਨਹੀਂ

ਪ੍ਰਸ਼ਨ 5. ਇਹ ਕਾਲ ਧਾਰਮਿਕ, ਰਾਜਸੀ ਕਾਰਨਾਂ ਪੱਖੋ ਵਿਸ਼ੇਸ਼ਤਾ ਰੱਖਦਾ ਹੈ।ਅੰਗਰੇਜਾਂ ਦੇ ਆਉਣ ਨਾਲ ਆਈਆਂ ਤਬਦੀਲੀਆਂ ਨਵੀਂ ਸਿੱਖਿਆ ਪ੍ਰਣਾਲੀ ਮੁੱਢਲੇ ਕਾਲ ਦਾ ਆਰੰਭ ਬੰਨਦੀਆਂ ਹਨ। ਇਸ ਸਮੇਂ ਸਿੱਖਿਆ ਪੁਸਤਕਾਂ ਆਧੁਨਿਕ ਚੇਤਨਾ ਦੇ ਪਸਾਰ ਲਈ ਲਿਖੀਆਂ ਗਈਆਂ ਸਨ।ਇਸ ਸਮੇਂ 1850 -1870 ਧਰਮ ਸੁਧਾਰ ਲਹਿਰ ਪੈਦਾ ਹੋਈ।

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਬਸਤੀਵਾਦੀ ਕਾਲ

ਅ ਉਤਰ ਬਸਤੀਵਾਦੀ ਕਾਲ

ੲ ਮੁੱਢਲਾ ਬਸਤੀਵਾਦੀ ਕਾਲ

ਸ ਉਪਰੋਕਤ ਕੋਈ ਨਹੀਂ

ਪ੍ਰਸ਼ਨ 6. ਕਵਿਤਾ ਵਿਚਲਾ ਅਧਿਆਤਮ ਪੁਰਸ਼ ਸ਼ਕਤੀ ਸਨਮੁਖ ਮੁਕੰਮਲ ਸਮਰਪਣ ਨੂੰ ਪੇਸ਼ ਕਰਦਿਆਂ ਨਾਰੀ ਦੀ ਅਧੀਨ ਸਥਿਤੀ ਨੂੰ ਕੁਦਰਤੀ ਸਥਿਤੀ ਸਵੀਕਾਰ ਕਰਨ ਲਗਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਭੁਪਿੰਦਰ ਕੌਰ ਪ੍ਰੀਤ

ਅ ਅੰਮ੍ਰਿਤਾ ਪ੍ਰੀਤਮ

ੲ ਸੁਰਿੰਦਰ ਨੀਰ

ਸ ਦਲਪੀ ਕੌਰ ਟਿਵਾਣਾ

ਪ੍ਰਸ਼ਨ 7. ਇਸ ਕਾਲ ਵਿੱਚ ਦੇਸ਼ ਵੰਡ ਤੋ ਬਾਅਦ ਪ੍ਰਯੋਗਸ਼ੀਲ ਲਹਿਰ, ਨਕਸਲਵਾੜੀ ਲਹਿਰ, ਪੰਜਾਬ ਸੰਕਟ, ਲਹਿਰਾਂ ਅਧੀਨ ਕਵੀ ਪੈਦਾ ਹੋਏ। ਪੰਜਾਬੀ ਕਵਿਤਾ ਨੇ ਨਵਾਂ ਰੰਗ ਫੜਿਆ।1990 ਤੋ ਬਾਅਦ ਨਵ ਬਸਤੀਵਾਦ ਜਾਂ ਉੱਤਰ ਆਧੁਨਿਕਤਾ ਜਾਂ ਸਮਕਾਲੀ ਦੌਰ ਦੀ ਪਰਵਾਸੀ, ਪਾਕਿਸਤਾਨੀ ਕਵਿਤਾ ਹੋਦ ਚ ਆਈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਬਸਤੀਵਾਦੀ ਕਾਲ

ਅ ਮੱਧਕਾਲ

ੲ ਮੁੱਢਲਾ ਬਸਤੀਵਾਦੀ ਕਾਲ

ਸ ਉਤਰ ਬਸਤੀਵਾਦੀ ਕਾਲ

ਪ੍ਰਸ਼ਨ 8 ਬਹੁਤ ਪਹਿਲਾਂ ਹੀ ਸਥਾਪਤੀ ਨੂੰ ਪੂਰੀ ਤਰ੍ਹਾਂ ਆਤਮਸਾਤ ਕਰ ਲਿਆ ਸੀ

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਭੁਪਿੰਦਰ ਕੌਰ ਪ੍ਰੀਤ

ਅ ਸੁਰਿੰਦਰ ਨੀਰ

ੲ ਅੰਮ੍ਰਿਤਾ ਪ੍ਰੀਤਮ

ਸ ਦਲਪੀ ਕੌਰ ਟਿਵਾਣਾ

ਪ੍ਰਸ਼ਨ 9. ਉਸਦੇ ਇਸਤਰੀ ਦਿਲ ਦੀ ਸੁਭਾਵਿਕ ਕੋਮਲਤਾ ਤੇ ਭਾਵ, ਮਧੁਰਤਾ, ਰਸੀਲੀ ਭਾਸ਼ਾ ਤੇ ਭਾਵ ਪ੍ਰਧਾਨ ਰੋਮਾਂਸ ਭਿੱਜੇ ਰੰਗ ਵਿਚ ਹੀ ਵਧੇਰੇ ਨਿਖਰਦੀ ਹੈ ਅਤੇ ਪ੍ਰਗਤੀਵਾਦੀ ਕਵਿਤਾ ਫ਼ੈਸਨਦਾਰੀ ਹੀ ਪ੍ਰਤੀਤ ਹੁੰਦੀ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਭੁਪਿੰਦਰ ਕੌਰ ਪ੍ਰੀਤ

ਅ ਪ੍ਰਭਜੋਤ ਕੌਰ

ੲ ਅੰਮ੍ਰਿਤਾ ਪ੍ਰੀਤਮ

ਸ ਦਲਪੀ ਕੌਰ ਟਿਵਾਣਾ

ਪ੍ਰਸ਼ਨ 10. ਉਸਦੀ ਗ਼ਜ਼ਲ ਵਿਚਲੇ ਨਾਰੀਪਨ ਨੇ ਪੰਜਾਬੀ ਗ਼ਜ਼ਲ ਨੂੰ ਨਵੀਂ ਨੁਹਾਰ ਅਤੇ ਰੰਗਤ ਨਾਲ ਸਰਸ਼ਾਰ ਕੀਤਾ ਹੈ। ਉਸ ਦੀ ਕਵਿਤਾ ਵਿੱਚ ਲੋਕ- ਗੀਤਾਂ ਵਰਗਾ ਗਹਿਰਾ ਅਨੁਭਵ ਤੇ ਵੇਗ ਹੈ। ਨਵੀਂ ਪੀੜ੍ਹੀ ਦੀ ਇਹ ਸਿਰਮੌਰ ਸ਼ਾਇਰਾ ਪੰਜਾਬੀ ਕਵਿਤਾ 'ਚ ਨਵੇਂ ਬਿੰਬ ਤੇ ਨਵੇਂ ਸੰਕਲਪ ਲੈ ਕੇ ਆਈ ਹੈ। ਉਹ ਜਿੰਨੀ ਸ਼ਿੱਦਤ ਨਾਲ ਉਚੀਆਂ ਕਦਰਾਂ ਕੀਮਤਾਂ ਨੂੰ ਮੁਹੱਬਤ ਕਰਦੀ ਹੈ, ਓਨੇ ਹੀ ਰੋਹ ਨਾਲ ਅਣ- ਮਨੁੱਖੀ ਵਰਤਾਰਿਆਂ ਨੂੰ ਨਕਾਰਦੀ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਭੁਪਿੰਦਰ ਕੌਰ ਪ੍ਰੀਤ

ਅ ਸੁਖਵਿੰਦਰ ਅੰਮ੍ਰਿਤ

ੲ ਅੰਮ੍ਰਿਤਾ ਪ੍ਰੀਤਮ

ਸ ਦਲਪੀ ਕੌਰ ਟਿਵਾਣਾ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਜਸਵੀਰ ਕੇਸਰ

ਪ੍ਰਸ਼ਨ 12. ਨਾਰੀ ਚੇਤਨਾ  ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ? ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀਵਾਦੀ ਕੋਸ਼ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਜੋਗਿੰਦਰ ਕੈਰੋਂ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਸਭ ਤੋਂ ਪਹਿਲਾਂ ਨਾਰੀਵਾਦ ਦੀ ਕਿਹੜੀ ਕਿਸਮ ਪ੍ਰਚੱਲਿਤ ਹੋਈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਸ | 2. ਅ | 3. ਅ | 4. ੳ | 5. ੲ |
| 6. ੳ | 7. ਸ | 8. ੲ | 9. ਅ | 10. ਅ |
| 11.ੲ | 12. ੳ | 13. ੳ | 14. ਅ | 15. ੳ |

## ਅਭਿਆਸ ਪ੍ਰਸ਼ਨ

1. ਨਾਰੀ ਕਾਵਿ ਦੇ ਅਰਥਾਂ ਨੂੰ ਸਪੱਸ਼ਰ ਕਰੋ।
2. ਪੰਜਾਬੀ ਕਵਿਤਾ ਵਿੱਚ ਨਾਰੀ ਕਾਵਿ ਦਾ ਸਥਾਨ ਨਿਰਧਾਰਿਤ ਕਰੋ।
3. ਪੰਜਾਬੀ ਨਾਰੀ ਕਾਵਿ ਦਾ ਮੁਲਾਂਕਣ ਆਪਣੇ ਸ਼ਬਦਾਂ ਵਿੱਚ ਕਰੋ।

## Further Reading


- ਸੰਧਾਵਾਲੀਆਂ,ਸਰਬਜੀਤ ਕੌਰ. ਨਾਰੀ ਦਾ ਮੁੱਢਲਾ ਕਦਮ.ਪਬਲੀਕੇਸ਼ਨ ਬਿਊਰੋ ਪਟਿਆਲਾ.1996
- ਚਰਨਜੀਤ ਕੌਰ(ਡਾ.) ਨਾਰੀ ਚੇਤਨਾ.ਲੋਕਗੀਤ ਪ੍ਰਕਾਸ਼ਨ.1999
- ਹਰਪ੍ਰੀਤ ਕੋਰ (ਡਾ).ਨਾਰੀਵਾਦ. ਲੋਕਗੀਤ ਪ੍ਰਕਾਸ਼ਨ 2003
- ਕੇਸਰ,ਜਸਬੀਰ ਕੌਰ(ਡਾ.) ਔਰਤ ਅਜ਼ਾਦ ਹੈ?. ਲੋਕਗੀਤ ਪ੍ਰਕਾਸ਼ਨ,2004.
- ਸੀਮੋਨ ਦ ਬੋਅਵਾਰ.ਦ ਸੈਕੰਡ ਸੈਕਸ (ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2014
- ਵਰਜ਼ੀਨੀਆਂ ਵੁਲਫ.ਏ ਰੂਮ ਔਫ ਵਨਜ਼ ਅਉਨ(ਆਪਣਾ ਇਕ ਕਮਰਾ ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2016
- ਕੈਰੋਂ,ਜੋਗਿੰਦਰ ਸਿੰਘ .ਨਾਰੀਵਾਦ: ਸਮਾਜ ਤੇ ਸਿੱਧਾਂਤਕ ਚਿੰਤਨ,ਕੇ.ਜੀ.ਗ੍ਰਾਫ਼ਿਕਸ ਅੰਮ੍ਰਿਤਸਰ 2017


**Online Links**

https://punjabipedia.org/topic.aspx?txt=%E0%A8%A8%E0%A8%BE%E0%A8%B0%E0%A9%80%E0%A8%9A%E0%A9%87%E0%A8%A4%E0%A8%A8%E0%A8%BE

Yaadvinder Kaur, Lovely Prefessional University

# Unit 04: 'ਹਜ਼ਾਰ ਰੰਗਾਂ ਦੀ ਲਾਟ' ਵਿਚ ਪੇਸ਼ ਨਾਰੀ ਸੰਵਾਦ, ਥੀਮਗਤ ਪਸਾਰ ਅਤੇ ਰੂਪਗਤ ਵਿਸ਼ਲੇਸ਼ਣ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਸੁਖਵਿੰਦਰ ਦੇ ਜੀਵਨ ਅਤੇ ਸਾਹਿਤ ਸੰਸਾਰ ਨੂੰ ਜਾਨਣ ਦੇ ਸਮਰੱਥ ਹੋਣਗੇ।
- ਸੁਖਵਿੰਦਰ ਦੀ ਕਾਵਿ-ਚੇਤਨਾ ਨੂੰ ਸਮਝਣ ਦੇ ਯੋਗ ਹੋਣਗੇ।
- ਸੁਖਵਿੰਦਰ ਦੀ ਨਾਰੀ-ਚੇਤਨਾ ਦਾ ਅਧਿਐਨ ਕਰਨ ਦੇ ਕਾਬਿਲ ਹੋਣਗੇ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸੁਖਵਿੰਦਰ ਅੰਮ੍ਰਿਤ ਦੀ ਨਾਰੀ ਦ੍ਰਿਸ਼ਟੀ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਸੁਖਵਿੰਦਰ ਅੰਮ੍ਰਿਤ ਦੇ ਕਾਵਿ ਸੰਗ੍ਰਹਿ 'ਹਜ਼ਾਰ ਰੰਗਾਂ ਦੀ ਲਾਟ' ਵਿੱਚ ਪੇਸ਼ ਨਾਰੀ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਪੰਜਾਬੀ ਨਾਰੀ ਕਾਵਿ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਨਾਰੀ ਕਾਵਿ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ। ਆਧੁਨਿਕ ਯੁੱਗ ਵਿੱਚ ਨਾਰੀ ਕਾਵਿ ਦਾ ਮਹੱਤਵ ਬਹੁਤ ਵੱਧ ਗਿਆ ਹੈ।

ਸੁਖਵਿੰਦਰ ਦਾ ਜਨਮ ਪਿੰਡ ਸਦਰਪੁਰਾ ਵਿਖੇ ਹੋਇਆ। ਸੁਖਵਿੰਦਰ ਆਪਣੇ ਘਰ ਦੀ ਜੇਠੀ ਧੀ ਹੈ। ਇੱਕ ਭਰਾ ਤੇ ਚਾਰ ਭੈਣਾਂ ਦੀ ਸਭ ਤੋਂ ਵੱਡੀ ਭੈਣ। ਪੰਜ ਧੀਆਂ ਦਾ ਭਾਰ ਉਤਾਰਨ ਦੀ ਕਾਹਲੀ ਵਿੱਚ ਮਾਪਿਆਂ ਨੇ 17 ਸਾਲਾਂ ਦੀ ਉਮਰ ਵਿੱਚ ਸੁਖਵਿੰਦਰ ਦਾ ਵਿਆਹ ਕਰ ਦਿੱਤਾ। ਉਹ ਦੁਬਾਰਾ ਪੜ੍ਹਨ ਲੱਗ ਪਈ,ਵਿਆਹ ਵੇਲੇ ਉਹ ਨੌਵੀਂ ਪਾਸ ਸੀ,ਉਹਨੇ ਹੌਲੀ ਹੌਲੀ ਮੈਟ੍ਰਿਕ,ਬੀ.ਏ., ਐਮ.ਏ. ਕੀਤੀ ਤੇ ਹੁਣ ਉਹ ਕਿੰਨ੍ਹੀਆਂ ਕਿਤਾਬਾਂ ਦੀ ਸਿਰਜਕ ਹੈ। ਸੁਖਵਿੰਦਰ ਅੰਮ੍ਰਿਤ ਦੇ ਕਾਵਿ ਸਫਰ ਦਾ ਆਰੰਭ 1997 ਵਿੱਚ ਸੂਰਜ ਦੀ ਦਹਿਲੀਜ਼ ਗ਼ਜ਼ਲ ਸੰਗ੍ਰਹਿ ਦੇ ਪ੍ਰਕਾਸ਼ਿਤ ਹੋਣ ਨਾਲ ਹੋਇਆ। ਇਸ ਉਪਰੰਤ ਉਸ ਦੇ ਦੂਜੇ ਗ਼ਜ਼ਲ ਸੰਗ੍ਰਹਿ ਚਿਰਾਗਾਂ ਦੀ ਡਾਰ (1999) ਅਤੇ ਖੁੱਲ੍ਹੀਆਂ ਕਵਿਤਾਵਾਂ ਦਾ ਸੰਗ੍ਰਹਿ ਕਣੀਆਂ(2000) ਪ੍ਰਕਾਸ਼ਿਤ ਹੋਇਆ। ਉਸ ਦੀ ਚੌਥੀ ਪੁਸਤਕ ਪਰ ਤੀਜਾ ਗ਼ਜ਼ਲ ਸੰਗ੍ਰਹਿ ਪੱਤਝੜ ਵਿੱਚ ਪੁੰਗਰਦੇ ਪੱਤੇ (2002) ਅਤੇ 2003 ਵਿੱਚ ਉਸ ਦੀ ਸੰਪਾਦਤ ਗ਼ਜ਼ਲ ਸੰਗ੍ਰਹਿ ਕੇਸਰ ਦੇ ਛਿੱਟੇ ਵੀ ਪ੍ਰਕਾਸ਼ਿਤ ਹੋ ਚੁੱਕੀ ਸੀ।

ਡਾ. ਰਾਜਿੰਦਰ ਪਾਲ ਸਿੰਘ ਨੇ ਲਿਖਿਆ ਹੈ ਕਿ ਉਸਦੇ ਸਵੈ-ਕਥਨ ਅਨੁਸਾਰ ਮੇਰੀ ਸ਼ਾਇਰੀ ਵੀ ਪਿਆਰ ਦੀ ਹਕੀਕਤ ਅਤੇ ਇਸ ਆਦਰਸ਼ਕ ਰਿਸ਼ਤੇ ਨਾਲ ਗਹਿਰੀ ਤਰ੍ਹਾਂ ਜੁੜੀ ਹੋਈ ਹੈ ਪਿਆਰ ਵਿਚ ਬੱਝਿਆ ਸਮਾਜ ਮੇਰਾ ਆਦਰਸ਼ ਹੈ। ਪੰਜਾਬੀ ਵਿਚ ਪਿਆਰ ਕਾਵਿ ਨੂੰ ਪ੍ਰਵਾਨਿਆ ਵੀ ਗਿਆ ਹੈ ਅਤੇ ਨਕਾਰਿਆ ਵੀ ਗਿਆ ਹੈ। ਇਸ਼ਕ ਮਿਜਾਜ਼ੀ ਅਤੇ ਇਸ਼ਕ ਹਕੀਕੀ ਵਿਚ ਦਵੈਤ ਥਾਪ ਦਿੱਤੀ। ਆਧੁਨਿਕ ਕਾਲ ਵਿਚ ਵੀ ਸਾਡੇ ਪ੍ਰਗਤੀਵਾਦੀ ਆਲੋਚਨਾ ਨੇ ਇਕ ਪਾਸੇ ਤਾਂ ਹੀਰ ਰਾਂਝੇ ਦੀ ਕਹਾਣੀ ਨੂੰ ਅਮੀਰ ਘਰਾਂ ਦੇ ਵਿਗੜੇ ਮੁੰਡੇ ਕੁੜੀਆਂ ਦੀ ਗਾਥਾ ਕਹਿ ਕੇ ਛੱਡ ਦਿੱਤਾ ਜਦੋਂ ਕਿ ਪ੍ਰਗਤੀਵਾਦ ਦਾ ਮੂਲ ਆਧਾਰ ਮਾਰਕਸਵਾਦ ਸਰੀਰਕ ਪਿਆਰ ਦੀ ਲੋੜ ਮਹਿਸੂਸ ਕਰਦਾ ਸੀ। ਅਜਿਹੇ ਦੋਫਾੜ ਮਨ ਨੇ ਹੀ ਇਸ਼ਕ ਮੁਸ਼ਕ ਦੀਆਂ ਗੱਲਾਂ ਵਿਹਲੇ ਵੇਲੇ ਦੀਆਂ ਕਹਿ ਕੇ ਛੱਡ ਦਿੱਤੀਆਂ। ਇਕ ਤਰ੍ਹਾਂ ਨਾਲ ਜਿਸ ਕਿਸਮ ਦਾ ਵਿਰੋਧ 'ਇਸ਼ਕ ਹਕੀਕੀ' ਅਤੇ 'ਇਸ਼ਕ ਮਿਜਾਜ਼ੀ' ਵਿਚ ਕਲਪਿਆ ਜਾਂਦਾ ਸੀ ਐਨ ਉਸੇ ਤਰ੍ਹਾਂ ਦਾ ਹੀ 'ਇਨਕਲਾਬ' ਅਤੇ 'ਇਸ਼ਕ' ਵਿਚ ਥਾਪ ਲਿਆ ਗਿਆ। ਸਭ ਤੋਂ ਭੈੜੀ ਗੱਲ ਇਹ ਹੋਈ ਕਿ ਆਧੁਨਿਕ ਸਰਮਾਏਦਾਰੀ ਨੇ ਰਿਸ਼ਤਿਆਂ ਦਾ ਮਸ਼ੀਨੀਕਰਨ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਇਸ਼ਕ ਨਿਰੋਲ ਸਰੀਰਕ ਭੋਗ ਤਕ ਸੀਮਤ ਕਰ ਦਿੱਤਾ ਗਿਆ ਜਦੋਂ ਕਿ ਸਰੀਰਕ ਭੋਗ ਇਸ਼ਕ ਦਾ ਇਕ ਭਾਗ ਹੋ ਸਕਦਾ ਹੈ ਪਰ ਇਹ ਸਾਰਾ ਇਸ਼ਕ ਨਹੀਂ ਹੈ। ਇਸ਼ਕ ਸਿਰਫ ਆਪਣੀਆਂ ਕਾਮਨਾਵਾਂ ਸ਼ਾਂਤ ਕਰ ਲੈਣ ਤਕ ਸੀਮਤ ਨਹੀਂ ਹੁੰਦਾ ਸਗੋਂ ਇਹ ਅਸੀਮ ਤੜਪਣ ਦਾ ਜਨੂੰਨ ਹੁੰਦਾ ਹੈ। ਅਸਲ ਵਿਚ ਇਸ਼ਕ ਮਨੁੱਖ ਦੀ ਆਪਣੀ ਮਰਜੀ ਦੀ ਮੜਕ ਨਾਲ ਜ਼ਿੰਦਗੀ ਜਿਉਣ ਦੀ ਲੋਚਾ ਦਾ ਨਾਂ ਹੈ। ਇਸੇ ਲਈ ਇਸ਼ਕ ਅਤੇ ਬਗਾਵਤ ਸਮਰੂਪ ਹੋ ਜਾਂਦੇ ਹਨ।

ਰਵਾਇਤੀ ਗ਼ਜ਼ਲ ਦੀ ਇਕ ਹੋਰ ਰਵਾਇਤ ਇਹ ਵੀ ਮੰਨੀ ਜਾਂਦੀ ਸੀ ਕਿ ਗ਼ਜ਼ਲ ਦੇ ਸ਼ਿਅਰਾਂ ਵਿਚ ਸੰਬੋਧਨ ਕਰਤਾ ਜਾਂ ਸੰਬੋਧਨੀ ਦਾ ਲਿੰਗ ਪਤਾ ਨਾ ਲੱਗੇ। ਸੁਖਵਿੰਦਰ ਇਸ ਰਵਾਇਤ ਦੀਆਂ ਧਜੀਆਂ ਉਡਾਉਂਦੀ ਹੈ:

ਸੁਣੋ ਸਖੀਓ, ਤੁਹਾਡੇ ਤੋਂ ਕੋਈ ਓਹਲਾ ਨਾ ਪਰਦਾ ਹੈ

ਕਿ ਅੱਧੀ ਰਾਤ ਮੇਰੀ ਛੱਤ 'ਤੇ ਇਕ ਚੰਨ ਉਤਰਦਾ ਹੈ

ਉਸ ਲਈ ਵਿਯੋਗ ਨਹੀਂ, ਸੰਯੋਗ ਅਹਿਮ ਹੈ। ਉਸ ਲਈ ਮੁਸ਼ਕਲ ਹਿੰਮਤ ਹਾਰਨ ਦੀ ਚੀਜ ਨਹੀਂ ਸਗੋਂ ਚੁਣੌਤੀ ਹੈ ਜਿਸ ਨੂੰ ਪਾਰ ਕਰਨਾ ਉਸ ਲਈ ਖੁਸ਼ੀ ਭਰੀ ਵੰਗਾਰ ਹੈ।

-ਮੈਂ ਉਸ ਦੀ ਪੈੜ ਨਹੀਂ ਕਿ ਛੱਡ ਕੇ ਤੁਰ ਜਾਏਗਾ ਮੈਨੂੰ

ਮੈਂ ਉਸ ਦਾ ਗੀਤ ਹਾਂ ਸਾਰੇ ਸਫਰ ਵਿਚ ਗਾਏਗਾ ਮੈਨੂੰ

ਅਜਿਹੇ ਸ਼ੇਅਰਾਂ ਨਾਲ ਉਹ ਬਦਲ ਰਹੀ ਨਾਰੀ ਦੇ ਮਨ ਵਿਚਲੇ ਪ੍ਰੇਮੀ-ਪ੍ਰੇਮਿਕਾ ਦੇ ਸੰਕਲਪ ਨੂੰ ਸਪਸ਼ਟ ਕਰ ਦਿੰਦੀ ਹੈ। ਅੰਮ੍ਰਿਤ ਕਿਸੇ ਰਵਾਇਤੀ ਉਧਾਰੇ ਨਾਰੀਵਾਦ ਦੀ ਲਾਗ ਤੋਂ ਮੁਕਤ ਹੈ। ਉਸ ਅੰਦਰ ਮੌਲਿਕ ਰੂਪ ਵਿਚ ਹੀ ਸੰਪੂਰਨ ਔਰਤ ਹੋਣ ਦਾ ਮਾਣ ਹੈ। ਇਸੇ ਕਰਕੇ ਉਹ ਨਾ ਜਮਾਨੇ ਤੋਂ ਡਰਦੀ ਹੈ ਅਤੇ ਨਾ ਹੀ ਗਾਲ੍ਹਾਂ ਕੱਢਦੀ ਹੈ ਸਗੋਂ ਉਲਟਾ ਜ਼ਮਾਨੇ ਨੂੰ ਚੁਣੌਤੀ ਦਿੰਦੀ ਹੈ ਕਿ ਟਕਰਾ ਕੇ ਦੇਖ ਲੈ ਮੈਂ ਜਿੱਤ ਜਾਵਾਂਗੀ।

ਮੈਂ ਹਰ ਅਗਨੀ ਪਰੀਖਿਆ ਚੋਂ ਸਲਾਮਤ ਨਿਕਲ ਆਈ ਹਾਂ

ਜ਼ਮਾਨਾ ਹੋਰ ਕਦ ਤੀਕਰ ਭਲਾ ਅਜਮਾਏਗਾ ਮੈਨੂੰ

ਕਾਵਿਕਤਾ ਲਈ ਜ਼ਰੂਰੀ ਹੈ ਵਿਚਾਰ ਦਾ ਬਿੰਬ ਵਿਚ ਢਲਣਾ। ਸੁਖਵਿੰਦਰ ਅੰਮ੍ਰਿਤ ਨੇ ਰਵਾਇਤੀ ਬਿੰਬਾਂ/ਪ੍ਰਤੀਕਾਂ ਨੂੰ ਨਵੇਂ ਭਾਵ-ਅਰਥ ਦੇਣ ਲਈ ਤਾਂ ਵਰਤਿਆ ਹੀ ਹੈ, ਕਈ ਅਸਲੋਂ ਅਛੂਤੇ ਨਵੇਂ ਬਿੰਬ ਵੀ ਵਰਤੇ ਹਨ।

ਕਿਸੇ ਸੋਨੇ ਦੇ ਕਣ ਨੂੰ ਹੀ ਜ਼ਮਾਨਾ ਅਗਨ ਵਿਚ ਪਾਵੇ

ਕਿ ਜ਼ਰਾ ਖ਼ਾਕ ਦਾ ਤਾਂ ਇਮਤਿਹਾਨਾਂ ਨੂੰ ਤਰਸ ਜਾਵੇ

ਸੁਖਵਿੰਦਰ ਅੰਮ੍ਰਿਤ ਨੇ ਪੰਜਾਬੀ ਕਵਿਤਾ ਨੂੰ ਅਸਲੋਂ ਸੱਜਰਾ ਤੇ ਨਿਵੇਕਲਾ ਮੁਹਾਵਰਾ ਦੇ ਕੇ ਨਵੀਂ ਬੁਲੰਦੀ ’ਤੇ ਪਹੁੰਚਾਇਆ ਹੈ। ਉਸਦੀ ਗ਼ਜ਼ਲ ਵਿਚਲੇ ਨਾਰੀਪਨ ਨੇ ਪੰਜਾਬੀ ਗ਼ਜ਼ਲ ਨੂੰ ਨਵੀਂ ਨੁਹਾਰ ਅਤੇ ਰੰਗਤ ਨਾਲ ਸਰਸ਼ਾਰ ਕੀਤਾ ਹੈ। ਉਸ ਦੀ ਕਵਿਤਾ ਵਿੱਚ ਲੋਕ- ਗੀਤਾਂ ਵਰਗਾ ਗਹਿਰਾ ਅਨੁਭਵ ਤੇ ਵੇਗ ਹੈ। ਨਵੀਂ ਪੀੜੀ ਦੀ ਇਹ ਸਿਰਮੌਰ ਸ਼ਾਇਰਾ ਪੰਜਾਬੀ ਕਵਿਤਾ 'ਚ ਨਵੇਂ ਬਿੰਬ ਤੇ ਨਵੇਂ ਸੰਕਲਪ ਲੈ ਕੇ ਆਈ ਹੈ। ਉਹ ਜਿੰਨੀ ਸ਼ਿੱਦਤ ਨਾਲ ਉਚੀਆਂ ਕਦਰਾਂ ਕੀਮਤਾਂ ਨੂੰ ਮੁਹੱਬਤ ਕਰਦੀ ਹੈ, ਓਨੇ ਹੀ ਰੋਹ ਨਾਲ ਅਣ- ਮਨੁੱਖੀ ਵਰਤਾਰਿਆਂ ਨੂੰ ਨਕਾਰਦੀ ਹੈ।ਸੁਖਵਿੰਦਰ ਅੰਮ੍ਰਿਤ ਨੇ ਹਿੰਦੀ ਦੀ ਕਾਵਿ ਰਚਨਾ “ ਕਨੂਪ੍ਰਿਆ ” ਦਾ ਪੰਜਾਬੀ ਚ ਕਾਵਿ ਅਨੁਵਾਦ ਪੰਜਾਬੀ ਅਕਾਦਮੀ ਦਿੱਲੀ ਲਈ ਕੀਤਾ। ਉਸ ਦੀਆਂ ਪੁਸਤਕਾਂ ਹਿੰਦੀ ਤੇ ਅੰਗਰੇਜ਼ੀ ਚ ਅਨੁਵਾਦਿਤ ਹੋਈਆ ਹਨ।

**ਕਾਵਿ-ਸੰਗ੍ਰਹਿ**

- ''ਕਣੀਆਂ'' (2000)
- ''ਧੁੱਪ ਦੀ ਚੁੰਨੀ'' (2006)
- ''ਚਿੜੀਆਂ'' (2014)
- ਰਿਸ਼ਤਿਆਂ ਦੀ ਰੰਗੋਲੀ (ਸੰਪਾਦਿਤ) (2014)
- ਨੀਲਿਆ ਮੋਰਾ ਵੇ (ਗੀਤ) (2012)
- ਕਨੂਪ੍ਰਿਆ (ਅਨੁਵਾਦਿਤ) (2018 ਪੰਜਾਬੀ ਅਕਾਦਮੀ ਦਿਲੀ)
- ਗ਼ਜ਼ਲ-ਸੰਗ੍ਰਹਿ
- ਸੂਰਜ ਦੀ ਦਹਿਲੀਜ਼ (1997)
- ਚਿਰਾਗ਼ਾਂ ਦੀ ਡਾਰ (1999)
- ਪੱਤਝੜ ਵਿੱਚ ਪੁੰਗਰਦੇ ਪੱਤੇ (2002)
- ਹਜ਼ਾਰ ਰੰਗਾਂ ਦੀ ਲਾਟ (2008)
- ਪੁੰਨਿਆ (2011)
- ਕੇਸਰ ਦੇ ਛਿੱਟੇ (ਸੰਪਾਦਿਤ) (2003)

**ਇਨਾਮ-ਸਨਮਾਨ**

- ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਕਵੀ ਪੁਰਸਕਾਰ ਅਤੇ ਗੁਰਮੁਖ ਸਿੰਘ ਮੁਸਾਫ਼ਰ ਪੁਰਸਕਾਰ (2007)
- ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ (2007)
- ਦੇਸ਼ਾਂ - ਵਿਦੇਸ਼ਾ ਦੀਆਂ ਅਨੇਕ ਸੰਸਥਾਵਾਂ ਵੱਲੋਂ ਕਈ ਹੋਰ ਸਨਮਾਨ
- ਸੁਖਵਿੰਦਰ ਅੰਮ੍ਰਿਤ ਦੀਆ ਰਚਨਾਵਾਂ ਅਤੇ ਪੁਸਤਕਾਂ ਭਾਰਤੀ ਯੁਨੀਵਰਸਿਟੀਆਂ ਤੇ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਦਾ ਹਿੱਸਾ ਹਨ।

ਸੁਖਵਿੰਦਰ ਅੰਮ੍ਰਿਤ ਆਧੁਨਿਕ ਪੰਜਾਬੀ ਕਵਿਤਰੀਆਂ ਵਿਚੋਂ ਸਭ ਤੋਂ ਵਧੇਰੇ ਪ੍ਰਵਾਨਿਤ ਅਤੇ ਸਮਰੱਥ ਨਾਂ ਹੈ। ਵਿਚਾਰਧਾਰਾ ਦੇ ਉਪਰੋਕਤ ਸਿਧਾਂਤਕ ਪਰਿਪੇਖ ਵਿਚ ਸੁਖਵਿੰਦਰ ਅੰਮ੍ਰਿਤ ਦੇ ਕਾਵਿ ਦਾ ਅਧਿਐਨ ਕਰਦਿਆਂ ਬਹੁਤ ਮਹੱਤਵਪੂਰਨ ਨੁਕਤੇ ਸਾਹਮਣੇ ਆਉਂਦੇ ਹਨ। ਉਸਦੀਆਂ ਰਚਨਾਵਾਂ ਵਿਚ ਪੰਜਾਬੀ ਸਭਿਆਚਾਰਕ ਅਵਚੇਤਨ ਦੀ ਗੂੰਜ ਸੁਣੀ ਜਾ ਸਕਦੀ ਹੈ। ਇਸ ਗੂੰਜ ਵਿੱਚ ਤ੍ਰੈਕਾਲੀ ਸੰਵੇਦਨਾ ਸਮੋਈ ਹੋਈ ਹੈ। ਤ੍ਰੈਕਾਲੀ ਸੰਵੇਦਨਾ ਦੇ ਹਵਾਲੇ ਨਾਲ ਵਿਰਾਸਤ ਵਿਚੋਂ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਵਿਚ ਗੁਰਮਤਿ-ਸੂਫ਼ੀ ਕਾਵਿ ਦੀਆਂ ਤਰੰਗਾਂ ਹਨ। ਇਨ੍ਹਾਂ ਤਰੰਗਾਂ ਵਿਚ ਭਾਰਤੀ ਪਰੰਪਰਾ ਦੇ ਬਹੁਤ ਰੰਗ ਪਛਾਣੇ ਜਾ ਸਕਦੇ ਹਨ:

ਬਾਂਵਰੀ ਦੀਵਾਨੀ ਚਾਹੇ ਪਗਲੀ ਕਹੋ

ਬਸ ਮੇਰੇ ਰਾਮਾ ਮੈਨੂੰ ਆਪਣੀ ਕਹੋ

ਜੇ ਹੈ ਮੇਰੇ ਤਨ ਵਿਚ ਰੂਹ ਫੂਕਣੀ

ਹੋਠਾਂ ਸੰਗ ਲਾਵੋ ਨਾਲੇ ਵੰਝਲੀ ਕਹੋ

ਆਵਾਂਗੀ ਮੈਂ ਨ੍ਹੇਰਿਆਂ ਦੀ ਹਿੱਕ ਚੀਰ ਕੇ

ਇਕ ਵਾਰ ਤੁਸੀਂ ਮੈਨੂੰ ਰੌਸ਼ਨੀ ਕਹੋ

ਹੁਣ ਤਕ ਪੰਜਾਬੀ ਕਾਵਿ ਨੂੰ ਕੁਝ ਵਿਸ਼ੇਸ਼ ਚੌਖਟਿਆਂ ਰਾਹੀਂ ਪਰਖਣ ਦਾ ਯਤਨ ਹੁੰਦਾ ਰਿਹਾ ਹੈ। ਇਨ੍ਹਾਂ ਚੌਖਟਿਆਂ ਤੋਂ ਬਾਹਰ ਰਹਿ ਗਏ ਪੱਖਾਂ ਨੂੰ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ ਜਾਂ ਨਿੰਦਿਆ ਜਾਂਦਾ ਰਿਹਾ ਹੈ। ਮਸਲਨ ਉਪਰੋਕਤ ਕਾਵਿ-ਸਤਰਾਂ ਵਿਚ ਸੂਫ਼ੀਆਨਾ ਰੰਗਤ ਵਿਚ ਪੇਸ਼ ਨਾਰੀਵਾਦੀ ਇਹ ਕਹਿ ਸਕਦੇ ਹਨ ਕਿ ਸੁਖਵਿੰਦਰ ਅੰਮ੍ਰਿਤ ਦੀ ਸਮਰਪਣ ਦੀ ਭਾਵਨਾ ਨਾਲ ਅਸਹਿਮਤੀ ਹੈ ਪਰ ਅਜਿਹਾ ਐਲਾਨ ਕਰਦਿਆਂ ਆਲੋਚਕ ਇਹ ਭੁੱਲ ਜਾਂਦੇ ਨੇ ਸ਼ਾਇਦ ਕਿ ਜ਼ਿੰਦਗੀ ਦੀਆਂ ਪਰਤਾਂ ਬਹੁਤ ਵਿਸ਼ਾਲ ਹਨ ਤੇ ਅਸੰਖ ਵੀ। ਇਨ੍ਹਾਂ ਦੀ ਸਮੁੱਚਤਾ ਹੀ ਸੁਖਵਿੰਦਰ ਅੰਮ੍ਰਿਤ ਕਾਵਿ ਦੀ ਪ੍ਰਾਪਤੀ ਹੈ। ਇਸੇ ਲਈ ਸਮਰਪਣ ਵਾਲੀਆਂ ਉਪਰੋਕਤ ਸਤਰਾਂ ਦੇ ਨਾਲ-ਨਾਲ ਵਿਦਰੋਹੀ ਸੁਰ ਵਾਲੀਆਂ ਹੇਠ ਲਿਖੀਆਂ ਸਤਰਾਂ ਵੀ ਦੇਖੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਡਾ. ਰਾਜਿੰਦਰਪਾਲ ਸਿੰਘ ਵੀ ਲਿਖਦੇ ਹਨ: "ਸੁਖਵਿੰਦਰ ਅੰਮ੍ਰਿਤ ਕਿਸੇ ਰਵਾਇਤੀ ਉਧਾਰੇ ਨਾਰੀਵਾਦ ਦੀ ਲਾਗ ਤੋਂ ਮੁਕਤ ਹੈ। ਉਸ ਅੰਦਰ ਮੌਲਿਕ ਰੂਪ ਵਿਚ ਹੀ ਸੰਪੂਰਨ ਔਰਤ ਹੋਣ ਦਾ ਮਾਣ ਹੈ। ਇਸੇ ਕਰਕੇ ਉਹ ਨਾ ਤਾਂ ਜ਼ਮਾਨੇ ਤੋਂ ਡਰਦੀ ਹੈ ਅਤੇ ਨਾ ਹੀ ਗਾਲਾਂ ਕੱਢਦੀ ਹੈ ਸਗੋਂ ਉਲਟਾ ਜ਼ਮਾਨੇ ਨੂੰ ਚੁਣੌਤੀ ਦਿੰਦੀ ਹੈ ਕਿ ਟਕਰਾ ਕੇ ਦੇਖ ਲੈ ਮੈਂ ਜਿੱਤ ਜਾਵਾਂਗੀ।

ਮੈਂ ਹਰ ਅਗਨੀ ਪ੍ਰੀਖਿਆ 'ਚੋਂ ਸਲਾਮਤ ਨਿਕਲ ਆਈ ਹਾਂ,

ਜ਼ਮਾਨਾ ਹੋਰ ਕਦ ਤੀਕਰ ਭਲਾ ਅਜਮਾਏਗਾ ਮੈਨੂੰ।

ਸੁਖਵਿੰਦਰ ਅੰਮ੍ਰਿਤ ਦਾ ਨਾਰੀਵਾਦ ਪੱਛਮੀ ਸਿਧਾਂਤਾ ਉਪਰ ਨਿਰਭਰ ਨਹੀਂ ਕਰਦਾ। ਉਹ ਆਪਣੀਆਂ ਜੜ੍ਹਾਂ ਨਾਲ ਜੁੜੀ ਹੋਈ ਹੈ ਅਤੇ ਆਪਣੀ ਪਰੰਪਰਾ ਵਿਚੋਂ ਆਪਣੇ ਨਾਰੀਵਾਦ ਦੇ ਨਕਸ਼ ਤਲਾਸ਼ਦੀ ਹੈ ਵਰਤਮਾਨ ਨਾਲ ਸੰਵਾਦ ਰਚਾਉਂਦਿਆਂ ਭਵਿੱਖਮੁਖੀ ਪਹੁੰਚ ਦ੍ਰਿਸ਼ਟੀ ਦਾ ਪ੍ਰਗਟਾਵਾ ਵੀ ਕਰਦੀ ਹੈ। ਏਸੇ ਲਈ ਉਸ ਦੀਆਂ ਕਵਿਤਾਵਾਂ ਪ੍ਰਚੱਲਿਤ ਵਿਚਾਰਧਾਰਕ ਚੌਖਟਿਆਂ ਵਿਚ ਫਿੱਟ ਨਹੀਂ ਕੀਤੀਆਂ ਜਾ ਸਕਦੀਆਂ।

ਚਾਹੁੰਦੀ ਹਾਂ

ਕਿ ਤੂੰ

ਛੇਤੀ ਛੇਤੀ ਸਿੱਖ ਜਾਵੇਂ:

ਊੜਾ, ਆੜਾ

ਕਾਇਦਾ, ਕਿਤਾਬ ਤੇ ਕਵਿਤਾ

ਤੇ ਜਾਣ ਜਾਵੇਂ:

ਮਰਦ ਮਾਇਨੇ ਹਕੂਮਤ

ਔਰਤ ਮਾਇਨੇ ਬੇਬਸੀ

ਝਾਂਜਰ ਮਾਇਨੇ ਬੇੜੀ

ਚੂੜੀ ਮਾਇਨੇ ਹਥਕੜੀ.....

ਚਾਹੀਦਾ ਤਾਂ ਸੀ:

ਮਰਦ ਮਾਇਨੇ ਮੁਹੱਬਤ

ਔਰਤ ਮਾਇਨੇ ਵਫ਼ਾ

ਝਾਂਜਰ ਮਾਇਨੇ ਨ੍ਰਿਤ

ਚੂੜੀ ਮਾਇਨੇ ਅਦਾ..........

ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਦਾ ਕੇਂਦਰੀ ਨੁਕਤਾ ਪਿਆਰ ਹੈ। "ਉਸਦੇ ਸਵੈ-ਕਥਨ ਅਨੁਸਾਰ ਮੇਰੀ ਸ਼ਾਇਰੀ ਵੀ ਪਿਆਰ ਦੀ ਹਕੀਕਤ ਅਤੇ ਇਸ ਆਦਰਸ਼ਕ ਰਿਸ਼ਤੇ ਨਾਲ ਗਹਿਰੀ ਤਰ੍ਹਾਂ ਜੁੜੀ ਹੋਈ ਹੈ ਪਿਆਰ ਵਿਚ ਬੱਝਿਆ ਸਮਾਜ ਮੇਰਾ ਆਦਰਸ਼ ਹੈ। ਪੰਜਾਬੀ ਵਿਚ ਪਿਆਰ ਕਾਵਿ ਨੂੰ ਪ੍ਰਵਾਨਿਆ ਵੀ ਗਿਆ ਹੈ ਅਤੇ ਨਕਾਰਿਆ ਵੀ ਗਿਆ ਹੈ। ਇਸ਼ਕ ਮਿਜਾਜ਼ੀ ਅਤੇ ਇਸ਼ਕ ਹਕੀਕੀ ਵਿਚ ਦਵੈਤ ਥਾਪ ਦਿੱਤੀ। ਆਧੁਨਿਕ ਕਾਲ ਵਿਚ ਵੀ ਸਾਡੇ ਪ੍ਰਗਤੀਵਾਦੀ ਆਲੋਚਨਾ ਨੇ ਇਕ ਪਾਸੇ ਤਾਂ ਹੀਰ ਰਾਂਝੇ ਦੀ ਕਹਾਣੀ ਨੂੰ ਅਮੀਰ ਘਰਾਂ ਦੇ ਵਿਗੜੇ ਮੁੰਡੇ ਕੁੜੀਆਂ ਦੀ ਗਾਥਾ ਕਹਿ ਕੇ ਛੱਡ ਦਿੱਤਾ ਜਦੋਂ ਕਿ ਪ੍ਰਗਤੀਵਾਦ ਦਾ ਮੂਲ ਆਧਾਰ ਮਾਰਕਸਵਾਦ ਸਰੀਰਕ ਪਿਆਰ ਦੀ ਲੋੜ ਮਹਿਸੂਸ ਕਰਦਾ ਸੀ। ਅਜਿਹੇ ਦੋਫਾੜ ਮਨ ਨੇ ਹੀ ਇਸ਼ਕ ਮੁਸ਼ਕ ਦੀਆਂ ਗੱਲਾਂ ਵਿਹਲੇ ਵੇਲੇ ਦੀਆਂ ਕਹਿ ਕੇ ਛੱਡ ਦਿੱਤੀਆਂ। ਇਸ ਤਰ੍ਹਾਂ ਸੁਖਵਿੰਦਰ ਅੰਮ੍ਰਿਤ ਮਾਰਕਵਾਦੀ ਵਿਚਾਰਧਾਰਾ ਬਾਰੇ ਮੁੱਖ ਚਿੰਤਕਾਂ ਦੀ ਵਿਚਾਰਧਾਰਾ ਦੀ ਵਰਗਵੰਡ ਤੋਂ ਪਾਰ ਚਲੀ ਜਾਂਦੀ ਹੈ। ਇਹ ਗੱਲ ਸਪਸ਼ਟ ਹੈ ਕਿ ਪੰਜਾਬੀ ਚਿੰਤਨ ਤੇ ਸਾਹਿਤ ਪਿਛਲੇ ਕਈ ਦਹਾਕਿਆਂ ਤੋਂ ਪੱਛਮ ਦਾ ਪਿੱਛਲੱਗ ਬਣਿਆਂ ਹੋਇਆ ਹੈ। ਜਿਸ ਕਰਕੇ ਹਾਲੇ ਤੀਕ ਅਸੀਂ ਆਪਣਾ ਸਾਹਿਤ-ਸ਼ਾਸਤਰ ਉਲੀਕਣ ਤੋਂ ਵੀ ਵਿਰਵੇ ਰਹਿ ਗਏ ਹਾਂ। ਇਸ ਪੱਖ ਚਿੰਤਨ ਦੇ ਖੇਤਰ ਵਿਚ ਤੋਂ ਡਾ. ਗੁਰਭਗਤ ਸਿੰਘ ਨੇ ਕਈ ਕਾਰਜ ਕੀਤੇ ਹਨ ਤੇ ਬਹੁਤ ਮਹੱਤਵਪੂਰਨ ਹਨ ਅਤੇ ਨਾਰੀ-ਸਾਹਿਤ ਦੇ ਖੇਤਰ ਸੁਖਵਿੰਦਰ ਅੰਮ੍ਰਿਤ ਸਭ ਤੋਂ ਮਹੱਤਵਪੂਰਨ ਹਸਤਾਖਰ ਵਜੋਂ ਕਾਰਜਸ਼ੀਲ ਹੈ। ਉਸ ਦੀਆਂ ਕਾਵਿ-ਰਚਨਾਵਾਂ ਮਹਾਂ-ਬਿਰਤਾਂਤਾਂ ਨੂੰ ਨਕਾਰਦੀਆਂ ਹੋਈਆਂ ਨਵੇਂ ਸੰਤੁਲਤ ਸਮਾਜ ਦੀ ਸਿਰਜਣਾ ਦਾ ਮਾਡਲ ਪੇਸ਼ ਕਰਦੀਆਂ ਹਨ:

ਚੀਰ ਕੇ ਹਨ੍ਹੇਰੇ ਦੀਆਂ ਤਹਿਆਂ

ਰੱਦ ਕਰ ਕੇ

ਮਨੂੰ ਸਮ੍ਰਿਤੀ ਦੇ ਉਪਦੇਸ਼

ਅਣਸੁਣੀ ਕਰ ਕੇ

ਅਖੌਤੀ ਧਰਮਾਂ ਦੀ ਹਾਹਾਕਾਰ

ਤੂੰ ਆ ਤਾਂ ਸਹੀ.....

ਮੈਂ ਵੀ ਉਲੰਘ ਆਵਾਂਗੀ

ਰਸਮਾਂ ਦੀ ਲਛਮਣ ਰੇਖਾ

ਤੋੜ ਦਿਆਂਗੀ

ਰਿਸ਼ਤਿਆਂ ਦਾ ਜਾਲ

ਤੂੰ ਬਣ ਜਾਵੀਂ

ਦੁਨੀਆਂ ਦਾ ਪ੍ਰਥਮ ਪੁਰਸ਼

ਮੈਂ ਹੋਵਾਂਗੀ:

ਦੁਨੀਆਂ ਦੀ ਪ੍ਰਥਮ ਨਾਰ

ਆਪਾਂ ਦੋਵੇਂ ਰਲ ਕੇ

ਸਿਰਜਾਂਗੇ

ਨਵੀਂ ਸੱਭਿਅਤਾ

ਨਵਾਂ ਧਰਮ

ਨਵਾਂ ਇਤਿਹਾਸ। .........

ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਵਿਚ ਚਿੰਨ੍ਹਾਂ ਦੀ ਬਹੁਤ ਖੂਬਸੂਰਤ ਕੜੀ ਤੇ ਲੜੀ ਹੁੰਦੀ ਹੈ। ਜਿਵੇਂ ਇਕ ਪਰਦੇ ਚੁੱਕਿਆਂ ਕੋਈ ਕ੍ਰਿਸ਼ਮਾ ਸਨਮੁੱਖ ਹੋਵੇ ਤੇ ਅਗਲਾ ਪਰਦਾ ਚੁੱਕਿਆਂ ਇਕ ਹੋਰ ਕ੍ਰਿਸ਼ਮਾ ਸਾਹਮਣੇ ਆ ਜਾਵੇ। ਇਹ ਕਾਵਿ ਕ੍ਰਿਸ਼ਮਿਆਂ ਦੀ ਪਰਦਾਦਾਰੀ ਵੀ ਹੈ ਅਤੇ ਬੇਪਰਦਗ਼ੀ ਵੀ। ਇਸ ਕਾਵਿ ਦੀਆਂ ਪਰਤਾਂ ਇਕ ਦੂਜੇ ਵਿਚ ਵਿਚਾਰ, ਵਿਚਾਰਧਾਰਾ ਤੇ ਕਲਾ ਦੇ ਪੱਧਰ ਤੇ ਨਿਪੁੰਨਤਾ ਨਾਲ ਸਮੋਈਆਂ ਹੋਈਆਂ ਹਨ। ਇਸ ਦੀ ਮਿਸਾਲ ਲਈ ਹੇਠ ਲਿਖੀਆਂ ਕਾਵਿ-ਸਤਰਾਂ ਦੇਖੀਆਂ ਜਾ ਸਕਦੀਆਂ ਹਨ:

ਸਫ਼ਰ ਕੈਸਾ ਹੈ ਇਹ, ਕਿਹੜੇ ਪੜਾਅ ਚੋਂ ਲੰਘਦੀ ਹਾਂ ਮੈਂ

ਕਿ ਪਿਆਸੀ ਹਾਂ ਤੇ ਚੂਲੀ ਅਗਨ ਦੀ ਇਕ ਮੰਗਦੀ ਹਾਂ ਮੈਂ

ਮੈਂ ਆਪਣੇ ਨਰਮ ਪੈਰਾਂ ਚੋਂ ਲਓ ਜ਼ੰਜੀਰ ਲਾਹ ਦਿੱਤੀ

ਕਿ ਨਾਮਨਜ਼ੂਰ ਦਸਤੂਰਾਂ ਨੂੰ ਛਿੱਕੇ ਟੰਗਦੀ ਹਾਂ ਮੈਂ

ਯੁਗਾਂ ਦੀ ਗਰਦ ਦੇ ਹੇਠਾਂ ਦਬੀ ਨੂੰ ਯਾਦ ਆਇਆ ਹੈ

ਕਿ ਊਸ਼ਾ ਪਹੁ-ਫੁਟਾਲੇ ਦੀ ਤੇ ਲਾਲੀ ਸੰਝ ਦੀ ਹਾਂ ਮੈਂ

ਉਪਰੋਕਤ ਸਤਰਾਂ ਵਿਚ ਕਵਿਤਰੀ ਸਮੁੱਚੇ ਵਜੂਦ ਵਜੋਂ ਹਾਜ਼ਰ ਹੈ। ਉਹੀ ਵਜੂਦ ਜਿਸ ਬਾਰੇ ਬਾਬਿਆਂ ਕਿਹਾ ਜੋ ਬ੍ਰਹਿਮੰਡੇ ਸੋਈ ਪਿੰਡ, ਇਹ ਸਤਰਾਂ ਔਰਤ ਦੀ ਹੋਂਦ ਦੇ ਆਦਿ ਸਫ਼ਰ ਤੋਂ ਲੈ ਕੇ ਵਰਤਮਾਨ ਦੇ ਪੜਾਅਤਕ ਦਾ ਦਾਰਸ਼ਨਿਕ ਸੰਵਾਦ ਪੇਸ਼ ਕਰਦੀਆਂ ਹਨ। ਪਿਆਸ ਤੇ ਅਗਨ ਦਾ ਕਮਾਲ ਦਾ ਕਾਵਿਕ-ਜੁੱਟ ਪੇਸ਼ ਕੀਤਾ ਗਿਆ ਹੈ ਜਿਹੜਾ ਪਾਠਕ ਦੇ ਜ਼ਿਹਨ ਵਿਚ ਬਰਸਾਤ ਬਰਸਾ ਦਿੰਦਾ ਹੈ ਤੇ ਨਾਲ ਹੀ ਧੂਣੇ ਧੁਖਾ ਦਿੰਦਾ ਹੈ।ਸੋਸਿਊਰੀਅਨ ਭਾਸ਼ਾਈ ਚਿੰਤਨ ਮੁਤਾਬਕ ਸਮਝੀਏ ਤਾਂ ਭਾਸ਼ਾ ਚਿੰਨ੍ਹ ਪ੍ਰਬੰਧ ਹੁੰਦੀ ਹੈ। ਚਿੰਨ੍ਹ ਵਿਚਾਰਧਾਰਕ ਹੁੰਦੇ ਹਨ। ਸਾਹਿਤ ਕਿਉਂਕਿ ਭਾਸ਼ਾਈ ਚਿੰਨ੍ਹਾਂ ਦੁਆਰਾ ਸਿਰਜਿਆ ਜਾਂਦਾ ਹੈ ਇਸ ਲਈ ਸਾਹਿਤ ਵੀ ਵਿਚਾਰਧਾਰਕ ਹੁੰਦਾ ਹੈ। ਪਰ ਮਸਲਾ ਐਨਾ ਸਿੱਧਾ ਤੇ ਸਪਾਟ ਨਹੀਂ ਹੈ ਕਿਉਂਕਿ ਸਾਹਿਤਕ ਚਿੰਨ੍ਹ ਖਾਸਕਰਕੇ ਕਾਵਿਕ ਚਿੰਨ੍ਹ ਉਸ ਤਰ੍ਹਾਂ ਚਿਹਨਕ ਅਤੇ ਚਿਹਨਤ ਵਾਲੀ ਦਵੈਤ ਦੇ ਧਾਰਨੀ ਨਹੀਂ ਹਨ ਜਿਸ ਤਰ੍ਹਾਂ ਸੋਸਿਊਰ ਦਸਦਾ ਹੈ। ਡਾ. ਗੁਰਭਗਤ ਸਿੰਘ ਲਿਖਦੇ ਹਨ ਕਿ ਕਾਵਿ (ਸਾਹਿਤ) ਦੀ ਵਿਲੱਖਣਤਾ ਇਸ ਵਿਚ ਹੈ ਕਿ ਇਸ ਦਾ ਅਦਵੈਤ ਅਨਿਕ ਵਿਰੋਧਾਂ ਵਿਚੋਂ ਨਿੰਮ੍ਹਦਾ ਹੈ ਇਹ ਇਕ ਪਾਰ ਅਤੇ ਅੰਤਰ-ਦ੍ਰਿਸ਼ਯਤਾ ਹੈ ਜੋ ਵਿਰੋਧਾਂ ਨੂੰ ਨਿਰੀਖਦੀ ਚੀਰਦੀ ਅਤੇ ਨਵ-ਭਾਵਾਂ ਵਿਚ ਸਿਰਜਦੀ ਹੈ। ਇਸ ਪ੍ਰਕਿਰਿਆ ਵਿਚ ਇਹ ਵਸਤੂ ਮੁਕਤ ਹੈ। ਨਤੀਜੇ ਵਜੋਂ ਕਾਵਿ ਚਿਹਨਾਤਮਕ ਨਹੀਂ। ... ਸਮੁੱਚਾ ਪੱਛਮੀ ਚਿਹਨ ਸ਼ਾਸਤਰ ਜਿਸ ਸਭਿਆਚਾਰਕ ਦਵੈਤ ਦਾ ਸ਼ਿਕਾਰ ਹੈ ਅਤੇ ਜਿਸ ਤਰ੍ਹਾਂ ਅਰਥ-ਆਧਾਰਿਤ ਹੈ ਉਹ ਕਾਵਿ ਲਈ ਚਿਹਨ ਦੀ ਅਯੋਗਤਾ ਪ੍ਰਗਟ ਕਰਦਾ ਹੈ। ਜਿਸ ਤਰ੍ਹਾਂ ਅਸੀਂ ਕਾਵਿ-ਸ਼ਬਦ ਦੀ ਵਿਆਖਿਆ ਕੀਤੀ ਹੈ ਉਹ ਵਿਰੋਧਾਭਾਸੀ ਤੇ ਅਗਨ ਮੁਖੀ ਹੈ। ਆਪਣੇ ਅੰਤਰ-ਰਿਸ਼ਤਿਆਂ ਵਿਚ ਸ਼ਮਸ਼ੀਰ ਜੰਗਜੂ ਤੇ ਜਵੱਲਿਤ ਹੈ। ਹਰ ਖਿਣ ਇਕ ਬਲਦੀ ਲਾਟ ਹੈ ਜੋ ਪਾਠਕ ਦੇ ਸੁਤ-ਉਨੀਂਦੇ ਚੇਤਨਾ-ਕੇਂਦਰਾਂ ਨੂੰ ਜਗਾ ਰਹੀ ਹੈ। ਅਜਿਹੇ ਕਾਵਿ-ਸ਼ਬਦ ਦਾ ਸਿਰਜਨ ਮੋਇਆਂ ਬੰਦਿਆਂ ਦੇ ਵੱਸ ਦੀ ਗੱਲ ਨਹੀਂ ਜਾਗੇ ਨਾਇਕਾਂ ਦੀ ਪ੍ਰਾਪਤੀ ਹੈ। ਕਾਵਿ ਸ਼ਬਦ ਚਿਹਨ ਜਾਂ ਪ੍ਰਤੀਕ ਨਹੀਂ ਨਾਦ-ਪ੍ਰਬੰਧ ਹੈ ਕਿਉਂਕਿ ਨਾਦ ਅਨਹਦੀ ਇਸ ਲਈ ਮੈਂ ਇਸ ਨੂੰ ਧੁਨੀ ਤੋਂ ਵੱਖਰਾ ਕਰ ਰਿਹਾ ਹਾਂ। ਇਹ ਅੰਤਰ ਅੰਗਰੇਜ਼ੀ ਭਾਸ਼ਾ ਵਿਚ ਸਥਾਪਿਤ ਕਰਨਾ ਕਠਿਨ ਹੈ; ਇਸ ਮੰਤਵ ਲਈ ਉਥੇ ਕੇਵਲ ਇਕੋ ਸ਼ਬਦ ਹੈ : ਸਾਊਂਡ। ਸਮਕਾਲ ਵਿਚ ਜੇ ਕਿਧਰੇ ਅਜਿਹੇ ਕਾਵਿ-ਸ਼ਬਦ ਦੀ ਛੂਹ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਵਿਚ ਮਹਿਸੂਸ ਕੀਤੀ ਜਾ ਸਕਦੀ ਹੈ।

ਪੰਜਾਬੀ ਚਿੰਤਨ ਦੀ ਪਰੰਪਰਾ ਵਿਚ ਦਾਰਸ਼ਨਿਕਤਾ ਦਾ ਬਹੁਤ ਵੱਡਾ ਸਥਾਨ ਹੈ। ਇਹ ਪਰੰਪਰਾ ਬ੍ਰਹਿਮੰਡ ਨਾਲ ਸੰਵਾਦ ਦੀ ਪਰੰਪਰਾ ਹੈ। ਇਸ ਪਰੰਪਰਾ ਵਿਚ ਗੁਰੂ ਨਾਨਕ ਦੇਵ ਦੀ ਜੀ ਰਚਨਾ ਆਰਤੀ ਪ੍ਰਤਿਨਿਧ ਰਚਨਾ ਕਹੀ ਜਾ ਸਕਦੀ ਹੈ। ਜਿਥੇ ਬ੍ਰਹਿਮੰਡ ਤੇ ਕੁਦਰਤ ਦੀ ਵਿਸ਼ਾਲਤਾ ਦਾ, ਕਾਦਰ ਤੇ ਕੁਦਰਤ ਦੀ ਕਲਾਤਮਕ ਪੇਸ਼ਕਾਰੀ ਹੈ। ਇਸ ਮਹਾਨ ਪਰੰਪਰਾ ਦਾ ਉਸਾਰ ਸੁਖਵਿੰਦਰ ਅੰਮ੍ਰਿਤ ਦੀਆਂ ਰਚਨਾਵਾਂ ਵਿਚ ਬਹੁਤ ਖ਼ੂਬਸੂਰਤੀ ਨਾਲ ਪੇਸ਼ ਹੋਇਆ ਹੈ।

ਅਗਨੀ, ਅਕਾਸ਼, ਮਿੱਟੀ, ਪਾਣੀ, ਹਵਾ ਹੋ ਜਾਣਾ

ਦੁਨੀਆਂ ਚ ਸਭ ਨੇ ਮਿਲਣਾ, ਮਿਲ ਕੇ ਜੁਦਾ ਹੋ ਜਾਣਾ

ਮਿਟ ਜਾਣੇ ਅੰਤ ਇਕ ਦਿਨ ਸਭ ਹਰਫ਼ ਰਿਸ਼ਤਿਆਂ ਦੇ

ਇਸ ਜ਼ਿੰਦਗੇ ਮੁੜ ਕੇ ਕੋਰਾ ਸਫ਼ਾ ਹੋ ਜਾਣਾ

ਓਸੇ ਹੀ ਸਰ ਚ ਮੁੜ ਕੇ ਰਲ ਜਾਣੀਆਂ ਇਹ ਬੂੰਦਾਂ

ਮਿਟ ਜਾਣੀ ਹੋਂਦ ਸਭ ਦੀ ਸਭ ਨੇ ਖ਼ੁਦਾ ਹੋ ਜਾਣਾ

ਮਿਟ ਜਾਣਾ ਧਰਤੀਆਂ ਨੇ ਬੁਝ ਜਾਣਾ ਤਾਰਿਆਂ ਨੇ

ਰਹਿਣੇ ਨਾ ਚੰਨ ਸੂਰਜ ਸੁੰਨਾ ਖ਼ਲਾ ਹੋ ਜਾਣਾ

ਉਪਰੋਕਤ ਕਵਿਤਾ ਦੀਆਂ ਜੜ੍ਹਾਂ ਪਰੰਪਰਾ ਦੇ ਦਰਸ਼ਨ ਵਿਚ ਹਨ ਅਤੇ ਇਸ ਦਾ ਸੰਵਾਦ ਉਤਰਆਧੁਨਿਕ ਚਿੰਤਨ ਨਾਲ ਵੀ ਹੈ ਕਿਉਂਕਿ ਉਤਰ ਆਧੁਨਿਕਤਾਵਾਦ ਨੇ ਕੁਦਰਤ ਦੀ ਅੰਨ੍ਹੀ ਲੁੱਟ ਕਰਨ ਵਾਲੀ ਵਿਗਿਆਨਵਾਦੀ ਵਿਚਾਰਧਾਰਾ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਮਨੁੱਖ

ਅਤੇ ਕੁਦਰਤ ਦਾ ਸਬੰਧ ਬਹੁਤ ਹੀ ਸਾਵੇਂ ਅਤੇ ਅਸਾਵੇਂ ਸਮੀਕਰਨਾਂ ਵਾਲਾ ਰਿਹਾ ਹੈ। ਇਸ ਵਿਚ ਕਿਸੇ ਕਿਸਮ ਦੀ ਵਿਰੋਧਤਾ ਨਹੀਂ ਕਹੀ ਜਾ ਸਕਦੀ ਕਿਉਂਕਿ ਕੁਦਰਤ ਦਾ ਆਪਣਾ ਵਿਗਾਸ ਹੈ ਅਤੇ ਮਨੁੱਖਤਾ ਦਾ ਆਪਣਾ। ਹਿਮ ਯੁੱਗਾਂ ਸੋਕਿਆਂ ਹੜ੍ਹਾਂ ਬਿਮਾਰੀਆਂ ਆਦਿ ਨੇ ਮਨੁੱਖ ਨੂੰ 'ਸਰਵਾਈਵਲ ਆਫ਼ ਦ ਫਿਟਿਸਟ' ਦੇ ਸਿਧਾਂਤ ਅਨੁਸਾਰ ਜੀਣ ਦਾ ਮੌਕਾ ਦਿੱਤਾ। ਅਜਿਹੀਆਂ ਪ੍ਰਸਥਿਤੀਆਂ ਵਿਚ ਮਨੁੱਖ ਅੰਦਰ ਅਨੁਕੂਲਣ ਅਤੇ ਚੋਣ ਦੀ ਪ੍ਰਵਿਰਤੀ ਦੇ ਨਾਲ ਕਬਜ਼ੇ ਦੀ ਭਾਵਨਾ ਵੀ ਪੈਦਾ ਹੋ ਚੁੱਕੀ ਹੈ। ਕੁਦਰਤੀ ਤਬਦੀਲੀਆਂ ਅਨੁਸਾਰ ਬਹੁਤ ਸਾਰੀਆਂ ਪ੍ਰਜਾਤੀਆਂ ਖ਼ਤਮ ਹੋ ਚੁੱਕੀਆਂ ਹਨ। ਕੁਦਰਤ ਤੋਂ ਪਹਿਲਾਂ ਮਨੁੱਖ ਪ੍ਰਜਾਤੀ ਦਾ ਖ਼ਤਮ ਹੋ ਜਾਣਾ ਵੀ ਕੋਈ ਅਜਬ ਗੱਲ ਨਹੀਂ ਹੋਵੇਗੀ।

## ਸਾਰ-ਅੰਸ਼

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਹੈ ਜਿਸ ਨੂੰ ਕਿਸੇ ਇਕ ਵਿਚਾਰਧਾਰਕ ਚੌਖਟੇ ਵਿਚ ਨਹੀਂ ਰੱਖਿਆ ਜਾ ਸਕਦਾ। ਉਹ ਸਾਰੇ ਵਿਚਾਰਧਾਰਕ ਉਪਕਰਨਾਂ ਸਿੱਖਿਆ, ਪਰਿਵਾਰ, ਨਿਆਂ ਪ੍ਰਬੰਧ, ਟਰੇਡ ਯੂਨੀਅਨਾਂ, ਸੰਚਾਰ, ਰਾਜਨੀਤੀ, ਸਭਿਆਚਾਰ, ਧਰਮ ਆਦਿ ਸਮੇਤ ਤੱਸ਼ਦਦਤਮਈ ਸਟੇਟ ਉਪਕਰਨਾਂ ਬਾਰੇ ਵੀ ਕਾਵਿ-ਸੰਵਾਦ ਰਚਾਉਂਦੀ ਹੈ। ਇਸ ਤੋਂ ਵੀ ਵਧੇਰੇ ਸੁਖਵਿੰਦਰ ਅੰਮ੍ਰਿਤ ਕਾਵਿ ਬ੍ਰਹਿਮੰਡੀ ਸੰਵਾਦ ਰਚਾਉਂਦਾ ਹੈ। ਜਿਸ ਦੇ ਆਧਾਰ ਵਿਚ ਦਾਰਸ਼ਨਿਕ ਚਿੰਤਨ ਦੀ ਮਹਾਨ ਪਰੰਪਰਾ ਹੈ ਅਤੇ ਸਮਕਾਲ ਦਾ ਚਿੰਤਨ ਵੀ। ਵਿਚਾਰਧਾਰਾ ਦੇ ਸਿਧਾਂਤ ਦੇ ਅਧਿਐਨ ਕਰਤਾਵਾਂ ਦਾ ਮੰਨਣਾ ਹੈ ਕਿ ਹਰ ਯੁੱਗ ਜਾਂ ਸਮੇਂ ਵਿਚਾਰਧਾਰਾਵਾਂ ਵੀ ਕਾਰਜਸ਼ਲੀ ਰਹਿੰਦੀਆਂ ਹਨ ਤੇ ਵਿਚਾਰਕ ਵੀ। ਵਿਚਾਰਕ ਹਮੇਸ਼ਾ ਵਿਚਾਰਧਾਰਾ ਨੂੰ ਤਬਦੀਲ ਕਰਨ ਵਾਲੇ ਜਾਂ ਨਵੀਆਂ ਵਿਚਾਰਧਾਰਾਵਾਂ ਦੇ ਸਿਰਜਕ ਹੁੰਦੇ ਹਨ। ਇਸ ਧਾਰਨਾ ਵਿਚੋਂ ਸੁਖਵਿੰਦਰ ਅੰਮ੍ਰਿਤ ਬਾਰੇ ਕਿਹਾ ਜਾ ਸਕਦਾ ਹੈ ਕਿ ਉਹ ਵਿਚਾਰਧਾਰਕ ਕਾਰਕੁਨਾਂ ਦੀ ਥਾਂ ਵਿਚਾਰਕਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਹੈ ਜਿਹੜੇ ਆਪਣੀਆਂ ਰਚਨਾਵਾਂ ਰਾਹੀਂ ਪ੍ਰਾਪਤ ਵਿਚਾਰਧਾਰਾਵਾਂ ਨੂੰ ਤਬਦੀਲ ਕਰਦੇ ਹਨ ਅਤੇ ਨਵੀਆਂ ਵਿਚਾਰਧਾਰਾਵਾਂ ਦੀ ਨੀਂਹ ਰੱਖਦੇ ਹਨ।

## ਮੁੱਖ/ਕੇਂਦਰੀ ਸ਼ਬਦ:

- ਲੋਕਤੰਤਰ---ਵੋਟਾਂ ਦੁਆਰਾ ਚੁਣਿਆਂ ਪ੍ਰਬੰਧ
- ਵਾਸਤਵਿਕਤਾ---ਸੱਚਾਈ
- ਆਧੁਨਿਕਤਾ---ਸਥਿਤੀ
- ਕਲਪਾਨਤਮਿਕ---ਕਾਲਪਨਿਕ
- ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

ਪ੍ਰਸ਼ਨ 1. ਧੁੱਪ ਦੀ ਚੁੰਨੀ ਕਾਵਿ ਸੰਗ੍ਰਹਿ ਕਦੋਂ ਪ੍ਰਕਾਸ਼ਿਤ ਹੁੰਦਾ ਹੈ?

ੳ 2002

ਅ 2001

ੲ 2000

ਸ 2006

ਪ੍ਰਸ਼ਨ 2. ਹਜ਼ਾਰ ਰੰਗਾਂ ਦੀ ਲਾਟ ਕਾਵਿ ਸੰਗ੍ਰਹਿ ਕਦੋਂ ਪ੍ਰਕਾਸ਼ਿਤ ਹੁੰਦਾ ਹੈ?

ੳ 2002

ਅ 2008

ੲ 2000

ਸ 2006

ਪ੍ਰਸ਼ਨ 3. ਸੈਕਿੰਡ ਸੈਕਸ ਪੁਸਤਕ ਕਿਸਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 4. ਪੱਤਝੜ ਵਿੱਚ ਪੁੰਗਰਦੇ ਪੱਤੇ ਕਾਵਿ ਸੰਗ੍ਰਹਿ ਕਦੋਂ ਪ੍ਰਕਾਸ਼ਿਤ ਹੁੰਦਾ ਹੈ?

ੳ 2002

ਅ 2008

ੲ 2000

ਸ 2006

ਪ੍ਰਸ਼ਨ 5. ਔਰਤ ਨੂੰ ਜੀਵ ਦੇ ਲਵੇ ਰੂਪਾਂ ਵਿੱਚ ਫਲਣਾ ਚਾਹੀਦਾ ਹੈ ਤੇ ਆਪਣੇ ਢੰਗ ਨਾਲ ਲੇਖਣ ਕਰਨਾ ਚਾਹੀਦਾ ਹੈ ਤਾ ਜੋ ਆਪਣੇ ਆਪ ਨੂੰ ਬਿਆਨ ਕਰ ਸਕੇ।

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 6. ਨਾਰੀਵਾਦ ਔਰਤਾਂ ਦਾ ਸਮਾਜਿਕ ਉਤਪਾਦਨ ਦੇ ਵਿੱਚ ਸ਼ਾਮਿਲ ਹੋਣ ਤੇ ਔਰਤ ਨੂੰ ਬਰਾਬਰ ਦੇ ਮੋਕੇ ਦਿੱਤੇ ਜਾਣ ਦੀ ਗੱਲ ਕਰਦਾ ਹੈ। ਇਹ ਔਰਤ ਦੀ ਦੂਜੀ ਸਥਿਤੀ ਦਾ ਕਾਰਨ ਆਰਥਿਕਤਾ ਨੂੰ ਮੰਨਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 7. ਪੰਜਾਬੀ ਵਿਚ ਪਿਆਰ ਕਾਵਿ ਨੂੰ ਪ੍ਰਵਾਨਿਆ ਵੀ ਗਿਆ ਹੈ ਅਤੇ ਨਕਾਰਿਆ ਵੀ ਗਿਆ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਰਾਜਿੰਦਰ ਪਾਲ ਸਿੰਘ ਬਰਾੜ

ਪ੍ਰਸ਼ਨ 8. ਔਰਤ ਦੇ ਦਮਨ ਨੂੰ ਜੈਂਡਰ ਦੇ ਵਖਰੇਵੇਂ ਅਤੇ ਕਾਮੁਕਤਾ ਵਿੱਚ ਮੰਨਦਾ ਹੈ ਇਹ ਔਰਤ ਦੇ ਆਪਣੇ ਸ਼ਰੀਰ ਉੱਪਰ ਸੁਤੰਤਰ ਹੋਂਦ ਦੀ ਪੈਰਵੀ ਕਰਦਾ ਹੈ ਭਾਵ ਲਿੰਗਕ ਆਜ਼ਾਦੀ ਦੀ ਗੱਲ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 9. ਸੁਣੋ ਸਖੀਓ, ਤੁਹਾਡੇ ਤੋਂ ਕੋਈ ਓਹਲਾ ਨਾ ਪਰਦਾ ਹੈ

ਕਿ ਅੱਧੀ ਰਾਤ ਮੇਰੀ ਛੱਤ 'ਤੇ ਇਕ ਚੰਨ ਉਤਰਦਾ ਹੈ

ਉਪਰੋਕਤ ਰਚਨਾ ਕੀ ਹੈ?

ੳ ਗੀਤ

ਅ ਗਜ਼ਲ

ੲ ਨਜ਼ਮ

ਸ ਖੁੱਲ੍ਹ ਕਵਿਤਾ

ਪ੍ਰਸ਼ਨ 10. ਹਜ਼ਾਰ ਰੰਗਾਂ ਦੀ ਲਾਟ ਰਚਨਾ ਕੀ ਹੈ?

ੳ ਗੀਤ ਸੰਗ੍ਰਹਿ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਖੁੱਲ੍ਹ ਕਵਿਤਾ ਸੰਗ੍ਰਹਿ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 12. ਨਾਰੀ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ**?** ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. "ਧੁੱਪ ਦੀ ਚੁੰਨੀ" ਰਚਨਾ ਕੀ ਹੈ?

ੳ ਕਵਿਤਾ ਸੰਗ੍ਰਹਿ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਗੀਤ ਸੰਗ੍ਰਹਿ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਸ | 2. ਅ | 3. ਸ | 4. ੳ | 5. ੲ |
| 6. ੳ | 7. ਸ | 8. ੲ | 9. ਅ | 10. ਅ |
| 11.ੲ | 12. ੳ | 13. ੳ | 14. ਅ | 15. ੳ |

## ਅਭਿਆਸ ਪ੍ਰਸ਼ਨ

1. ਸੁਖਵਿੰਦਰ ਅੰਮ੍ਰਿਤ ਦੇ ਜੀਵਨ ਉੱਪਰ ਨੋਟ ਲਿਖੋ?
2. ਹਜ਼ਾਰ ਰੰਗਾਂ ਦੀ ਲਾਟ ਬਾਰੇ ਚਰਚਾ ਕਰਦਿਆਂ ਨਾਰੀ ਕਾਵਿ ਦੇ ਸਰੂਪ ਬਾਰੇ ਚਰਚਾ ਕਰੋ।
3. ਨਾਰੀ ਕਾਵਿ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸ ਦਾ ਸਰੂਪ ਉਲੀਕੋ।

## Further Reading


- ਸੰਧਾਵਾਲੀਆਂ,ਸਰਬਜੀਤ ਕੌਰ. ਨਾਰੀ ਦਾ ਮੁੱਢਲਾ ਕਦਮ.ਪਬਲੀਕੇਸ਼ਨ ਬਿਊਰੋ ਪਟਿਆਲਾ.1996
- ਚਰਨਜੀਤ ਕੌਰ(ਡਾ.) ਨਾਰੀ ਚੇਤਨਾ.ਲੋਕਗੀਤ ਪ੍ਰਕਾਸ਼ਨ.1999
- ਹਰਪ੍ਰੀਤ ਕੋਰ (ਡਾ).ਨਾਰੀਵਾਦ. ਲੋਕਗੀਤ ਪ੍ਰਕਾਸ਼ਨ 2003
- ਕੇਸਰ,ਜਸਬੀਰ ਕੌਰ(ਡਾ.) ਔਰਤ ਅਜ਼ਾਦ ਹੈ?. ਲੋਕਗੀਤ ਪ੍ਰਕਾਸ਼ਨ,2004.
- ਚਰਨਜੀਤ ਕੌਰ(ਡਾ.) ਨਾਰੀ ਨੀਝ,ਲੋਕਗੀਤ ਪ੍ਰਕਾਸ਼ਨ, 2010.
- ਨੀਤੂ ਅਰੋੜਾ, ਸਮਕਾਲੀ ਪੰਜਾਬੀ ਕਵਿਤਾ:ਪ੍ਰਤਿਰੋਧੀ ਪ੍ਰਵਚਨ.2011
- ਸੁਨੀਤਾ ਸ਼ਰਮਾ, ਸਮਕਾਲੀ ਪੰਜਾਬੀ ਕਵਿਤਾ:ਨਾਰੀਵਾਦੀ ਪਰਿਪੇਖ.ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ,2013.

- ਸੀਮੋਨ ਦ ਬੋਅਵਾਰ.ਦ ਸੈਕੰਡ ਸੈਕਸ (ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2014
- ਵਰਜ਼ੀਨੀਆਂ ਵੁਲਫ.ਏ ਰੂਮ ਔਫ ਵਨਜ਼ ਅਉਨ(ਆਪਣਾ ਇਕ ਕਮਰਾ ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2016


**Online Links**

https://www.punjabi-kavita.com/SukhwinderAmrit.php

# Unit 05: ਪੰਜਾਬੀ ਨਾਰੀ ਸਵੈ ਜੀਵਨੀ: ਇਤਿਹਾਸਕ ਪਰਿਪੇਖ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਨਾਰੀ ਸਵੈਜੀਵਨੀ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਰੀ ਸਵੈਜੀਵਨੀ ਦੇ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਰੀ ਸਵੈਜੀਵਨੀ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਨਾਰੀ ਸਵੈਜੀਵਨੀ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਨਾਰੀ ਸਵੈਜੀਵਨੀ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸਵੈਜੀਵਨੀ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਨਾਰੀ ਸਵੈਜੀਵਨੀ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਨਾਰੀ ਸਵੈਜੀਵਨੀ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਨਾਰੀ ਸਵੈਜੀਵਨੀ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ।

ਸਵੈਜੀਵਨੀ ਤੋਂ ਪਹਿਲਾ ਜੀਵਨੀ ਬਾਰੇ ਜਾਣ ਲੈਣਾ ਮਹੱਤਵਪੂਰਨ ਹੈ। ਪੰਜਾਬੀ ਪੀਡੀਆ ਅਨੁਸਾਰ ਵਾਰਤਕ ਸਾਹਿਤ ਦਾ ਇੱਕ ਕਲਾਤਮਿਕ ਰੂਪ ਜੀਵਨੀ ਹੈ। ਵਿਅਕਤੀ ਵਿਸ਼ੇਸ਼ ਦੇ ਜੀਵਨ ਬਿਰਤਾਂਤ ਨੂੰ ਜੀਵਨੀ ਕਿਹਾ ਜਾਂਦਾ ਹੈ। ਇਸ ਲਈ ਅੰਗਰੇਜ਼ੀ ਪਰਿਆਇ ਬਾਇਓਗ੍ਰਾਫੀ (Biography) ਯੂਨਾਨੀ ਸ਼ਬਦ 'ਬਾਇਓਸ' (Bios) ਅਤੇ 'ਗ੍ਰਾਫੋਸ' (Graphos) ਦੇ ਸੁਮੇਲ ਤੋਂ ਬਣਿਆ ਹੈ। ਬਾਇਓਸ ਤੋਂ ਭਾਵ ਜੀਵਨ ਅਤੇ ਗ੍ਰਾਫੋਸ ਤੋਂ ਲਿਖਤ ਦੇ ਹਨ। ਇਸ ਪ੍ਰਕਾਰ ਬਾਇਓਗ੍ਰਾਫੀ ਤੋਂ ਭਾਵ ਕਿਸੇ ਵਿਅਕਤੀ ਦਾ ਜੀਵਨ ਲਿਖਣ ਅਰਥਾਤ ਉਸ ਦੇ ਕਾਰਜਾਂ ਦਾ ਲੇਖਾ-ਜੋਖਾ ਕਰਨ ਤੋਂ ਹੈ। ਆਮ ਸੰਕਲਪ ਅਨੁਸਾਰ ਜੀਵਨੀ ਕਿਸੇ ਖ਼ਾਸ ਵਿਅਕਤੀ ਦਾ ਜੀਵਨ ਬਿਰਤਾਂਤ ਹੈ। ਪਰ ਅਸਲ ਵਿੱਚ ਜੀਵਨੀ ਘਟਨਾਵਾਂ ਦੀ ਬਿਆਨਬਾਜ਼ੀ ਨਹੀਂ ਸਗੋਂ ਨਾਇਕ ਦਾ ਜੀਵਨ ਬਿਉਰਾ ਹੈ, ਉਸ ਦੇ ਅੰਦਰਲੇ-ਬਾਹਰਲੇ ਦਾ ਕਲਾਤਮਿਕ ਨਿਰੂਪਣ ਹੈ। ਮਾਰਕ ਟੇਲਰ ਲਿਖਦਾ ਹੈ, "ਜੀਵਨੀ ਮਨੁੱਖ ਦਾ ਅਜਿਹਾ ਲਿਬਾਸ ਹੈ, ਜਿਸ ਵਿੱਚ ਝਰੋਖੇ ਹੁੰਦੇ ਹਨ ਅਤੇ ਜਿਸ ਨੂੰ ਮਨੁੱਖ ਖ਼ੁਦ ਨਹੀਂ ਲਿਖ ਸਕਦਾ।" ਇਸ ਪ੍ਰਕਾਰ ਜੀਵਨੀ ਕਿਸੇ ਦੇ ਜੀਵਨ ਦੀ ਪੁਨਰ ਸਿਰਜਣਾ ਹੈ। ਇਸ ਦਾ ਮੰਤਵ ਨਾਇਕ ਦੀ ਸ਼ਖ਼ਸੀਅਤ ਦੇ ਸਰਬਪੱਖੀ ਅਧਿਐਨ ਕਰਨ ਦਾ ਹੈ। ਨਾਇਕ ਦਾ ਸੁਭਾਅ, ਖ਼ਾਹਸ਼ਾਂ, ਭਾਵਨਾਵਾਂ, ਰੁਚੀਆਂ, ਚਰਿੱਤਰ, ਸਮੱਸਿਆਵਾਂ, ਸਫਲਤਾਵਾਂ, ਅਸਫਲਤਾਵਾਂ ਆਦਿ ਸਭ ਕੁਝ ਜੀਵਨੀ ਕਲਾ ਵਿੱਚ ਇਸ ਤਰ੍ਹਾਂ ਸਮੋਇਆ ਹੁੰਦਾ ਹੈ ਕਿ ਉਸ ਦਾ ਵਿਅਕਤਿਤਵ ਪੂਰੀ ਤਰ੍ਹਾਂ ਉਜਾਗਰ ਹੋ ਜਾਵੇ।

ਜੀਵਨ ਦਾ ਸਭ ਤੋਂ ਪ੍ਰਮੁਖ ਵਿਸ਼ਾ-ਮਨੁੱਖੀ ਚਰਿੱਤਰ ਹੈ। ਮਨੁੱਖੀ ਚਰਿੱਤਰ ਕਿਸੇ ਆਦਰਸ਼ ਵਿਅਕਤੀ ਦੇ ਜੀਵਨ ਚਰਿੱਤਰ ਦੇ ਸਹਾਰੇ ਹੀ ਵਿਅਕਤ ਕੀਤਾ ਜਾਂਦਾ ਹੈ। ਇਸ ਲਈ ਜੀਵਨੀ ਦੀ ਚੂਲ ਸੁਪ੍ਰਸਿੱਧ ਨਾਇਕ ਹੀ ਹੁੰਦਾ ਹੈ। ਨਾਇਕ ਹੀ ਜੀਵਨੀ ਕਲਾ ਦਾ ਕੇਂਦਰੀ ਧੁਰਾ ਹੈ। ਜੀਵਨ ਅਤੇ ਸੰਸਾਰ ਦੇ ਕਿਸੇ ਖੇਤਰ ਵਿੱਚ ਵਿਸ਼ੇਸ਼ ਸਫਲਤਾ ਹਾਸਲ ਕਰਨ ਵਾਲੇ ਵਿਅਕਤੀ ਦੀ ਹੀ ਜੀਵਨੀ ਲਿਖੀ ਜਾ ਸਕਦੀ ਹੈ। ਦੇਵੀ-ਦੇਵਤੇ, ਰਾਜੇ-ਮਹਾਰਾਜੇ, ਮਹਾਂਪੁਰਖ, ਧਾਰਮਿਕ ਆਗੂ, ਸਮਾਜਿਕ, ਰਾਜਨੀਤਿਕ ਜਾਂ ਵਿੱਦਿਅਕ ਖੇਤਰ ਦੇ ਪ੍ਰਮਾਣ ਪੁਰਸ਼ ਅਰਥਾਤ ਆਦਰਸ਼ ਵਿਅਕਤਿਤਵ ਦੇ ਮਾਲਕ ਜੀਵਨੀ ਦੇ ਨਾਇਕ ਬਣਦੇ ਹਨ। ਜੀਵਨੀ ਨਾਇਕ ਦੀ ਹੋਂਦ ਨੂੰ ਨਵੇਕਲੀ ਹੋਂਦ ਬਖ਼ਸ਼ਦੀ ਹੈ ਅਤੇ ਉਸ ਸਾਰੀ ਪ੍ਰਕਿਰਿਆ ਨੂੰ ਪ੍ਰਤੱਖ ਕਰਦੀ ਹੈ ਜਿਸ ਵਿੱਚੋਂ ਦੀ ਲੰਘ ਕੇ ਕੋਈ ਨਾਇਕ ਯੁੱਗ ਪੁਰਸ਼ ਬਣਿਆ ਹੁੰਦਾ ਹੈ। ਅਸਲ ਵਿੱਚ ਜੋ ਕੁਝ ਪ੍ਰਤੱਖ ਹੈ, ਉਹ ਜੀਵਨੀ ਨਹੀਂ ਹੈ ਬਲਕਿ ਜੋ ਪ੍ਰਤੱਖ ਦੇ ਪਿੱਛੇ ਲੁਕਵੇਂ ਤੌਰ ਤੇ ਗਤੀਸ਼ੀਲ ਹੈ, ਉਹੀ ਜੀਵਨੀਕਾਰ ਦੀ ਅਸਲੀ ਭਾਲ ਹੈ। ਇਸੇ ਲਈ ਲੇਖਕ ਬਾਹਰ ਤੋਂ ਅੰਦਰ ਵੱਲ ਜਾਂਦਾ ਹੈ ਤਾਂ ਜੋ ਨਾਇਕ ਦੇ ਜੀਵਨ ਦੇ ਵਿਕਾਸ, ਉਸ ਦੀ ਸ਼ਖ਼ਸੀਅਤ ਦੇ ਗੁੱਝੇ ਭੇਦ ਅਤੇ ਉਸ ਦੀ ਜੀਵਨਧਾਰਾ ਨੂੰ ਪਾਠਕਾਂ ਸਾਮ੍ਹਣੇ ਪੇਸ਼ ਕਰ ਸਕੇ। ਉਹ ਤੱਥਾਂ ਵਿੱਚੋਂ ਸੱਚ ਦੀ ਭਾਲ ਕਰਦਾ ਹੈ। ਇਹੋ ਸੱਚ ਹੀ ਆਮ ਵਿਅਕਤੀ ਨਾਲੋਂ ਮਹਾਨ ਵਿਅਕਤੀ ਨੂੰ ਨਿਖੇੜਦਾ ਹੈ। ਜੀਵਨੀ ਪਰਜੀਵੀ ਕਲਾ ਹੈ। ਜੀਵਨੀ ਲੇਖਕ ਜੀਵਨੀ ਰਚਨਾ ਵਿੱਚ ਪੂਰੀ ਤਰ੍ਹਾਂ ਹਾਜ਼ਰ ਰਹਿ ਕੇ ਵੀ ਗ਼ੈਰ- ਹਾਜ਼ਰ ਰਹਿੰਦਾ ਹੈ। ਉਹ ਇੱਕ ਵਿੱਥ ਤੇ ਖੜੋ ਕੇ ਨਾਇਕ ਦਾ ਵਰਣਨ ਕਰਦਾ ਹੈ। ਉਸ ਦਾ ਨਿੱਜਤਵ ਉਸ ਵਿੱਚ ਜ਼ਰੂਰੀ ਨਹੀਂ। ਉਹ ਗ੍ਰੰਥਾਂ, ਸੰਬੰਧਿਤ ਲੋਕਾਂ, ਚਿੱਠੀ ਪੱਤਰ ਆਦਿ ਸਮਗਰੀ ਤੋਂ ਸਹਾਰਾ ਲੈਂਦਾ ਹੈ। ਯਾਦਾਂ ਜੀਵਨੀ ਕਲਾ ਦੀ ਆਧਾਰ ਭੂਮੀ ਹਨ। ਲੇਖਕ ਅਨੁਭਵਾਂ, ਹੱਡ ਬੀਤੀਆਂ ਅਤੇ ਜੱਗ ਬੀਤੀਆਂ ਘਟਨਾਵਾਂ ਵਿੱਚੋਂ ਮਨੁੱਖੀ ਗੁਣਾਂ ਦੀ ਭਾਲ ਕਰਦਾ ਹੈ। ਚੰਗੀ ਜੀਵਨੀ ਵਿੱਚ ਲੇਖਕ ਹਮੇਸ਼ਾਂ ਸੱਚ ਦੇ ਨੇੜੇ ਰਹਿੰਦਾ ਹੈ। ਤੱਥਾਂ ਅਤੇ ਇਤਿਹਾਸਿਕ ਘਟਨਾਵਾਂ ਵਿੱਚੋਂ ਸੱਚ ਨੂੰ ਲੱਭਣਾ ਲੇਖਕ ਦਾ ਕਰਤੱਵ ਹੈ। ਜੀਵਨ ਘਟਨਾਵਾਂ ਅਤੇ ਜੀਵਨ ਸੱਚ ਵੱਖਰਾ ਕਰਨਾ ਪੈਂਦਾ ਹੈ। ਇਤਿਹਾਸ ਅਤੇ ਜੀਵਨੀ ਵਿੱਚ ਇਹੋ ਫ਼ਰਕ ਹੈ। ਇਤਿਹਾਸਕਾਰ ਕਿਸੇ ਨਾਇਕ ਨੂੰ ਤੱਥਾਂ ਦੇ ਆਧਾਰ ਤੇ ਚਿਤਰਦਾ ਹੈ ਪਰ ਜੀਵਨੀਕਾਰ ਉਹਨਾਂ ਤੱਥਾਂ ਤੋਂ ਉੱਘੜਦੀ ਸਚਾਈ ਨੂੰ ਆਧਾਰ ਬਣਾਉਂਦਾ ਹੈ। ਅੰਤਰ ਸੱਚ ਜਿੰਨਾ ਪ੍ਰਕਾਸ਼ਮਾਨ ਹੋਵੇਗਾ, ਜੀਵਨੀ ਕਲਾ ਓਨੀ ਹੀ ਪ੍ਰਭਾਵਸ਼ਾਲੀ ਤੇ ਲੋਕ-ਪ੍ਰਿਆ ਹੋਵੇਗੀ।

ਜੀਵਨੀਕਾਰ ਨੇ ਇਤਿਹਾਸ, ਕਲਪਨਾ ਅਤੇ ਸਾਹਿਤਿਕ ਸ਼ੈਲੀ ਵਿੱਚ ਸੁਮੇਲ ਸਥਾਪਿਤ ਕਰਨਾ ਹੁੰਦਾ ਹੈ। ਜੀਵਨੀ ਸਿਰਜਣ ਲਈ ਇਤਿਹਾਸ ਘਟਨਾਵਾਂ ਪ੍ਰਦਾਨ ਕਰਦਾ ਹੈ। ਕਲਪਨਾ ਘਟਨਾਵਾਂ ਨੂੰ ਵਿਸ਼ਵਾਸਯੋਗ ਬਣਾ ਕੇ ਤਤਕਾਲੀ ਇਤਿਹਾਸ ਅਤੇ ਪਰਿਸਥਿਤੀਆਂ ਨੂੰ ਚਿਤਰਦੀ ਹੈ। ਸਾਹਿਤਿਕ ਸ਼ੈਲੀ ਜੀਵਨੀ ਕਲਾ ਨੂੰ ਇਤਿਹਾਸ ਤੋਂ ਵੱਖ ਕਰ ਕੇ ਰਸਿਕਤਾ ਤੇ ਭਾਵੁਕਤਾ ਪ੍ਰਦਾਨ ਕਰਦੀ ਹੈ। ਇਸ ਦੇ ਨਾਲ-ਨਾਲ ਜੀਵਨੀ ਕਲਾ ਵਿੱਚ ਇਤਿਹਾਸ ਅਤੇ ਸਾਹਿਤ ਦਾ ਉੱਤਮ ਸੁਮੇਲ ਵੀ ਬਣਿਆ ਰਹਿੰਦਾ ਹੈ। ਜੀਵਨੀਕਾਰ ਨੂੰ ਸੁਹਿਰਦ, ਸੁਤੰਤਰ ਅਤੇ ਨਿਰਪੱਖ ਰਹਿ ਕੇ ਜੀਵਨ ਨਾਇਕ ਦੀ ਸ਼ਖ਼ਸੀਅਤ ਬਿਆਨ ਕਰਨੀ ਚਾਹੀਦੀ ਹੈ। ਉਸਾਰੂ ਕਲਪਨਾ ਸ਼ਕਤੀ ਦੀ ਸੁਚੱਜੀ ਵਰਤੋਂ ਨਾਲ ਵਧੀਆ ਵਿਉਂਤਬੰਦੀ ਕਰਨੀ ਹੁੰਦੀ ਹੈ। ਪਰ ਕਲਪਨਾ ਯਥਾਰਥ ਤੋਂ ਦੂਰ ਨਹੀਂ ਜਾਣੀ ਚਾਹੀਦੀ ਨਹੀਂ ਤਾਂ ਨਾਇਕ ਦੀ ਤਸਵੀਰ ਧੁੰਦਲੀ ਹੋ ਜਾਵੇਗੀ। ਜੀਵਨੀ ਕਲਾ ਦਾ ਆਪਣਾ ਰਚਨਾਤਮਿਕ ਪਸਾਰ ਹੁੰਦਾ ਹੈ, ਇੱਕ ਸੰਗਠਨ ਹੁੰਦਾ ਹੈ, ਗੁੰਦਵੀਂ ਬਣਤਰ ਹੁੰਦੀ ਹੈ। ਇਸ ਲਈ ਇਸ ਵਿੱਚ ਬੇਲੋੜੇ ਵਿਸਤਾਰ ਨੂੰ ਕੋਈ ਥਾਂ ਨਹੀਂ। ਪਰ ਲੋੜੀਂਦੀ ਗੱਲ ਸ਼ਾਮਲ ਵੀ ਜ਼ਰੂਰ ਹੋਵੇ ਤਾਂ ਜੀਵਨੀ ਸਫਲ ਕਿਰਤ ਬਣਦੀ ਹੈ।ਜੀਵਨੀ ਵਿੱਚ ਨਾਇਕ ਪ੍ਰਤਿ ਸ਼ਰਧਾ, ਆਦਰ ਤੇ ਉਸ ਦੀ ਸਮੁੱਚੀ ਸ਼ਖ਼ਸੀਅਤ ਦੇ ਵਿਕਾਸ ਨੂੰ ਵਿਗਿਆਨਿਕ ਦ੍ਰਿਸ਼ਟੀ ਤੋਂ ਪਰਖਣਾ ਹੁੰਦਾ ਹੈ। ਅੱਜ ਦੀ ਜੀਵਨੀ ਦਾ ਸਰੂਪ ਸ਼ਰਧਾ ਤੇ ਆਧਾਰਿਤ ਨਹੀਂ, ਸਗੋਂ ਜੀਵਨੀਕਾਰ ਵਿਗਿਆਨਿਕ ਦ੍ਰਿਸ਼ਟੀ ਤੋਂ ਚੰਗਿਆਈ-ਬੁਰਾਈ ਦਾ ਲੇਖਾ-ਜੋਖਾ ਕਰਦਾ ਹੈ। ਅੱਜ ਦੀ ਜੀਵਨੀ ਕਲਾ ਇਸ ਗੱਲ ਦੀ ਮੰਗ

ਕਰਦੀ ਹੈ ਕਿ ਜੀਵਨੀਕਾਰ ਤਿਥੀਆਂ, ਇਤਿਹਾਸਿਕ ਲਹਿਰਾਂ ਅਤੇ ਹੋਰ ਸਮਗਰੀ ਦੇ ਸੰਬੰਧ ਵਿੱਚ ਤਰਕਸ਼ੀਲ ਰਹੇ। ਅੱਜ ਮਹਾਂਪੁਰਖਾਂ ਦੀਆਂ ਜੀਵਨ ਘਟਨਾਵਾਂ ਦੇ ਨਵੇਂ ਅਰਥ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ। ਨਾਇਕ ਦਾ ਚਰਿੱਤਰ ਸਾਰੀਆਂ ਚੰਗਿਆਈਆਂ ਬੁਰਾਈਆਂ ਸਮੇਤ ਪੂਰਾ ਹੁੰਦਾ ਹੈ।ਉਸ ਦੀਆਂ ਕਮਜ਼ੋਰੀਆਂ ਉਸ ਦੀ ਸੰਤੁਲਿਤ ਸ਼ਖ਼ਸੀਅਤ ਦਾ ਚਿੰਨ੍ਹ ਹੈ। ਇਹਨਾਂ ਨਾਲ ਹੀ ਨਾਇਕ ਦੇ ਚਰਿੱਤਰ ਵਿੱਚ ਯਥਾਰਥਿਕਤਾ ਆਉਂਦੀ ਹੈ।

ਜੀਵਨੀਕਾਰ ਦਾ ਅਸਲ ਨਿਸ਼ਾਨਾ ਸੱਚ ਦੀ ਭਾਲ ਹੈ। ਫਿਰ ਵੀ ਜੀਵਨੀ ਕਲਾ ਵਿੱਚ ਪਾਠਕ ਦੀ ਰੋਚਕਤਾ ਲਈ ਜਾਂ ਤਾਂ ਨਾਇਕ ਏਨਾ ਮਹਾਨ ਹੋਵੇ ਕਿ ਉਸ ਦਾ ਜੀਵਨ ਚਰਿੱਤਰ ਜਾਣਨ ਦੀ ਸਭ ਵਿੱਚ ਜਿਗਿਆਸਾ ਬਣੀ ਰਹੇ ਜਾਂ ਜੀਵਨੀਕਾਰ ਏਨਾ ਮਹਾਨ ਹੋਵੇ ਕਿ ਉਹ ਆਮ ਜੀਵਨੀ ਨੂੰ ਵੀ ਰੋਚਕ ਬਣਾ ਸਕੇ। ਅਸਲ ਵਿੱਚ ਦੋਵੇਂ ਗੱਲਾਂ ਮਿਲ ਜਾਣ ਨਾਲ ਮਹਾਨ ਜੀਵਨੀ ਹੋਂਦ ਵਿੱਚ ਆਉਂਦੀ ਹੈ। ਕਲਾਤਮਿਕ ਜੀਵਨੀਆਂ ਜਨ-ਸਧਾਰਨ ਲਈ ਚਾਨਣ- ਮੁਨਾਰਾ ਬਣ ਜਾਂਦੀਆਂ ਹਨ। ਫਿਰ ਵੀ ਉੱਤਮ ਜੀਵਨੀ ਇਤਿਹਾਸਿਕਤਾ, ਕਲਪਨਾ ਅਤੇ ਮਹਾਨ ਸ਼ਖ਼ਸੀਅਤ ਦੇ ਮੇਲ ਤੋਂ ਹੋਂਦ ਵਿੱਚ ਆਉਂਦੀ ਹੈ।

ਸਵੈ-ਜੀਵਨੀ ਕਿਸੇ ਮਨੁੱਖ ਦੁਆਰਾ ਆਪਣੇ ਸਮੂਚੇ ਜੀਵਨ ਜਾਂ ਉਸਦੇ ਇੱਕ ਖ਼ਾਸ ਹਿੱਸੇ ਬਾਰੇ ਲਿਖੀ ਇੱਕ ਬਿਰਤਾਂਤਕ ਰਚਨਾ ਹੁੰਦੀ ਹੈ। ਇਹ ਅੰਗ੍ਰੇਜ਼ੀ ਪਦ “autobiography " ਦਾ ਪਰਿਆਇਵਾਚੀ ਹੈ ਜਿਸ ਦਾ ਸ਼ਾਬਦਿਕ ਅਰਥ ਹੈ ਸ੍ਵੈ-ਜੀਵਨੀ ਚਿਤਰ। ਐਨਸਾਈਕਲੋਪੀਡੀਆ ਬ੍ਰਿਟੇਨਿਕਾ ਅਨੁਸਾਰ- ਸਵੈ-ਜੀਵਨੀ ਵਿਅਕਤੀਗਤ ਮਾਨਵੀ ਅਨੁਭਵ ਦਾ ਬਿਉਰਾ ਹੈ ਜੋ ਕਰਤਾ ਦੁਆਰਾ ਲਿਖਿਆ ਜਾਂਦਾ ਹੈ। ਲੈਕਸੀਕਨ ਆਫ ਲਿਟਰੇਰੀ ਸਮਾਜ ਟਰਮਜ਼- ਸ੍ਵੈ-ਜੀਵਨੀ ਕਿਸੇ ਵਿਅਕਤੀ ਦਾ ਆਪਣੇ ਦੁਆਰਾ ਲਿਖਿਆ ਆਪਣੇ ਹੀ ਜੀਵਨ ਦਾ ਬਿਉਰਾ ਹੈ। ਸੰਸਮਰਣਾਂ, ਰੋਜ਼ਨਾਮਚਿਆਂ ਅਤੇ ਪੱਤਰਾਂ ਦੀ ਅਸੰਯੁਕਤ ਵੰਨਗੀ ਦੇ ਟਾਕਰੇ ਵਿਚ ਇਹ ਲੇਖਕ ਦੇ ਜੀਵਨ ਦਾ ਕ੍ਰਮਬੱਧ ਚਲਦਾ ਬਿਰਤਾਂਤ ਹੈ। ਵਿਸ਼ਵਕੋਸ਼ਾ ਤੇ ਡਿਕਸ਼ਨਰੀਆਂ ਵਿਚ ਵਰਵਿਤ ਪਰਿਭਾਸ਼ਾਵਾ ਦੇ ਅਧਿਐਨ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਇਹਨਾਂ ਵਿਚ ਸ੍ਵੈ-ਜੀਵਨੀ ਸੰਬੰਧੀ ਕੁਝ ਕੁ ਵਿਚਾਰਾਂ ਨੂੰ ਹੀ ਬਾਰ-ਬਾਰ ਦੁਹਰਾਇਆ ਗਿਆ ਹੈ ਅਰਥਾਤ ਸਵੈ-ਜੀਵਨੀ ਵਿਚ ਲੇਖਕ ਖੁਦ ਆਪਣੇ ਬਾਰੇ ਲਿਖਦਾ ਹੈ, ਅੰਦਰ ਝਾਤੀ ਪਾਉਂਦਾ ਹੈ, ਜੀਵਨ ਦਾ ਕ੍ਰਮਬੱਧ ਵਿਕਾਸ ਪੇਸ਼ ਕਰਦਾ ਹੈ ਅਤੇ ਆਪਣੇ ਹੀ ਜੀਵਨ ਨੂੰ ਵਿਸ਼ਾਲ ਪਿਛੋਕੜ ਵਿੱਚ ਰੱਖ ਕੇ ਪੇਸ਼ ਕਰਦਾ ਹੈ। ਸਵੈ-ਜੀਵਨੀ (autobiography) : ਯਾਦਾਂ, ਡਾਇਰੀ, ਪੱਤਰ ਅਤੇ ਆਤਮ-ਕਥਾ ਆਦਿ ਸਵੈ-ਪ੍ਰਕਾਸ਼ ਦਾ ਸਾਹਿੱਤ ਅਖਵਾਉਂਦਾ ਹੈ। ਹਰ ਇਕ ਵੰਨਗੀ ਵਿਚ ਸੁਚੇਤ ਜਾਂ ਅਚੇਤ ਰੂਪ ਵਿਚ ਲੇਖਕ ਦੇ ਆਪਣੇ ਵਿਅਕਤਿੱਤਵ ਦਾ ਪ੍ਰਗਟਾ ਹੁੰਦਾ ਹੈ। ਸਵੈ-ਜੀਵਨੀ ਜਾਂ ਆਤਮ-ਕਥਾ ਵਿਚ ਲੇਖਕ ਆਪਣੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਅਤੇ ਕਾਰਜਾਂ ਨੂੰ ਵਿਅਕਤ ਕਰਦਾ ਹੈ। ਸੰਸਮਰਣ ਜਾਂ ਯਾਦਾਂ ਅਤੇ ਆਤਮ-ਕਥਾ ਨੂੰ ਆਮ ਤੌਰ ਤੇ ਪਰਿਆਇ ਹੀ ਮੰਨ ਲਿਆ ਜਾਂਦਾ ਹੈ, ਪਰ ਬਾਹਰਮੁਖੀ ਕਾਰਜਾਂ ਅਤੇ ਚਰਿਤ੍ਰ ਦੇ ਬਿਆਨ ਵਿਚ ਇਨ੍ਹਾਂ ਦੋਹਾਂ ਵਿਚ ਢੇਰ ਅੰਤਰ ਹੁੰਦਾ ਹੈ। ਯਾਦਾਂ ਵਿਚ ਕੇਵਲ ਮਹਾਨ ਵਿਅਕਤੀਆਂ ਦੇ ਜੀਵਨ ਬਾਰੇ ਲਿਖਿਆ ਜਾਂਦਾ ਹੈ ਜਿਨ੍ਹਾਂ ਦਾ ਲੇਖਕ ਦੇ ਆਪਣੇ ਜੀਵਨ ਨਾਲ ਵਿਸ਼ੇਸ਼ ਸੰਬੰਧ ਨਹੀਂ ਹੁੰਦਾ। ਕਈ ਬਿਆਨ ਤਾਂ ਕੇਵਲ ਇਤਿਹਾਸਕ ਘਟਨਾਵਾਂ ਦਾ ਹੀ ਜ਼ਿਕਰ ਹੁੰਦੇ ਹਨ। ਆਤਮ-ਕਥਾ ਵਿਚ ਲੇਖਕ ਜ਼ਿੰਦਗੀ ਦੀ ਵਿਸ਼ਾਲ ਪਿਠਭੂਮੀ ਵਿਚ ਆਪਣੇ ਜੀਵਨ ਨੂੰ ਘੋਖਦਾ ਹੈ ਅਤੇ ਆਪਣੇ ਅੰਦਰਲੇ ਨੂੰ ਸਪਸ਼ਟ ਰੂਪ ਵਿਚ ਪ੍ਰਕਾਸ਼ਮਾਨ ਕਰਦਾ ਹੈ। ਜਨਰਲ ਡਾਇਰੀ ਵਿਚ ਲੇਖਕ ਦੇ ਨਿੱਜੀ ਪ੍ਰਤਿਕਰਮ ਦਿੱਤੇ ਹੋਏ ਹੁੰਦੇ ਹਨ। ਆਤਮ-ਕਥਾ ਉੱਤਮ ਪੁਰਖ ਵਿਚ ਲਿਖੀ ਜਾਂਦੀ ਹੈ ਅਤੇ ਲਿਖਣ ਵਿਚ ਪੱਤਰ, ਕਹਾਣੀ, ਉਪਨਿਆਸ ਅਤੇ ਨਿਬੰਧ ਸ਼ੈਲੀ ਅਪਣਾਈ ਜਾ ਸਕਦੀ ਹੈ।

ਆਤਮ-ਕਥਾ ਲਿਖਣ ਦੇ ਆਮ ਤੌਰ ਤੇ ਦੋ ਮੁੱਖ ਉਦੇਸ਼ ਹੁੰਦੇ ਹਨ। ਪਹਿਲਾ ਹੈ ਆਤਮ-ਨਿਰਮਾਣ, ਆਤਮ-ਪਰੀਖਿਆ, ਯਾਦਾਂ ਨੂੰ ਪੁਨਰ ਸੁਰਜੀਤ ਕਰਨ ਦੀ ਰੁਚੀ ਜਾਂ ਸੰਸਾਰ ਦੀਆਂ ਗੁੰਝਲਾਂ ਨੂੰ ਆਪਣੇ ਦੁਆਰਾ ਸੁਲਝਾਉਣ ਦਾ ਵਿਚਾਰ। ਦੂਜਾ ਉਦੇਸ਼ ਇਹ ਹੈ ਕਿ ਲੇਖਕ ਦੇ ਅਨੁਭਵਾਂ ਤੋਂ ਹੋਰ ਲੋਕ ਸਿੱਖਿਆ ਪ੍ਰਾਪਤ ਕਰ ਸਕਣ। ਇਸ ਸੰਬੰਧ ਵਿਚ ਮਹਾਨ ਲੇਖਕਾਂ, ਪ੍ਰਸਿੱਧ ਰਾਜਨੀਤੀ-ਨੇਤਾਵਾਂ ਅਤੇ ਜਰਨੈਲਾਂ ਦੀਆਂ ਆਤਮ-ਕਥਾਵਾਂ ਦਾ ਉਦੇਸ਼ ਸਿੱਖਿਆ ਦੇਣਾ ਹੀ ਬਣਦਾ ਹੈ। ਧਾਰਮਿਕ ਸੰਤਾਂ, ਪੈਗੰਬਰਾਂ, ਧਾਰਮਿਕ ਸੁਧਾਰਕਾਂ ਦੀਆਂ ਆਤਮ-ਕਹਾਣੀਆਂ ਦਾ ਵੀ ਇਹ ਮਨੋਰਥ ਹੁੰਦਾ ਹੈ। ਸਾਹਿੱਤਕਾਰਾਂ ਦੀਆਂ ਆਤਮ-ਕਹਾਣੀਆਂ ਵਿਚ ਕਲਾ ਪੂਰਤੀ ਲਈ ਕੀਤੇ ਸੰਘਰਸ਼ਾਂ ਅਤੇ ਕਲਾਮਈ ਅਭਿਵਿਅੰਜਨਾ ਦੇ ਉਪਰਾਲੇ ਦੀ ਰੁਚੀ, ਜਿਹੜੀ ਨਵਯੁੱਗ ਦੇ ਪੁੰਗਰ ਰਹੇ ਕਲਾਕਾਰਾਂ ਨੂੰ ਸੇਧ ਦਿੰਦੀ ਹੈ। ਮਹਾ ਪੁਰਖਾਂ ਦੀਆਂ ਆਤਮ-ਕਥਾਵਾਂ ਜੀਵਨ ਪ੍ਰਤਿ ਸਪਸ਼ਟਤਾ ਅਤੇ ਗੰਭੀਰਤਾ ਦੀਆਂ ਲਖਾਇਕ ਹਨ ਅਤੇ ਆਤਮ-ਵਿਸ਼ਲੇਸ਼ਣ ਦਾ ਨਮੂਨਾ ਹਨ। ਪੰਜਾਬੀ ਵਿਚ ਗੁਰਬਖ਼ਸ਼ ਸਿੰਘ ਦੀ ‘ਮੇਰੀ ਜੀਵਨ ਕਹਾਣੀ, ਨਾਨਕ ਸਿੰਘ ਦੀ ‘ਮੇਰੀ ਦੁਨੀਆ, ਤੇਜਾ ਸਿੰਘ ਦੀ ‘ਆਰਸੀ, ਅੰਮ੍ਰਿਤਾ ਪ੍ਰੀਤਮ ਦੀ ‘ਰਸੀਦੀ

ਟਿਕਟ, ਕਰਤਾਰ ਸਿੰਘ ਦੁਗਲ ਦੀ 'ਕਿਸ ਪਹਿ ਖੋਲਹੁ ਗੰਠੜ੍ਹੀ' ਆਦਿ ਅਤੇ ਅੰਗ੍ਰੇਜ਼ੀ ਤੋਂ ਅਨੁਵਾਦਿਤ ਪੂਰਨ ਸਿੰਘ ਦੀ 'ਆਤਮ-ਕਥਾ' ਆਦਿ, ਆਤਮਕਥਾ ਦੇ ਸੁੰਦਰ ਨਮੂਨੇ ਹਨ। ਇਨ੍ਹਾਂ ਵਿਚ ਸਾਨੂੰ ਰਾਜਨੀਤਿਕ, ਸਮਾਜਕ ਅਤੇ ਸਾਹਿਤਿਕ ਹਵਾਲਿਆਂ ਤੋਂ ਛੁੱਟ ਲੇਖਕ ਦੇ ਨਿੱਜੀ ਜੀਵਨ ਬਾਰੇ ਗਿਆਨ ਮਿਲਦਾ ਹੈ। ਸੰਸਾਰ ਵਿਚ 'ਆਟੋਬਾਇਓਗਰਾਫੀ' ਅਥਵਾ ਸਵੈ-ਜੀਵਨੀ / ਆਤਮ ਕਥਾ ਸ਼ਬਦ ਸਭ ਤੋਂ ਪਹਿਲਾਂ 1797 ਈ. ਵਿਚ ਇਕ ਰਸਾਲੇ 'ਮੰਥਲੀ ਰੀਵਿਊ' ਵਿਚ ਛਪਿਆ ਪਰੰਤੂ ਇਹ ਸ਼ਬਦ 1850 ਈ. ਤੋਂ ਪਹਿਲਾਂ ਛਪਣ ਵਾਲੇ ਕਿਸੇ ਸ਼ਬਦਕੋਸ਼ ਵਿਚ ਸ਼ਾਮਲ ਨਹੀਂ ਹੈ। ਪਿੱਛੋਂ ਫ਼ਰਾਂਸੀਸੀ ਅਤੇ ਜਰਮਨ ਵਿਸ਼ਵਕੋਸ਼ਾਂ ਦਾ ਅਨੁਕਰਣ ਕਰਦਿਆਂ ਐਨਸਾਈਕ-ਲੋਪੀਡੀਆ ਬ੍ਰਿਟੈਨਿਕਾ ਨੇ ਸਵੈ-ਜੀਵਨੀਕਾਰਾਂ ਨੂੰ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਸਵੈ-ਜੀਵਨੀ ਰੂਪਾਕਾਰ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਪੱਛਮੀ ਚਿੰਤਕਾਂ / ਸਵੈ-ਜੀਵਨੀਕਾਰਾਂ ਵਿਚੋਂ ਸਵੈ-ਜੀਵਨੀ ਦੇ ਸਰੂਪ ਤੇ ਤੱਤਾਂ ਸਬੰਧੀ ਆਪਣਾ ਮਤ ਪ੍ਰਗਟ ਕਰਨ ਵਾਲਿਆਂ ਵਿਚ ਡੋਨਲਡ ਸਟਾਫਰ, ਡਬਲਿਊ. ਐਫ. ਥਰਾਲ. ਗੇਟੇ, ਐਚ. ਜੀ. ਵੈਲਜ਼, ਮਾਰਗਰੇਟ ਬਾੱਟਰਾਲ ਆਦਿ ਦੇ ਨਾਂ ਵਰਣਨਯੋਗ ਹਨ।

ਭਾਰਤੀ ਵਿਦਵਾਨਾਂ ਵਿਚੋਂ ਡਾ. ਨਗੇਂਦਰ ਦਾ ਸਵੈ-ਜੀਵਨੀ ਦੀ ਸਿਰਜਣ ਪ੍ਰਕਿਰਿਆ ਸਬੰਧੀ ਇਹ ਮਤ ਬੜਾ ਮਹੱਤਵਪੂਰਨ ਹੈ, "ਸਵੈ-ਜੀਵਨੀ ਲਿਖਣੀ ਬੜੀ ਕਠਿਨ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਵਿਅਕਤੀ ਦਾ ਚੇਤਾ ਭਰੋਸੇਯੋਗ ਨਹੀਂ ਰਹਿੰਦਾ। ਦੂਜਾ ਕੌੜਾ ਸੱਚ ਪੇਸ਼ ਕਰਨਾ ਪੈਂਦਾ ਹੈ, ਆਰੋਪ , ਵਿਸ਼ੇਸ਼ ਤੌਰ ਤੇ ਚਰਿੱਤਰ-ਆਰੋਪਣ ਨੂੰ ਪ੍ਰਗਟ ਕਰਨਾ ਬੜਾ ਮੁਸ਼ਕਲ ਹੁੰਦਾ ਹੈ। ਤੀਜੀ ਗੱਲ ਇਹ ਹੈ ਕਿ ਆਪਣੀ ਸ਼ਖ਼ਸੀਅਤ ਅਤੇ ਹਉਮੈ ਦਾ ਤਿਆਗ ਔਖਾ ਹੁੰਦਾ ਹੈ। ਪੰਜਾਬੀ ਦੇ ਪ੍ਰਸਿੱਧ ਵਿਦਵਾਨ ਤੇ ਸਵੈ-ਜੀਵਨੀਕਾਰ ਵਣਜਾਰਾ ਬੇਦੀ ਅਨੁਸਾਰ- 'ਆਤਮਕਥਾ ਦੁਨੀਆ ਦੀ ਭੀੜ ਵਿਚ ਆਪਣੇ ਆਪ ਨੂੰ ਪਛਾਣਨ ਦਾ ਇਕ ਕਲਾਤਮਕ ਯਤਨ ਹੈ।' ਕਰਤਾਰ ਸਿੰਘ ਦੁੱਗਲ ਦਾ ਇਸ ਰੂਪਾਕਾਰ ਬਾਰੇ ਮਤ ਹੈ-'ਸਵੈ-ਜੀਵਨੀ ਆਪਣੇ ਅੰਦਰ ਨੂੰ ਵਿਅਕਤ ਕਰਨ ਦਾ ਆਰਟ ਹੈ ਤੇ ਇੰਜ ਕਈ ਵਾਰ ਸਚਾਈ ਤਲਖ ਪ੍ਰਤੀਤ ਹੋਣ ਲੱਗ ਪੈਂਦੀ ਹੈ। ... ਸਵੈ-ਜੀਵਨੀ ਆਪਣੀ ਪਛਾਣ ਆਪ ਹੁੰਦੀ ਹੈ। ਆਪਣੇ ਆਪੇ ਬਾਰੇ ਆਪਣੀ ਵਾਕਫ਼ੀ ਨੂੰ ਕਲਾ ਵਿਚ ਪਰਿਵਰਤਿਤ ਕਰਨਾ ਹੁੰਦਾ ਹੈ।' ਅੰਮ੍ਰਿਤਾ ਪ੍ਰੀਤਮ ਦਾ ਸਵੈ-ਜੀਵਨੀ ਸਬੰਧੀ ਇਹ ਮਤ ਬੜਾ ਰੌਚਕ ਵੀ ਹੈ ਤੇ ਮਹੱਤਵਪੂਰਨ ਵੀ –'ਇਹ ਲੇਖਕ ਦਾ ਆਪਣੇ ਘਰ ਵਿਚ ਪਾਠਕ ਨੂੰ ਨਿੱਜੀ ਬੁਲਾਵਾ ਹੁੰਦਾ ਹੈ। ਸੰਗ-ਸੰਕੋਚ ਦੀ ਦਹਿਲੀਜ਼ ਤੋਂ ਅੰਦਰਵਾਰ। ਇਹ ਸਿਰਫ ਉਦੋਂ ਸੰਭਵ ਹੁੰਦਾ ਹੈ ਜਦੋਂ ਲੇਖਕ ਦਾ ਜੇਰਾ ਉਹਦੇ ਕਿਸੇ ਸੱਚ ਨਾਲੋਂ ਊਣਾ ਨਾ ਹੋਵੇ। ਇਹਦੇ ਵਿਚ ਕੋਈ ਝੂਠ, ਮਹਿਮਾਨ ਦੀ ਨਹੀਂ, ਮੇਜ਼ਬਾਨ ਦੀ ਆਪਣੀ ਹੱਤਕ ਹੁੰਦੀ ਹੈ।' ਪੰਜਾਬੀ ਵਿਚ ਸਵੈ-ਜੀਵਨੀ ਦਾ ਜਨਮ ਪਦ-ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਬਚਿੱਤਰ ਨਾਟਕ' ਨਾਲ ਹੁੰਦਾ ਹੈ ਪਰੰਤੂ ਗੱਦ ਵਿਚ ਸਵੈ-ਜੀਵਨੀ ਦਾ ਜਨਮ ਪੱਛਮੀ ਪ੍ਰਭਾਵ ਦਾ ਸਿੱਟਾ ਹੈ। ਬਹੁਤੀਆਂ ਸਵੈ-ਜੀਵਨੀਆਂ ਪੰਜਾਬੀ ਦੇ ਸਾਹਿਤਕਾਰਾਂ ਵੱਲੋਂ ਲਿਖੀਆਂ ਗਈਆਂ ਹਨ। ਕੁਝ ਸਵੈ-ਜੀਵਨੀਆਂ ਦੇਸ਼ ਭਗਤਾਂ ਤੇ ਸਿਆਸਤਦਾਨਾਂ, ਕੁਝ ਜਗਤ ਪ੍ਰਸਿੱਧ ਖਿਡਾਰੀਆਂ ਤੇ ਫਿਲਮੀ ਹਸਤੀਆਂ ਅਤੇ ਕੁਝ ਸਿੱਖਿਆ ਸ਼ਾਸਤਰੀਆਂ ਅਤੇ ਪ੍ਰਸ਼ਾਸਕਾਂ ਨੇ ਵੀ ਆਪਣੇ ਜੀਵਨ ਬ੍ਰਿਤਾਂਤ ਲਿਖੇ ਹਨ। ਪੰਜਾਬੀ ਵਿਚ ਨਾਨਕ ਸਿੰਘ ਪਹਿਲਾ ਸਵੈ-ਜੀਵਨੀਕਾਰ ਹੈ ਜਿਸ ਨੇ 1949 ਈ. ਵਿਚ 'ਮੇਰੀ ਦੁਨੀਆ' ਸਿਰਲੇਖ ਅਧੀਨ ਆਪਣੀ ਆਤਮ-ਕਥਾ ਦੀ ਰਚਨਾ ਕੀਤੀ। ਸੰਨ 1952 ਵਿਚ ਪ੍ਰਿੰ. ਤੇਜਾ ਸਿੰਘ ਦੀ 'ਆਰਸੀ' ਛਪੀ। ਪੰਜਾਬੀ ਦੇ ਹੋਰ ਸਵੈ-ਜੀਵਨੀਕਾਰਾਂ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅੰਮ੍ਰਿਤਾ ਪ੍ਰੀਤਮ, ਵਣਜਾਰਾ ਬੇਦੀ, ਪ੍ਰੋ. ਸਾਹਿਬ ਸਿੰਘ, ਅਜੀਤ ਕੌਰ, ਕਰਤਾਰ ਸਿੰਘ ਦੁੱਗਲ, ਪ੍ਰਿੰ. ਸੁਜਾਨ ਸਿੰਘ, ਪ੍ਰਿੰ. ਸੰਤ ਸਿੰਘ ਸੇਖੋਂ, ਡਾ. ਹਰਚਰਨ ਸਿੰਘ, ਸੰਤੋਖ ਸਿੰਘ ਧੀਰ, ਗਿਆਨੀ ਲਾਲ ਸਿੰਘ, ਰਾਮ ਸਰੂਪ ਅਣਖੀ , ਸੋਹਣ ਸਿੰਘ ਸੀਤਲ , ਬ੍ਰਿਜ ਲਾਲ ਸ਼ਾਸਤਰੀ , ਦਲੀਪ ਕੌਰ ਟਿਵਾਣਾ, ਡਾ. ਸਰਜੀਤ ਸਿੰਘ ਸੇਠੀ, ਗੁਰਚਰਨ ਸਿੰਘ ਸਹਿੰਸਰਾ, ਅਰਜਨ ਸਿੰਘ ਗੜਗੱਜ, ਬਾਬਾ ਸੋਹਣ ਸਿੰਘ ਭਕਨਾ, ਜਗਜੀਤ ਸਿੰਘ ਆਨੰਦ, ਪ੍ਰਿੰ. ਨਿਰੰਜਨ ਸਿੰਘ, ਮਿਲਖਾ ਸਿੰਘ, ਦਾਰਾ ਸਿੰਘ, ਬਲਰਾਜ ਸਾਹਨੀ, ਮਹਿੰਦਰ ਸਿੰਘ ਰੰਧਾਵਾ, ਡਾ. ਸ. ਸ. ਜੌਹਲ ਆਦਿ ਦੇ ਨਾਮ ਵਰਣਨਯੋਗ ਹਨ।

ਕੁਝ ਸਾਹਿਤਕਾਰਾਂ ਤੋਂ ਸਾਹਿਤਕ ਸਵੈ-ਜੀਵਨੀਆਂ ਪੰਜਾਬ ਦੀਆਂ ਯੂਨੀਵਰਸਿਟੀਆਂ ਨੇ ਵੀ ਲਿਖਵਾਈਆਂ ਹਨ। ਇਨ੍ਹਾਂ ਵਿਚੋਂ ਬਹੁਤੇ ਸਵੈ-ਜੀਵਨੀਕਾਰਾਂ ਨੇ ਆਪਣੇ ਬਚਪਨ ਤੋਂ ਲੈ ਕੇ ਸਵੈ-ਜੀਵਨੀ ਲਿਖਣ ਦੇ ਸਮੇਂ ਤਕ ਦੇ ਸਾਰੇ ਵੇਰਵੇ ਆਪਣੀ ਰਚਨਾ ਵਿਚ ਦਰਜ ਕੀਤੇ ਹਨ ਪਰ ਐੱਸ. ਤਰਸੇਮ ਨੇ ਕੇਵਲ ਬਚਪਨ ਨੂੰ 'ਕੱਚੀ ਮਿੱਟੀ ਪੱਕਾ ਰੰਗ' ਸਿਰਲੇਖ ਅਧੀਨ ਛਪਵਾ ਕੇ ਇਸ ਖੇਤਰ ਵਿਚ ਪਹਿਲ ਕੀਤੀ ਹੈ। ਪੰਜਾਬ ਵਿਚ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਸਵੈ-ਜੀਵਨੀ, ਅੰਮ੍ਰਿਤਾ ਪ੍ਰੀਤਮ ਦੀ 'ਰਸੀਦੀ ਟਿਕਟ ' ਤੇ ਅਜੀਤ ਕੌਰ ਦੀ 'ਖ਼ਾਨਾਬਦੋਸ਼' ਹਨ। ਸੰਤ ਸਿੰਘ ਸੇਖੋਂ ਦੀ ਸਵੈ-ਜੀਵਨੀ 'ਉਮਰ ਦਾ ਪੰਧ' ਵਿਚ ਅੰਮ੍ਰਿਤਾ ਤੇ ਅਜੀਤ ਕੌਰ ਵਾਂਗ ਨੰਗਾ ਚਿੱਟਾ ਸੱਚ ਲਿਖਣ ਦੀ ਦਲੇਰੀ ਕਾਰਨ ਵੀ ਇਨ੍ਹਾਂ ਸਵੈ-ਜੀਵਨੀਆਂ ਦਾ ਮਹੱਤਵ ਰੂਸੋ ਦੀ ਸਵੈ-ਜੀਵਨੀ 'ਕਨਫੈਸ਼ਨਜ਼' ਵਾਂਗ ਵੱਧ ਗਿਆ ਹੈ।

ਪੰਜਾਬੀ ਸਾਹਿਤ ਵਿਚ ਜਿੱਥੇ ਮਰਦ ਲੇਖਕਾ ਨੇ ਆਪਣੀਆਂ ਰਚਨਾਵਾਂ ਦੇ ਕੇ ਪੰਜਾਬੀ ਸਾਹਿਤ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ। ਪਿਛਲੇ ਕੁੱਝ ਦਹਾਕਿਆਂ ਤੋਂ ਪੰਜਾਬੀ ਸਾਹਿਤ ਵਿਚ ਇਸਤਰੀ ਲੇਖਕਾਂ ਦਾ ਵੱਡ-ਮੁੱਲੇ ਯੋਗਦਾਨ ਦੇਖਣ ਨੂੰ ਮਿਲਦਾ ਹੈ। ਕੁੱਝ ਇਸਤਰੀ ਲੇਖਕ ਜਿਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਆਪਣੀਆ ਸਵੈ-ਜੀਵਨੀਆਂ ਲਿਖ ਕੇ ਪੰਜਾਬੀ ਗਦ- ਸਹਿਤ ਨੂੰ ਅਮੀਰ ਬਣਾਉਣ ਵਿਚ ਸ਼ਲਾਘਾਯੋਗ ਯਤਨ ਕੀਤਾ ਹੈ। ਸਾਹਿਤ ਨੂੰ ਸ਼ਾਹਕਾਰ ਰਚਨਾਵਾਂ ਦੇਣ ਵਾਲਾ ਰਾਮ ਸਰੂਪ ਅਣਖੀ ਖ਼ੁਦ ਲਿਖਦਾ ਹੈ, ''ਇਸਤਰੀ-ਮਨ ਦੀ ਪੀੜ ਨੂੰ ਜਿੰਨੀ ਸ਼ਿੱਦਤ ਤੇ ਗਹਿਰਾਈ ਨਾਲ ਔਰਤ ਆਪ ਪੇਸ਼ ਕਰ ਸਕਦੀ ਹੈ, ਮਰਦ -ਲੇਖਕ ਕਿੰਨਾ ਵੀ ਅਨੁਭਵੀ ਤੇ ਉਦਾਰਵਾਦੀ ਹੋਵੇ, ਇਸਤਰੀ-ਮਨ ਨੂੰ ਓਨਾ ਨੇੜਿਓਂ ਨਹੀਂ ਪਕੜ ਸਕਦਾ।'' ਪੰਜਾਬੀ ਸਾਹਿਤ ਦੇ ਨਾਮੀ ਆਲੋਚਕ ਪ੍ਰੋ. ਬ੍ਰਹਮਜਗਦੀਸ਼ ਸਿੰਘ ਦੇ ਸ਼ਬਦਾਂ 'ਚ, ''ਮਨੁੱਖੀ ਸੱਭਿਆਚਾਰ 'ਚ ਪੁਰਖ ਨਾਲੋਂ ਇਸਤਰੀ ਵਧੇਰੇ ਸੰਵੇਦਨਸ਼ੀਲ, ਸਾਬਰ ਤੇ ਸਮਝਦਾਰ ਹੁੰਦੀ ਹੈ। ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੁਰਸ਼ ਨਾਲੋਂ ਵਧੇਰੇ ਚੰਗੀ ਤਰ੍ਹਾਂ ਨਾਲ ਸਮਝਦੀ ਹੈ। ਭਾਰਤੀ ਪਰਿਪੇਖ 'ਚ ਇਹ ਗੱਲ ਵਧੇਰੇ ਚੰਗੀ ਤਰ੍ਹਾਂ ਨਾਲ ਸਮਝੀ ਜਾ ਸਕਦੀ ਹੈ ਕਿਉਂਕਿ ਸਾਡੇ ਇੱਥੇ ਇਸਤਰੀ ਦੇ ਸਾਹਮਣੇ ਫ਼ਰਜ਼ ਹੀ ਫ਼ਰਜ਼ ਹਨ। ਅਧਿਕਾਰਾਂ ਦੀ ਕੋਈ ਮਹਿਕਦੀ ਜਾਂ ਖ਼ੂਬਸੂਰਤ ਵਾਦੀ ਹੈ ਹੀ ਨਹੀਂ। ਉਹ ਆਪਣੀਆਂ ਕੋਮਲ ਭਾਵਨਾਵਾਂ ਉੱਪਰ ਮਰਯਾਦਾ ਦੇ ਬੋਝਲ ਪੱਥਰ ਰੱਖ ਕੇ ਮਰਦ ਦੀ ਇੱਛਾ ਅਨੁਸਾਰ ਜਿਉਣ ਲਈ ਮਜਬੂਰ ਹੈ।''

ਅੰਮ੍ਰਿਤਾ ਪ੍ਰੀਤਮ ਨੂੰ ਪੰਜਾਬੀ ਭਾਸ਼ਾ ਦੇ 20ਵੀਂ ਸਦੀ ਦੇ ਸਭ ਤੋਂ ਅਹਿਮ ਕਵੀਆਂ ਵਿੱਚ ਮੰਨਿਆ ਜਾਂਦਾ ਹੈ ਅਤੇ ਪਹਿਲੀ ਅਹਿਮ ਨਾਰੀ ਲੇਖਕ ਮੰਨਿਆ ਜਾਂਦਾ ਹੈ। ਅੰਮ੍ਰਿਤਾ ਨੇ 'ਰਸੀਦੀ ਟਿਕਟ' ਨਾਂ ਹੇਠ ਆਪਣੀ ਸਵੈ-ਜੀਵਨੀ ਲਿਖੀ ਸੀ। ਜਿਸ ਵਿਚ ਉਸ ਨੇ ਆਪਣੇ ਨਿੱਜੀ ਜੀਵਨ ਨੂੰ ਭਾਵੁਕ ਤੇ ਕਾਵਿਮਈ ਰੂਪ ਵਿਚ ਬਿਆਨ ਕੀਤਾ ਹੈ। ਇਸ ਵਿਚ ਉਸ ਨੇ ਆਪਣੇ ਜੀਵਨ ਦੇ ਕਈ ਪੱਖਾਂ ਨੂੰ ਪੇਸ਼ ਕੀਤਾ ਹੈ ਪਰ ਇਸ ਦੇ ਨਾਲ ਹੀ ਕਈ ਪੱਖਾਂ ਨੂੰ ਲੁਕਾ ਕੇ ਵੀ ਰੱਖਿਆ ਹੈ। ਆਪਣੇ ਵਿਅਹਤਾ ਜੀਵਨ ਤੇ ਪ੍ਰੇਮ ਅਨੁਭਵ ਤੋਂ ਲੈ ਕੇ ਉਸ ਨੇ ਆਪਣੇ ਸਮਕਾਲੀ ਲੇਖਕਾਂ ਦੀ ਆਪਣੇ ਪ੍ਰਤੀ ਈਰਖਾ ਦਾ ਜ਼ਿਕਰ ਕੀਤਾ ਹੈ। ਡਾ. ਧਨਵੰਤ ਦਾ ਮਤ ਹੈ ਕਿ ਅੰਮ੍ਰਿਤਾ ਨੂੰ 'ਪਿਤਰਕੀ ਕਦਰਾਂ ਵਾਲੇ ਰੱਚੜ ਮਰਦਾਵੇਂ ਸਮਾਜ ਵਿਚ ਸਿਰਫ ਨਾਰੀ ਲੇਖਿਕਾ ਵਜੋਂ ਪ੍ਰਵਾਨੇ ਜਾਣ ਤੋਂ ਅਗਾਂਹ ਲੇਖਿਕਾ ਵਜੋਂ ਜੀਣ ਥੀਣ ਦਾ ਜਿਹੜਾ ਸੰਕਲਪ ਉਸ ਨੇ ਲਿਆ, ਉਸ ਸੰਕਲਪ ਤੇ ਸਾਬਤ ਕਦਮੀਂ ਤੁਰਨ ਲਈ ਉਸ ਨੂੰ ਰੱਬ, ਘਰ, ਪਰਿਵਾਰ, ਸਮਾਜ ਵਰਗੀਆਂ ਸੱਭਿਆਚਾਰਕ ਘਾੜਤਾਂ ਨਾਲ ਹੀ ਨਹੀਂ, ਆਪਣੀ ਅੰਦਰਲੀ ਔਰਤ ਨਾਲ ਵੀ ਆਢਾ ਲੈਣਾ ਪਿਆ।' ਇਸ ਤਰ੍ਹਾਂ ਡਾ. ਧਨਵੰਤ ਕੌਰ ਨੇ ਅੰਮ੍ਰਿਤਾ ਦੇ ਜੀਵਨ ਦੇ ਬਾਹਰੀ ਅਤੇ ਅੰਦਰਲੇ ਸੱਚ ਨੂੰ ਤਲਾਸ਼ਣ ਅਤੇ ਤਾਵੀਲ ਕਰਨ ਦਾ ਸਾਰਥਕ ਉਪਰਾਲਾ ਕਰਦੀ ਹੋਈ ਇਸ ਸਵੈ-ਜੀਵਨੀ ਨੂੰ 'ਲੇਖਕ ਆਪੇ ਦੀ ਹੱਠੀ ਪਰਿਕਰਮਾ' ਕਹਿੰਦੀ ਹੈ।

ਦਲੀਪ ਕੌਰ ਟਿਵਾਣਾ ਦੀ ਰਚਨਾ 'ਨੰਗੇ ਪੈਰਾਂ ਦਾ ਸਫਰ' ਸਫਲ ਸਵੈ-ਜੀਵਨੀ ਮੰਨੀ ਜਾਂਦੀ ਹੈ। ਜਿਸ ਵਿਚ ਉਸ ਨੇ ਆਪਣੀ ਜ਼ਿੰਦਗੀ ਦੇ ਸੱਚ ਨੂੰ ਪੇਸ਼ ਕੀਤਾ ਹੈ। ਉਸ ਨੇ ਆਪਣੇ ਨਿੱਜ ਉੱਪਰ ਹੰਢਾਏ ਦੁੱਖਾਂ ਤੇ ਮਾਨਸਿਕ ਸੰਤਾਪ ਦੀ ਬੇਝਿਜਕ ਪੇਸ਼ਕਾਰੀ ਕੀਤੀ ਹੈ। ਆਪਣੇ ਪਿਤਾ ਵੱਲੋਂ ਤ੍ਰਿਸਕਾਰੀ ਮਾਂ ਦੇ ਸੰਤਾਪਾਂ ਨੂੰ ਅਨੁਭਵ ਕਰਦੀ ਹੋਈ ਪੁਰਸ਼ ਪ੍ਰਧਾਨ ਸਮਾਜ ਵਿਚ ਮਾਨਵ ਰੂਪੀ ਬਘਿਆੜਾਂ, ਗਿੱਦੜਾਂ ਤੇ ਲੂੰਬੜਾਂ ਵਿਚ ਵਿਚਰਦੀ ਹੋਈ ਦਲੀਪ ਕੌਰ ਨੇ ਆਪਣੇ ਸਵੈਮਾਨ ਸੁੱਰਖਿਆ ਰੱਖਿਆ।

ਅਜੀਤ ਕੌਰ ਦਾ ਨਾਂ ਪੰਜਾਬੀ ਗਲਪ ਸਾਹਿਤ ਵਿਚ ਵਧੇਰੇ ਪ੍ਰਚਲਿਤ ਹੈ। ਅਜੀਤ ਕੌਰ ਦੀ ਸਵੈ-ਜੀਵਨੀ 'ਖਾਨਾਬਦੋਸ਼' ਅਤੇ 'ਕੂੜਾ-ਕਬਾੜਾ' ਪੜ੍ਹਦਿਆਂ ਸਮਝਿਆ ਜਾ ਸਕਦਾ ਹੈ ਕਿ ਉਸ ਨੂੰ ਸਵੈ-ਜੀਵਨੀ ਲਿਖਣਾ ਕਿੰਨਾ ਮੁਸ਼ਕਲ ਹੋਇਆ ਹੋਵੇਗਾ। ਅਜਿਹਾ ਕੰਮ ਦਰਦ ਦੇ ਸਮੁੰਦਰ ਵਿੱਚ ਦਾਖਲ ਹੋਣ ਜਾਂ ਅੱਗ ਦੀ ਨਦੀ ਵਿੱਚੋਂ ਲੰਘਦਿਆਂ ਹੀ ਪ੍ਰਗਟ ਹੋ ਸਕਦਾ ਹੈ। ਕੰਮ ਕਰਨ ਵਾਲੀਆਂ ਔਰਤਾਂ ਦੇ ਹੋਸਟਲ ਤੋਂ ਕਿਰਾਏ ਦੇ ਮਕਾਨਾਂ ਤੱਕ ਦਾ ਅਜੀਤ ਕੌਰ ਦਾ ਸੰਘਰਸ਼ ਵੀ ਇਸ ਸਵੈ-ਜੀਵਨੀ ਵਿੱਚ ਪੜ੍ਹਿਆ ਜਾ ਸਕਦਾ ਹੈ।

ਬਚਿੰਤ ਕੌਰ ਮੂਲ ਰੂਪ ਵਿਚ ਕਹਾਣੀਕਾਰ ਹੈ। ਉਸ ਨੇ 'ਪੰਗਡੰਡੀਆਂ' ਨਾਂ ਹੇਠ ਸਵੈ-ਜੀਵਨੀ ਲਿਖੀ। ਇਸ ਵਿਚ ਉਸ ਨਿਰਸੰਕੋਚ ਤੇ ਪੁਰਸ਼ ਪ੍ਰਧਾਨ ਸਮਾਜ ਵਿਚ ਇਸਤਰੀ ਦੇ ਸ਼ੋਸ਼ਣ ਦੀ ਨੰਗੀ ਤਸਵੀਰ ਪੇਸ਼ ਕੀਤੀ ਹੈ। ਡਾ. ਧਰਮ ਸਿੰਘ ਇਸ ਸਵੈ-ਜੀਵਨੀ ਦੇ ਸਿਰਲੇਖ ਪਗਡੰਡੀਆਂ ਨੂੰ ਭਾਰਤੀ ਨਾਰੀ ਦੀ ਮਾਰਮਿਕ ਪਰ ਸੰਘਰਸ਼ਮਈ ਗਾਥਾ ਲਈ ਅਤਿਅੰਤ ਢੁੱਕਵਾਂ ਰੂਪਕ ਮੰਨਦੇ ਹਨ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਇਹ ਸਵੈ-ਜੀਵਨੀ 'ਕਠੋਰ ਯਥਾਰਥ ਦੀ ਪੇਸ਼ਕਾਰੀ' ਕਰਦੀ ਹੋਈ 'ਪ੍ਰੇਰਨਾਦਾਇਕ, ਉਤਸ਼ਾਹ-ਵਰਧਕ ਅਤੇ ਦੁਸ਼ਵਾਰੀਆਂ' ਨਾਲ ਖਹਿਣ ਵਾਲੇ ਲੇਖਿਕਾ ਦੇ 'ਆਤਮ ਬਿੰਬ' ਨੂੰ ਸਾਕਾਰ ਕਰਦੀ ਹੈ। ਉਹਨਾਂ ਅਨੁਸਾਰ ਇਸ ਸਵੈ-ਜੀਵਨੀ ਵਿਚੋਂ ਸਮਕਾਲੀ ਇਤਿਹਾਸ ਦਾ ਜਿਹੜਾ ਪ੍ਰਤੀਬਿੰਬ

ਮਿਲਦਾ ਹੈ ਉਸ ਦੇ ਅਨੇਕਾਂ ਪੱਖ ਹਨ ਜਿਹਨਾਂ ਦਾ ਸਮਾਜ-ਸਭਿਆਚਾਰਕ ਦ੍ਰਿਸ਼ਟੀ ਤੋਂ ਆਪਣਾ ਇਤਿਹਾਸਕ ਮਹੱਤਵ ਹੈ। ਸਵੈ-ਜੀਵਨੀ ਦੀ ਜੁਝਾਰੂ ਅਤੇ ਵੰਗਾਰੂ ਪ੍ਰਵਿਰਤੀ ਨੂੰ ਧਿਆਨ ਵਿਚ ਰੱਖਦਿਆਂ ਹੀ ਸ਼ਾਇਦ ਡਾ. ਧਰਮ ਸਿੰਘ ਨੇ ਇਹ ਸ਼ਬਦ ਲਿਖੇ ਹੋਣ, 'ਪੰਜਾਬੀ ਕੁੜੀਆਂ, ਔਰਤਾਂ ਇਹ (ਸਵੈ-ਜੀਵਨੀ) ਜ਼ਰੂਰ ਪੜ੍ਹਨੀ ਚਾਹੀਦੀ ਹੈ ਭਾਵੇਂ ਕੋਈ ਡਿਗਰੀ ਲੈਣੀ ਹੋਵੇ ਜਾਂ ਨਾ। ਮਰਦ ਪ੍ਰਧਾਨ ਸਮਾਜ ਅਤੇ ਇਸ ਦੇ ਸਾਮੰਤੀ ਸੰਸਕਾਰਾਂ ਕਰਕੇ ਸਾਡੇ ਸਮਾਜ ਵਿਚ ਹਰ ਔਰਤ ਨੂੰ ਕਿਸੇ ਨਾ ਕਿਸੇ ਸਮੇਂ ਅਤੇ ਕਿਸੇ ਨਾ ਕਿਸੇ ਰੂਪ ਵਿਚ ਪਗਡੰਡੀਆਂ ਉਪਰ ਤੁਰਨਾ ਹੀ ਪੈਂਦਾ ਹੈ ਅਤੇ ਇਹ ਪੁਸਤਕ ਉਸ ਨੂੰ ਇਹਨਾਂ ਉਪਰ ਚੱਲਣ ਦਾ ਵੱਲ ਸਿਖਾਉਂਦੀ ਹੈ।'

ਪ੍ਰਭਜੋਤ ਕੌਰ ਦੀ ਸਵੈ-ਜੀਵਨੀ 'ਜੀਣਾ ਵੀ ਇਕ ਅਦਾ ਹੈ' ਦੋ ਭਾਗਾਂ ਵਿਚ ਲਿਖੀ ਗਈ ਹੈ। ਇਸ ਸਵੈ-ਜੀਵਨੀ ਵਿਚ ਉਸ ਨੇ ਆਪਣੇ ਸਵੈਮਾਨ ਤੇ ਤ੍ਰੀਆ ਹਠ ਨੂੰ ਬੇਨਕਾਬ ਕੀਤਾ ਹੈ। ਇਸ ਦੇ ਨਾਲ ਹੀ ਉਸ ਨੇ ਨਾਰੀ ਉੱਤੇ ਪੁਰਸ਼ ਪ੍ਰਧਾਨ ਸਮਾਜ ਨੂੰ ਰੱਜ ਕੇ ਭੰਡਿਆ ਹੈ। ਪ੍ਰਭਜੋਤ ਕੌਰ ਔਰਤ ਦੇ ਸਦੀਵੀ ਪਿਆਰ ਦੀ ਗੱਲ ਵਿਚ ਨਵੇਂ ਅਰਥ ਭਰਨ ਵਾਲੀ ਬੇਬਾਕ ਔਰਤ ਵਜੋਂ ਜਾਣੀ ਜਾਂਦੀ ਹੈ।

ਇਸਤਰੀ ਲੇਖਕਾ ਵਿਚ ਹੋਰ ਵੀ ਲੇਖਿਕਾਵਾਂ ਨੇ ਸਵੈ-ਜੀਵਨੀ ਲਿਖਣ ਵਿਚ ਆਪਣਾ ਯੋਗਦਾਨ ਦਿੱਤਾ ਹੈ, ਜਿਨ੍ਹਾ ਵਿਚ ਕੈਲਾਸ਼ ਪੁਰੀ ਦੀ (ਬਾਰ ਜਾਉ ਲਖ ਬੇਰੀਆਂ), ਮਨਜੀਤ ਇੰਦਰਾ (ਤਾਰਿਆਂ ਦਾ ਛਜ), ਸੁਰਿੰਦਰ ਕੌਰ ਖਰਲ (ਪ੍ਰਕਾਸ਼ ਪੁੰਜ), ਡਾ. ਕਰਨਜੀਤ (ਹਾਸ਼ੀਏ ਦੀ ਇਬਾਰਤ) ਆਦਿ ਸਵੈ-ਜੀਵਨੀਆਂ ਸਾਨੂੰ ਪੰਜਾਬੀ ਸਾਹਿਤ ਵਿਚ ਮਿਲਦੀਆਂ ਹਨ।

## ਸਾਰ-ਅੰਸ਼

ਉਪਰੋਕਤ ਵਿਚਾਰਾਂ ਤੋਂ ਬਆਦ ਅਸੀਂ ਇਸ ਸਿੱਟੇ ਤੇ ਪਹੁੰਚ ਦੇ ਹਾਂ ਕਿ ਸਵੈ-ਜੀਵਨੀ ਆਪਣੇ ਆਪ ਦੀ ਪਹਿਚਾਣ ਕਰਾਉਂਦੀ ਹੈ। ਇਸ ਵਿਸ਼ਾਲ ਸੰਸਾਰ ਵਿਚ ਉਸ ਦੀ ਥਾਂ ਕਿੱਥੇ ਹੈ? ਇਸ ਗੱਲ ਨੂੰ ਘੋਖਣ ਦਾ ਇਕ ਸੱਪਸ਼ਟ ਜ਼ਰੀਆ ਸਾਡੇ ਸਾਂਵੇ ਸਵੈ-ਜੀਵਨੀ ਦਾ ਇਕ ਰੂਪ ਹੈ। ਆਪਣੇ ਅੰਦਰਲੇ ਸਾਰੇ ਗੁਣਾਂ-ਔਗੁਣਾਂ ਬਾਰੇ ਜਾਣ ਕੇ ਉਸ ਨੂੰ ਦੂਜਿਆ ਸਾਹਮਣੇ ਰੱਖਣ ਲਈ ਬਹੁਤ ਵੱਡਾ ਜੇਰਾ ਚਾਹੀਦਾ ਹੈ। ਇਹ ਕੰਮ ਮਹਾਨ ਵਿਅਕਤੀ ਹੀ ਕਰ ਸਕਦੇ ਹਨ, ਜਿਨ੍ਹਾਂ ਨੇ ਆਪਣੇ ਜੀਵਨ ਵਿਚ ਜੋ ਕੁੱਝ ਸਿੱਖਿਆ ਉਸ ਨਾਲ ਦੂਜਿਆ ਵਿਚ ਹਿੰਮਤ ਤੇ ਉਤਸ਼ਾਹ ਪੈਦਾ ਕਰਨ ਦੀ ਇਕ ਵੱਡਮੁੱਲੀ ਕੋਸ਼ਿਸ ਕਰਦੇ ਹਨ। ਅੰਮ੍ਰਿਤਾ ਪ੍ਰੀਤਮ ਦਾ ਸਵੈ-ਜੀਵਨੀ ਸਬੰਧੀ ਇਹ ਮਤ ਬੜਾ ਰੌਚਕ ਵੀ ਹੈ ਤੇ ਮਹੱਤਵਪੂਰਨ ਵੀ –'ਇਹ ਲੇਖਕ ਦਾ ਆਪਣੇ ਘਰ ਵਿਚ ਪਾਠਕ ਨੂੰ ਨਿੱਜੀ ਬੁਲਾਵਾ ਹੁੰਦਾ ਹੈ। ਸੰਗ-ਸੰਕੋਚ ਦੀ ਦਹਿਲੀਜ਼ ਤੋਂ ਅੰਦਰਵਾਰ। ਇਹ ਸਿਰਫ ਉਦੋਂ ਸੰਭਵ ਹੁੰਦਾ ਹੈ ਜਦੋਂ ਲੇਖਕ ਦਾ ਜੇਰਾ ਉਹਦੇ ਕਿਸੇ ਸੱਚ ਨਾਲੋਂ ਊਣਾ ਨਾ ਹੋਵੇ । ਇਹਦੇ ਵਿਚ ਕੋਈ ਝੂਠ, ਮਹਿਮਾਨ ਦੀ ਨਹੀਂ, ਮੇਜ਼ਬਾਨ ਦੀ ਆਪਣੀ ਹੱਤਕ ਹੁੰਦੀ ਹੈ ।' ਅਸਲ ਵਿਚ ਸਵੈ-ਜੀਵਨੀ ਕਿਸੇ ਵਿਅਕਤੀ ਵਿਸ਼ੇਸ਼ ਦੇ ਆਪਣੇ ਅਤੀਤ ਤੋਂ ਵਰਤਮਾਨ ਤਕ ਦਾ ਜ਼ਿੰਦਗੀਨਾਮਾ ਹੈ । ਜੀਵਨ ਵੇਰਵਿਆਂ ਵਿਚਲਾ ਸੱਚ ਸਵੈ-ਜੀਵਨੀ ਦੀ ਰੂਹ ਹੈ । ਜ਼ਿੰਦਗੀ ਦੀਆਂ ਮਹੱਤਵਪੂਰਨ ਘਟਨਾਵਾਂ, ਵਿਚਾਰਾਂ, ਭਾਵਨਾਵਾਂ ਨੂੰ ਕਲਾਤਮਕ ਰੂਪ ਵਿਚ ਆਪਣੇ ਸਮਕਾਲੀਨ ਸਮਾਜਕ, ਆਰਥਿਕ , ਧਾਰਮਕ, ਰਾਜਨੀਤਿਕ ਤੇ ਸਾਂਸਕ੍ਰਿਤਿਕ ਪ੍ਰਸੰਗ ਵਿਚ ਹੋਏ ਆਪੇ ਦੀ ਸਹੀ ਪਛਾਣ ਕਰਵਾਉਣਾ ਹੀ ਸਵੈ-ਜੀਵਨੀਕਾਰ ਦਾ ਧਰਮ ਹੈ । ਸਵੈ-ਜੀਵਨੀਕਾਰ ਦਾ ਸਫ਼ਰ ਅੰਦਰੋਂ ਬਾਹਰ ਵੱਲ ਅਤੇ ਜੀਵਨੀਕਾਰ ਦਾ ਬਾਹਰੋਂ ਅੰਦਰ ਵੱਲ ਹੋਣ ਕਾਰਨ ਰੂਪਾਕਾਰਕ ਪੱਧਰ ਉੱਤੇ ਇਹ ਦੋਵੇਂ ਵੱਖੋ ਵੱਖਰੇ ਰੂਪਾਕਾਰ ਹਨ ਜਿਸ ਕਾਰਨ ਹੋਂਦ ਵਿਧੀ ਦੀ ਭਿੰਨਤਾ ਕਾਰਨ ਸਵੈ-ਜੀਵਨੀ ਇਕ ਸੁਤੰਤਰ ਰੂਪਾਕਾਰ ਹੈ । ਸੰਸਮਰਣ, ਡਾਇਰੀ, ਪੱਤਰਾਵਲੀ ਆਦਿ ਸਵੈ-ਜੀਵਨਿਕ ਵੰਨਗੀ ਦਾ ਸਾਹਿਤ ਹੈ ਪਰੰਤੂ ਇਨ੍ਹਾਂ ਵਿਚ ਸਵੈ-ਜੀਵਨੀ ਦੇ ਸਾਰੇ ਤੱਤ ਨਹੀਂ ਹੋ ਸਕਦੇ। ਸਵੈ-ਜੀਵਨੀ ਨਾਵਲ, ਕਹਾਣੀ, ਨਿਬੰਧ, ਪੱਤਰ ਆਦਿ ਕਿਸੇ ਵੀ ਸ਼ੈਲੀ ਵਿਚ ਲਿਖੀ ਜਾ ਸਕਦੀ ਹੈ । ਜਿਸ ਵਿਚ ਨਾਰੀ ਲੇਖਕਾਂ ਨੇ ਆਪਣੇ ਜੀਵਨ ਵਿਚ ਆਈਆਂ ਦੁਸ਼ਵਾਰੀਆਂ ਚਣੌਤੀਆਂ ਦਾ ਇਕ ਪੱਖ ਪਿਤਰਕੀ ਸੱਤਾ ਨਾਲ ਸੰਬੰਧਿਤ ਹੈ ਜਿਥੇ ਉਹਨਾਂ ਨੂੰ ਅਨੇਕਾਂ ਬੰਧਸ਼ਾਂ-ਬੰਧੇਜਾਂ ਵਾਲਾ ਜੀਵਨ ਗੁਜ਼ਾਰਨ ਲਈ ਮਜਬੂਰ ਹੋਣਾ ਪੈਂਦਾ ਹੈ ਜਿਸ ਨੇ ਉਹਨਾਂ ਅੰਦਰ ਡਰ, ਭੈਅ ਅਤੇ ਤੌਖਲਿਆਂ ਵਾਲੇ ਅਵਚਤੇਨ ਦਾ ਨਿਰਮਾਣ ਕਰ ਦਿੱਤਾ ਹੈ ਪਰ ਕਿਧਰੇ ਉਹਨਾਂ ਦਾ ਅਵਚੇਤਨ ਇਸ ਕਦਰ ਬਾਗ਼ੀ ਹੋ ਉਠਦਾ ਹੈ ਕਿ ਉਹ ਇਸ ਸਮਾਜ ਦੀਆਂ ਸੁਮੱਚੀਆਂ ਸੰਰਚਨਾਵਾਂ ਨਾਲ ਦਸਤਪੰਜਾ ਲੈਣ ਲਈ ਤਿਆਰ ਹੋ ਜਾਂਦੀਆਂ ਹਨ।

## ਮੁੱਖ/ਕੇਂਦਰੀ ਸ਼ਬਦ:

- ਨਵੇਕਲੀ---ਵੱਖਰਾ
- ਵਾਸਤਵਿਕਤਾ---ਸੱਚਾਈ
- ਬਿਰਤਾਂਤਕ---ਕ੍ਰਮਬੱਧ

- ਕਲਪਾਨਤਮਿਕ---ਕਾਲਪਨਿਕ
- ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

ਪ੍ਰਸ਼ਨ 1. ਨਾਰੀ ਸਵੈਜੀਵਨੀ ਲਿਖਣ ਦਾ ਮੁੱਖ ਕੇਂਦਰ ਕੀ ਰਿਹਾ ਹੈ?

ੳ ਸ਼ੋਸ਼ਣ

ਅ ਪਿਤਰੀ ਸਮਾਜ

ੲ ਆਪਣੇ ਆਪੇ ਦੀ ਪਹਿਚਾਣ

ਸ ਉਪਰੋਕਤ ਸਾਰੇ

ਪ੍ਰਸ਼ਨ 2. ਸਵੈ- ਜੀਵਨੀ ਦਾ ਅਰਥ ਕੀ ਹੈ?

ੳ ਸ੍ਵੈ-ਜੀਵਨੀ ਚਿਤਰ

ਅ ਆਪੇ ਦੀ ਪਹਿਚਾਣ

ੲ ਆਪਣੇ ਬਾਰੇ ਦੱਸਣਾ

ਸ ਮਹਾਨ ਹੋਣਾ

ਪ੍ਰਸ਼ਨ 3. ਅੰਮ੍ਰਿਤਾ ਨੂੰ 'ਪਿਤਰਕੀ ਕਦਰਾਂ ਵਾਲੇ ਰੱਚੜ ਮਰਦਾਵੇਂ ਸਮਾਜ ਵਿਚ ਸਿਰਫ ਨਾਰੀ ਲੇਖਿਕਾ ਵਜੋਂ ਪ੍ਰਵਾਨੇ ਜਾਣ ਤੋਂ ਅਗਾਂਹ ਲੇਖਿਕਾ ਵਜੋਂ ਜੀਣ ਥੀਣ ਦਾ ਜਿਹੜਾ ਸੰਕਲਪ ਉਸ ਨੇ ਲਿਆ, ਉਸ ਸੰਕਲਪ ਤੇ ਸਾਬਤ ਕਦਮੀਂ ਤੁਰਨ ਲਈ ਉਸ ਨੂੰ ਰੱਬ, ਘਰ, ਪਰਿਵਾਰ, ਸਮਾਜ ਵਰਗੀਆਂ ਸੱਭਿਆਚਾਰਕ ਘਾੜਤਾਂ ਨਾਲ ਹੀ ਨਹੀਂ, ਆਪਣੀ ਅੰਦਰਲੀ ਔਰਤ ਨਾਲ ਵੀ ਆਢਾ ਲੈਣਾ ਪਿਆ।'

ਉਪਰੋਕਤ ਕਥਨ ਕਿਸ ਦਾ ਹੈ?

ੳ ਡਾ. ਧਰਮਪਾਲ ਸਿੰਘ

ਅ ਡਾ. ਧਨਵੰਤ ਕੌਰ

ੲ ਪ੍ਰਭਜੋਤ ਕੌਰ

ਸ ਨਾਨਕ ਸਿੰਘ

ਪ੍ਰਸ਼ਨ 4. 'ਆਤਮਕਥਾ ਦੁਨੀਆ ਦੀ ਭੀੜ ਵਿਚ ਆਪਣੇ ਆਪ ਨੂੰ ਪਛਾਣਨ ਦਾ ਇਕ ਕਲਾਤਮਕ ਯਤਨ ਹੈ।'

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਕਰਤਾਰ ਸਿੰਘ ਦੁੱਗਲ

ਅ ਨਾਨਕ ਸਿੰਘ

ੲ ਭਾਈ ਬੀਰ ਸਿੰਘ

ਸ ਵਣਜਾਰਾ ਬੇਦੀ

ਪ੍ਰਸ਼ਨ 5. 'ਜੀਣਾ ਵੀ ਇਕ ਅਦਾ ਹੈ' ਸਵੈ-ਜੀਵਨੀ ਕਿਸ ਦੀ ਲਿਖੀ ਹੋਈ ਹੈ?

ੳ ਅੰਮ੍ਰਿਤਾ ਪ੍ਰੀਤਮ

ਅ ਦਲੀਪ ਕੌਰ ਟਿਵਾਣਾ

ੲ ਵਨੀਤਾ

ਸ ਪ੍ਰਭਜੋਤ ਕੌਰ

ਪ੍ਰਸ਼ਨ 6. ''ਇਸਤਰੀ-ਮਨ ਦੀ ਪੀੜ ਨੂੰ ਜਿੰਨੀ ਸ਼ਿੱਦਤ ਤੇ ਗਹਿਰਾਈ ਨਾਲ ਔਰਤ ਆਪ ਪੇਸ਼ ਕਰ ਸਕਦੀ ਹੈ, ਮਰਦ -ਲੇਖਕ ਕਿੰਨਾ ਵੀ ਅਨੁਭਵੀ ਤੇ ਉਦਾਰਵਾਦੀ ਹੋਵੇ, ਇਸਤਰੀ-ਮਨ ਨੂੰ ਓਨਾ ਨੇੜਿਓਂ ਨਹੀਂ ਪਕੜ ਸਕਦਾ।''

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਕ੍ਰਿਸ਼ਨ ਬਿਹਾਰੀ

ਅ ਰਾਮ ਸਰੂਪ ਅਣਖੀ

ੲ ਗੁਰਦਿਆਲ ਸਿੰਘ

ਸ ਅਰਜੁਨ ਤ੍ਰਿਪਾਠੀ

ਪ੍ਰਸ਼ਨ 7. ''ਮਨੁੱਖੀ ਸੱਭਿਆਚਾਰ 'ਚ ਪੁਰਖ ਨਾਲੋਂ ਇਸਤਰੀ ਵਧੇਰੇ ਸੰਵੇਦਨਸ਼ੀਲ, ਸਾਬਰ ਤੇ ਸਮਝਦਾਰ ਹੁੰਦੀ ਹੈ। ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੁਰਸ਼ ਨਾਲੋਂ ਵਧੇਰੇ ਚੰਗੀ ਤਰ੍ਹਾਂ ਨਾਲ ਸਮਝਦੀ ਹੈ। ਭਾਰਤੀ ਪਰਿਪੇਖ 'ਚ ਇਹ ਗੱਲ ਵਧੇਰੇ ਚੰਗੀ ਤਰ੍ਹਾਂ ਨਾਲ ਸਮਝੀ ਜਾ ਸਕਦੀ ਹੈ ਕਿਉਂਕਿ ਸਾਡੇ ਇੱਥੇ ਇਸਤਰੀ ਦੇ ਸਾਹਮਣੇ ਫ਼ਰਜ਼ ਹੀ ਫ਼ਰਜ਼ ਹਨ। ਅਧਿਕਾਰਾਂ ਦੀ ਕੋਈ ਮਹਿਕਦੀ ਜਾਂ ਖ਼ੂਬਸੂਰਤ ਵਾਦੀ ਹੈ ਹੀ ਨਹੀਂ। ਉਹ ਆਪਣੀਆਂ ਕੋਮਲ ਭਾਵਨਾਵਾਂ ਉੱਪਰ ਮਰਯਾਦਾ ਦੇ ਬੋਝਲ ਪੱਥਰ ਰੱਖ ਕੇ ਮਰਦ ਦੀ ਇੱਛਾ ਅਨੁਸਾਰ ਜਿਊਣ ਲਈ ਮਜਬੂਰ ਹੈ।''

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਕਰਤਾਰ ਸਿੰਘ ਦੁੱਗਲ

ਅ ਬਚਿੰਤ ਕੌਰ

ੲ ਸ.ਸ ਮੀਸ਼ਾ

ਸ ਬ੍ਰਹਮਜਗਦੀਸ਼

ਪ੍ਰਸ਼ਨ 8. 'ਰਸੀਦੀ ਟਿਕਟ' ਸਵੈ-ਜੀਵਨੀ ਕਿਸ ਦੀ ਲਿਖੀ ਹੋਈ ਹੈ?

ੳ ਪ੍ਰਭਜੋਤ ਕੌਰ

ਅ ਦਲੀਪ ਕੌਰ ਟਿਵਾਣਾ

ੲ ਵਨੀਤਾ

ਸ ਅੰਮ੍ਰਿਤਾ ਪ੍ਰੀਤਮ

ਪ੍ਰਸ਼ਨ 9. ਨੰਗੇ ਪੈਰਾਂ ਦਾ ਸਫਰ ਸਵੈ-ਜੀਵਨੀ ਕਿਸ ਦੀ ਲਿਖੀ ਹੋਈ ਹੈ?

ੳ ਪ੍ਰਭਜੋਤ ਕੌਰ

ਅ ਵਨੀਤਾ

ੲ ਦਲੀਪ ਕੌਰ ਟਿਵਾਣਾ

ਸ ਅੰਮ੍ਰਿਤਾ ਪ੍ਰੀਤਮ

ਪ੍ਰਸ਼ਨ 10. ਹਜ਼ਾਰ ਰੰਗਾਂ ਦੀ ਲਾਟ ਰਚਨਾ ਕੀ ਹੈ?

ੳ ਗੀਤ ਸੰਗ੍ਰਹਿ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਖੁੱਲ੍ਹ ਕਵਿਤਾ ਸੰਗ੍ਰਹਿ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 12. ਨਾਰੀ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ? ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਨਾਰੀਵਾਦੀ ਕੋਸ਼ ਦਾ ਲੇਖਕ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਜੋਗਿੰਦਰ ਸਿੰਘ ਕੈਰੋਂ

ਸ ਉਪਰੋਕਤ ਕੋਈ ਨਹੀਂ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਸ | 2. ੳ | 3. ਸ | 4. ੲ | 5. ੳ |
| 6. ੳ | 7. ੳ | 8. ਸ | 9. ੲ | 10. ਅ |
| 11.ੲ | 12. ੳ | 13. ੳ | 14. ਅ | 15. ੲ |

## ਅਭਿਆਸ ਪ੍ਰਸ਼ਨ

1. ਨਾਰੀ ਸਵੈਜੀਵਨੀ ਦੇ ਸਿਧਾਂਤਕ ਪਰਿਪੇਖ ਉੱਪਰ ਨੋਟ ਲਿਖੋ?
2. ਨਾਰੀ ਸਵੈਜੀਵਨੀ ਦਾ ਅਰਥ ਦੱਸਦਿਆਂ ਨਾਰੀ ਸਵੈਜੀਵਨੀ ਦੇ ਸਰੂਪ ਬਾਰੇ ਚਰਚਾ ਕਰੋ।
3. ਨਾਰੀ ਸਵੈਜੀਵਨੀ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸ ਦਾ ਸਰੂਪ ਉਲੀਕੋ।

## Further Reading


- ਸੰਧਾਵਾਲੀਆਂ,ਸਰਬਜੀਤ ਕੌਰ. ਨਾਰੀ ਦਾ ਮੁੱਢਲਾ ਕਦਮ.ਪਬਲੀਕੇਸ਼ਨ ਬਿਊਰੋ ਪਟਿਆਲਾ.1996
- ਚਰਨਜੀਤ ਕੌਰ(ਡਾ.) ਨਾਰੀ ਚੇਤਨਾ.ਲੋਕਗੀਤ ਪ੍ਰਕਾਸ਼ਨ.1999
- ਹਰਪ੍ਰੀਤ ਕੋਰ (ਡਾ).ਨਾਰੀਵਾਦ. ਲੋਕਗੀਤ ਪ੍ਰਕਾਸ਼ਨ 2003
- ਕੇਸਰ,ਜਸਬੀਰ ਕੌਰ(ਡਾ.) ਔਰਤ ਅਜ਼ਾਦ ਹੈ?. ਲੋਕਗੀਤ ਪ੍ਰਕਾਸ਼ਨ,2004.
- ਚਰਨਜੀਤ ਕੌਰ(ਡਾ.) ਨਾਰੀ ਨੀਝ,ਲੋਕਗੀਤ ਪ੍ਰਕਾਸ਼ਨ, 2010.
- ਨੀਤੂ ਅਰੋੜਾ, ਸਮਕਾਲੀ ਪੰਜਾਬੀ ਕਵਿਤਾ:ਪ੍ਰਤਿਰੋਧੀ ਪ੍ਰਵਚਨ.2011
- ਸੁਨੀਤਾ ਸ਼ਰਮਾ, ਸਮਕਾਲੀ ਪੰਜਾਬੀ ਕਵਿਤਾ:ਨਾਰੀਵਾਦੀ ਪਰਿਪੇਖ.ਲੋਕਗੀਤ ਪ੍ਰਕਾਸ਼ਨ ਚੰਡੀਗੜ ,2013.
- ਸੀਮੋਨ ਦ ਬੋਅਵਾਰ.ਦ ਸੈਕੰਡ ਸੈਕਸ (ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2014

- ਵਰਜ਼ੀਨੀਆਂ ਵੂਲਫ.ਏ ਰੂਮ ਔਫ ਵਨਜ਼ ਅਉਨ(ਆਪਣਾ ਇਕ ਕਮਰਾ ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2016
- ਕੈਰੋਂ,ਜੋਗਿੰਦਰ ਸਿੰਘ .ਨਾਰੀਵਾਦ: ਸਮਾਜ ਤੇ ਸਿੱਧਾਂਤਕ ਚਿੰਤਨ,ਕੇ.ਜੀ.ਗ੍ਰਾਫ਼ਿਕਸ ਅੰਮ੍ਰਿਤਸਰ 2017
- ਕੈਰੋਂ, ਜੋਗਿੰਦਰ ਸਿੰਘ. ਨਾਰੀਵਾਦੀ ਕੋਸ਼. ਕੇ,ਜੀ,ਗ੍ਰਾਫ਼ਿਕਸ ਅੰਮ੍ਰਿਤਸਰ 2018
- ਨਿਵੇਦਤਾ ਮੈਨਨ.ਨਾਰੀਵਾਦੀ ਨਜ਼ਰੀਆ (ਅਨੁਵਾਦ ਦਲਜੀਤ ਅਮੀ) ਤਦਬੀਰ ਪ੍ਰਕਾਸ਼ਨ ਮੋਹਾਲੀ, 2018


**Online Links**

https://punjabipedia.org/topic.aspx?txt=%E0%A8%B8%E0%A8%B5%E0%A9%88%20%E0%A8%9C%E0%A9%80%E0%A8%B5%E0%A8%A8%E0%A9%80

*Yaadvinder Kaur, Lovely Prefessional University*

# Unit 06: 'ਰਸੀਦੀ ਟਿਕਟ' ਵਿਚ ਪੇਸ਼ ਨਾਰੀ ਸਰੋਕਾਰਾਂ ਦਾ ਵਿਸ਼ਲੇਸ਼ਣ ਤੇ ਨਾਰੀ ਸੰਵੇਦਨਾ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਅੰਮ੍ਰਿਤਾ ਦੇ ਜੀਵਨ ਤੇ ਰਚਨਾ ਸੰਸਾਰ ਨੂੰ ਜਾਨਣ ਦੇ ਯੋਗ ਹੋਣਗੇ
- ਅੰਮ੍ਰਿਤਾ ਦੀ ਰਸੀਦੀ ਟਿਕਟ ਦੇ ਆਧਾਰ 'ਤੇ ਸਵੈ ਜੀਵਨੀ ਦੇ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਨਾਰੀ ਸਵੈ ਜੀਵਨੀ ਵਿਚ ਰਸੀਦੀ ਟਿਕਟ ਦਾ ਮੁਲਾਂਕਣ ਕਰਨ ਦੇ ਯੋਗ ਹੋਣਗੇ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਨਾਰੀ ਸਵੈ ਜੀਵਨੀ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਨਾਰੀ ਸਵੈ ਜੀਵਨੀ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਨਾਰੀ ਸਵੈ ਜੀਵਨੀ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਨਾਰੀ ਸਵੈ ਜੀਵਨੀ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ। ਆਧੁਨਿਕ ਯੁੱਗ ਵਿੱਚ ਨਾਰੀ ਸਵੈ ਜੀਵਨੀ ਦਾ ਮਹੱਤਵ ਬਹੁਤ ਵੱਧ ਗਿਆ ਹੈ।

ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ 1919 ਨੂੰ ਗਿਆਨੀ ਕਰਤਾਰ ਸਿੰਘ ਹਿੱਤਕਾਰੀ ਦੇ ਘਰ ਮਾਤਾ ਰਾਜ ਕੋਲ ਗੁਜਰਾਂਵਾਲਾ (ਪਾਕਿਸਤਾਨ) ਵਿੱਚ ਹੋਇਆ। ਉਸ ਦੇ ਪਿਤਾ ਇੱਕ ਚੰਗੇ ਛੰਦ ਸ਼ਾਸਤਰੀ ਸਨ। ਅੰਮ੍ਰਿਤਾ ਨੇ ਕਾਫ਼ੀਏ, ਰਦੀਫ਼ ਦੀ ਜਾਣਕਾਰੀ ਅਤੇ ਕਾਵਿ ਰਚਨਾ ਦਾ ਹੋਰ ਮੁੱਢਲਾ ਗਿਆਨ ਆਪਣੇ ਪਿਤਾ ਤੋਂ ਪ੍ਰਾਪਤ ਕੀਤਾ। ਆਪ ਦੀ ਮਾਤਾ ਨੇ ਚਾਰ ਸਾਲ ਦੀ ਉਮਰ ਵਿੱਚ ਇਸ ਦੀ ਕੁੜਮਾਈ ਦੂਰ ਦੇ ਰਿਸ਼ਤੇ ਵਿੱਚ ਭੂਆ ਦੇ ਪੁੱਤਰ ਨਾਲ ਕਰ ਦਿੱਤੀ। ਜਦੋਂ ਇਹ ਗਿਆਰਾਂ ਸਾਲਾਂ ਦੀ ਸੀ ਤਾਂ ਇਸਦੀ ਮਾਂ ਦੀ ਮੌਤ ਹੋ ਗਈ। ਪਿਤਾ ਨੇ 16 ਸਾਲ ਦੀ ਉਮਰ ਵਿੱਚ ਉਸ ਦਾ ਵਿਆਹ ਕਰਕੇ ਆਪਣੀ ਪਤਨੀ ਦੀ ਜ਼ੁਬਾਨ ਪੁਗਾਈ ਅਤੇ ਆਪਣਾ ਫਰਜ਼ ਨਿਭਾਇਆ। ਇਹ ਵਿਆਹ 1936 ਵਿੱਚ ਪ੍ਰੀਤਮ ਸਿੰਘ ਕਵਾਤੜਾ ਨਾਲ ਹੋਈ। ਇਸ ਵਿਆਹ ਤੋਂ ਬਾਅਦ ਹੀ ਉਸ ਨੇ ਉਪਨਾਮ 'ਪ੍ਰੀਤਮ' ਆਪਣੇ ਪਤੀ ਤੋਂ ਲਿਆ। ਅੰਮ੍ਰਿਤਾ ਪ੍ਰੀਤਮ ਨੇ ਦੋ ਬੱਚੇ ਪੁੱਤਰ ਨਵਰਾਜ ਅਤੇ ਪੁੱਤਰੀ ਕੰਦਲਾ ਨੂੰ ਜਨਮ ਦਿੱਤਾ। ਉਹ ਆਪਣੇ ਵਿਆਹੁਤਾ ਜੀਵਨ ਨਾਲ ਖੁਸ਼ ਨਹੀਂ ਸੀ ਅਤੇ ਉਸ ਨੇ ਆਪਣੇ ਪਤੀ ਨੂੰ 1960 ਵਿੱਚ ਛੱਡ ਦਿੱਤਾ। ਦੇਸ਼ ਦੀ ਵੰਡ ਤੋਂ ਪਿੱਛੋਂ ਉਹ ਲਾਹੌਰ ਤੋਂ ਦੇਹਰਾਦੂਨ ਅਤੇ ਫਿਰ ਦਿੱਲੀ ਆ ਗਈ। ਸਾਹਿਤ ਅਧਿਐਨ ਤੇ ਰਚਨਾ ਤੋਂ ਇਲਾਵਾ ਇਸਨੂੰ ਸੰਗੀਤ, ਫ਼ੋਟੋਗਰਾਫ਼ੀ ਅਤੇ ਟੈਨਿਸ ਖੇਡਣ ਦਾ ਵੀ ਸ਼ੌਕ ਸੀ। ਪ੍ਰੀਤਮ ਨੇ ਆਪਣੀ ਮਾਂ ਦੀ ਮੌਤ ਤੋਂ ਬਾਅਦ, ਅੰਮ੍ਰਿਤਾ ਨੂੰ ਲਿਖਣ ਲਈ ਹੌਂਸਲਾ ਮਿਲਿਆ। ਉਸ ਦੀ ਪਹਿਲੀ ਪ੍ਰਕਾਸ਼ਤ ਕਾਵਿ-ਸੰਗ੍ਰਹਿ, 'ਅੰਮ੍ਰਿਤ ਲਹਿਰਾਂ' ਸੀ।

ਅੰਮ੍ਰਿਤਾ ਪ੍ਰੀਤਮ ਨੇ 1932 ਵਿੱਚ ਅੱਠਵੀਂ ਅਤੇ ਵਿਦਵਾਨੀ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। 1933 ਵਿੱਚ ਗਿਆਨੀ ਪਾਸ ਕੀਤੀ ਅਤੇ ਫਿਰ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਦਸਵੀਂ ਪਾਸ ਕੀਤੀ। ਅੰਮ੍ਰਿਤਾ ਪ੍ਰੀਤਮ ਕਈ ਭਾਸ਼ਾਵਾਂ ਦੀ ਮਾਹਿਰ ਸੀ। 15 ਮਈ 1973 ਨੂੰ ਦਿੱਲੀ ਯੂਨੀਵਰਸਿਟੀ ਵੱਲੋਂ ਡੀ.ਲਿਟ ਦੀ ਆਨਰੇਰੀ ਡਿਗਰੀ ਮਿਲੀ ਅਤੇ ਆਜ਼ਾਦ ਭਾਰਤ ਦੀ ਪਦਮਸ੍ਰੀ ਦੀ ਉਪਾਧੀ ਮਿਲੀ। ਅੰਮ੍ਰਿਤਾ ਦਾ ਬਚਪਨ ਲਾਹੌਰ ਵਿਖੇ ਗੁਜ਼ਰਿਆ ਤੇ ਸਿੱਖਿਆ ਵੀ ਉਥੇ ਹੀ ਹੋਈ। ਇਸਨੇ ਕਿਸ਼ੋਰਾਵਸਥਾ ਤੋਂ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ। ਇਸਨੇ ਕਵਿਤਾ, ਕਹਾਣੀ ਅਤੇ ਨਿਬੰਧ ਲਿਖੇ। ਇਸਦੀਆਂ ਪ੍ਰਕਾਸ਼ਿਤ ਕਿਤਾਬਾਂ ਪੰਜਾਹ ਤੋਂ ਜ਼ਿਆਦਾ ਹਨ[ਹਵਾਲਾ ਲੋੜੀਂਦਾ]। ਇਸ ਦੀਆਂ ਮਹੱਤਵਪੂਰਨ ਰਚਨਾਵਾਂ ਅਨੇਕ ਦੇਸ਼ੀ-ਵਿਦੇਸ਼ੀ ਭਾਸ਼ਾਵਾਂ ਵਿੱਚ ਅਨੁਵਾਦ ਕੀਤੀਆਂ ਗਈਆਂ ਹਨ।

**ਰਚਨਾਵਾਂ ਦੀ ਸੂਚੀ**

1. **ਨਾਵਲ**

- ਜੈ ਸ੍ਰੀ (1946)
- ਡਾਕਟਰ ਦੇਵ ( 1949 ) - ( ਹਿੰਦੀ , ਗੁਜਰਾਤੀ , ਮਲਯਾਲਮ ਅਤੇ ਅੰਗਰੇਜ਼ੀ ਵਿੱਚ ਅਨੁਵਾਦ )
- ਪਿੰਜਰ ( 1950 ) - ( ਹਿੰਦੀ , ਉਰਦੂ , ਗੁਜਰਾਤੀ , ਮਲਯਾਲਮ , ਮਰਾਠੀ , ਅੰਗਰੇਜੀ ਅਤੇ ਸਰਬੋਕਰੋਟ ਵਿੱਚ ਅਨੁਵਾਦ )
- ਆਹਲਣਾ ( 1952 ) ( ਹਿੰਦੀ , ਉਰਦੂ ਅਤੇ ਅੰਗਰੇਜ਼ੀ ਵਿੱਚ ਅਨੁਵਾਦ )
- ਅੱਸ਼ੂ ( 1958 ) - ਹਿੰਦੀ ਅਤੇ ਉਰਦੂ ਵਿੱਚ ਅਨੁਵਾਦ
- ਇਕ ਸਵਾਲ ( 1959 ) ਹਿੰਦੀ ਅਤੇ ਉਰਦੂ ਵਿੱਚ ਅਨੁਵਾਦ
- ਬੁਲਾਵਾ ( 1960 ) ਹਿੰਦੀ ਅਤੇ ਉਰਦੂ ਵਿੱਚ ਅਨੁਵਾਦ
- ਬੰਦ ਦਰਵਾਜਾ ( 1961 ) ਹਿੰਦੀ , ਕੰਨੜ , ਸਿੰਧੀ , ਮਰਾਠੀ ਅਤੇ ਉਰਦੂ ਵਿੱਚ ਅਨੁਵਾਦ
- ਰੰਗ ਦਾ ਪੱਤਾ ( 1963 ) ਹਿੰਦੀ ਅਤੇ ਉਰਦੂ ਵਿੱਚ ਅਨੁਵਾਦ
- ਇਕ ਸੀ ਅਨੀਤਾ ( 1964 ) ਹਿੰਦੀ , ਅੰਗਰੇਜੀ ਅਤੇ ਉਰਦੂ ਵਿੱਚ ਅਨੁਵਾਦ
- ਚੱਕ ਨੰਬਰ ਛੱਤੀ ( 1964 ) ਹਿੰਦੀ , ਅੰਗ੍ਰੇਜੀ , ਸਿੰਧੀ ਅਤੇ ਉਰਦੂ ਵਿੱਚ ਅਨੁਵਾਦ
- ਧਰਤੀ ਸਾਗਰ ਤੇ ਸਿੱਪੀਆਂ ( 1965 ) ਹਿੰਦੀ ਅਤੇ ਉਰਦੂ ਵਿੱਚ ਅਨੁਵਾਦ
- ਦਿੱਲੀ ਦੀਆਂ ਗਲੀਆਂ ( 1968 ) ਹਿੰਦੀ ਵਿੱਚ ਅਨੁਵਾਦ
- ਧੁੱਪ ਦੀ ਕਾਤਰ (1969)
- ਏਕਤੇ ਏਰਿਅਲ ( 1969 ) ਹਿੰਦੀ ਅਤੇ ਅੰਗਰੇਜੀ ਵਿੱਚ ਅਨੁਵਾਦ
- ਜਲਾਵਤਨ ( 1970 ) - ਹਿੰਦੀ ਅਤੇ ਅੰਗਰੇਜੀ ਵਿੱਚ ਅਨੁਵਾਦ
- ਯਾਤਰੀ ( 1971 ) ਹਿੰਦੀ , ਕੰਨੜ , ਅੰਗਰੇਜੀ , ਬਾਂਗਲਾ ਅਤੇ ਸਰਬੋਕਰੋਟ ਵਿੱਚ ਅਨੁਵਾਦ
- ਜੇਬਕਤਰੇ ( 1971 ) , ਹਿੰਦੀ , ਉਰਦੂ , ਅੰਗਰੇਜੀ , ਮਲਯਾਲਮ , ਅਤੇ ਕੰਨੜ ਵਿੱਚ ਅਨੁਵਾਦ

- ਪੱਕੀ ਹਵੇਲੀ ( 1972 ) ਹਿੰਦੀ ਵਿੱਚ ਅਨੁਵਾਦ
- ਅਗ ਦੀ ਲਕੀਰ ( 1974 ) ਹਿੰਦੀ ਵਿੱਚ ਅਨੁਵਾਦ
- ਕੱਚੀ ਸੜਕ ( 1975 ) ਹਿੰਦੀ ਵਿੱਚ ਅਨੁਵਾਦ
- ਕੋਈ ਨਹੀਂ ਜਾਣਦਾ ( 1975 ) ਹਿੰਦੀ ਅਤੇ ਅੰਗਰੇਜੀ ਵਿੱਚ ਅਨੁਵਾਦ
- ਇਹ ਸੱਚ ਹੈ ( 1977 ) ਹਿੰਦੀ , ਬੁਲਗਾਰਿਅਨ ਅਤੇ ਅੰਗਰੇਜੀ ਵਿੱਚ ਅਨੁਵਾਦ
- ਦੂਸਰੀ ਮੰਜ਼ਿਲ ( 1977 ) ਹਿੰਦੀ ਅਤੇ ਅੰਗਰੇਜੀ ਵਿੱਚ ਅਨੁਵਾਦ
- ਤੇਹਰਵਾਂ ਸੂਰਜ ( 1978 ) ਹਿੰਦੀ , ਉਰਦੂ ਅਤੇ ਅੰਗਰੇਜੀ ਵਿੱਚ ਅਨੁਵਾਦ
- ਉਨਿੰਜਾ ਦਿਨ ( 1979 ) ਹਿੰਦੀ ਅਤੇ ਅੰਗਰੇਜੀ ਵਿੱਚ ਅਨੁਵਾਦ
- ਕੋਰੇ ਕਾਗਜ ( 1982 ) ਹਿੰਦੀ ਵਿੱਚ ਅਨੁਵਾਦ
- ਹਰਦੱਤ ਦਾ ਜ਼ਿੰਦਗੀਨਾਮਾ ( 1982 ) ਹਿੰਦੀ ਅਤੇ ਅੰਗਰੇਜੀ ਵਿੱਚ ਅਨੁਵਾਦ

2. ਆਤਮਕਥਾ

ਰਸੀਦੀ ਟਿਕਟ ( 1976 )

3. ਕਹਾਣੀ ਸੰਗ੍ਰਿਹ

- ਛੱਤੀ ਵਰ੍ਹੇ ਬਾਅਦ (1943)
- ਕੁੰਜੀਆਂ (1944)
- ਆਖਰੀ ਖਤ (156)
- ਗੋਜਰ ਦੀਆਂ ਪਰੀਆਂ (1960)
- ਚਾਨਣ ਦਾ ਹਉਕਾ (1962)
- ਜੰਗਲੀ ਬੂਟੀ (1969)
- ਹੀਰੇ ਦੀ ਕਣੀ
- ਲਾਤੀਯਾਂ ਦੀ ਛੋਕਰੀ
- ਪੰਜ ਵਰ੍ਹੇ ਲੰਮੀ ਸੜਕ
- ਇਕ ਸ਼ਹਿਰ ਦੀ ਮੌਤ
- ਤੀਜੀ ਔਰਤ

**4. ਕਵਿਤਾ ਸੰਗ੍ਰਿਹ**

- ਠੰਢੀਆਂ ਕਿਰਨਾਂ (1934)
- ਅੰਮ੍ਰਿਤ ਲਹਿਰਾਂ (1936)
- ਜਿਉਂਦਾ ਜੀਵਨ (1938)
- ਤ੍ਰੇਲ ਧੋਤੇ ਫੁੱਲ (1941)
- ਓ ਗੀਤਾਂ ਵਾਲਿਓ (1942)
- ਬੱਦਲਾਂ ਦੇ ਪੱਲੇ ਵਿੱਚ (1943)
- ਸੰਝ ਦੀ ਲਾਲੀ (1943)
- ਨਿੱਕੀ ਜਿਹੀ ਸੌਗਾਤ (1944)

- ਲੋਕ ਪੀੜ ( 1944 )
- ਪੱਥਰ ਗੀਟੇ (1946)
- ਲੰਮੀਆਂ ਵਾਟਾਂ, 1949
- ਮੈਂ ਤਵਾਰੀਖ ਹਾਂਹਿੰਦ ਦੀ (1950)
- ਸਰਘੀ ਵੇਲਾ, (1951)
- ਮੇਰੀ ਚੋਣਵੀਂ ਕਵਿਤਾ (1952)
- ਸੁਨੇਹੜੇ (1955 - ਸਾਹਿਤ ਅਕਾਦਮੀ ਇਨਾਮ ਪ੍ਰਾਪਤ ਕਵਿਤਾ ਸੰਗ੍ਰਿਹ )
- ਅਸ਼ੋਕਾ ਚੇਤੀ (1957)
- ਕਸਤੂਰੀ (1959)
- ਨਾਗਮਣੀ (1964)
- ਛੇ ਰੁੱਤਾਂ (1969)
- ਮੈਂ ਜਮਾਂ ਤੂੰ ( 1977 )
- ਲਾਮੀਆਂ ਵਤਨ
- ਕਾਗਜ ਤੇ ਕੈਨਵਸ (ਗਿਆਨਪੀਠ ਇਨਾਮ ਪ੍ਰਾਪਤ ਕਵਿਤਾ ਸੰਗ੍ਰਿਹ )

**5. ਗਦ ਰਚਨਾਵਾਂ**

- ਕਿਰਮਿਚੀ ਲਕੀਰਾਂ
- ਕਾਲ਼ਾ ਗੁਲਾਬ
- ਅਗ ਦੀਆਂ ਲਕੀਰਾਂ ( 1969 )
- ਇਕੀ ਪੱਤੀਆਂ ਦਾ ਗੁਲਾਬ , ਸਫਰਨਾਮਾ ( 1973 )
- ਔਰਤ: ਇਕ ਦ੍ਰਿਸ਼ਟੀਕੋਣ ( 1975 )
- ਇਕ ਉਦਾਸ ਕਿਤਾਬ ( 1976 )
- ਆਪਣੇ - ਆਪਣੇ ਚਾਰ ਵਰੇ ( 1978 )
- ਕੇੜੀ ਜ਼ਿੰਦਗੀ ਕੇੜਾ ਸਾਹਿਤ ( 1979 )
- ਕੱਚੇ ਅਖਰ ( 1979 )
- ਇਕ ਹਥ ਮੇਹੰਦੀ ਇਕ ਹਥ ਛੱਲਾ ( 1980 )
- ਮੁਹੱਬਤਨਾਮਾ ( 1980 )
- ਮੇਰੇ ਕਾਲ ਮੁਕਟ ਸਮਕਾਲੀ ( 1980 )
- ਸ਼ੌਕ ਸੁਰੇਹੀ ( 1981 )
- ਕੜੀ ਧੁੱਪ ਦਾ ਸਫਰ ( 1982 )
- ਅੱਜ ਦੇ ਕਾਫਰ ( 1982 )

ਪੰਜਾਬੀ ਦੇ ਸਭ ਤੋਂ ਹਰਮਨ ਪਿਆਰੇ ਲੇਖਕਾਂ ਵਿੱਚੋਂ ਇੱਕ ਸੀ। ਪੰਜਾਬ ਦੇ ਗੁਜਰਾਂਵਾਲੇ ਜਿਲ੍ਹੇ ਵਿੱਚ ਪੈਦਾ ਹੋਈ ਅੰਮ੍ਰਿਤਾ ਪ੍ਰੀਤਮ ਨੂੰ ਪੰਜਾਬੀ ਭਾਸ਼ਾ ਦੀ ਪਹਿਲੀ ਕਵਿਤਰੀ ਮੰਨਿਆ ਜਾਂਦਾ ਹੈ। ਉਸ ਨੇ ਕੁਲ ਮਿਲਾਕੇ ਲਗਭਗ 100 ਕਿਤਾਬਾਂ ਲਿਖੀਆਂ ਹਨ। ਜਿਨ੍ਹਾਂ ਵਿੱਚ ਉਨ੍ਹਾਂ ਦੀ ਆਤਮਕਥਾ ਰਸੀਦੀ ਟਿਕਟ ਵੀ ਸ਼ਾਮਿਲ ਹੈ। ਅੰਮ੍ਰਿਤਾ ਪ੍ਰੀਤਮ ਉਨ੍ਹਾਂ ਸਾਹਿਤਕਾਰਾਂ ਵਿੱਚ ਸਨ ਜਿਨ੍ਹਾਂ ਦੀਆਂ ਰਚਨਾਵਾਂ ਦਾ ਅਨੇਕ ਭਾਸ਼ਾਵਾਂ ਵਿੱਚ ਅਨੁਵਾਦ ਹੋਇਆ। ਉਸ ਨੇ ਕਈ ਕਾਵਿ ਸੰਗ੍ਰਹਿ ਪੰਜਾਬੀ ਦੀ ਝੋਲੀ ਵਿੱਚ ਪਾਏ। ਉਸ ਦਾ ਪਹਿਲਾ ਕਾਵਿ ਸੰਗ੍ਰਹਿ 'ਠੰਢੀਆਂ ਕਿਰਨਾਂ' 1935 ਵਿੱਚ ਪ੍ਰਕਾਸ਼ਿਤ ਹੋਇਆ। ਉਸ ਨੇ ਵੀਅਤਨਾਮ, ਰੂਸ, ਯੂਗੋਸਲਾਵੀਆ, ਹੰਗਰੀ, ਰੋਮਾਨੀਆ ਅਤੇ ਬੁਲਗਾਰੀਆ ਦੇਸ਼ਾਂ ਦੀ ਯਾਤਰਾ

ਵੀ ਕੀਤੀ। ਅੰਮ੍ਰਿਤਾ ਪ੍ਰੀਤਮ ਨੂੰ 1956 ਵਿੱਚ ਸੁਨੇਹੜੇ, ਕਾਵਿ ਸੰਗ੍ਰਹਿ 'ਤੇ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ। 1958 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨ ਮਿਲਿਆ, ਸਾਹਿਤ ਕਲਾ ਪ੍ਰੀਸ਼ਦ ਦਿੱਲੀ ਵੱਲੋਂ 1974 ਵਿੱਚ ਇਨਾਮ ਦਿੱਤਾ ਗਿਆ।

ਕੰਨੜ ਸਾਹਿਤ ਸੰਮੇਲਨ ਵਿੱਚ ਇਸਨੂੰ 1978 ਵਿੱਚ ਇਨਾਮ ਮਿਲਿਆ। 1982 ਵਿੱਚ ਇਸਨੂੰ ਕਾਗਜ਼ ਤੇ ਕੈਨਵਸ ਕਾਵਿ-ਸੰਗ੍ਰਹਿ 'ਤੇ ਗਿਆਨਪੀਠ ਅਵਾਰਡ ਦਿੱਤਾ ਗਿਆ। ਅੰਮ੍ਰਿਤਾ ਪ੍ਰੀਤਮ ਨੇ ਆਪਣੀਆਂ ਰਚਨਾਵਾਂ ਵਿੱਚ ਫਿਰਕੂ ਫਸਾਦਾਂ, ਸਰਮਾਏਦਾਰੀ ਸ਼ੋਸ਼ਣ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। 1960 ਵਿੱਚ ਅੰਮ੍ਰਿਤਾ ਦੀ ਆਪਣੇ ਪਤੀ ਤੋਂ ਦੂਰੀ ਪੈ ਗਈ, ਫਿਰ ਜੀਵਨ ਦੇ ਆਖਰੀ 40 ਸਾਲ ਇਮਰੋਜ਼ ਨਾਲ ਬਿਤਾਏ। ਅੰਮ੍ਰਿਤਾ ਪ੍ਰੀਤਮ ਇੱਕ ਬਹੁਤ ਸ਼ਕਤੀਸ਼ਾਲੀ ਵਿਅਕਤੀਤਵ ਦੀ ਮਾਲਕ ਸੀ। ਉਸ ਨੇ ਪੰਜਾਬੀ ਸਾਹਿਤ ਦੀ ਵਿਲੱਖਣ ਸੇਵਾ ਕੀਤੀ।

ਕੁਲਵੀਰ ਗੋਜਰਾ ਲਿਖਦਾ ਹੈ ਕਿ ਅੰਮ੍ਰਿਤਾ ਪ੍ਰੀਤਮ ਦੀਆਂ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ ਬਹੁਤ ਲੰਬੀ ਹੈ। ਕੋਈ 18 ਦੇ ਕਰੀਬ ਉਸ ਦੀਆਂ ਕਾਵਿ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਸ ਨੇ ਸ਼ੁਰੂ ਵਿੱਚ ਆਪਣੇ ਪਿਤਾ ਦੇ ਪ੍ਰਭਾਵ ਅਧੀਨ ਧਾਰਮਿਕ, ਰਵਾਇਤੀ ਤੇ ਛੰਦ ਬੰਧ ਕਵਿਤਾ ਲਿਖਣੀ ਸ਼ੁਰੂ ਕੀਤੀ। ਫਿਰ ਉਸ ਦੀ ਕਵਿਤਾ ਵਿੱਚ ਨਿੱਜੀ ਪ੍ਰੇਮ ਦਾ ਪ੍ਰਗਟਾਅ ਸ਼ੁਰੂ ਹੋਇਆ ਤੇ ਹੌਲੀ-ਹੌਲੀ ਉਸ ਅੰਦਰ ਸਮਾਜਿਕ ਬੰਧਨਾਂ ਤੋਂ ਬਗ਼ਾਵਤ ਦੀ ਸੁਰ ਉੱਭਰਨੀ ਸ਼ੁਰੂ ਹੋਈ। ਪ੍ਰਗਤੀਵਾਦੀ ਲਹਿਰ ਨਾਲ ਜੁੜ ਕੇ ਉਸ ਨੇ ਨਿਜੀ ਦਰਦ ਨੂੰ ਪਾਰ ਕਰ ਕੇ ਸਮੂਹ ਦੇ ਦੁੱਖਾਂ ਦਰਦਾਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਵਸਤੂ ਬਣਾਇਆ।

1935 ਤੋਂ 1939 ਤਕ ਦੇ ਦੌਰ ਵਿੱਚ ਪ੍ਰਕਾਸ਼ਿਤ ਠੰਡੀਆਂ ਕਿਰਨਾਂ, ਅੰਮ੍ਰਿਤ ਲਹਿਰਾਂ ਨਾਮੀ ਕਾਵਿ-ਸੰਗ੍ਰਹਿ ਵਿੱਚ ਉਸ ਨੇ ਸਦਾਚਾਰਿਕ ਤੇ ਧਾਰਮਿਕ ਦਾਇਰੇ ਵਿੱਚ ਰਹਿ ਕੇ ਲਿਖਿਆ। 1939 ਤੋਂ 1946 ਤੱਕ ਉਸ ਦੀ ਕਵਿਤਾ ਨੇ ਪ੍ਰਗਤੀਵਾਦੀ ਚੇਤਨਾ ਅਧੀਨ ਵਿਕਾਸ ਕੀਤਾ। ਇਸ ਸਮੇਂ ਦੌਰਾਨ ਜੀਉਂਦਾ ਜੀਵਨ (1939), ਤ੍ਰੇਲ ਧੋਤੇ ਫੁੱਲ (1941), ਓ ਗੀਤਾਂ ਵਾਲਿਆ (1943), ਸੰਝ ਦੀ ਲਾਲੀ (1939), ਲੋਕ ਪੀੜਾ (1944) ਅਤੇ ਪੱਥਰ ਗੀਟੇ (1946) ਨਾਮੀ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਏ। ਇਸ ਦੌਰ ਦੀਆਂ ਕਵਿਤਾਵਾਂ ਵਿੱਚ ਉਸ ਨੇ ਸਮਾਜ ਵਿਚਲੀ ਕਾਣੀ ਵੰਡ ਨੂੰ ਵਿਸ਼ਾ-ਵਸਤੂ ਬਣਾਇਆ ਅਤੇ ਮਰਦ ਪ੍ਰਧਾਨ ਸਮਾਜ ਅੰਦਰ ਇਸਤਰੀ ਦੀ ਤ੍ਰਾਸਦਿਕ ਸਥਿਤੀ ਦੇ ਵਿਭਿੰਨ ਪਹਿਲੂਆਂ ਨੂੰ ਕਾਵਿਕ ਜ਼ਬਾਨ ਦਿੱਤੀ। 1947 ਵਿੱਚ ਭਾਰਤ-ਪਾਕਿ ਵੰਡ ਨੇ ਅੰਮ੍ਰਿਤਾ ਪ੍ਰੀਤਮ ਦੀ ਸੰਵੇਦਨਾ ਨੂੰ ਬੁਰੀ ਤਰ੍ਹਾਂ ਟੁੰਬਿਆ। ਅੱਜ ਆਖਾਂ ਵਾਰਿਸ ਸ਼ਾਹ ਨੂੰ... ਨਾਮੀ ਕਵਿਤਾ ਰਾਹੀਂ ਫ਼ਿਰਕੂ ਫ਼ਸਾਦਾਂ ਤੇ ਔਰਤ ਦੇ ਦਰਦ ਨੂੰ ਇਸ ਤਰ੍ਹਾਂ ਕਾਵਿ ਜ਼ਬਾਨ ਦਿੱਤੀ ਕਿ ਉਸ ਦੀ ਸ਼ੁਹਰਤ ਨਵੀਆਂ ਬੁਲੰਦੀਆਂ ਛੂਹਣ ਲੱਗ ਪਈ। 1947 ਤੋਂ 1960 ਦੇ ਸਮੇਂ ਦੌਰਾਨ ਉਸ ਦੇ ਲੰਮੀਆਂ ਵਾਟਾਂ (1949), ਸਰਘੀ ਵੇਲਾ (1952), ਸੁਨੇਹੜੇ (1955), ਅਸ਼ੋਕਾ ਚੇਤੀ (1957) ਪ੍ਰਕਾਸ਼ਿਤ ਹੋਏ। ਉਸ ਦੀ ਕਵਿਤਾ ਦਾ ਚੌਥਾ ਪੜਾਅ 1960 ਤੋਂ ਬਾਅਦ ਦਾ ਹੈ ਜਿਸ ਵਿੱਚ ਉਸ ਦੀ ਕਵਿਤਾ ਦਾ ਝੁਕਾਅ ਅੰਤਰਮੁਖੀ ਹੋ ਜਾਂਦਾ ਹੈ। ਉਸ ਦਾ ਸਮਾਜਵਾਦ ਵਿੱਚ ਵਿਸ਼ਵਾਸ ਡੋਲ ਜਾਂਦਾ ਹੈ ਤੇ ਉਹ ਪ੍ਰਯੋਗਵਾਦੀ ਰੁਚੀ ਅਧੀਨ ਕਾਵਿ ਸਿਰਜਣਾ ਕਰਦੀ ਹੈ।

ਅੰਮ੍ਰਿਤਾ ਪ੍ਰੀਤਮ ਨੇ ਚੌਵੀ ਦੇ ਕਰੀਬ ਨਾਵਲ ਤੇ ਕਈ ਕਹਾਣੀ-ਸੰਗ੍ਰਹਿ ਲਿਖੇ। ਡਾਕਟਰ ਦੇਵ, ਪਿੰਜਰ, ਆਲ੍ਹਣਾ, ਅਸ਼ੂ, ਇੱਕ ਸਵਾਲ, ਬੁਲਾਵਾ, ਬੰਦ ਦਰਵਾਜ਼ਾ, ਚੱਕ ਨੰਬਰ ਛੱਤੀ, ਰੰਗ ਦਾ ਪੱਤਾ, ਦਿੱਲੀ ਦੀਆਂ ਗਲੀਆਂ, ਜਲਾਵਤਨ, ਯਾਤਰੀ ਤੇ ਜੇਬਕਤਰੇ ਆਦਿ ਉਸ ਦੇ ਕੁਝ ਜ਼ਿਕਰਯੋਗ ਨਾਵਲ ਹਨ। ਉਸ ਦੇ ਨਾਵਲ ਜ਼ਿਆਦਾਤਰ ਔਰਤ ਦੀ ਪੀੜਾ ਦੁਆਲੇ ਕੇਂਦਰਿਤ ਹਨ। ਉਸ ਦੀ ਸ਼ੈਲੀ ਰੁਮਾਂਟਿਕ ਤੇ ਜਜ਼ਬਾਤੀ ਹੈ। ਮੋਮਬੱਤੀਆਂ ਦਾ ਭੇਦ ਅਤੇ ਕੁੰਜੀਆਂ ਉਸ ਦੇ ਵਰਣਨਯੋਗ ਕਹਾਣੀ-ਸੰਗ੍ਰਹਿ ਹਨ। ਕਹਾਣੀਆਂ ਵਿੱਚ ਵੀ ਉਸ ਨੇ ਭਾਰਤੀ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੀ ਦਰਦਨਾਕ ਦਸ਼ਾ ਦਾ ਕਾਵਿਮਈ ਸ਼ੈਲੀ ਰਾਹੀਂ ਚਿਤਰਨ ਕੀਤਾ। 1966 ਵਿੱਚ ਉਸ ਨੇ ਸਾਹਿਤਿਕ ਪਰਚਾ ਨਾਗਮਣੀ ਕੱਢਿਆ ਜਿਸਨੇ ਲੰਮਾ ਅਰਸਾ ਪੰਜਾਬੀ ਲੇਖਕਾਂ ਨੂੰ ਇੱਕ ਮੰਚ ਪ੍ਰਦਾਨ ਕੀਤਾ।ਅੰਮ੍ਰਿਤਾ ਪ੍ਰੀਤਮ ਦੀਆਂ ਨਿੱਕੀਆਂ ਕਹਾਣੀਆਂ ਤੇ ਨਾਵਲਾਂ ਉਪਰ 10 ਦੇ ਕਰੀਬ ਟੀ.ਵੀ. ਸੀਰੀਅਲ ਬਣ ਚੁੱਕੇ ਹਨ। 2004 ਵਿੱਚ ਉਸ ਦੇ ਨਾਵਲ ਪਿੰਜਰ ਤੇ ਆਧਾਰਿਤ ਹਿੰਦੀ ਫ਼ਿਲਮ ਪਿੰਜਰ ਬਣੀ। ਅੰਮ੍ਰਿਤਾ ਪ੍ਰੀਤਮ ਦੇ ਜੀਵਨ ਤੇ ਲਿਖਤਾਂ ਉਪਰ ਵੀ ਦਸ ਦੇ ਕਰੀਬ ਫ਼ਿਲਮਾਂ ਬਣ ਚੁੱਕੀਆਂ ਹਨ।

ਅੰਮ੍ਰਿਤਾ ਪ੍ਰੀਤਮ ਨੇ ਆਪਣੀ ਸ੍ਵੈਜੀਵਨੀ ਰਸੀਦੀ ਟਿਕਟ ਸਿਰਲੇਖ ਅਧੀਨ ਲਿਖੀ। ਦੋ ਕਿਤਾਬਾਂ ਉਸ ਨੇ ਆਪਣਿਆਂ ਸੁਫਨਿਆਂ ਬਾਰੇ ਲਿਖੀਆਂ। ਉਸ ਨੇ ਫ਼ੈਜ਼ ਅਤੇ ਆਰਟਿਸਟ ਹਰਕਿਸ਼ਨ ਦੇ ਜੀਵਨ `ਤੇ ਆਧਾਰਿਤ ਨਾਵਲ ਵੀ ਲਿਖੇ। ਉਸ ਨੇ ਸਾਰਾ ਸ਼ਗੁਫ਼ਤਾ ਦੀ ਜੀਵਨੀ ਤੇ ਕਵਿਤਾ ਬਾਰੇ ਲਿਖਿਆ। ਇਸ ਤੋਂ ਇਲਾਵਾ ਉਸ ਨੇ ਓਸ਼ੋ ਅਤੇ ਅਫ਼ਜ਼ਲ ਤੌਸੀਫ਼ ਦੀਆਂ ਲਿਖਤਾਂ ਉਪਰ ਵੀ ਕਿਤਾਬਾਂ ਲਿਖੀਆਂ। ਅੰਮ੍ਰਿਤਾ ਪ੍ਰੀਤਮ ਨੇ ਪੰਜਾਬੀ ਤੋਂ ਬਿਨਾਂ ਕੁਝ ਰਚਨਾਵਾਂ ਹਿੰਦੀ ਵਿੱਚ ਵੀ ਲਿਖੀਆਂ। ਉਸ ਦੀਆਂ ਲਿਖਤਾਂ ਸੰਸਾਰ ਦੀਆਂ 34 ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀਆਂ

ਹਨ। ਉਸ ਨੇ ਕਈ ਸਮਾਜਵਾਦੀ ਯੂਰਪੀ ਦੇਸ਼ਾਂ ਦੀ ਸੈਰ ਕੀਤੀ ਤੇ ਸਮੇਂ-ਸਮੇਂ ਹੋਈਆਂ ਅਨੇਕਾਂ ਰਾਸ਼ਟਰੀ-ਅੰਤਰਰਾਸ਼ਟਰੀ ਸੰਮੇਲਨਾਂ ਤੇ ਕਾਨਫਰੰਸਾਂ ਵਿੱਚ ਹਿੱਸਾ ਲਿਆ। ਉਸਨੂੰ ਮਿਲੇ ਇਨਾਮਾਂ- ਸਨਮਾਨਾਂ ਦੀ ਇੱਕ ਲੰਮੀ ਲਿਸਟ ਹੈ। ਭਾਰਤ ਸਰਕਾਰ ਨੇ ਉਸਨੂੰ ਪਦਮ ਸ੍ਰੀ ਤੇ ਪਦਮ ਵਿਭੂਸ਼ਣ ਦੇ ਖਿਤਾਬਾਂ ਨਾਲ ਨਿਵਾਜਿਆ ਹੈ। ਸਾਹਿਤ ਅਕਾਦਮੀ ਪੁਰਸਕਾਰ, ਗਿਆਨ ਪੀਠ ਪੁਰਸਕਾਰ ਤੋਂ ਇਲਾਵਾ ਉਸਨੂੰ ਅਨੇਕ ਪ੍ਰਾਂਤਕ ਤੇ ਰਾਸ਼ਟਰੀ ਪੁਰਸਕਾਰ ਮਿਲੇ। ਅੰਮ੍ਰਿਤਾ ਪ੍ਰੀਤਮ ਦਾ ਦਿਹਾਂਤ 31 ਅਕਤੂਬਰ 2005 ਨੂੰ ਹੋ ਗਿਆ।

> 'ਰਸੀਦੀ ਟਿਕਟ' ਅੰਮ੍ਰਿਤਾ ਪ੍ਰੀਤਮ ਦੀ ਮਸ਼ਹੂਰ ਆਤਮਕਥਾ ਹੈ। ਜਦੋਂ ਇਹ ਪੁਸਤਕ ਇਸ ਨਵੇਂ ਰੂਪ ਵਿਚ ਹੱਥ ਵਿਚ ਆਈ ਤਾਂ ਮੈਂ ਹੈਰਾਨ ਰਹਿ ਗਿਆ ਕਿ ਇਹ ਇੰਨੀ ਕਮਜ਼ੋਰ ਕਿਵੇਂ ਹੋ ਗਈ? ਨੇੜਿਓਂ ਦੇਖਿਆ ਤਾਂ ਪਤਾ ਲੱਗਾ ਕਿ ਇਹ ਸਵੈ-ਜੀਵਨੀ ਦਾ ਪੁਨਰ-ਨਿਰਮਾਣ ਹੈ। ਅੰਮ੍ਰਿਤਾ ਨੇ ਖੁਦ ਕਿਹਾ ਹੈ ਕਿ 'ਜਦੋਂ ਕਈ ਘਟਨਾਵਾਂ ਵਾਪਰਦੀਆਂ ਹਨ, ਹੁਣੇ ਹੀ ਜ਼ਖਮਾਂ ਦੀ ਤਰ੍ਹਾਂ, ਕੁਝ ਦਰਦ ਅੱਖਰਾਂ 'ਚ ਉਤਰਦਾ ਹੈ... ਪਰ ਸਮਾਂ ਪਾ ਕੇ ਅਹਿਸਾਸ ਹੁੰਦਾ ਹੈ ਕਿ ਇਹ ਗੱਲਾਂ, ਲੰਮੇ ਸਮੇਂ ਤੱਕ ਰਹਾਂਗੀ। ਸਾਹਿਤ ਨੂੰ ਕੁਝ ਵੀ ਨਾ ਦੇ ਸਕੀਏ... ਇਹ ਸਮਿਆਂ ਦੇ ਤੂਫਾਨ ਹਨ...'

ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ (1976) ਅੰਮ੍ਰਿਤਾ ਪ੍ਰੀਤਮ ਦੀ ਲਘੂ ਸਵੈ-ਜੀਵਨੀ 'ਰਸੀਦੀ ਟਿਕਟ' ਵਿੱਚ ਲੇਖਕਾ ਨੇ ਆਪਣੀ ਨਿੱਜੀ ਜੀਵਨ ਦੇ ਕਈ ਪੱਖਾਂ ਨੂੰ ਭਾਵੁਕ ਤੇ ਕਾਵਿਮਈ ਰੂਪ ਵਿੱਚ ਬਿਆਨਣ ਦਾ ਯਤਨ ਕੀਤਾ ਹੈ। 'ਰਸੀਦੀ ਟਿਕਟ' ਵਾਂਗ ਇਹ ਉਸਦੀ ਸਨਦਬੱਧ ਤੇ ਪ੍ਰਮਾਣਿਕ ਰਚਨਾ ਹੈ। ਇਸ ਵਿੱਚ ਜਿਥੇ ਉਸਨੇ ਆਪਣੇ ਜੀਵਨ ਦੇ ਕਈ ਪੱਖਾਂ ਉੱਤੇ ਪ੍ਰਕਾਸ਼ ਪਾਇਆ ਹੈ, ਉਥੇ ਕਈ ਪੱਖ ਰਾਖਵੇਂ ਵੀ ਰੱਖ ਲਏ ਹਨ ਲੇਖਕਾ ਦੀ 'ਜੀਵਨੀ ਦੇ ਕੁਝ ਰੁਮਾਂਟਿਕ ਤੇ ਵਿਦਰੋਹ ਭਾਵੀ ਨੁਕਤੇ ਵੀ ਇਸ ਵਿੱਚ ਹਨ ਅਤੇ ਕਈ ਥਾਵਾਂ ਤੇ ਉਸਦਾ ਸਨਕੀ ਪੁਣਾ ਹੈ। ਰਚਨਾ ਦੀ ਸ਼ੈਲੀ ਜ਼ਰੂਰ ਰਸਦਾਇਕ ਤੇ ਸਬੱਲ ਹੈ। ਉਸ ਦੀ ਸ਼ਬਦਾਵਲੀ ਅਤੇ ਵਾਕ ਬਣਤਰ ਵੀ ਬੜੀ ਸੁਚੱਜੀ ਅਤੇ ਸਪਸ਼ਟ ਹੈ। ਦਵਿੰਦਰ ਕੌਰ ਨੇ ਆਪਣੇ ਇਕ ਲੇਖ 'ਅੰਮ੍ਰਿਤਾ ਨੂੰ ਯਾਦ ਕਰਦਿਆਂ' ਵਿੱਚ ਲਿਖਿਆ ਹੈ ਕਿ

> ਅੰਮ੍ਰਿਤਾ ਨੇ ਸਵੈ ਜੀਵਨੀ ਵੀ ਲਿਖੀ, 'ਰਸੀਦੀ ਟਿਕਟ', ਜੋ ਉਸ ਦੀ ਬੇਬਾਕੀ ਅਤੇ ਦਲੇਰੀ ਦੀ ਮੂੰਹ ਬੋਲਦੀ ਤਸਵੀਰ ਹੈ। ਉਸ ਨੇ ਸਮਾਜਕ ਬੰਦਿਸ਼ਾਂ ਅਤੇ ਰੀਤੀ-ਰਿਵਾਜਾਂ ਦਾ ਖੰਡਨ ਕਰਕੇ ਜਿਸ ਤਰ੍ਹਾਂ ਚਾਹਿਆ, ਉਸ ਤਰ੍ਹਾਂ ਜੀਵਿਆ ਅਤੇ ਜਿਸ ਤਰ੍ਹਾਂ ਜੀਵਿਆ, ਲਿਖ ਵੀ ਦਿੱਤਾ। ਉਸ ਨੇ ਆਪਣੀਆਂ ਕਮਜ਼ੋਰੀਆਂ ਲੁਕੋਈਆਂ ਨਹੀਂ ਸਗੋਂ ਇਨ੍ਹਾਂ ਨੂੰ ਵੀ ਪ੍ਰਾਪਤੀਆਂ ਵਾਂਗ ਹੀ ਜੱਗ ਜਾਹਰ ਕੀਤਾ। ਇਸ ਤਰ੍ਹਾਂ ਕਰਨਾ, ਤੇ ਉਹ ਵੀ ਕਿਸੇ ਔਰਤ ਵਲੋਂ, ਵੱਡੇ ਜਿਗਰੇ ਵਾਲੀ ਗੱਲ ਹੈ।

ਲੇਖਕ ਨੇ ਆਪਣੀ ਉਮਰ ਲੰਘ ਚੁੱਕੇ ਤੂਫ਼ਾਨਾਂ ਨੂੰ ਛਾਂਟ ਕੇ ਅਤੇ ਯਾਦਾਂ ਦੇ ਰੂਪ ਵਿੱਚ ਨਵੀਆਂ ਗੱਲਾਂ ਜੋੜਦਿਆਂ ਸਵੈ-ਜੀਵਨੀ ਨੂੰ ਨਵਾਂ ਅਤੇ ਸੰਖੇਪ ਰੂਪ ਦਿੱਤਾ ਹੈ। ਹਾਂ, ਮੁੱਢਲੀ ਸੋਚ ਉਹੀ ਹੈ ਜੋ ਮੂਲ ਸਵੈ-ਜੀਵਨੀ ਵਿਚ ਹੈ। ਮਾਂ ਰਾਜ ਬੀਬੀ ਅਤੇ ਪਿਤਾ ਨੰਦ ਸਾਧੂ ਨੂੰ ਯਾਦ ਕਰਦਿਆਂ ਪੜ੍ਹਾਉਣ ਵਾਲੇ ਮਾਪਿਆਂ ਦੇ ਇਸ ਬੱਚੇ ਨੇ ਆਪਣੇ ਕਿਰਦਾਰ ਦਾ ਮੁੱਢ ਵੀ ਖੋਲ੍ਹ ਦਿੱਤਾ ਹੈ। ਰਸੀਦੀ ਟਿਕਟ ਵਿੱਚ, ਅੰਮ੍ਰਿਤਾ ਪ੍ਰੀਤਮ ਲਿਖਦੀ ਹੈ, "ਉਹ (ਸਾਹਿਰ) ਚੁੱਪਚਾਪ ਮੇਰੇ ਕਮਰੇ ਵਿੱਚ ਸਿਗਰਟ ਪੀਂਦਾ ਸੀ। ਅੱਧਾ ਪੀਣ ਤੋਂ ਬਾਅਦ, ਉਹ ਸਿਗਰਟ ਬੁਝਾ ਦਿੰਦਾ ਅਤੇ ਇੱਕ ਨਵੀਂ ਸਿਗਰੇਟ ਸੁਲਘਾ ਲੈਂਦਾ। ਜਦੋਂ ਉਹ ਚਲਿਆ ਜਾਂਦਾ ਗਈ, ਉਸਦੀ ਪੀਤੀ ਹੋਈ ਸਿਗਰੇਟ ਦੀ ਮਹਿਕ ਕਮਰੇ ਵਿਚ ਬਣੀ ਰਹਿੰਦੀ।

> ਮੈਂ ਉਨ੍ਹਾਂ ਸਿਗਰਟ ਦੇ ਬੱਟਾਂ ਨੂੰ ਸੰਭਾਲ ਕੇ ਰਖਦੀ। ਉਨ੍ਹਾਂ ਟੁਕੜਿਆਂ ਨੂੰ ਦੁਬਾਰਾ ਸੁਲਘਾਉਂਦੀ, ਜਦੋਂ ਮੈ ਸਿਗਰਟ ਦੇ ਟੋਟੇ ਨੂੰ ਆਪਣੀਆਂ ਉਂਗਲਾਂ ਵਿਚ ਫੜਦੀ ਤਾਂ ਮੈਨੂੰ ਇੰਝ ਲਗਦਾ ਕਿ ਮੈ ਸਾਹਿਰ ਦੇ ਹੱਥਾਂ ਨੂੰ ਛੋਹ ਰਹੀ ਹਾਂ। ਇੰਝ ਹੀ ਮੈਨੂੰ ਸਿਗਰਟ ਪੀਣ ਦੀ ਆਦਤ ਪੈ ਗਈ।

ਅੰਮ੍ਰਿਤਾ ਅਤੇ ਸਾਹਿਰ ਦਾ ਰਿਸ਼ਤਾ ਚੱਲਿਆ ਪਰ ਕਿਸੇ ਸਿੱਟੇ ਤੇ ਨਹੀਂ ਪਹੁੰਚਿਆ. ਇਸ ਦੌਰਾਨ ਅੰਮ੍ਰਿਤਾ ਦੀ ਜ਼ਿੰਦਗੀ ਵਿੱਚ ਚਿੱਤਰਕਾਰ ਇਮਰੋਜ਼ ਆ ਗਿਆ। ਦੋਵੇਂ ਇੱਕ ਛੱਤ ਹੇਠ ਇਕੱਠੇ ਰਹਿੰਦੇ ਸਨ ਪਰ ਸਮਾਜ ਦੇ ਨਿਯਮਾਂ ਅਨੁਸਾਰ ਕਦੇ ਵਿਆਹ ਨਹੀਂ ਕਰਵਇਆ ਅਤੇ ਇਹ ਇੱਕ ਅਜੀਬ ਰਿਸ਼ਤਾ ਵੀ ਸੀ ਜਿੱਥੇ ਇਮਰੋਜ਼ ਵੀ ਸਾਹਿਰ ਬਾਰੇ ਅੰਮ੍ਰਿਤਾ ਦੀ ਭਾਵਨਾ ਨੂੰ ਜਾਣਦਾ ਸੀ।

> ਇਮਰੋਜ਼ ਅੰਮ੍ਰਿਤਾ ਨੂੰ ਕਹਿੰਦਾ ਸੀ – ਤੂੰ ਹੀ ਮੇਰਾ ਸਮਾਜ ਹੈਂ।

ਅੰਮ੍ਰਿਤਾ ਨੇ ਇੱਕ ਸਧਾਰਨ ਕੁੜੀ ਦੇ ਕੁਦਰਤੀ ਇੱਛਾਵਾਂ ਦੇ ਸੁਪਨਿਆਂ ਤੋਂ ਹੀ ਕਵਿਤਾ ਆਰੰਭ ਕੀਤੀ ਸੀ। ਉਸ ਦੀ ਵਿਚਲੀ ਔਰਤ ਆਪਣੇ ਵਜੂਦ ਨਾਲ ਸਬੰਧਿਤ ਸਵਾਲ ਸਮਾਜ ਪ੍ਰਬੰਧ ਨੂੰ ਕਰਦੀ ਹੈ ਅਤੇ ਕਈ ਵਾਰ ਵਿਦਰੋਹੀ ਵੀ ਹੁੰਦੀ ਹੈ। ਨੌਜਵਾਨ ਕੁੜੀ, ਵਿਆਹੀ ਔਰਤ, ਕਾਮਾ ਔਰਤ

ਤੇ ਸੰਵੇਦਨਸ਼ੀਲ ਸੁਤੰਤਰ ਔਰਤ ਉਹਦੀ ਨਾਇਕਾ ਰਹੀ ਹੈ। ਉਸ ਨੇ ਮਨੁੱਖੀ ਰਿਸ਼ਤਿਆਂ, ਵਿਆਹ ਪ੍ਰਬੰਧ ਤੇ ਸਮਾਜਿਕ-ਆਰਥਿਕ ਢਾਂਚੇ ਦੇ ਯਥਾਰਥ ਨੂੰ ਬੜੀ ਵਿਅੰਗ ਸ਼ੈਲੀ ਵਿੱਚ ਚਿਤਰਿਆ ਹੈ। ਅੰਮ੍ਰਿਤਾ ਦੀ ਕਵਿਤਾ ਵਿੱਚ ਪ੍ਰਗਤੀਵਾਦ ਔਰਤ ਦੇ ਵਜੂਦ ਦੇ ਸਰੋਕਾਰਾਂ ਵਿੱਚ ਸਿਰਜਿਆ ਗਿਆ ਹੈ। ਅੰਮ੍ਰਿਤਾ ਨੇ ਵਿਆਹੁਤਾ ਔਰਤ ਤੇ ਕਾਮਾ ਔਰਤ ਦੇ ਜਿਸਮਾਨੀ ਤੇ ਮਾਨਸਿਕ ਸ਼ੋਸ਼ਣ ਦੀ ਗੱਲ ਕਰਦੇ ਪੰਜਾਬੀ ਕਵਿਤਾ ਦੇ ਪ੍ਰਗਤੀਵਾਦ ਨੂੰ ਨਵੀਂ ਦਿਸ਼ਾ ਦਿੱਤੀ। ਉਹ ਆਪਣੀ ਸਵੈ-ਜੀਵਨੀ 'ਰਸੀਦੀ ਟਿਕਟ' ਵਿੱਚ ਲਿਖਦੀ ਹੈ:-

> "ਮੇਰੇ ਕੋਲ ਜੋ ਕੁਝ ਸੀ, ਜੋ ਅੱਜ ਬਰਫ਼ ਵਿੱਚ ਦੱਬਿਆ ਗਿਆ ਹੈ ਤਾਂ ਇਹ ਬਰਫ਼ਾਂ ਜਦੋਂ ਪੰਘਰਣਗੀਆਂ, ਇਹਦੇ ਨਦੀਆਂ ਨਾਲ਼ੇ ਉਹ ਹੋਣਗੇ, ਜੋ ਈਸ਼ਾਨ ਨਾਲ ਹੱਕਾਂ ਵਿੱਚ ਨਵੀਆਂ ਕਲਮਾਂ ਫੜਨਗੇ ਤੇ ਉਨ੍ਹਾਂ ਕਲਮਾਂ ਦੀ ਸ਼ਿੱਦਤ ਵਿੱਚ ਮੇਰਾ ਉਹ ਕੁਝ ਵੀ ਰਲਿਆ ਹੋਵੇਗਾ, ਜੋ ਅੱਜ ਚੁੱਪ ਦੀ ਬਰਫ਼ ਵਿੱਚ ਦੱਬਿਆ ਗਿਆ ਹੈ"।

'ਅੱਜ ਆਖਾਂ ਵਾਰ ਸ਼ਾਹ ਨੂੰ' ਜਿਹੀ ਇੱਕੋ ਕਵਿਤਾ ਦੇ ਆਧਾਰ 'ਤੇ ਉਸ ਨੂੰ 'ਪੰਜਾਬ ਦੀ ਔਰਤ ਦੀ ਆਵਾਜ਼' ਕਿਹਾ ਜਾਂਦਾ ਹੈ। 31 ਅਕਤੂਬਰ, 2005 ਨੂੰ ਪੰਜਾਬੀ ਦੀ ਇਹ ਰਿਸ਼ੀ ਸ਼ਾਇਰਾ, ਇਸ ਦੁਨੀਆਂ ਤੋਂ ਤੁਰ ਗਈ, ਪਰ ਆਪਣੇ ਲੇਖਨ ਅਤੇ ਸ਼ਖ਼ਸੀਅਤ ਸਦਕਾ ਹਮੇਸ਼ਾ ਪੰਜਾਬੀ ਲੇਖਕਾਂ ਤੇ ਪਾਠਕਾਂ ਵਿੱਚ ਚਿਰੰਜੀਵ ਰਹੇਗੀ। ਆਪਣੀ ਵਿਆਹੁਤਾ ਜ਼ਿੰਦਗੀ ਦੌਰਾਨ ਪ੍ਰੀਤਮ ਸਿੰਘ ਅੰਮ੍ਰਿਤਾ ਹੋਰਾਂ ਨੂੰ ਘਰ ਦੇ ਖਰਚ ਲਈ ਰੋਜ਼ ਪੰਜ ਰੁਪਏ ਦਿਆ ਕਰਦੇ ਸਨ ਅਤੇ ਕਦੇ ਕਦੇ ਇਹ ਗਿਣੇ ਮਿੱਥੇ ਪੰਜ ਰੁਪਏ ਦੇਣੇ ਵੀ 'ਭੁੱਲ' ਜਾਂਦੇ ਸਨ ਅਤੇ ਅੰਮ੍ਰਿਤਾ ਹੋਰਾਂ ਨੂੰ ਉਹਨਾਂ ਤੋਂ ਘਰੋਂ ਤੁਰ ਰਿਹਾਂ ਤੋਂ ਪਿੱਛੋਂ ਵਾਜ ਮਾਰ ਕੇ ਆਪ ਮੰਗ ਕੇ ਲੈਣੇ ਪੈਂਦੇ ਹੁੰਦੇ ਸਨ। ਰੋਜ਼ ਪੰਜ ਰੁਪਿਆਂ ਦੀ ਝਾਕ ਰੱਖਣ ਅਤੇ ਕਈ ਵਾਰ ਮੰਗ ਕੇ ਇਸ ਨਿਗੂਣੀ ਜਿਹੀ ਰਕਮ ਲੈਣ ਦੀ ਸ਼ਰਮਸਾਰੀ ਅੰਮ੍ਰਿਤਾ ਹੋਰਾਂ ਲਈ ਬਹੁਤ ਬੋਝਲ ਹੁੰਦੀ ਸੀ। ਇਸ ਲਈ ਉਹ ਮਗਰਲੀ ਸਾਰੀ ਉਮਰ ਆਪਣੀ ਰੋਟੀ ਆਪ ਕਮਾਉਣ ਉੱਪਰ ਜ਼ੋਰ ਦਿੰਦੇ ਰਹੇ ਹਨ। ਜ਼ੇਹਨੀ-ਜਿਸਮਾਨੀ ਤਾਲਮੇਲ ਦੀ ਅਣਹੋਂਦ ਦੀ ਸੂਰਤ ਵਿੱਚ, ਇਹ ਠੀਕ ਹੈ ਕਿ ਸੰਬੰਧਿਤ ਦੋਨਾਂ ਹੀ ਧਿਰਾਂ ਨੇ, ਬਿਨਾਂ ਕਿਸੇ ਅਦਾਲਤੀ ਕਾਰਵਾਈ ਜਾਂ ਪੰਚਾਇਤੀ, ਭਾਈਚਾਰਕ ਦਖ਼ਲ-ਅੰਦਾਜ਼ੀ ਤੇ ਲੈਣ-ਦੇਣ ਦੀ ਸ਼ਰਤ ਦੇ, ਪਰਸਪਰ ਭਲਮਣਸਊ ਨਾਲ ਹੀ ਇੱਕ ਦੂਜੇ ਤੋਂ ਅੱਡਰੇ ਅਲਹਿਦਾ ਰਹਿਣ ਦਾ ਫ਼ੈਸਲਾ ਕਰ ਲਿਆ ਸੀ। ਪਰ ਅਲਹਿਦਾ ਹੋਣ ਤੋਂ ਕਾਫ਼ੀ ਵਰ੍ਹੇ ਬਾਅਦ ਤੀਕ ਅੰਮ੍ਰਿਤਾ ਅਤੇ ਪ੍ਰੀਤਮ ਸਿੰਘ ਹੋਰਾਂ ਦੌਰਾਨ ਤਲਾਕ ਲਈ ਕਿਸੇ ਅਦਾਲਤੀ ਕਾਰਵਾਈ ਕਰਨ ਕਰਾਉਣ ਦਾ ਕੋਈ ਜ਼ਿਕਰ ਨਹੀਂ ਸੀ ਛਿੜਿਆ। ਪਰ ਇੱਕ ਵੇਲੇ ਪ੍ਰੀਤਮ ਸਿੰਘ ਹੋਰਾਂ ਲਈ ਤਲਾਕ ਜ਼ਰੂਰੀ ਹੋ ਗਿਆ ਸੀ ਅਤੇ ਇਸਦੀ ਮੰਗ ਉਹਨਾਂ ਵੱਲੋਂ ਹੀ ਕੀਤੀ ਗਈ ਸੀ।

ਸਤਿੰਦਰਪਾਲ ਸਿੰਘ ਬਾਵਾ ਨੇ ਆਪਣੇ ਲੇਖ 'ਪੰਜਾਬੀ ਸਵੈਜੀਵਨੀਆਂ: ਸਾਹਿਤਕ ਮੁਲਾਂਕਣ' ਵਿੱਚ ਵਿਵੇਚਨ ਕਰਦਿਆਂ ਡਾ. ਧਨਵੰਤ ਕੌਰ ਵਲੋਂ ਕੀਤੇ ਵਿਵੇਚਨ ਨੂੰ ਕਲਮਬਧ ਕਰਦਿਆਂ ਲਿਖਿਆਂ ਹੈ ਕਿ ਡਾ. ਧਨਵੰਤ ਕੌਰ ਨੇ ਅੰਮ੍ਰਿਤਾ ਪ੍ਰੀਤਮ ਦੀ ਸੈ-ਜੀਵਨੀ ਰਸੀਦੀ ਟਿਕਟ ਨੂੰ ਆਧਾਰ ਬਣਾ ਕੇ ਅੰਮ੍ਰਿਤਾ ਦੇ ਲੇਖਕ ਆਪੇ ਦੀ ਹੱਠ ਨੂੰ ਡੀਕੋਡ ਕੀਤਾ ਹੈ। ਉਸ ਦਾ ਮੰਨਣਾ ਹੈ ਕਿ ਸਵੈ-ਜੀਵਨੀ ਆਧੁਨਿਕ ਸਾਹਿਤ ਦੀਆਂ ਆਤਮ ਪਰਕ ਵਿਧਾਵਾਂ ਵਿਚੋਂ ਨਿੱਜਤਾ ਅਤੇ ਦਾਰਸ਼ਨਿਕਤਾ ਪੱਖੋਂ ਸਭ ਤੋਂ ਵਿਧੇਰੇ ਮੁਕੰਮਲ ਵਿਧਾ ਹੈ ਅਤੇ ਜਦੋਂ ਗੱਲ ਇਸਤਰੀਆਂ ਦੁਆਰਾ ਲਿਖੀ ਸਵੈ-ਜੀਵਨੀਆਂ ਦੇ ਮੁਲਾਂਕਣ ਦੀ ਆਉਂਦੀ ਹੈ ਤਾਂ ਇਹ ਧਾਰਨਾ ਬਣੀ ਹੋਈ ਹੈ ਕਿ ਇਹ 'ਸਵੈ-ਜੀਵਨੀਆਂ ਸਾਪ੍ਰਤੱਖ (explicit) ਨਹੀਂ ਹੁੰਦੀਆਂ'। ਡਾ. ਧਨਵੰਤ ਇਹਨਾਂ ਸਵੈ-ਜੀਵਨੀਆਂ ਦੀ ਸੀਮਾਕਾਰੀ ਨੂੰ ਨਿਰਧਾਰਤ ਕਰਦਿਆਂ ਸਪਸ਼ਟ ਕਰਦੀ ਹੈ ਕਿ ਸਦੀਆਂ ਤੋਂ ਚਲੀ ਆ ਰਹੀ ਪਿਤਰਕੀ ਸੱਤਾ ਨੇ ਉਹਨਾਂ ਨੂੰ ਅਤੰਕਿਤ ਕਰੀ ਰੱਖਦੀ ਹੈ ਜਿਸ ਕਾਰਨ ਉਹਨਾਂ ਦਾ ਅਵਚਤੇਨ ਇਸ ਕਦਰ ਪ੍ਰਭਾਵਿਤ ਹੁੰਦਾ ਹੈ ਕਿ ਅਰਥ ਵਿਸਤਾਰ ਅਤੇ ਸਪਸ਼ਟਤਾ ਦੀ ਅਣਹੋਂਦ ਉਹਨਾਂ ਦੀਆਂ ਰਚਨਾਵਾਂ ਵਿਚ ਹਮੇਸ਼ਾ ਬਣੀ ਰਹਿੰਦੀ ਹੈ। ਪਰ ਅੰਮ੍ਰਿਤਾ ਦੀ ਸਵੈ-ਜੀਵਨੀ ਨੂੰ ਉਹ 'ਹੋਣ ਅਤੇ ਥੀਣ' ਦੀ ਤਰਤੀਬ ਵਿਚੋਂ ਉਪਜੀ ਰਚਨਾ ਕਹਿੰਦੀ ਹੈ। ਇਸ ਰਚਨਾ ਨੂੰ ਉਹ 'ਜ਼ਿੰਦਗੀ ਦੀ ਤਫ਼ਤੀਸ਼' ਦੀ ਸੰਗਿਆ ਦਿੰਦੀ ਹੈ। ਜਿਸ ਵਿਚ ਅੰਮ੍ਰਿਤਾ ਦਾ ਹੱਠੀ ਆਪਾ ਹਮੇਸ਼ਾ ਉਜ਼ਰਯੋਗ ਤੇ ਇਤਰਾਜ਼ਯੋਗ ਸਥਿਤੀਆਂ ਵਿਚ ਵਿਚਰਦਾ ਹੋਇਆ ਹੀ ਉਸ ਨੂੰ ਸਵੈ ਦੀ ਸੋਝੀ ਕਰਵਾਉਂਦਾ ਹੈ। ਪਰ ਅੰਮ੍ਰਿਤਾ ਆਪਣੇ ਸਵੈ ਦੀ ਜਿਹੜੀ ਪਛਾਣ ਰਸੀਦੀ ਟਿਕਟ ਦੇ ਹਵਾਲੇ ਨਾਲ ਸਥਾਪਿਤ ਕਰਨਾ ਚਾਹੁੰਦੀ ਹੈ ਡਾ. ਧਨਵੰਤ ਉਸ ਨਾਲ ਇਕ ਤੋਂ ਵਧੇਰੇ ਥਾਂਵਾਂ `ਤੇ ਆਪਣੀ ਅਸਿਹਮਤੀ ਵੀ ਪ੍ਰਗਟਾਉਂਦੀ ਹੈ। ਅਸਿਹਮਤੀ ਹੀ ਨਹੀਂ ਪ੍ਰਗਟਾਉਂਦੀ, ਸਗੋਂ ਰਸੀਦੀ ਟਿਕਟ ਦੀ ਟੈਕਸਟ ਵਿਚੋਂ ਹਵਾਲੇ ਦੇ ਕੇ ਉਹਨਾਂ ਨਾਲ ਸੰਵਾਦ ਰਚਾਉਂਦੀ ਹੈ ਕਿਉਂਕਿ ਉਸ ਦਾ ਮੰਨਣਾ ਹੈ ਕਿ 'ਸਵੈ-ਜੀਵਨੀ ਵਿਅਕਤੀ ਦੀ ਜ਼ਾਤੀ, ਜਜ਼ਬਾਤੀ ਜ਼ਿੰਦਗੀ ਨੂੰ ਜਾਨਣ ਦੀ ਕਿਸੇ ਵਿਅਕਤੀ ਦੇ ਮਨੋਵਿਗਿਆਨਕ ਇਤਿਹਾਸ ਨੂੰ ਫਰੋਲਣ ਦੀ ਗੁੰਜਾਇਸ਼ ਬਣਾਉਣ ਵਾਲੀ ਵਿਧਾ ਹੈ।... ਪਰ ਰਸੀਦੀ ਟਿਕਟ ਵਿਚ ਅੰਮ੍ਰਿਤਾ ਦਾ ਸਵੈ ਮੋਹ ਕਈ ਥਾਂ ਅਚੇਤ ਹੀ ਉਸ ਨੂੰ ਅਜਿਹੇ ਪ੍ਰਵਚਨ ਸਿਰਜਣ ਲਾ ਦਿੰਦਾ ਹੈ ਜਿਹੜੇ ਉਸ ਦੇ ਫੈਸਲਿਆਂ ਨੂੰ ਸਹੀ ਅਤੇ ਜਾਇਜ਼ ਸਿੱਧ ਕਰਦੇ ਹਨ।' ਪਰ ਇਹਨਾਂ ਸੀਮਾਵਾਂ ਦੇ ਬਾਵਜੂਦਾ ਡਾ. ਧਨਵੰਤ ਦਾ ਮਤ ਹੈ ਕਿ ਅੰਮ੍ਰਿਤਾ ਨੂੰ 'ਪਿਤਰਕੀ ਕਦਰਾਂ ਵਾਲੇ ਰੱਚੜ ਮਰਦਾਵੇਂ ਸਮਾਜ ਵਿਚ ਸਿਰਫ ਨਾਰੀ ਲੇਖਿਕਾ ਵਜੋਂ ਪ੍ਰਵਾਨੇ ਜਾਣ ਤੋਂ ਅਗਾਂਹ ਲੇਖਿਕਾ ਵਜੋਂ ਜੀਣ ਥੀਣ ਦਾ ਜਿਹੜਾ ਸੰਕਲਪ ਉਸ ਨੇ ਲਿਆ, ਉਸ ਸੰਕਲਪ ਤੇ ਸਾਬਤ ਕਦਮੀਂ ਤੁਰਨ ਲਈ ਉਸ ਨੂੰ ਰੱਬ, ਘਰ, ਪਰਿਵਾਰ, ਸਮਾਜ ਵਰਗੀਆਂ ਸੱਭਿਆਚਾਰਕ ਘਾੜਤਾਂ ਨਾਲ ਹੀ ਨਹੀਂ,

ਆਪਣੀ ਅੰਦਰਲੀ ਔਰਤ ਨਾਲ ਵੀ ਆਢਾ ਲੈਣਾ ਪਿਆ।' ਇਸ ਤਰ੍ਹਾਂ ਡਾ. ਧਨਵੰਤ ਕੌਰ ਨੇ ਅੰਮ੍ਰਿਤਾ ਦੇ ਜੀਵਨ ਦੇ ਬਾਹਰੀ ਅਤੇ ਅੰਦਰਲੇ ਸੱਚ ਨੂੰ ਤਲਾਸ਼ਣ ਅਤੇ ਤਾਵੀਲ ਕਰਨ ਦਾ ਸਾਰਥਕ ਉਪਰਾਲਾ ਕਰਦੀ ਹੋਈ ਇਸ ਸਵੈ-ਜੀਵਨੀ ਨੂੰ 'ਲੇਖਕ ਆਪੇ ਦੀ ਹੱਠੀ ਪਰਿਕਰਮਾ" ਕਹਿੰਦੀ ਹੈ।

ਅੰਮ੍ਰਿਤਾ ਪ੍ਰੀਤਮ ਦੀ ਇਹ ਸਵੈ-ਜੀਵਨੀ ਦੱਸਦੀ ਹੈ ਕਿ ਉਸ ਨੂੰ ਨਫ਼ਰਤ ਦੇ ਖੇਤਰ ਵਿੱਚ ਤਰਸ ਆਉਂਦਾ ਹੈ, ਉਹ ਵੰਡ ਤੋਂ ਇੰਨੀ ਪ੍ਰਭਾਵਿਤ ਹੋਈ ਕਿ 'ਵਾਰਿਸ ਸ਼ਾਹ' ਵਰਗੀ ਕਵਿਤਾ ਰਚੀ। ਇਹ ਦੱਸਦਾ ਹੈ ਕਿ ਕਿਵੇਂ ਰਚਨਾਕਾਰ ਨੂੰ ਆਪਣੀ ਆਲੋਚਨਾ ਦੀ ਪਰਵਾਹ ਨਹੀਂ ਕਰਨੀ ਚਾਹੀਦੀ, ਭਾਵੇਂ ਉਮਰ ਕਿੰਨੀ ਵੀ ਕਿਉਂ ਨਾ ਹੋਵੇ। ਅੰਮ੍ਰਿਤਾ ਨੇ ਸਾਹਿਰ ਨਾਲ ਆਪਣੀ ਨੇੜਤਾ ਅਤੇ ਇਮਰੋਜ਼ ਨਾਲ ਆਪਣੀ ਨੇੜਤਾ ਦੇ ਰਿਸ਼ਤੇ ਨੂੰ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ। ਇਹ ਇੱਕ ਸਵੈ-ਕੋਲਾਜ ਹੈ, ਜਿੱਥੇ ਡਾਇਰੀਆਂ, ਯਾਦਾਂ, ਕਵਿਤਾਵਾਂ, ਸੁਪਨੇ ਅਤੇ ਜ਼ਿੰਦਗੀ ਦੀਆਂ ਕੌੜੀਆਂ ਹਕੀਕਤਾਂ ਰਲ ਗਈਆਂ ਹਨ। ਯਾਤਰਾਵਾਂ ਹਨ ਅਤੇ ਉਨ੍ਹਾਂ ਦੇ ਅੰਦਰ ਅੰਦਰ ਦੀਆਂ ਯਾਤਰਾਵਾਂ ਹਨ। ਮਰਦ ਦੀ ਸਦਾ ਵਧਦੀ ਦੁਨੀਆਂ ਵੀ ਹੈ, ਜਿੱਥੇ ਸੰਸਾਰ ਦੀ ਪ੍ਰਤਿਭਾ ਸ਼ਾਮਲ ਹੈ ਅਤੇ ਔਰਤ ਦੀ ਅਸਲੀਅਤ ਜੋ ਉਸਨੂੰ ਕਮਜ਼ੋਰ ਅਤੇ ਤਾਕਤਵਰ ਬਣਾਉਂਦੀ ਹੈ। ਚੰਗੀ ਗੱਲ ਇਹ ਹੈ ਕਿ ਇਹ ਪੁਰਾਣੀ 'ਰਸੀਦ ਟਿਕਟ' ਦੀ ਪੂਰਤੀ ਕਰਦੀ ਹੈ। ਦੋਵਾਂ ਨੂੰ ਇਕੱਠੇ ਪੜ੍ਹਨ ਨਾਲ ਅਧਿਐਨ ਦੇ ਦਿਲਚਸਪ ਨਤੀਜੇ ਨਿਕਲਣਗੇ।

## ਸਾਰ-ਅੰਸ਼

ਅੰਮ੍ਰਿਤਾ ਦੀਆਂ ਬਹੁਤ ਸਾਰੀਆਂ ਰਚਨਾਵਾਂ ਦੇ ਅੰਗਰੇਜ਼ੀ, ਹਿੰਦੀ, ਉਰਦੂ, ਮਲਿਆਲਮ, ਮਰਾਠੀ, ਸਿੰਧੀ, ਬੰਗਾਲੀ, ਕੰਨੜ, ਰੂਸੀ, ਅਲਬਾਨੀਅਨ, ਪੋਲਿਸ਼, ਗੁਜਰਾਤੀ, ਬਲਗਾਰੀਅਨ ਆਦਿ ਭਾਸ਼ਾਵਾਂ ਵਿਚ ਅਨੁਵਾਦ ਛਪ ਚੁੱਕੇ ਹਨ। ਅੰਮ੍ਰਿਤਾ ਨੂੰ ਬਹੁਤ ਸਾਰੇ ਸਾਹਿਤਕ ਅਦਾਰਿਆਂ ਅਤੇ ਯੂਨੀਵਰਸਿਟੀਆਂ ਵੱਲੋਂ ਸਮੇਂ ਸਮੇਂ ਸਿਰ ਸਨਮਾਨਿਆ ਗਿਆ ਹੈ। ਸੰਨ 1956 ਵਿਚ 'ਸੁਨੇਹੜੇ' ਕਾਵਿ ਸੰਗ੍ਰਹਿ ਨੂੰ ਭਾਰਤੀ ਸਾਹਿਤ ਅਕਾਦਮੀ, ਦਿੱਲੀ ਵੱਲੋਂ ਸਨਮਾਨ ਦਿੱਤਾ ਗਿਆ। ਸੰਨ 1958 ਵਿਚ ਭਾਸ਼ਾ ਵਿਭਾਗ, ਪੰਜਾਬ ਨੇ ਸ਼੍ਰੋਮਣੀ ਸਾਹਿਤਕਾਰ ਦੇ ਤੌਰ ਤੇ ਸਨਮਾਨਿਆ ਅਤੇ 1965 ਵਿਚ ਭਾਰਤੀ ਮਹਿਲਾ ਫੈਡਰੇਸ਼ਨ, ਦਿੱਲੀ ਵੱਲੋਂ ਇਸ ਨੂੰ ਸਨਮਾਨਿਆ ਗਿਆ। ਸੰਨ 1969 ਵਿਚ ਭਾਰਤ ਸਰਕਾਰ ਵੱਲੋਂ 'ਪਦਮ ਸ੍ਰੀ' ਪ੍ਰਦਾਨ ਕੀਤਾ ਗਿਆ ਅਤੇ 1973 ਈ. ਵਿਚ ਦਿੱਲੀ ਯੂਨੀਵਰਸਿਟੀ ਵੱਲੋਂ ਡੀ. ਲਿਟ. ਦੀ ਆਨਰੇਰੀ ਡਿਗ਼ਰੀ ਦਿੱਤੀ ਗਈ। ਸੰਨ 1975 ਵਿਚ ਵਿਸ਼ਵ ਹਿੰਦੀ ਸੰਮੇਲਨ, ਨਾਗਪੁਰ ਵੱਲੋਂ, 1978 ਈ. ਵਿਚ ਆਲ ਇੰਡੀਆ ਰੇਡੀਓ ਦੇ ਪੰਜਾਹ ਸਾਲਾ ਜਸ਼ਨ ਸਮੇਂ, 1978 ਵਿਚ ਹੀ ਕੰਨੜ ਸਾਹਿਤ ਸੰਮੇਲਨ ਅਤੇ 1979 ਈ. ਵਿਚ ਪੰਜਾਬੀ ਇਟਰਨੈਸ਼ਨਲ ਸੁਸਾਇਟੀ ਵੱਲੋਂ ਸਨਮਾਨ ਦਿੱਤੇ ਗਏ। ਸੰਨ 1976 ਵਿਚ ਐਨ. ਆਈ. ਐਫ. ਅਤੇ 1982 ਈ. ਵਿਚ ਪੁਸਤਕ 'ਕਾਗਜ਼ ਅਤੇ ਕੈਨਵਸ' ਨੂੰ ਗਿਆਨ ਪੀਠ ਐਵਾਰਡ ਨਾਲ ਸਨਮਾਨਿਆ ਗਿਆ। ਸੰਨ 1980 ਵਿਚ ਬਲਗਾਰੀਆ ਵੱਲੋਂ 'ਕਿਰੀਅਲ ਤੇ ਮੌਤੇਦੀਅਸ ਐਵਾਵਰਡ' ਨਾਲ ਅਤੇ ਉਸੇ ਸਾਲ ਨਿਕੋਲਾ ਵਾਪਤਸਾਰੋਵ ਐਵਾਰਡ ਸੋਫੀਆ ਦੁਆਰਾ ਸਨਮਾਨਿਤ ਕੀਤਾ ਗਿਆ। ਇੱਥੇ ਅੰਮ੍ਰਿਤਾ ਦੀ ਸਿਰਜਣਾ-ਪ੍ਰਕਿਰਿਆ ਅਤੇ ਉਸ ਦੇ ਅੰਦਰਲੇ ਧਾਗੇ ਖੁੱਲ੍ਹਦੇ ਹਨ, ਤਾਂ ਪਾਤਰਾਂ ਦੀਆਂ ਕਹਾਣੀਆਂ ਵੀ। ਜ਼ਿੰਦਗੀ ਸ਼ਾਇਦ ਕੋਈ ਮੋਟਾ ਖਰੜਾ ਨਹੀਂ ਸੀ, ਅੰਮ੍ਰਿਤਾ ਨੇ ਸਾਬਤ ਕਰ ਦਿੱਤਾ ਕਿ ਸਵੈ-ਜੀਵਨੀ ਦੁਬਾਰਾ ਲਿਖੀ ਜਾ ਸਕਦੀ ਹੈ ਅਤੇ ਜੇ ਇਹ ਆਪਣੇ ਆਪ ਹੀ ਮੂਰਤੀਮਾਨ ਹੋ ਜਾਵੇ ਤਾਂ ਕੀ ਕਹੀਏ! ਇਮਰੋਜ਼ ਦਾ ਪਹਿਲਾ ਪੰਨਾ ਅੰਮ੍ਰਿਤਾ ਦੀ ਜੀਵਨ ਕਹਾਣੀ ਨੂੰ ਡੂੰਘਾ ਕਰਦਾ ਹੈ

## ਮੁੱਖ/ਕੇਂਦਰੀ ਸ਼ਬਦ:

- ਲੋਕਤੰਤਰ---ਵੋਟਾਂ ਦੁਆਰਾ ਚੁਣਿਆਂ ਪ੍ਰਬੰਧ
- ਵਾਸਤਵਿਕਤਾ---ਸੱਚਾਈ
- ਆਧੁਨਿਕਤਾ---ਸਥਿਤੀ
- ਕਲਪਾਨਤਮਿਕ---ਕਾਲਪਨਿਕ
- ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

ਪ੍ਰਸ਼ਨ 1. ਅੰਮ੍ਰਿਤਾ ਪ੍ਰੀਤਮ ਦਾ ਜਨਮ ਕਦੋਂ ਹੁੰਦਾ ਹੈ?

ੳ 1916

ਅ 1917

ੲ 1918

ਸ 1919

ਪ੍ਰਸ਼ਨ 2. ਅੰਮ੍ਰਿਤਾ ਪ੍ਰੀਤਮ ਨੂੰ ਗਿਆਨਪੀਠ ਅਵਾਰਡ ਕਦੋਂ ਮਿਲਦਾ ਹੈ?

ੳ 1981

ਅ 1982

ੲ 1983

ਸ 1984

ਪ੍ਰਸ਼ਨ 3. ੳ ਗੀਤਾਂ ਵਾਲਿਆ ਪੁਸਤਕ ਕਿਸਦੀ ਹੈ?

ੳ ਅੰਮ੍ਰਿਤਾ ਪ੍ਰੀਤਮ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 4. ਪੱਤਝੜ ਵਿੱਚ ਪੁੰਗਰਦੇ ਪੱਤੇ ਕਾਵਿ ਸੰਗ੍ਰਹਿ ਕਦੋਂ ਪ੍ਰਕਾਸ਼ਿਤ ਹੁੰਦਾ ਹੈ?

ੳ 2002

ਅ 2008

ੲ 2000

ਸ 2006

ਪ੍ਰਸ਼ਨ 5. ਔਰਤ ਨੂੰ ਜੀਵ ਦੇ ਲਵੇ ਰੂਪਾਂ ਵਿੱਚ ਢਲਣਾ ਚਾਹੀਦਾ ਹੈ ਤੇ ਆਪਣੇ ਢੰਗ ਨਾਲ ਲੇਖਣ ਕਰਨਾ ਚਾਹੀਦਾ ਹੈ ਤਾ ਜੋ ਆਪਣੇ ਆਪ ਨੂੰ ਬਿਆਨ ਕਰ ਸਕੇ।

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 6. ਨਾਰੀਵਾਦ ਔਰਤਾਂ ਦਾ ਸਮਾਜਿਕ ਉਤਪਾਦਨ ਦੇ ਵਿੱਚ ਸ਼ਾਮਿਲ ਹੋਣ ਤੇ ਔਰਤ ਨੂੰ ਬਰਾਬਰ ਦੇ ਮੋਕੇ ਦਿੱਤੇ ਜਾਣ ਦੀ ਗੱਲ ਕਰਦਾ ਹੈ। ਇਹ ਔਰਤ ਦੀ ਦੂਜੀ ਸਥਿਤੀ ਦਾ ਕਾਰਨ ਆਰਥਿਕਤਾ ਨੂੰ ਮੰਨਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 7. ਪੰਜਾਬੀ ਵਿਚ ਪਿਆਰ ਕਾਵਿ ਨੂੰ ਪ੍ਰਵਾਨਿਆ ਵੀ ਗਿਆ ਹੈ ਅਤੇ ਨਕਾਰਿਆ ਵੀ ਗਿਆ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਰਾਜਿੰਦਰ ਪਾਲ ਸਿੰਘ ਬਰਾੜ

ਪ੍ਰਸ਼ਨ 8. ਔਰਤ ਦੇ ਦਮਨ ਨੂੰ ਜੈਂਡਰ ਦੇ ਵਖਰੇਵੇਂ ਅਤੇ ਕਾਮੁਕਤਾ ਵਿੱਚ ਮੰਨਦਾ ਹੈ ਇਹ ਔਰਤ ਦੇ ਆਪਣੇ ਸ਼ਰੀਰ ਉੱਪਰ ਸੁਤੰਤਰ ਹੋਂਦ ਦੀ ਪੈਰਵੀ ਕਰਦਾ ਹੈ ਭਾਵ ਲਿੰਗਕ ਆਜ਼ਾਦੀ ਦੀ ਗੱਲ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 9. ਸੁਣੋ ਸਖੀਓ, ਤੁਹਾਡੇ ਤੋਂ ਕੋਈ ਓਹਲਾ ਨਾ ਪਰਦਾ ਹੈ ਕਿ ਅੱਧੀ ਰਾਤ ਮੇਰੀ ਛੱਤ ‘ਤੇ ਇਕ ਚੰਨ ਉਤਰਦਾ ਹੈ

ਉਪਰੋਕਤ ਰਚਨਾ ਕੀ ਹੈ?

ੳ ਗੀਤ

ਅ ਗਜ਼ਲ

ੲ ਨਜ਼ਮ

ਸ ਖੁੱਲ੍ਹ ਕਵਿਤਾ

ਪ੍ਰਸ਼ਨ 10. ਹਜ਼ਾਰ ਰੰਗਾਂ ਦੀ ਲਾਟ ਰਚਨਾ ਕੀ ਹੈ?

ੳ ਗੀਤ ਸੰਗ੍ਰਹਿ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਖੁੱਲ੍ਹ ਕਵਿਤਾ ਸੰਗ੍ਰਹਿ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 12. ਨਾਰੀ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ? ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਔਰਤ ਆਜ਼ਾਦ ਹੈ ਰਚਨਾ ਕੀ ਹੈ?

ੳ ਆਲੋਚਨਾ ਪੁਸਤਕ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਗੀਤ ਸੰਗ੍ਰਹਿ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਸ | 2. ਅ | 3. ਸ | 4. ੳ | 5. ੲ |
| 6. ੳ | 7. ਸ | 8. ੲ | 9. ਅ | 10. ਅ |
| 11.ੲ | 12. ੳ | 13. ੳ | 14. ਅ | 15. ੳ |

## ਅਭਿਆਸ ਪ੍ਰਸ਼ਨ

1. ਅੰਮ੍ਰਿਤਾ ਪ੍ਰੀਤਮ ਦੇ ਜੀਵਨ ਅਤੇ ਰਚਨਾ ਸੰਸਾਰ ਉੱਪਰ ਨੋਟ ਲਿਖੋ?
2. 'ਰਸੀਦੀ ਟਿਕਟ' ਨੂੰ ਸਵੈ ਜੀਵਨੀ ਦੇ ਰੂਪਾਕਾਰ ਦੇ ਆਧਾਰ ਉਪਰ ਪਰਕ ਕਰੋ।
3. ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ ਵਿੱਚ ਵਿਅਕਤ ਜੀਵਨ ਦਰਸ਼ਨ ਨੂੰ ਆਪਣੇ ਸ਼ਬਦਾਂ ਵਿਚ ਲਿਖੋ।
4. ਅੰਮ੍ਰਿਤਾ ਦੇ ਸੁਭਾਅ ਸਬੰਧੀ ਕਿਸ ਪ੍ਰਕਾਰ ਦੇ ਜ਼ਿਕਰ ਉਸਦੀ ਸਵੈ-ਜੀਵਨੀ ਵਿਚ ਪ੍ਰਾਪਤ ਹੁੰਦੇ ਹਨ?

## Further Reading


- ਸੰਧਾਵਾਲੀਆਂ,ਸਰਬਜੀਤ ਕੌਰ. ਨਾਰੀ ਦਾ ਮੁੱਢਲਾ ਕਦਮ.ਪਬਲੀਕੇਸ਼ਨ ਬਿਊਰੋ ਪਟਿਆਲਾ.1996
- ਚਰਨਜੀਤ ਕੌਰ(ਡਾ.) ਨਾਰੀ ਚੇਤਨਾ.ਲੋਕਗੀਤ ਪ੍ਰਕਾਸ਼ਨ.1999
- ਹਰਪ੍ਰੀਤ ਕੋਰ (ਡਾ).ਨਾਰੀਵਾਦ. ਲੋਕਗੀਤ ਪ੍ਰਕਾਸ਼ਨ 2003
- ਕੇਸਰ,ਜਸਬੀਰ ਕੌਰ(ਡਾ.) ਔਰਤ ਅਜ਼ਾਦ ਹੈ?. ਲੋਕਗੀਤ ਪ੍ਰਕਾਸ਼ਨ,2004.
- ਚਰਨਜੀਤ ਕੌਰ(ਡਾ.) ਨਾਰੀ ਨੀਝ,ਲੋਕਗੀਤ ਪ੍ਰਕਾਸ਼ਨ, 2010.
- ਨੀਤੂ ਅਰੋੜਾ, ਸਮਕਾਲੀ ਪੰਜਾਬੀ ਕਵਿਤਾ:ਪ੍ਰਤਿਰੋਧੀ ਪ੍ਰਵਚਨ.2011
- ਸੁਨੀਤਾ ਸ਼ਰਮਾ, ਸਮਕਾਲੀ ਪੰਜਾਬੀ ਕਵਿਤਾ:ਨਾਰੀਵਾਦੀ ਪਰਿਪੇਖ.ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ,2013.
- ਸੀਮੋਨ ਦ ਬੋਅਵਾਰ.ਦ ਸੈਕੰਡ ਸੈਕਸ (ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2014
- ਵਰਜ਼ੀਨੀਆਂ ਵੁਲਫ.ਏ ਰੂਮ ਔਫ ਵਨਜ਼ ਅਉਨ(ਆਪਣਾ ਇਕ ਕਮਰਾ ਅਨੁਵਾਦ ਜਸਵੀਰ ਕੌਰ) ਤਰਕਭਾਰਤੀ ਪ੍ਰਕਾਸ਼ਨ ਬਰਨਾਲਾ,2016
- ਨਿਵੇਦਤਾ ਮੈਨਨ.ਨਾਰੀਵਾਦੀ ਨਜ਼ਰੀਆ (ਅਨੁਵਾਦ ਦਲਜੀਤ ਅਮੀ) ਤਦਬੀਰ ਪ੍ਰਕਾਸ਼ਨ ਮੋਹਾਲੀ, 2018


**Online Links**

https://www.punjabi-kavita.com/AmritaPritam.php

# Unit 07: ਪੰਜਾਬੀ ਨਾਰੀ ਨਾਵਲ: ਇਤਿਹਾਸਕ ਪਰਿਪੇਖ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਨਾਵਲ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਵਲ ਦੇ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਰੀ ਵਾਵਲ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਨਾਰੀ ਨਾਵਲ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਨਾਰੀ ਨਾਵਲ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਨਾਵਲ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਨਾਰੀ ਨਾਵਲ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਨਾਵਲ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਨਾਰੀ ਨਾਵਲ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ।ਆਧੁਨਿਕ ਯੁੱਗ ਵਿਚ ਨਾਰੀ ਨਾਵਲ ਕਿੰਨਾ ਮਹੱਤਵ ਰੱਖਦਾ ਹੈ ਇਸ ਬਾਰੇ ਜਾਣੂ ਕਰਾਇਆ ਜਾਵੇਗਾ।

ਪੰਜਾਬੀ ਨਾਰੀ ਨਾਵਲ ਦਾ ਸਬੰਧ ਸਮੁੱਚੇ ਪੰਜਾਬੀ ਨਾਵਲ ਦੇ ਸਿਧਾਂਤਕ ਤੇ ਇਤਿਹਾਸਕ ਪਰਿਪੇਖ ਰਾਹੀਂ ਸਮਝਿਆ ਜਾ ਸਕਦਾ ਹੈ। ਗਲਪ ਕਲਪਨਾ ਪ੍ਰਧਾਨ ਵਾਰਤਕ ਦਾ ਰੂਪ ਹੁੰਦਾ ਹੈ। ਇਹ ਬਿਰਤਾਂਤ ਸਾਹਿਤ ਦੀ ਹੀ ਵੰਨਗੀ ਹੈ। ਨਾਵਲ ਲਾਤੀਨੀ ਭਾਸ਼ਾ ਦੇ ਸ਼ਬਦ Novella ਤੋਂ ਬਣਿਆ ਹੈ। ਇਹ ਕਾਲਪਨਿਕ ਪਾਤਰਾਂ ਅਤੇ ਆਮ ਤੌਰ 'ਤੇ ਇੱਕ ਤਰਤੀਬ ਵਿੱਚ ਘਟਨਾਵਾਂ ਦਾ ਵਰਣਨ ਕਰਦਾ ਇੱਕ ਲੰਬੀ ਗਦ ਵਾਰਤਾ- ਹੁੰਦਾ ਹੈ। ਇਸ ਗਲਪੀ ਵਿਧਾ ਦੀਆਂ ਇਤਿਹਾਸਕ ਜੜ੍ਹਾਂ ਪੁਰਾਤਨਤਾਅਤੇ ਮਧਕਾਲੀ ਤੇ ਆਰੰਭਿਕ ਆਧੁਨਿਕ ਕਾਲ ਦੇ ਰੋਮਾਂਸ ਦੇ ਖੇਤਰਾਂ ਵਿੱਚ ਅਤੇ ਨੋਵਲਾ ਦੀ ਪਰੰਪਰਾ ਵਿੱਚ ਹਨ। ਇਹ ਨੋਵਲਾ ਛੋਟੀਆਂ ਕਹਾਣੀਆਂ ਲਈ ਇਸਤੇਮਾਲ ਇੱਕ ਇਤਾਲਵੀ ਸ਼ਬਦ ਹੈ, ਜਿਸ ਤੋਂ 18 ਵੀਂ ਸਦੀ ਵਿੱਚ ਮੌਜੂਦ ਆਮ ਅੰਗਰੇਜ਼ੀ ਪਦ ਦੀ ਸਿਰਜਣਾ ਹੋਈ ਹੈ। ਸਾਹਿਤ ਵਿੱਚ ਨਾਵਲ ਅਠਾਰ੍ਹਵੀ ਸਦੀ ਤੋਂ ਹੀ ਵਧੇਰੇ ਪ੍ਰਚ ਪੰਜਾਬੀ ਵਿੱਚ ਨਾਵਲ ਸ਼ਬਦ ਸਿਧਾ ਅੰਗਰੇਜ਼ੀ ਸ਼ਬਦ Novel ਤੋਂ ਆਇਆ ਹੈ। ਅਰਨੈਸਟ ਏ ਬੇਕਰ ਨੇ ਨਾਵਲ ਦੀ ਪਰਿਭਾਸ਼ਾ ਦਿੰਦੇ ਹੋਏ ਉਸਨੂੰ ਗਦਬੱਧ ਕਥਾਨਕ ਦੇ ਮਾਧਿਅਮ ਦੁਆਰਾ ਜੀਵਨ ਅਤੇ ਸਮਾਜ ਦੀ ਵਿਆਖਿਆ ਦਾ ਸਰਬੋਤਮ ਸਾਧਨ ਦੱਸਿਆ ਹੈ। ਇੰਜ ਤਾਂ ਵਿਸ਼ਵ ਸਾਹਿਤ ਦਾ ਅਰੰਭ ਹੀ ਸ਼ਾਇਦ ਕਹਾਣੀਆਂ ਨਾਲ ਹੋਇਆ ਅਤੇ ਉਹ ਮਹਾਂਕਾਵਾਂ ਦੇ ਯੁੱਗ ਤੋਂ ਅੱਜ ਤੱਕ ਦੇ ਸਾਹਿਤ ਦੀ ਰੀੜ ਰਹੀਆਂ ਹਨ, ਫਿਰ ਵੀ ਨਾਵਲ ਨੂੰ ਆਧੁਨਿਕ ਯੁੱਗ ਦੀ ਦੇਣ ਕਹਿਣਾ ਵਧੇਰੇ ਢੁਕਵਾਂ ਹੋਵੇਗਾ। ਸਾਹਿਤ ਵਿੱਚ ਗਦ ਦਾ ਪ੍ਰਯੋਗ ਜੀਵਨ ਦੇ ਯਥਾਰਥ ਚਿਤਰਣ ਦਾ ਲਖਾਇਕ ਹੈ। ਸਧਾਰਨ ਬੋਲ-ਚਾਲ ਦੀ ਭਾਸ਼ਾ ਦੁਆਰਾ ਲੇਖਕ ਲਈ ਆਪਣੇ ਪਾਤਰਾਂ, ਉਹਨਾਂ ਦੀਆਂ ਸਮਸਿਆਵਾਂ ਅਤੇ ਉਹਨਾਂ ਦੇ ਜੀਵਨ ਦੀ ਵਿਆਪਕ ਪਿੱਠਭੂਮੀ ਨਾਲ ਪ੍ਰਤੱਖ ਸੰਬੰਧ ਸਥਾਪਤ ਕਰਨਾ ਆਸਾਨ ਹੋ ਗਿਆ ਹੈ।

ਨਾਵਲ ਵਿੱਚ ਵਿਸ਼ਾ ਅਤੇ ਰੂਪ ਦੀ ਸੰਬਾਦਕਤਾ ਬਾਰੇ ਜ਼ਿਕਰ ਕਰਦਾ ਹੋਇਆ ਪ੍ਰੋ: ਤਸਲੀਮ ਬਿਲਕੁਲ ਠੀਕ. ਕਹਿੰਦਾ ਹੈ ਕਿ ਕੋਈ ਨਾਵਲਕਾਰ ਜਦੋਂ ਆਪਣੇ ਵਿਸ਼ੇ ਦੀ ਸੇਧ ਨੂੰ ਛੱਡ ਕੇ ਲਾਂਭੇ ਚਲਾ ਜਾਂਦਾ ਹੈ ਤਾਂ ਨਾਵਲ ਦੇ ਰੂਪ ਨੂੰ ਨੁਕਸਾਨ ਪਹੁੰਚਦਾ ਹੈ। ਪਰਸੀ ਲੱਬਕ ਨਾਵਲੀ ਰੂਪ ਦੇ ਦੋ ਪੱਖਾਂ ਵੱਲ ਵਧੇਰੇ ਧਿਆਨ ਦਿੰਦਾ ਹੈ ਇੱਕ ਹੈ ਦ੍ਰਿਸ਼ਸੂਚਕ ਅਤੇ ਦੂਸਰਾ ਹੈ ਮਹਾਂਦ੍ਰਿਸ਼ਸੂਚਕ। ਨਾਵਲ ਨੂੰ ਵਾਰਤਕ ਵਿੱਚ ਲਿਖਿਆ ਮਹਾਂਕਾਵਿ ਕਿਹਾ ਜਾਂਦਾ ਹੈ। ਬਾਰਬੋਲਡ ਅਨੁਸਾਰ,"ਹਰ ਲੇਖਕ ਆਪਣੀਆਂ ਰਚਨਾਵਾਂ ਦੇ ਮਾਧਿਅਮ ਦੁਆਰਾ ਆਮ ਪਾਠਕਾਂ ਨੂੰ ਸੇਧ ਅਤੇ ਸੰਦੇਸ਼ ਵੀ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਅਨੇਕ ਭਾਰਤੀ ਤੇ ਪੱਛਮੀ ਚਿੰਤਕਾਂ ਨੇ ਨਾਵਲ ਸਾਹਿਤ ਰੂਪ ਸਬੰਧੀ ਆਪਣੀਆਂ ਪਰਿਭਾਸ਼ਾਵਾਂ ਨਿਸ਼ਚਿਤ ਕੀਤੀਆਂ ਹਨ। ਇਨ੍ਹਾਂ ਸਾਰੀਆਂ ਪਰਿਭਾਸ਼ਾਵਾਂ ਨੂੰ ਸੰਯੁਕਤ ਰੂਪ ਵਿਚ ਜੇ ਇਕੱਤਰ ਕਰੀਏ ਤਾਂ 'ਨਾਵਲ ' ਦੇ ਜ਼ਰੂਰੀ ਤੱਤਾਂ ਦੀ ਨਿਸ਼ਾਨਦੇਹੀ ਕਰ ਕੇ ਅਸੀ ਕਿਸੇ ਪ੍ਰਮਾਣਿਕ ਪਰਿਭਾਸ਼ਾ ਤੇ ਅੱਪੜ ਸਕਦੇ ਹਾਂ । ਵੱਖੋ ਵੱਖ ਦਾਰਸ਼ਨਿਕਾਂ ਅਨੁਸਾਰ ਹਰ ਨਾਵਲ ਵਿਚ ਕੁਝ ਅਹਿਮ ਤੱਤ ਹੋਣੇ ਜ਼ਰੂਰੀ ਹਨ ਜਿਹੜੇ ਕਿਸੇ ਨਾਵਲ ਦੀ ਉੱਤਮਤਾ ਜਾਂ ਨਿਗੁਣਤਾ ਦਾ ਪੱਧਰ ਤੈਅ ਕਰਦੇ ਹਨ । ਇਹ ਤੱਤ ਇਸ ਤਰ੍ਹਾਂ ਹਨ : –

- ਕਹਾਣੀ
- ਗੋਂਦ
- ਪਾਤਰ ਚਿਤਰਣ
- ਵਾਰਤਾਲਾਪ
- ਦ੍ਰਿਸ਼ ਵਰਣਨ
- ਉਦੇਸ਼

ਕਿਸੇ ਵੀ ਨਾਵਲ ਦੀ ਬਣਤਰ ਵਿਚ ਸਭ ਤੋਂ ਪਹਿਲਾਂ ਕਹਾਣੀ ਹੋਣੀ ਬੇਹੱਦ ਜ਼ਰੂਰੀ ਹੈ। ਇਹ ਕਹਾਣੀ ਸਮਾਜ ਦੇ ਕਿਸੇ ਹਿੱਸੇ ਵਿਚੋਂ, ਵੱਖ ਵੱਖ ਪਾਤਰਾਂ, ਵਰਗਾਂ ਦੇ ਮਾਨਸਿਕ ਟਕਰਾਅ, ਸਮਾਜਿਕ, ਆਰਥਿਕ, ਧਾਰਮਿਕ, ਇਤਿਹਾਸਕ ਤੇ ਰਾਜਨੀਤਕ ਖੇਤਰ ਵਿਚੋਂ ਹੋ ਸਕਦੀ ਹੈ। ਜੀਵਨ ਦੇ ਇਨ੍ਹਾਂ ਖੇਤਰਾਂ ਵਿਚੋਂ ਲੇਖਕ ਘਟਨਾਵਾਂ ਦੀ ਚੋਣ ਕਰਦਾ ਹੈ । ਘਟਨਾਵਾਂ ਦੀ ਚੋਣ ਉਪਰੰਤ ਉਹ ਆਪਣੀ ਕਲਾ, ਸ਼ੈਲੀ ਰਾਹੀਂ ਇਨ੍ਹਾਂ ਘਟਨਾਵਾਂ ਨੂੰ ਸ਼ਬਦਾਂ ਵਿਚ ਢਾਲਦਾ ਹੈ ਪਰ ਇਥੇ ਉਹ ਘਟਨਾਵਾਂ ਦਾ ਹੂਬਹੂ ਬਿਆਨ ਨਹੀਂ ਕਰਦਾ, ਕਿਸੇ ਘਟਨਾ ਨੂੰ ਅੱਗੇ ਕਿਸੇ ਨੂੰ ਪਿੱਛੇ , ਕੁਝ ਕੱਢ ਕੇ, ਕੁਝ ਛੱਡ ਕੇ , ਕੁਝ ਆਪਣੇ ਕੋਲੋਂ ਜੋੜ ਕੇ ਉਹ ਕਹਾਣੀ ਨੂੰ ਰੋਚਕ ਬਣਾਉਂਦਾ ਹੈ । ਇਸ ਸਾਰੇ ਕਾਰਜ ਨੂੰ ਗੋਂਦ ਦਾ ਨਾਮ ਦਿੱਤਾ ਜਾਂਦਾ ਹੈ ।

**ਨਾਵਲ ਅਤੇ ਯਥਾਰਥ**: ਯਥਾਰਥ ਤੇ ਜੋਰ ਦਾ ਇੱਕ ਹੋਰ ਨਤੀਜਾ ਇਹ ਹੋਇਆ ਕਿ ਕਥਾ ਸਾਹਿਤ ਦੇ ਪਰਾਪ੍ਰਕਿਰਤਕ ਅਤੇ ਅਲੌਕਿਕ ਤੱਤ, ਜੋ ਪ੍ਰਾਚੀਨ ਮਹਾਂਕਾਵਾਂ ਦਾ ਵਿਸ਼ੇਸ਼ ਅੰਗ ਸਨ, ਪੂਰੀ ਤਰ੍ਹਾਂ ਲੁਪਤ ਹੋ ਗਏ। ਕਥਾਕਾਰ ਦੀ ਕਲਪਨਾ ਹੁਣ ਮੂਲੋਂ ਮੁਕਤ ਨਾ ਰਹਿ ਗਈ। ਮਨਚਾਹੀਆਂ ਉਡਾਰੀਆਂ ਲਾਉਣਾ ਕਲਪਨਾ ਲਈ ਅਸੰਭਵ ਹੋ ਗਿਆ। ਨਾਵਲ ਦਾ ਉਦਭਵ ਅਤੇ ਵਿਕਾਸ ਵਿਗਿਆਨ ਦੀ ਤਰੱਕੀ ਦੇ ਨਾਲ ਹੋਇਆ। ਇੱਕ ਤਰਫ ਜਿੱਥੇ ਵਿਗਿਆਨ ਨੇ ਵਿਅਕਤੀ ਅਤੇ ਸਮਾਜ ਨੂੰ ਆਮ ਧਰਾਤਲ ਤੋਂ ਦੇਖਣ ਅਤੇ ਚਿਤਰਣ ਲਈ ਪਰੇਰਿਆ ਉਥੇ ਹੀ

ਦੂਜੇ ਪਾਸੇ ਉਸਨੇ ਜੀਵਨ ਦੀਆਂ ਸਮਸਿਆਵਾਂ ਦੇ ਪ੍ਰਤੀ ਇੱਕ ਨਵੇਂ ਦ੍ਰਿਸ਼ਟੀਕੋਣ ਵੱਲ ਵੀ ਸੰਕੇਤ ਕੀਤਾ। ਇਹ ਦ੍ਰਿਸ਼ਟੀਕੋਣ ਮੁੱਖ ਤੌਰ 'ਤੇ ਬੌਧਿਕ ਸੀ। ਨਾਵਲਕਾਰ ਦੇ ਉੱਤੇ ਕੁੱਝ ਨਵੀਆਂ ਜ਼ਿੰਮੇਵਾਰੀਆਂ ਆ ਪਈਆਂ ਸਨ। ਹੁਣ ਉਸ ਦੀ ਸਾਧਨਾ ਕਲਾ ਦੀਆਂ ਸਮਸਿਆਵਾਂ ਤੱਕ ਹੀ ਸੀਮਿਤ ਨਾ ਰਹਿਕੇ ਵਿਆਪਕ ਸਮਾਜਕ ਚੇਤਨਾ ਦੀ ਹਾਣੀ ਹੋਣਾ ਲੋੜੀਂਦੀ ਸੀ। ਸਚਮੁਚ ਆਧੁਨਿਕ ਨਾਵਲ ਸਮਾਜਕ ਚੇਤਨਾ ਦੇ ਵਿਕਾਸ ਦਾ ਕਲਾਤਮਕ ਪਰਕਾਸ਼ਨ ਹੈ। ਜੀਵਨ ਦਾ ਜਿੰਨਾ ਵਿਆਪਕ ਅਤੇ ਸਰਬੰਗੀ ਚਿੱਤਰ ਨਾਵਲ ਵਿੱਚ ਮਿਲਦਾ ਹੈ ਓਨਾ ਸਾਹਿਤ ਦੇ ਹੋਰ ਕਿਸੇ ਵੀ ਰੂਪ ਵਿੱਚ ਨਹੀਂ। ਨਾਵਲ ਦੀ ਸੰਰਚਨਾ ਦੀ ਚਰਚਾ ਕਰਦੇ ਹੋਏ ਮਿਲਾਨ ਕੁੰਦਰਾ ਨੇ ਲਿਖਿਆ ਹੈ: "ਨਾਵਲ ਯਥਾਰਥ ਦਾ ਨਹੀਂ ਅਸਤਿਤਵ ਦੀ ਘੋਖ ਕਰਦਾ ਹੈ। ਅਸਤੀਤਵ ਘਟਿਤ ਦਾ ਨਹੀਂ ਹੁੰਦਾ, ਉਹ ਮਾਨਵੀ ਸੰਭਾਵਨਾਵਾਂ ਦਾ ਆਭਾਸ ਹੈ, ਜੋ ਮਨੁੱਖ ਹੋ ਸਕਦਾ ਹੈ, ਜਿਸਦੇ ਲਈ ਉਹ ਸਮਰੱਥ ਹੈ। ਨਾਵਲਕਾਰ ਖੋਜ ਦੇ ਜਰੀਏ ਮਾਨਵੀ ਸੰਭਾਵਨਾਵਾਂ ਦੇ ਅਸਤਿਤਵ ਦਾ ਨਕਸ਼ਾ ਉਲੀਕਦਾ ਹੈ। ਚਰਿੱਤਰ ਅਤੇ ਦੁਨੀਆ ਸੰਭਾਵਨਾਵਾਂ ਦੁਆਰਾ ਜਾਣੀ ਜਾਂਦੀ ਹੈ।"

**ਨਾਵਲ ਰੂਪ:** ਨਾਵਲ ਦੀ ਰਚਨਾ ਵਸਤੂ-ਜਗਤ ਦੇ ਅਨੁਭਵ ਤੋਂ ਪ੍ਰੇਰਿਤ ਹੋਣ ਦੇ ਬਾਵਜੂਦ ਇਹ ਇੱਕ ਕਲਪਿਤ ਸੰਸਾਰ ਹੈ ਨਾਵਲੀ ਜਗਤ ਦੇ ਪਾਤਰ ਵੀ ਸਧਾਰਨ ਜਿੰਦਗੀ ਵਰਗੇ ਮਨੁੱਖ ਹੁੰਦੇ ਹਨ ਅਤੇ ਉਹਨਾਂ ਦੇ ਸੁਭਾਅ, ਕਾਰਜ,ਰਿਸ਼ਤਿਆਂ,ਹੋਣੀ ਵਿੱਚ ਇਤਿਹਾਸਕ, ਜੀਵਤ ਵਰਗੀ ਵਾਸਤਵਿਕਤਾ ਸਹਿਜੇ ਹੀ ਪਛਾਣੀ ਜਾ ਸਕਦੀ ਹੈ। ਯਥਾਰਥਵਾਦੀ ਨਾਵਲ - ਸ਼ਾਸਤਰੀਆਂ ਲਈ ਨਾਵਲ ਵਸਤੂ ਤੋਂ ਵਸਤੂ ਤੱਕ ਦੀ ਯਾਤਰਾ ਹੈ ਜਿਸ ਦੇ ਦਰਮਿਆਨ ਸਭ ਕਲਾ ਹੈ।ਕਿਸੇ ਵੀ ਨਾਵਲ ਦੇ ਅਧਿਐਨ ਵਿੱਚ ਸਾਨੂੰ ਇਹ ਮੰਨ ਕੇ ਚਲਣਾ ਪੈਂਦਾ ਹੈ ਕਿ ਸਾਨੂੰ ਪਾਤਰਾਂ ਤੇ ਉਹਨਾਂ ਨਾਲ ਬੀਤਣ ਵਾਲੇ ਸਮਾਚਾਰ ਬਾਰੇ ਨਾਵਲਕਾਰ ਦੇ ਸਿਰਜੇ ਹੋਏ ਤੱਥਾਂ ਤੋਂ ਵੱਖ ਜਾਂ ਵੱਧ ਕੁਛ ਵੀ ਪਤਾ ਨਹੀਂ। ਸੁਰਜੀਤ ਸਿੰਘ ਨਾਵਲ ਨੂੰ ਇੱਕ ਅਜਿਹੀ ਰਚਨਾ ਹੈ ਜੋ ਇੱਕ ਜਾਂ ਇੱਕ ਤੋਂ ਜ਼ਿਆਦਾ ਖੰਡਾਂ ਵਾਲੀ ਕਿਤਾਬ ਦੇ ਆਕਾਰ ਤੱਕ ਫੈਲੀ ਹੋਈ ਹੁੰਦੀ ਹੈ। ਜਿਸ ਵਿੱਚ ਆਮ ਕਰ ਕੇ ਕਈ ਅਧਿਆਇ ਹੁੰਦੇ ਹਨ। ਇਹ ਆਮ ਤੌਰ ’ਤੇ ਆਪਸ ਵਿੱਚ ਜੁੜੀਆਂ ਹੋਈਆਂ ਛੋਟੀਆਂ-ਛੋਟੀਆਂ ਕਈ ਕਹਾਣੀਆਂ ਨੂੰ ਆਪਣੇ ਵਿੱਚ ਸਮੇਟਦੀ ਤੇ ਗੁੰਦਦੀ ਹੋਈ ਇੱਕ ਵਿਸਤ੍ਰਿਤ ਕਹਾਣੀ ਵਾਂਗ ਹੁੰਦਾ ਹੈ। ਇਸ ਲਿਹਾਜ਼ ਨਾਲ ਇਹ ਛੋਟੇ ਆਕਾਰ ਵਾਲੀਆਂ ਕਹਾਣੀਆਂ ਤੋਂ ਵੱਖਰੇ ਭਾਂਤ ਦੀ ਰਚਨਾ ਹੈ। ਨਾਵਲ ਦੇ ਆਕਾਰ ਦੇ ਵੱਡੇ ਹੋਣ ਦੇ ਕਈ ਕਾਰਨ ਹਨ। ਨਾਵਲੀ ਬਿਰਤਾਂਤ ਵਿੱਚ ਪਾਤਰਾਂ ਦੀ ਗਿਣਤੀ ਆਮ ਕਰ ਕੇ ਜ਼ਿਆਦਾ ਹੁੰਦੀ ਹੈ ਅਤੇ ਇਹਨਾਂ ਦੇ ਜੀਵਨ ਦੇ ਅਨੇਕ ਪੱਖ ਤੇ ਪਹਿਲੂ ਇਸ ਵਿੱਚ ਪੇਸ਼ ਹੁੰਦੇ ਹਨ। ਨਾਵਲ ਵਿੱਚ ਪਾਤਰਾਂ ਦੇ ਜੀਵਨ ਦੇ ਵਿਵਹਾਰਿਕ ਤੇ ਮਾਨਸਿਕ ਜਾਂ ਬਾਹਰਮੁਖੀ ਤੇ ਅੰਤਰਮੁਖੀ ਧਰਾਤਲ ਦੀ ਪੇਸ਼ਕਾਰੀ ਦੀ ਸੰਭਾਵਨਾ ਹੁੰਦੀ ਹੈ। ਸੌਖੇ ਸ਼ਬਦਾਂ ਵਿੱਚ ਨਾਵਲੀ ਸੰਸਾਰ ਵਿੱਚ ਪਾਤਰ ਕੀ ਕਰਦੇ ਹਨ ਅਤੇ ਕੀ ਸੋਚਦੇ ਹਨ? ਜਾਂ ਉਹਨਾਂ ਦੇ ਕਾਰਜ ਅਤੇ ਮਨ ਅੰਦਰ ਚੱਲ ਰਲੀਆਂ ਸੋਚਾਂ ਆਦਿ ਦੇ ਵੇਰਵੇ ਸ਼ਾਬਦਿਕ ਰੂਪ ਵਿੱਚ ਸਾਕਾਰ ਕੀਤੇ ਜਾਂਦੇ ਹਨ। ਇਸ ਵਿਚਲੀਆਂ ਘਟਨਾਵਾਂ ਇੱਕ ਲੰਬੇ ਅਰਸੇ ਵਿੱਚ ਪਸਰੀਆਂ ਹੁੰਦੀਆਂ ਹਨ। ਨਾਵਲ ਵਿੱਚ ਪਾਤਰਾਂ ਨਾਲ ਵਾਪਰ ਰਹੀਆਂ ਘਟਨਾਵਾਂ ਤੋਂ ਇਲਾਵਾ ਸਮੇਂ ਦੇ ਸਮਾਜ, ਇਤਿਹਾਸ, ਸੋਚ, ਵਿਚਾਰਧਾਰਾ ਤੇ ਫ਼ਲਸਫ਼ੇ ਨੂੰ ਸਾਕਾਰ ਕਰਨ ਵਾਲੇ ਕਿੰਨੇ ਹੀ ਵੇਰਵੇ ਹੁੰਦੇ ਹਨ। ਇਹਨਾਂ ਕਾਰਨਾਂ ਕਰ ਕੇ ਨਾਵਲ ਦਾ ਆਕਾਰ ਵੀ ਵਿਸਤ੍ਰਿਤ ਹੁੰਦਾ ਜਾਂਦਾ ਹੈ ਤੇ ਇਸ ਵਿਚਲੇ ਵਿਸ਼ੇ-ਵਸਤੂ ਨੂੰ ਗਹਿਰਾਈ ਵੀ ਮਿਲਦੀ ਜਾਂਦੀ ਹੈ। ਇਸ ਤਰ੍ਹਾਂ ਨਾਵਲ ਕਿਸੇ ਸਮਾਜ ਵਿਚਲੀ ਜੀਵਨ ਸਥਿਤੀ ਦਾ ਸਿਰਫ਼ ਚਿੱਤਰ ਹੀ ਨਹੀਂ ਰਹਿੰਦਾ ਸਗੋਂ ਇਸ ਦੀ ਦਾਰਸ਼ਨਿਕ ਵਿਆਖਿਆ ਵੀ ਬਣ ਜਾਂਦਾ ਹੈ। ਇਸੇ ਲਈ ਇਸ ਨੂੰ ਬਿੰਬਾਂ ਵਿੱਚ ਪੇਸ਼ ਕੀਤੀ ਗਈ ਫ਼ਿਲਾਸਫ਼ੀ ਵੀ ਕਿਹਾ ਜਾਂਦਾ ਹੈ।

**ਪੰਜਾਬੀ ਨਾਵਲ:** ਪੰਜਾਬੀ ਵਿੱਚ ਨਾਵਲ ਦੀ ਸ਼ੁਰੂਆਤ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿੱਚ ਹੋਈ। ਅੰਗਰੇਜ਼ਾਂ ਨੇ 1849 ਵਿੱਚ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਤੇ ਇੱਥੇ ਆਪਣੀਆਂ ਪ੍ਰਸ਼ਾਸਨਿਕ ਲੋੜਾਂ ਦੀ ਪੂਰਤੀ ਲਈ ਪੱਛਮੀ ਭਾਂਤ ਦੀ ਵਿੱਦਿਆ ਪ੍ਰਣਾਲੀ ਸ਼ੁਰੂ ਕੀਤੀ ਤੇ ਈਸਾਈ ਮਿਸ਼ਨਰੀਆਂ ਨੂੰ ਸਥਾਪਿਤ ਕੀਤੀਆਂ। ਇੱਕ ਪਾਸੇ ਈਸਾਈ ਮਿਸ਼ਨਰੀਆਂ ਨੇ ਆਪਣੇ ਧਰਮ ਪ੍ਰਚਾਰ ਲਈ ਨਾਵਲ ਜਿਹੇ ਰੂਪ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਤੇ ਦੂਜੇ ਪਾਸੇ ਉੱਚ ਵਿੱਦਿਆ ਦੇ ਕੋਰਸਾਂ ਵਿੱਚ ਅੰਗਰੇਜ਼ੀ ਨਾਵਲ ਪੜ੍ਹਾਏ ਜਾਣ ਲੱਗੇ। ਪਹਿਲਾਂ ਪਹਿਲ ਮਿਸ਼ਨਰੀਆਂ ਨੇ ਆਪਣੇ ਮਨੋਰਥ ਦੀ ਪੂਰਤੀ ਹਿਤ ਜੌਨ ਬਨੀਅਨ ਦੇ ਅੰਗਰੇਜ਼ੀ ਨਾਵਲ Pilgrim's Progress ਦਾ ਪੰਜਾਬੀ ਤਰਜਮਾ ਮਸੀਹੀ ਮੁਸਾਫ਼ਿਰ ਦੀ ਯਾਤਰਾ ਦੇ ਨਾਂ ਨਾਲ ਛਪਵਾਇਆ। ਪੰਜਾਬੀ ਵਿੱਚ ਹੀ ਇੱਕ ਹੋਰ ਨਾਵਲ ਜਯੋਤਿਰੁਦਯ (1876) ਛਪਿਆ ਮਿਲਦਾ ਹੈ ਜਿਸ ਬਾਰੇ ਅਨੁਮਾਨ ਹੈ ਕਿ ਇਹ ਕਿਸੇ ਮਿਸ਼ਨਰੀ ਦੁਆਰਾ ਪਹਿਲਾਂ ਬੰਗਾਲੀ ਵਿੱਚ ਲਿਖਿਆ ਗਿਆ ਹੋਵੇਗਾ ਜਿਸ ਦਾ ਕਿ ਇਹ ਪੰਜਾਬੀ ਤਰਜਮਾ ਜਾਪਦਾ ਹੈ। ਪੰਜਾਬੀ ਦਾ ਪਹਿਲਾ ਨਾਵਲ ਸੁੰਦਰੀ (1898) ਨੂੰ ਮੰਨਿਆ ਜਾਂਦਾ ਹੈ ਜਿਸ ਦੀ ਰਚਨਾ ਭਾਈ ਵੀਰ ਸਿੰਘ ਨੇ ਕੀਤੀ। ਦਿਲਚਸਪ ਤੱਥ ਇਹ ਹੈ ਕਿ ਇਸ ਦੀ ਭੂਮਿਕਾ ਵਿੱਚ ਭਾਈ ਵੀਰ ਸਿੰਘ ਨੇ ਇਸ ਨੂੰ ਨਾਵਲ ਮੰਨਣ ਦੀ ਬਜਾਏ ਸਿੱਖ ਇਤਿਹਾਸ ਦੇ ਸੱਚੇ ਸਮਾਚਾਰਾਂ ਦਾ ਸੰਗ੍ਰਹਿ ਕਿਹਾ ਹੈ। ਇਸ ਤੋਂ ਜੋ ਧਾਰਨਾ ਬਣਦੀ ਹੈ ਉਸ ਮੁਤਾਬਕ ਭਾਈ ਵੀਰ ਸਿੰਘ ਦਾ ਜ਼ੋਰ ਇਸ ਗੱਲ ਤੇ ਹੈ ਕਿ ਇਹ ਕੋਈ ਮਨੋਰੰਜਨ ਪ੍ਰਦਾਨ ਕਰਨ ਵਾਲੀ ਰਚਨਾ ਨਹੀਂ ਜਿਹਾ ਕਿ ਅੰਗਰੇਜ਼ੀ ਨਾਵਲ ਨੂੰ ਮੰਨਿਆ ਜਾਂਦਾ ਸੀ ਸਗੋਂ ਉਪਦੇਸ਼ਾਤਮਿਕ ਰਚਨਾ ਹੈ ਜਿਸ ਦਾ ਮਕਸਦ

ਪਾਠਕ ਨੂੰ ਸਿੱਖ ਇਤਿਹਾਸ ਦੇ ਗੌਰਵਮਈ ਵਿਰਸੇ ਤੋਂ ਜਾਣੂ ਕਰਵਾ ਕੇ ਸਿੱਖੀ ਨਾਲ ਜੋੜਨਾ ਹੈ। ਇਸ ਤਰ੍ਹਾਂ ਪੰਜਾਬੀ ਵਿੱਚ ਨਾਵਲ ਦਾ ਜਨਮ ਯੂਰਪ ਵਿੱਚ ਨਾਵਲ ਦੇ ਜਨਮ ਨਾਲੋਂ ਬਿਲਕੁਲ ਵੱਖਰੇ ਹਾਲਾਤ ਵਿੱਚ ਤੇ ਵੱਖਰੇ ਮਨੋਰਥ ਨਾਲ ਹੋਇਆ। ਭਾਈ ਵੀਰ ਸਿੰਘ ਤੋਂ ਬਾਅਦ ਭਾਈ ਮੋਹਨ ਸਿੰਘ ਵੈਦ ਤੇ ਸ.ਸ. ਚਰਨ ਸਿੰਘ ਸ਼ਹੀਦ ਨੇ ਨਾਵਲਾਂ ਦੀ ਰਚਨਾ ਕੀਤੀ। ਇਹਨਾਂ ਨੇ ਪੰਜਾਬੀ ਨਾਵਲ ਵਿੱਚ ਇਤਿਹਾਸ ਵਿੱਚ ਵਾਪਰੀਆਂ ਘਟਨਾਵਾਂ ਦੇ ਸਮਾਚਾਰ ਦੀ ਥਾਂ ਸਮਕਾਲੀ ਜੀਵਨ ਦੇ ਚਿਤਰਨ ਨਾਲ ਜੋੜਿਆ। ਇਸ ਪੱਖੋਂ ਇਹਨਾਂ ਦੇ ਨਾਵਲ ਰੁਮਾਂਸ ਤੋਂ ਯਥਾਰਥ ਦੇ ਚਿਤਰਨ ਵੱਲ ਪੰਜਾਬੀ ਨਾਵਲ ਦੀ ਯਾਤਰਾ ਨੂੰ ਦਰਸਾਉਂਦੇ ਹਨ।

ਪੰਜਾਬੀ ਨਾਵਲ ਦੀ ਪਰੰਪਰਾ ਡਾ. ਚਰਨ ਸਿੰਘ,ਭਾਈ ਵੀਰ ਸਿੰਘ,ਭਾਈ ਮੋਹਨ ਸਿੰਘ ਵੈਦ ਆਦਿ ਲੇਖਕਾਂ ਦੀਆਂ ਰਚਨਾਵਾਂ ਨਾਲ ਸ਼ੁਰੂ ਹੋਈ। ਭਾਈ ਵੀਰ ਸਿੰਘ ਤੋਂ ਬਾਅਦ ਚਰਨ ਸਿੰਘ ਸ਼ਹੀਦ ਨੇ ਵੀ ਤਿੰਨ ਇਤਿਹਾਸਕ ਨਾਵਲਾਂ 'ਦਲੇਰ ਕੌਰ ', 'ਰਣਜੀਤ ਕੌਰ' ਤੇ 'ਚੰਚਲ ਮੂਰਤੀ ' ਦੀ ਸਿਰਜਣਾ ਕੀਤੀ । ਇਹ ਨਾਵਲ ਕ੍ਰਮਵਾਰ 1911, 1913 ਤੇ 1915 ਈ. ਵਿਚ ਪ੍ਰਕਾਸ਼ਿਤ ਹੋਏ । ਚਰਨ ਸਿੰਘ ਸ਼ਹੀਦ ਦੇ ਇਨ੍ਹਾਂ ਨਾਵਲਾਂ ਦਾ ਪਿਛੋਕੜ ਵੀ ਭਾਵੇਂ ਇਤਿਹਾਸ ਹੀ ਸੀ ਪਰ ਇਸ ਲੇਖਕ ਨੇ ਆਪਣੇ ਪਾਤਰਾਂ ਨੂੰ ਭਾਈ ਵੀਰ ਸਿੰਘ ਨਾਲੋਂ ਵਧੇਰੇ ਯਥਾਰਥਕ ਪੱਧਰ ਤੇ ਪੇਸ਼ ਕੀਤਾ । ਚਰਨ ਸਿੰਘ ਸ਼ਹੀਦ ਦੇ ਨਾਵਲਾਂ ਵਿਚ ਗੋਂਦ ਤੇ ਰੌਚਕਤਾ ਦਾ ਤੱਤ ਇਨ੍ਹਾਂ ਨਾਵਲਾਂ ਨੂੰ ਵਧੇਰੇ ਦਿਲਚਸਪ ਬਣਾਉਂਦਾ ਸੀ । ਨਾਨਕ ਸਿੰਘ ਦੇ ਪੰਜਾਬੀ ਨਾਵਲ ਵਿਚ ਪ੍ਰਵੇਸ਼ ਨਾਲ ਪੰਜਾਬੀ ਵਿਚ ਸਮਾਜ ਸੁਧਾਰਕ ਨਾਵਲ ਦਾ ਯੁਗ ਸ਼ੁਰੂ ਹੁੰਦਾ ਹੈ । ਇਸ ਲੇਖਕ ਨੇ ਆਪਣੇ ਮੁੱਢਲੇ ਨਾਵਲਾਂ 'ਮਤਏਈ ਮਾਂ ', 'ਪ੍ਰੇਮ ਸੰਗੀਤ ', 'ਮਿੱਠਾ ਮਹੁਰਾ ', ਅਤੇ 'ਕਾਲ ਚੱਕਰ ' ਵਿਚ ਸਮਾਜ ਦੇ ਕੁਹਜਾਂ ਤੇ ਬੁਰਾਈਆਂ ਨੂੰ ਰੂਪਮਾਨ ਕਰ ਕੇ ਉਨ੍ਹਾਂ ਨੂੰ ਦੂਰ ਕਰਨ ਦੇ ਉਪਾਅ ਦੱਸਣ ਦਾ ਯਤਨ ਕੀਤਾ । ਨਾਨਕ ਸਿੰਘ ਦੀ ਆਮਦ ਨਾਲ ਪੰਜਾਬੀ ਨਾਵਲ ਕਲਾਤਮਕ ਪੱਖੋਂ ਨਿਖਰਨਾ ਸ਼ੁਰੂ ਹੁੰਦਾ ਹੈ । 'ਚਿੱਟਾ ਲਹੂ ', 'ਫੌਲਾਦੀ ਫੁੱਲ ' 'ਅਧਖਿੜਿਆ ਫੁੱਲ ', 'ਪਵਿੱਤਰ ਪਾਪੀ ', 'ਗੰਗਾਜਲੀ ਵਿਚ ਸ਼ਰਾਬ ' ਆਦਿ ਅਨੇਕ ਰਚਨਾਵਾਂ ਵਿਚ ਨਾਨਕ ਸਿੰਘ ਨੇ ਆਦਰਸ਼ਕ ਪਾਤਰ ਸਿਰਜ ਕੇ ਇਕ ਵੱਖਰੀ ਕਿਸਮ ਦੇ ਨਾਵਲ ਦੀ ਪਿਰਤ ਪਾਈ । ਨਾਨਕ ਸਿੰਘ ਤੋਂ ਮਗਰੋਂ ਨਾਵਲੀ ਸਿਖ਼ਰਾਂ ਨੂੰ ਕਾਇਮ ਰੱਖਣ ਵਾਲਾ ਅਗਲਾ ਲੇਖਕ ਜਸਵੰਤ ਸਿੰਘ ਕੰਵਲ ਹੈ। ਜਸਵੰਤ ਸਿੰਘ ਕੰਵਲ ਨੇ ਨਾਨਕ ਸਿੰਘ ਦੇ ਆਦਰਸ਼ਵਾਦੀ ਚੌਖਟੇ ਨੂੰ ਤੋੜ ਕੇ ਸਮਾਜਵਾਦੀ ਨਾਵਲ ਸਿਰਜਣ ਦੀ ਪ੍ਰਥਾ ਉਲੀਕੀ । 'ਸੱਚ ਨੂੰ ਫਾਂਸੀ ' ਤੇ 'ਪਾਲੀ ' ਉਸ ਦੇ ਮੁੱਢਲੇ ਨਾਵਲ ਹਨ ਜਿਨ੍ਹਾਂ ਦਾ ਵਿਸ਼ਾ ਵਸਤੂ ਆਦਰਸ਼ਕ ਤੇ ਸੁਧਾਰਕ ਸੀ ਪਰ ਬਾਅਦ ਵਿਚ 'ਪੂਰਨਮਾਸ਼ੀ ', 'ਰਾਤ ਬਾਕੀ ਹੈ ' 'ਰੂਪਧਾਰਾ', 'ਹਾਣੀ ', 'ਭਵਾਨੀ ' 'ਲਹੂ ਦੀ ਲੋਅ ' ਆਦਿ ਨਾਵਲ ਲਿਖ ਕੇ ਉਸ ਨੇ ਆਪਣੇ ਸਮਾਜਵਾਦੀ ਲੇਖਕ ਹੋਣ ਦਾ ਸਬੂਤ ਦਿੱਤਾ ਹੈ। ਇਸ ਦੀ ਨਾਵਲ ਕਲਾ ਉੱਪਰ ਸਮਕਾਲੀ ਲੋਕ-ਲਹਿਰਾਂ ਕਾਫ਼ੀ ਪ੍ਰਭਾਵ ਪਾਉਂਦੀਆਂ ਰਹੀਆਂ ਹਨ । ਸੁਰਿੰਦਰ ਸਿੰਘ ਨਰੂਲਾ ਪੰਜਾਬੀ ਨਾਵਲ ਵਿਚ ਯਥਾਰਥਵਾਦੀ ਦ੍ਰਿਸ਼ਟੀ ਨੂੰ ਲੈ ਕੇ ਪੇਸ਼ ਹੁੰਦਾ ਹੈ । 'ਪਿਉ ਪੁੱਤਰ ' ਤੋਂ ਲੈ ਕੇ 'ਰੰਗ ਮਹਿਲ ' 'ਜਗਰਾਤਾ ', 'ਦੀਨ ਤੇ ਦੁਨੀਆਂ ', 'ਸਿਲ ਅਲੂਣੀ ', 'ਆਪਣੇ ਪਰਾਏ ', 'ਨੀਲੀ ਬਾਰ ', ਨਾਵਲਾਂ ਰਾਹੀਂ ਉਸ ਨੇ ਆਪਣੀ ਯਥਾਰਥਵਾਦੀ ਦ੍ਰਿਸ਼ਟੀ ਨੂੰ ਆਪਣੀਆਂ ਰਚਨਾਵਾਂ ਦਾ ਕੇਂਦਰ ਬਿੰਦੂ ਬਣਾਇਆ। ਇਨ੍ਹਾਂ ਤੋਂ ਬਿਨਾ ਹੋਰ ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਕਰਨਲ ਨਰਿੰਦਰਪਾਲ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੰਤ ਸਿੰਘ ਸੇਖੋਂ ਆਦਿ ਨਾਵਲਕਾਰ ਹੋਏ ਸਨ।

ਪੰਜਾਬੀ ਨਾਵਲ ਦਾ ਇਤਿਹਾਸ ਗੁਰਪਾਲ ਸਿੰਘ ਸੰਧੂ ਦੁਆਰਾ ਲਿਖਿਆ ਹੈ। ਇਸ ਦੇ ਸੱਤ ਹਿੱਸੇ ਬਣਾਏ ਹਨ। ਸਭ ਤੋਂ ਪਹਿਲਾ ਨਾਵਲ ਦੀਆਂ ਵਿਸ਼ੇਸ਼ਤਾਵਾਂ ਅਤੇ ਪੰਜਾਬੀ ਨਾਵਲ ਦੇ ਮੁੱਢ ਬੱਝਣ ਤੇ ਪ੍ਰੇਰਨਾ ਸਰੋਤਾਂ ਬਾਰੇ ਵਿਚਾਰ ਕੀਤਾ ਗਿਆ ਹੈ। ਦੂਜੇ ਹਿੱਸੇ ਵਿੱਚ ਨਾਵਲ ਦੇ ਮੁੱਢਲੇ ਸਰੂਪ ਅਤੇ ਪੰਜਾਬੀ ਨਾਵਲਾਂ ਤੇ ਨਾਵਲਕਾਰਾਂ ਬਾਰੇ ਚਰਚਾ ਕੀਤੀ ਗਈ ਹੈ। ਤੀਜੇ-ਚੌਥੇ ਹਿੱਸੇ ਵਿੱਚ ਪੰਜਾਬੀ ਨਾਵਲ ਦੀ ਪ੍ਰਮੁੱਖ ਰਚਨਾਤਮਕ ਪ੍ਰਵਿਰਤੀਆਂ ਨਾਲ ਸੰਬੰਧਿਤ ਨਾਵਲਾਂ ਤੇ ਨਾਵਲਕਾਰਾਂ ਬਾਰੇ ਚਰਚਾ ਕੀਤੀ ਗਈ ਹੈ। ਪੰਜਵੇਂ ਹਿੱਸੇ ਵਿੱਚ ਉਤਰ-ਯਥਾਰਥਵਾਦੀ ਨਾਵਲ ਦੇ ਸਿਰਲੇਖ ਹੇਠ ਸਮਕਾਲੀ ਪੰਜਾਬੀ ਨਾਵਲ ਦੀ ਚਰਚਾ ਕੀਤੀ ਗਈ ਹੈ। ਨਾਵਲ ਦੇ ਸੱਤਵੇਂ ਹਿੱਸੇ ਵਿੱਚ ਪਰਵਾਸੀ ਪੰਜਾਬੀ ਨਾਵਲ ਤੇ ਪਾਕਿਸਤਾਨੀ ਪੰਜਾਬੀ ਨਾਵਲ ਦੀ ਚਰਚਾ ਕੀਤੀ ਗਈ ਹੈ।

ਪੰਜਾਬੀ ਨਾਵਲ ਦੇ ਆਰੰਭ ਬਾਰੇ ਦੋ ਰਾਵਾਂ ਪ੍ਰਚਲਤ ਹਨ। ਪਹਿਲੀ ਰਾਏ ਅਨੁਸਾਰ ਪੰਜਾਬੀ ਨਾਵਲ ਪੰਜਾਬੀ ਦੇ ਬਾਕੀ ਆਧੁਨਿਕ ਰੂਪਾਕਾਰਾਂ ਵਾਂਗ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਪੈਦਾ ਹੋਇਆ। ਦੂਜੀ ਰਾਏ ਇਹ ਹੈ ਕਿ ਪੰਜਾਬੀ ਨਾਵਲ ਮੱਧਕਾਲੀਨ ਬਿਰਤਾਂਤ ਰੂਪਾਂ ਭਾਵ ਕਿੱਸਾ-ਕਾਵਿ, ਵਾਰ-ਕਾਵਿ ਤੇ ਜੰਗਨਾਮਾ ਤੇ ਸਾਖੀਆਂ ਆਦਿ ਤੋਂ ਪੈਦਾ ਹੋਇਆ ਹੈ। ਪੰਜਾਬੀ ਨਾਵਲ ਵਰਗਾ ਕੋਈ ਸਾਹਿਤਕ ਰੂਪਾਕਾਰ ਮੱਧਕਾਲੀਨ ਸਾਹਿਤ ਵਿੱਚ ਪ੍ਰਾਪਤ ਨਹੀਂ ਸੀ ਪਰ ਪੰਜਾਬੀ ਨਾਵਲ ਨੇ ਮੱਧਕਾਲੀਨ ਕਥਾ-ਸਾਹਿਤ ਤੋਂ ਆਪਣੀ ਬਣਤਰ ਵਿੱਚ ਬਹੁਤ ਸਾਰੇ ਅੰਸ਼ਾਂ ਨੂੰ ਸਮੋਇਆ ਹੈ

**ਨਾਵਲ ਤੇ ਪੰਜਾਬੀ ਨਾਵਲ ਦੀ ਵਿਕਾਸ ਰੇਖਾ:** ਨਾਵਲ ਇੱਕ ਲੰਮੀ ਬਿਰਤਾਂਤਕ ਅਤੇ ਗਲਪਮਈ ਰਚਨਾ ਹੈ। ਜਿਸ ਵਿੱਚ ਜ਼ਿੰਦਗੀ ਦੀ ਵਿਆਪਕ ਪੇਸ਼ਕਾਰੀ ਅਤੇ ਵਿਸ਼ਲੇਸ਼ਣ ਪਾਤਰਾਂ, ਘਟਨਾਵਾਂ, ਸਥਾਨਕ ਵੇਰਵਿਆਂ, ਵਾਰਤਾਲਾਪ ਅਤੇ ਭਾਸ਼ਾ ਦੁਆਰਾ ਵਿਲੱਖਣ ਵਿਸ਼ਵ ਦ੍ਰਿਸ਼ਟੀ ਰਾਹੀਂ ਕਥਾ ਸਿਰਜਣ ਦੀ ਵਿਧੀ ਦੇ ਰੂਪ ਵਿੱਚੋਂ ਕੀਤਾ ਜਾਂਦਾ ਹੈ। ਇਹ ਅਜਿਹਾ ਗਲਪੀ ਸੰਸਾਰ ਸਿਰਜਦਾ ਹੈ ਜੋ ਸੱਚਾ ਸੰਸਾਰ ਨਾ ਹੁੰਦਿਆ ਵੀ ਅਸਲੀ ਪ੍ਰਤੀਤ ਹੁੰਦਾ ਹੈ। ਇੱਕ ਪਾਸੇ ਇਸ ਦਾ ਸੰਬੰਧ ਸਮਕਾਲੀ ਜੀਵਨ ਦੇ ਯਥਾਰਥ ਨਾਲ ਜੁੜਦਾ ਹੈ ਅਤੇ ਦੂਜੇ ਪਾਸੇ ਕਾਲਪਨਿਕ ਗਲਪ ਸੰਸਾਰ ਵਿੱਚ ਪੇਸ਼ ਹੋਏ ਕਲਾ ਦੇ ਯਥਾਰਥ ਨਾਲ ਬਣਿਆ ਰਹਿੰਦਾ ਹੈ।

**ਪੰਜਾਬੀ ਨਾਵਲ ਦਾ ਮੁੱਢ ਅਤੇ ਮੁੱਢਲਾ ਸਰੂਪ:** ਜੋਗਿੰਦਰ ਸਿੰਘ ਰਾਹੀ, ਡਾ, ਹਰਦਰਸ਼ਨ ਸਿੰਘ ਅਤੇ ਡਾ. ਅਤਰ ਸਿੰਘ ਵਰਗੇ ਵਿਦਵਾਨ ਪੰਜਾਬੀ ਨਾਵਲ ਦੇ ਮੁੱਢ ਬੱਝਣ ਵਿੱਚ ਕਿੱਸਾ ਕਾਵਿ, ਵਾਰ-ਕਾਵਿ, ਜਨਮ ਸਾਖੀਆਂ ਅਤੇ ਗੁਰੂ ਲਿਬਾਸ ਦਾ ਮੁੱਖ ਯੋਗਦਾਨ ਮਹਿਸੂਸ ਕਰਦੇ ਹਨ। ਪੰਜਾਬੀ ਨਾਵਲ ਦੇ ਮੁੱਢ ਬਾਰੇ ਪ੍ਰਚਲਿਤ ਦੂਜਾ ਸਿਧਾਂਤ ਪੰਜਾਬੀ ਨਾਵਲ ਨੂੰ ਅੰਗਰੇਜ਼ੀ ਸ਼ਾਸਨ ਦੌਰਾਨ ਪੈਦਾ ਹੋਏ ਨਿਜ਼ਾਮ ਅਤੇ ਯੂਰਪੀ ਨਾਵਲ ਦੇ ਪ੍ਰਭਾਵ ਵਿੱਚ ਪੈਦਾ ਹੋਇਆ ਮੰਨਦਾ ਹੈ। ਇਸ ਕਰਕੇ ਇਸ ਦਾ ਸਿੱਧਾ ਰਿਸ਼ਤਾ ਅੰਗਰੇਜ਼ੀ ਰਾਜ ਪ੍ਰਬੰਧ ਦੇ ਕਾਇਮ ਹੋਣ ਦੇ ਫਲਸਰੂਪ ਪੈਦਾ ਹੋਏ ਸਮਾਜਿਕ ਹਾਲਾਤਾਂ ਨਾਲ ਜੁੜਿਆ ਹੋਇਆ ਦਿਖਾਈ ਦਿੰਦਾ ਹੈ। ਪੰਜਾਬੀ ਦੇ ਮੌਲਿਕ ਨਾਵਲਾਂ ਦੇ ਮੁੱਢ ਅਤੇ ਵਿਕਾਸ ਪ੍ਰਕਿਰਿਆ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ।

**ਵਿਅਕਤੀਵਾਦੀ ਆਦਰਸ਼ਵਾਦੀ ਦੌਰ:** ਇਹ ਨਾਵਲ ਪੰਜਾਬੀ ਵਿੱਚ ਬਿਰਤਾਂਤ ਸਿਰਜਣ ਦੇ ਪੱਖ ਤੋ ਵੀਂ ਅਤੇ ਵਿਸ਼ੇਗਤ ਸੰਦਰਭਾਂ ਅਤੇ ਸਰੋਕਾਰਾਂ ਦੇ ਪੇਸ਼ਕਾਰੀ ਦੇ ਨਜ਼ਰੀਏ ਤੋਂ ਵੀ ਬੁਨਿਆਦੀ ਤਬਦੀਲੀ ਲੈ ਕੇ ਆਉਂਦਾ ਹੈ। ਇਸ ਕਰਕੇ ਵਿਅਕਤੀਵਾਦੀ ਆਦਰਸ਼ਵਾਦੀ ਦੌਰ ਦੇ ਪੰਜਾਬੀ ਨਾਵਲ ਵਿੱਚ ਚਾਰ ਮੁੱਖ ਵੱਖਰਤਾਵਾਂ ਪੇਸ਼ ਹੁੰਦੀਆਂ ਹਨ। ਇਸ ਦੌਰ ਵਿੱਚ ਨਾਨਕ ਸਿੰਘ, ਸੰਤ ਸਿੰਘ ਸੇਖੋਂ, ਸੁਰਿੰਦਰ ਸਿੰਘ ਨਰੂਲਾ, ਕਰਨਲ ਨਰਿੰਦਰਪਾਲ ਸਿੰਘ, ਜਸਵੰਤ ਸਿੰਘ ਕੰਵਲ, ਗੁਰਚਰਨ ਸਿੰਘ ਆਦਿ ਹਨ।

**ਪ੍ਰਗਤੀਵਾਦੀ ਯਥਾਰਥਵਾਦੀ ਦੌਰ ਦਾ ਨਾਵਲ:** ਯਥਾਰਥਵਾਦੀ ਸਾਹਿਤ ਸਿਰਜਣ ਪ੍ਰਕਿਰਿਆ ਦੀ ਬੁਨਿਆਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਵਿਅਕਤੀ ਤੇ ਸਮਾਜ ਦੇ ਆਪਸੀ ਰਿਸ਼ਤੇ ਦੀਆਂ ਸਾਰੀਆਂ ਸਰਗਰਮੀਆਂ ਨੂੰ ਵਾਸਤਵਿਕ ਚਿੱਤਰ ਪੇਸ਼ ਕਰਨ ਦੇ ਨਜ਼ਰੀਏ ਤੋਂ ਚਿਤਰਿਆਂ ਜਾਂਦਾ ਹੈ। ਪੰਜਾਬੀ ਸਾਹਿਤ ਵਿੱਚ ਯਥਾਰਥਵਾਦੀ ਧਾਰਾ ਦੇ ਉਪਜਣ ਅਤੇ ਵਿਗਸਣ ਵਿੱਚ ਪ੍ਰਗਤੀਵਾਦੀ ਸਾਹਿਤ ਧਾਰਾ ਦੀ ਬੁਨਿਆਦੀ ਭੂਮਿਕਾ ਹੈ। ਇਸ ਦੌਰ ਦਾ ਪੰਜਾਬੀ ਨਾਵਲ ਵੀ ਪ੍ਰਗਤੀਵਾਦ/ ਯਥਾਰਥਵਾਦ ਨਾਲ ਰਚਨਾਤਮਕ ਅਤੇ ਬਿਰਤਾਂਤਕ ਸਰੋਕਾਰ ਅਤੇ ਸੰਦਰਭ ਰੱਖਦਾ ਹੈ। ਇਸ ਦੌਰ ਵਿੱਚ ਸੋਹਣ ਸਿੰਘ ਸੀਤਲ, ਕਰਤਾਰ ਸਿੰਘ ਦੁੱਗਲ, ਗੁਰਦਿਆਲ ਸਿੰਘ, ਸੁਰਜੀਤ ਸਿੰਘ ਸੇਠੀ, ਸੁਖਬੀਰ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਅਤੇ ਇਹਨਾਂ ਤੋਂ ਇਲਾਵਾ ਕੁੱਝ ਅਣਗੌਲੇ ਨਾਵਲਕਾਰ ਵੀ ਆਉਂਦੇ ਹਨ।

**ਉਤਰ ਯਥਾਰਥਵਾਦੀ ਕਾਲ:** ਉੱਤਰ ਯਥਾਰਥਵਾਦੀ ਕਾਲ ਦੇ ਨਾਵਲ ਵਿੱਚ ਦੋ ਮੁੱਖ ਸਿਰਜਣਾਤਮਕ ਰੁਚੀਆਂ ਪ੍ਰਚਲਿਤ ਹੁੰਦੀਆਂ ਹਨ। ਪਹਿਲੀ ਰੁਚੀ ਮੁਤਾਬਕ ਇਸ ਦੌਰ ਦਾ ਨਾਵਲ ਵਿਸ਼ੇਗਤ ਅਤੇ ਰਚਨਾ- ਦ੍ਰਿਸ਼ਟੀ ਦੀ ਵੰਨ-ਸੁਵੰਨਤਾ ਨੂੰ ਰਚਣ ਦੀ ਕੋਸ਼ਿਸ਼ ਕਰਦਾ ਹੈ। ਇਸ ਦੌਰ ਦੀ ਦੂਜੀ ਰੁਚੀ ਯਥਾਰਥ ਦੀਆਂ ਭ੍ਰਾਂਤੀਆਂ ਨੂੰ ਸਿਮਰਨ ਅਤੇ ਉਹਨਾਂ ਦਾ ਆਦਰਸ਼ ਪ੍ਰੇਰਨਾ ਰਾਹੀਂ ਹੱਥ ਲੱਭਣ ਜਾਂ ਯਥਾਰਥ ਦੇ ਦਿਸਣਤਾਰ ਸਰੂਪ ਦਾ ਸਪਾਟ ਚਿਤਰਨ ਕਰਨ ਦੀ ਥਾਂ, ਉਹਨਾਂ ਦੇ ਹਕੀਕੀ ਵਿਰੋਧਾਂ ਦੀ ਤਲਾਸ਼ ਕਰਨਾ ਹੈ। ਇਸ ਦੌਰ ਦਾ ਨਾਵਲ ਵਿਸ਼ਿਆਂ ਦੀ ਵੰਨ-ਸੁਵੰਨਤਾ ਦੇ ਨਾਲ-ਨਾਲ ਰਚਨਾ-ਦ੍ਰਿਸ਼ਟੀ ਦੀ ਵੰਨ-ਸੁਵੰਨਤਾ ਨੂੰ ਧਾਰਨ ਕਰ ਲੈਂਦਾ ਹੈ। ਉਤਰ-ਯਥਾਰਥਵਾਦੀ ਦੌਰ ਦਾ ਪੰਜਾਬੀ ਨਾਵਲ ਬਿਰਤਾਂਤਕ ਜੁਗਤਾਂ ਦੇ ਲਿਹਾਜ਼ ਨਾਲ ਵੀ ਪੂਰੀ ਤਰ੍ਹਾਂ ਵੱਖਰਤਾ ਕਾਇਮ ਕਰਦਾ ਦੇਖਿਆ ਜਾ ਸਕਦਾ ਹੈ। ਇਸ ਦੌਰ ਦੇ ਪ੍ਰਮੁੱਖ ਨਾਵਲਕਾਰ ਇੰਦਰ ਸਿੰਘ ਖਾਮੋਸ਼, ਮਿੱਤਰ ਸੈਨ ਮੀਤ, ਗੁਰਮੁੱਖ ਸਿੰਘ ਸਹਿਰਾਲ, ਬਲਦੇਵ ਸਿੰਘ, ਜੋਗਿੰਦਰ ਸਿੰਘ ਕੈਰੋਂ, ਹਰਭਜਨ ਸਿੰਘ, ਬਲਵੰਤ ਸਿੰਘ ਆਦਿ ਹਨ।

**ਪਰਵਾਸੀ ਪੰਜਾਬੀ ਨਾਵਲ:** ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਤੋਂ ਬਾਅਦ ਪੰਜਾਬੀਆਂ ਦਾ ਵੱਡੇ ਪੱਧਰ ਤੇ ਹੋਇਆ ਪਰਵਾਸ ਇੱਕ ਪਾਸੇ ਤਾਂ ਇਤਿਹਾਸਿਕ ਤੌਰ 'ਤੇ ਸਥਿਤੀਆਂ ਵਿੱਚ ਹੋਈ ਤਬਦੀਲੀ ਦੇ ਰੂਪ ਵਿੱਚ ਮਹੱਤਵ ਗ੍ਰਹਿਣ ਕਰ ਲੈਂਦਾ ਹੈ ਅਤੇ ਦੂਸਰੇ ਪਾਸੇ ਅਜੋਕੀ ਪੰਜਾਬੀ ਸਿਰਜਣਾਤਮਕਤਾ ਦੀ ਸਥਿਤੀ ਨੂੰ ਸਮਝਣ ਲਈ ਵਿਸ਼ੇਸ਼ ਸਾਰਥਿਕਤਾ ਰੱਖਦਾ ਹੈ। ਇਸ ਕਰਕੇ ਇਹਨਾਂ ਨਾਵਲਾਂ ਵਿੱਚ ਪੰਜਾਬੀ ਮਨੁੱਖ ਅਤੇ ਸੱਭਿਆਚਾਰ ਦੀ ਓਪਰੇ ਸਮਾਜ ਵਿਚਲੀ ਸਥਿਤੀ ਨੂੰ ਬੜੀ ਗੰਭੀਰਤਾ ਅਤੇ ਜਟਿਲਤਾ ਨਾਲ ਪੇਸ਼ ਕੀਤਾ ਗਿਆ ਹੈ। ਮੁੱਢਲੇ ਪਰਵਾਸੀ ਪੰਜਾਬੀ ਨਾਵਲ ਵਿੱਚ ਸਤੱਈ ਦ੍ਰਿਸ਼ਾਂ ਦੇ ਚਿਤਰਨ ਦੇ ਨਾਲ-ਨਾਲ ਕੁੱਝ ਨਾਵਲਕਾਰਾਂ ਦੇ ਨਾਵਲ ਗੰਭੀਰ ਸੁਭਾਅ ਦਾ ਨਾਵਲੀ-ਬਿਰਤਾਂਤ

ਸਿਰਜਣ ਦੀ ਕੋਸ਼ਿਸ਼ ਵੀ ਕਰਦੇ ਹਨ। ਇਸ ਦੌਰ ਦੇ ਪ੍ਰਮੁੱਖ ਨਾਵਲਕਾਰ ਕੈਲਾਸ਼ਪੁਰੀ, ਰਘਬੀਰ ਢੰਡ, ਦਰਸ਼ਨ ਸਿੰਘ ਧੀਰ, ਸਵਰਨ ਚੰਦਨ, ਸੁਸ਼ੀਲ ਕੌਰ, ਹਰਜੀਤ ਅਟਵਾਲ, ਨਦੀਮ ਪਰਮਾਰ ਆਦਿ ਹਨ।

**ਪਾਕਿਸਤਾਨੀ ਪੰਜਾਬ ਦਾ ਪੰਜਾਬੀ ਨਾਵਲ:** 1947 ਦਾ ਸਾਲ ਪਾਕਿਸਤਾਨੀ ਲੇਖਕਾਂ ਲਈ ਨਵੇਂ ਅਤੇ ਆਜ਼ਾਦ ਮੁਲਕ ਨੂੰ ਕਾਇਮ ਕਰਨ ਵਾਲਾ ਹੈ ਅਤੇ ਨਾਲ ਹੀ ਨਾਲ ਇਹ ਅਜਿਹੇ ਕੌਮੀ ਦੁਖਾਂਤ ਦਾ ਮੰਜਰ ਪੇਸ਼ ਕਰਦਾ ਹੈ ਜਿਸ ਵਿੱਚ ਸਦੀਆਂ ਦੀ ਪੁਰਾਣੀ ਸਾਂਝ ਤੇ ਭਾਈਚਾਰਾ ਖਿੰਡ-ਪੁੰਡ ਜਾਂਦਾ ਹੈ। ਪਾਕਿਸਤਾਨੀ ਪੰਜਾਬੀ ਨਾਵਲ ਦੀ ਵਿੱਲਖਣਤਾ ਇਸਦੇ ਵਿਸ਼ੇਸ਼ ਬਿਰਤਾਂਤ ਸਿਰਜਣ ਵਿਧੀ ਵਿੱਚ ਹੈ। ਇਸ ਕਰਕੇ ਇਹਨਾਂ ਨਾਵਲਾਂ ਵਿੱਚ ਪ੍ਰਤੀਕਾਤਮਕ ਵਿਧੀ ਦਾ ਪ੍ਰਯੋਗ ਬਹੁਤ ਜ਼ਿਆਦਾ ਹੋਇਆ ਹੈ। ਪਾਕਿਸਤਾਨੀ ਪੰਜਾਬ ਦੇ ਪੰਜਾਬੀ ਨਾਵਲ ਦੇ ਵਿਕਾਸ ਨੂੰ ਅਸੀਂ ਵਿਭਿੰਨ ਨਾਵਲਕਾਰਾਂ ਦੁਆਰਾ ਪਾਏ ਯੋਗਦਾਨ ਆਸਾਨੀ ਨਾਲ ਵੇਖ ਸਕਦੇ ਹਾਂ। ਇਹਨਾਂ ਨਾਵਲਕਾਰਾਂ ਦੁਆਰਾ ਕੀਤੇ ਭਿੰਨ-ਭਿੰਨ ਨਾਵਲੀ ਤਜ਼ਰਬਿਆਂ ਤੇ ਵਰਤੀਆਂ ਗਈਆਂ ਵੱਖ-ਵੱਖ ਬਿਰਤਾਂਤਕ ਵਿਧੀਆਂ ਨਾਲ ਪੰਜਾਬੀ ਨਾਵਲ ਵਿੱਚ ਇੱਕ ਗੌਲਣਯੋਗ ਅਧਿਆਇ ਜੁੜਦਾ ਪ੍ਰਤੀਤ ਹੁੰਦਾ ਹੈ। ਇਸ ਦੌਰ ਵਿੱਚ ਅਫ਼ਜਲ ਅਹਿਸਨ ਰੰਧਾਵਾ, ਫ਼ਖ਼ਰ ਜੁਮਾਨ, ਸਲੀਮ ਖਾਨ ਗਿੰਮੀ, ਅਹਿਸਨ ਬਟਾਲਵੀ, ਕਹਿਕਸ਼ਾ ਮਲਿਕ, ਰਜ਼ੀਆ ਨੂਰ ਮੁਹੰਮਦ ਆਦਿ ਹਨ।

**ਇਸਤਰੀ ਨਾਵਲਕਾਰ:** ਅੰਮ੍ਰਿਤਾ ਪ੍ਰੀਤਮ, ਸੁਰਿੰਦਰਜੀਤ ਬਰਾੜ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਤੇ ਬਲਵਿੰਦਰਜੀਤ ਕੌਰ ਆਦਿ ਵਰਣਨਯੋਗ ਇਸਤਰੀ ਨਾਵਲਕਾਰ ਹਨ। ਜਿਨ੍ਹਾਂ ਦਾ ਵਰਣਨ ਅੱਗੇ ਕੀਤਾ ਹੈ:

**ਅੰਮ੍ਰਿਤਾ ਪ੍ਰੀਤਮ** ਨੇ ਮੂਲ ਰੂਪ ਵਿਚ ਭਾਵੇਂ ਆਪਣਾ ਬਿੰਬ ਇਕ ਕਵਿਤਰੀ ਵੱਜੋਂ ਸਿਰਜਿਆ ਹੈ ਪਰ ਉਸ ਨੇ ਬਹੁਤ ਸਾਰੇ ਨਾਵਲ ਲਿਖ ਕੇ ਇਸ ਖੇਤਰ ਵਿਚ ਹੀ ਵਿਸ਼ੇਸ਼ ਪੈੜਾਂ ਪਾਈਆਂ ਹਨ। ਅੰਮ੍ਰਿਤਾ ਪ੍ਰੀਤਮ ਨੇ 'ਪਿੰਜਰ' ਵਰਗਾ ਨਾਵਲ ਲਿਖ ਕੇ ਵੰਡ ਉਪਰੰਤ ਮਾਨਸਿਕ ਤੇ ਸਰੀਰਕ ਪੱਖੋਂ ਵਲੂੰਧਰੀ ਨਾਰੀ ਦਾ ਮਾਨਸਿਕ ਚਿਤਰਣ ਪੇਸ਼ ਕੀਤਾ । 'ਇਕ ਸੀ ਅਨੀਤਾ ', 'ਚੱਕ ਨੰਬਰ ਛੱਤੀ ', 'ਰੰਗ ਦਾ ਪੱਤਾ ', 'ਦਿੱਲੀ ਦੀਆਂ ਗਲੀਆਂ', ਜੈ ਸ੍ਰੀ (1946), ਡਾਕਟਰ ਦੇਵ (1949), (ਹਿੰਦੀ, ਗੁਜਰਾਤੀ, ਮਲਯਾਲਮ ਅਤੇ ਅੰਗਰੇਜ਼ੀ ਵਿੱਚ ਅਨੁਵਾਦ), 'ਆਹਲ', 'ਅੱਸ਼ੂ', 'ਇਕ ਸਵਾਲ', ' ਬੁਲਾਵਾ' , 'ਬੰਦ ਦਰਵਾਜਾ' , 'ਰੰਗ ਦਾ ਪੱਤਾ', 'ਚੱਕ ਨੰਬਰ ਛੱਤੀ' , 'ਧਰਤੀ ਸਾਗਰ ਤੇ ਸਿੱਪੀਆਂ' , 'ਦਿੱਲੀ ਦੀਆਂ ਗਲੀਆਂ', 'ਧੁੱਪ ਦੀ ਕਾਤਰ', 'ਏਕਤੇ ਏਰਿਅਲ' ਜਿਹੇ ਨਾਵਲਾਂ ਰਾਹੀਂ ਉਸ ਨੇ ਆਧੁਨਿਕ ਮਨੁੱਖ ਦੀ ਮਾਨਸਿਕ ਟੁੱਟ-ਭੱਜ ਤੇ ਨਾਰੀ-ਵੇਦਨਾ ਨੂੰ ਆਪਣੇ ਵਿਲੱਖਣ ਤੇ ਕਾਵਿਕ ਰੂਪ ਵਿਚ ਪੇਸ਼ ਕੀਤਾ । ਪਿੰਜਰ ਨਾਵਲ ਵਿਸ਼ੇਸ਼ ਚਰਚਾ ਦਾ ਵਿਸ਼ਾ ਰਿਹਾ ਹੈ। ਜਿਸ ਵਿਚ ਉਸ ਨੇ ਵੰਡ ਦੇ ਕਹਿਰ ਦਾ ਮੰਜਰ ਪੇਸ਼ ਕੀਤਾ ਹੈ ਤੇ ਇਸ ਦੇ ਨਾਲ ਹੀ ਇਸਤਰੀਆਂ ਜੋ ਸ਼ੁਰੂ ਤੋਂ ਹੀ ਮਰਦ ਪ੍ਰਧਾਨ ਸਮਾਜ ਦੇ ਜ਼ੁਲਮ ਦਾ ਸ਼ਿਕਾਰ ਹੁੰਦੀ ਆਈ ਹੈ, ਉਸ ਦੀ ਬਹੁਤ ਹੀ ਭਾਵੁਕ ਪੇਸ਼ਕਾਰੀ ਕੀਤੀ ਹੈ।

**ਸੁਰਿੰਦਰਜੀਤ ਬਰਾੜ** ਦਾ ਨਾਵਲ 'ਦਾਵਾ-ਨਲ' ਯਥਾਰਥਵਾਦੀ ਰੂਪ ਦਾ ਬੜਾ ਸੁੰਦਰ ਨਾਵਲ ਹੈ, ਜਿਸ ਵਿਚ ਉਸ ਨੇ ਇਕ ਕਠੋਰ ਸੱਸ ਦੁਅਰਾ ਆਪਣੀ ਨੂੰ ਤੇ ਕੀਤੇ ਜਾਂਦੇ ਅੱਤਿਅਚਾਰ ਵੇਦਨਾ ਪੂਰਵਕ ਵਰਣਨ ਕੀਤਾ ਹੈ। ਜਿਸ ਦੇ ਸੈਨਿਕ ਅਫਸਰ ਪਤੀ ਨੇ ਉਸ ਵਿਆਹੁਤਾ ਜੀਵਨ ਦੇ ਆਨੰਦ ਤੋਂ ਵਰਜਿਤ ਰੱਖਿਆ ਹੈ।

**ਦਲੀਪ ਕੌਰ ਟਿਵਾਣਾ** ਪਦਮ ਸ੍ਰੀ ਦੀ ਉਪਾਧੀ ਨਾਲ ਸਨਮਾਨਿਤ ਪੰਜਾਬੀ ਸਾਹਿਤ ਦੀ ਪ੍ਰਮੁਖ ਨਾਵਲਕਾਰ ਹੈ। ਪੰਜਾਬੀ ਸਾਹਿਤ ਜਗਤ ਵਿੱਚ ਉਹ ਪਹਿਲੀ ਔਰਤ ਹੈ ਜਿਸ ਦੀ ਰਚਨਾ ਕਥਾ ਕਹੋ ਉਰਵਸ਼ੀ ਨੂੰ ਕੇ.ਕੇ. ਬਿਰਲਾ ਫਾਊਂਡੇਸ਼ਨ ਵੱਲੋਂ ਸਰਸਵਤੀ ਸਨਮਾਨ ਦਿੱਤਾ ਗਿਆ। ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਸਾਹਿਤਕਾਰ ਸਨਮਾਨ, ਪੰਜਾਬੀ ਸਾਹਿਤ ਅਕਾਦਮੀ ਦਾ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਅਤੇ ਪੰਜਾਬੀ ਅਕਾਦਮੀ ਦਿੱਲੀ ਦਾ ਦਹਾਕੇ (1980-90) ਦੀ ਸਰਬੋਤਮ ਨਾਵਲਕਾਰਾ ਪੁਰਸਕਾਰ ਵੀ ਟਿਵਾਣਾ ਨੂੰ ਪ੍ਰਾਪਤ ਹੋਇਆ। ਉਸ ਦੇ ਲਿਖੇ ਨਾਵਲ 'ਏਹੋ ਹਮਾਰਾ ਜੀਵਣਾ' ਅਤੇ 'ਅਗਨੀ ਪ੍ਰੀਖਿਆ' ਵਰਣਨਯੋਗ ਹੈ। ਉਸ ਨੇ ਇਨ੍ਹਾਂ ਨਾਵਲਾਂ ਵਿਚ ਇਸਤਰੀ ਜਗਤ ਤੇ ਹੋ ਰਹੇ ਕਠੋਰ ਆਕਰਮਣ ਦਾ ਜਿਕਰ ਕੀਤਾ ਹੈ। ਇਸਤਰੀ ਜਾਤੀ ਦੀ ਦਬੀ ਆਤਮਾ ਨੂੰ ਬਹੁਤ ਹੀ ਕਰੁਣਾਮਈ ਸੁਰ ਵਿਚ ਪੇਸ਼ ਕੀਤਾ ਹੈ। ਇਸ ਤੋਂ ਬਿਨਾ ਲਘੂ ਨਾਵਲ 'ਸੂਰਜ ਤੇ ਸਮੁੰਦਰ' ਅਤੇ ਤੀਲ਼ੀ ਦਾ ਨਿਸ਼ਾਨ' ਵਿਚ ਇਸਤਰੀ ਜੀਵਨ ਵਿਗਿਆਨਕ ਪਿਛੋਕੜ ਪੇਸ਼ ਕੀਤਾ ਹੈ। ਨਿਰਸੰਦੇਹ ਦਲੀਪ ਕੌਰ ਨੇ ਆਪਣੇ ਨਾਵਲ ਦੇ ਵਿਸ਼ਿਆਂ ਵਿਚ ਨਾਰੀ ਵੇਦਨਾ, ਸੰਵੇਦਨਾ ਅਤੇ ਚੇਤਨਤਾ ਦੀ ਨਾਰੀਵਾਦੀ ਪ੍ਰਵਿਰਤੀ ਨੂੰ ਪੇਸ਼ ਕੀਤਾ ਹੈ।

**ਅਜੀਤ ਕੌਰ** ਨੇ ਇਸਤਰੀ ਦੀ ਸਮਾਜਿਕ ਸਥਿਤੀ ਤੇ ਦੱਬੇ-ਕੁੱਚਲੇ ਅਰਮਾਨਾਂ ਨੂੰ ਆਪਣੀ ਕਹਾਣੀ ਦਾ ਆਧਾਰ ਬਣਾਇਆ ਹੈ। ਉਸ ਦੀਆਂ ਵਧੇਰੇ ਨਾਵਲ ਇਸਤਰੀ- ਮਰਦ ਦੇ ਰਿਸ਼ਤੇ ਨਾਲ ਸੰਬੰਧਿਤ ਹਨ। ਉਹ ਸੈਕਸ ਨੂੰ ਜ਼ਿੰਦਗੀ ਦਾ ਧੁਰਾ ਮੰਨਦੀ ਹੋਈ ਸਾਹਿਤ ਵਿੱਚ ਇਸਦੇ ਪ੍ਰਗਟਾਅ ਤੋਂ ਗੁਰੇਜ਼ ਨਹੀਂ ਕਰਦੀ। ਉਸ ਦੀਆਂ ਕਹਾਣੀਆਂ ਵਿੱਚ ਔਰਤ ਮਰਦ ਦੇ ਰਿਸ਼ਤੇ, ਵਰਜਿਤ ਰਿਸ਼ਤਿਆਂ ਅਧੀਨ ਪੇਸ਼ ਹੋਏ ਹਨ। ਉਸ ਦੀ ਪਛਾਣ ਪੰਜਾਬੀ ਕਹਾਣੀ ਜਗਤ ਵਿੱਚ ਯਥਾਰਥਵਾਦੀ ਕਹਾਣੀਕਾਰ ਦੇ ਤੌਰ ਤੇ ਬਣੀ ਹੋਈ ਹੈ। ਉਹ ਆਪਣੀਆਂ ਲਿਖਤਾਂ ਵਿੱਚ ਔਰਤ ਦੀ ਹੋਂਦ ਤੇ ਫੋਕਸ ਕਰਦੀ ਹੈ ਅਤੇ ਔਰਤ ਦੇ ਪਰੰਪਰਾਗਤ ਰੂਪਾਂ ਦੀ ਥਾਂ ਨਵੇਂ ਰੂਪਾਂ ਨੂੰ ਚਿੱਤਰਦੀ ਹੈ। ਉਹ ਔਰਤ ਦੀ ਹੋਂਦ, ਵਿਆਹ, ਪਿਆਰ, ਸਰੀਰਕ- ਰਿਸ਼ਤਿਆਂ ਦੇ ਨਵੇਂ ਪ੍ਰਤਿਮਾਨ ਸਿਰਜਦੀ ਹੈ। ਫਾਲਤੂ ਔਰਤ ਦੇ ਗਾਲਪਨਿਕ ਬਿੰਬ ਰਾਹੀਂ ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਮਨ ਵਿੱਚ ਉਪਜੀ ਉਦਾਸੀ, ਉਪਰਾਮਤਾ, ਇਕੱਲੇਪਣ ਅਤੇ ਬੇਗਾਨਗੀ ਨੂੰ ਬਖ਼ੂਬੀ ਚਿਤਰਿਆ ਹੈ। ਇਸ ਤੋਂ ਇਲਾਵਾ ਉਸ ਨੇ ਆਪਣੀਆਂ ਰਚਨਾਵਾਂ ਵਿੱਚ ਸਮਾਜਿਕ, ਰਾਜਨੀਤਿਕ, ਆਰਥਿਕ ਢਾਂਚੇ ਦਾ ਵੀ ਵਰਣਨ ਕੀਤਾ ਹੈ ਕਿ ਇਹਨਾਂ ਵਿੱਚ ਫਸਿਆ ਮਨੁੱਖ ਕਿਵੇਂ ਬਾਰ-ਬਾਰ ਟੁੱਟਦਾ ਹੈ।

## ਸਾਰ-ਅੰਸ਼

ਅਸੀ ਕਹਿ ਸਕਦੇ ਹਾਂ ਕਿ ਨਾਵਲ ਵਿੱਚ ਅਜਿਹੇ ਪਾਤਰਾਂ ਦਾ ਸਮੂਹ ਹੁੰਦਾ ਹੈ, ਜੋ ਵਿਸ਼ੇਸ਼ ਸੱਭਿਆਚਾਰਿਕ ਤੇ ਸਮਾਜਿਕ ਆਲੇ-ਦੁਆਲੇ ਵਿੱਚ ਵਿਚਰਦੇ ਸੱਚ-ਮੁੱਚ ਦੇ ਇਨਸਾਨਾਂ ਦਾ ਅਕਸ ਜਾਪਦੇ ਹਨ। ਇਹਨਾਂ ਪਾਤਰਾਂ ਦੇ ਕਾਰਜਾਂ, ਬੋਲਾਂ ਤੇ ਸੋਚਾਂ ਰਾਹੀਂ ਅਤੇ ਇਹਨਾਂ ਦੇ ਆਪਸੀ ਰਿਸ਼ਤਿਆਂ ਤੇ ਟਕਰਾਵਾਂ ਰਾਹੀਂ ਜੋ ਕਾਲਪਨਿਕ ਸੰਸਾਰ ਉਸਰ ਕੇ ਸਾਮ੍ਹਣੇ ਆਉਂਦਾ ਹੈ, ਉਸ ਤੋਂ ਇੱਕ ਆਮ ਬੰਦੇ ਦੀਆਂ ਸੁਪਨਿਆਂ ਤੇ ਚਾਹਤਾਂ, ਸਮੱਸਿਆਵਾਂ ਤੇ ਸੰਕਟਾਂ ਦਾ ਪਤਾ ਲੱਗ ਜਾਂਦਾ ਹੈ। ਨਾਲ ਹੀ ਇੱਕ ਵਿਸ਼ੇਸ਼ ਕਾਲ ਵਿੱਚ, ਵਿਸ਼ੇਸ਼ ਖਿੱਤੇ ਦੇ ਲੋਕਾਂ ਦੀ ਜੀਵਨ-ਸਥਿਤੀ ਦਾ ਵੀ ਪਤਾ ਲੱਗਦਾ ਹੈ। ਨਾਵਲ ਆਮ ਬੰਦੇ ਦੀ ਆਪਣੇ ਸੁਪਨਿਆਂ ਦੀ ਪੂਰਤੀ ਲਈ ਜੱਦੋ-ਜਹਿਦ ਨੂੰ ਪੇਸ਼ ਕਰਦਾ ਹੈ ਜਿਸ ਨਾਲ ਉਸ ਸਮਾਜਿਕ ਵਿਵਸਥਾ ਬਾਰੇ ਵੀ ਪਤਾ ਲੱਗਦਾ ਹੈ, ਜਿਸ ਵਿੱਚ ਇਨਸਾਨ ਦੇ ਬੁਨਿਆਦੀ ਅਧਿਕਾਰਾਂ, ਅਜ਼ਾਦੀਆਂ ਤੇ ਸੁਪਨਿਆਂ-ਚਾਹਤਾਂ ਦੀ ਪੂਰਤੀ ਨਹੀਂ ਹੁੰਦੀ। ਕੁੰਦਰਾ ਨੇ ਲਿਖਿਆ ਹੈ: "ਨਾਵਲ ਯਥਾਰਥ ਦਾ ਨਹੀਂ ਅਸਤਿਤਵ ਦੀ ਘੋਖ ਕਰਦਾ ਹੈ। ਅਸਤੀਤਵ ਘਟਿਤ ਦਾ ਨਹੀਂ ਹੁੰਦਾ, ਉਹ ਮਾਨਵੀ ਸੰਭਾਵਨਾਵਾਂ ਦਾ ਆਭਾਸ ਹੈ, ਜੋ ਮਨੁੱਖ ਹੋ ਸਕਦਾ ਹੈ, ਜਿਸਦੇ ਲਈ ਉਹ ਸਮਰੱਥ ਹੈ। ਨਾਵਲਕਾਰ ਖੋਜ ਦੇ ਜਰੀਏ ਮਾਨਵੀ ਸੰਭਾਵਨਾਵਾਂ ਦੇ ਅਸਤਿਤਵ ਦਾ ਨਕਸ਼ਾ ਉਲੀਕਦਾ ਹੈ। ਚਰਿੱਤਰ ਅਤੇ ਦੁਨੀਆ ਸੰਭਾਵਨਾਵਾਂ ਦੁਆਰਾ ਜਾਣੀ ਜਾਂਦੀ ਹੈ।" ਇਸ ਦੇ ਨਾਲ ਹੀ ਸ਼ਨਾਵਲ ਸਾਹਿਤ ਵਿਚ ਨਾਰੀ ਲੇਖਕਾਂ ਦਾ ਬਹੁਤ ਯੋਹਦਾਨ ਹੈ। ਜਿਸ ਵਿਚ ਇਸਤਰੀ ਤੇ ਉਸ ਦੇ ਜੀਵਨ ਦੀਆਂ ਛੁਪੀਆਂ ਪਰਤਾਂ ਨੂੰ ਸਮਾਜ ਵਿਚ ਉਸ ਦੀ ਜਗ੍ਹਾਂ ਨੂੰ ਤੇ ਉਸ ਦੇ ਅਸਤਿਤਵ ਨੂੰ ਕਾਇਮ ਕਰਨ ਲਈ ਹੋਰ ਨਾਰੀ ਲੇਖਕਾਂ ਆਪਣਾ ਬਣਦਾ ਹਿੱਸਾ ਪਾ ਰਹੀਆ ਹਨ। ਨਵੀਆਂ ਨਾਰੀ ਲੇਖਕਾਂ ਜੋ ਦੇ ਪ੍ਰੇਰਨਾ ਸਰੋਤ ਅੰਮ੍ਰਿਤਾਂ ਪ੍ਰੀਤਮ ਤੇ ਦਲੀਪ ਕੌਰ ਹਮੇਸ਼ਾ ਰਹੀਆ ਹਨ। ਉਹ ਆਪਣੇ ਪਾਤਰਾਂ ਦੇ ਜਜ਼ਬਾਤਾਂ ਅਤੇ ਅਰਮਾਨਾਂ ਨੂੰ ਯਥਾਰਥ ਰੰਗਣ ਵਿੱਚ ਪੇਸ਼ ਕਰਨ ਦਾ ਯਤਨ ਕਰਦੀਆਂ ਹਨ। ਨਾਰੀ ਪ੍ਰਤੀ ਇਸ ਸਮਾਜ ਵਿਚ ਉਸ ਦੇ ਹੱਕਾਂ ਲਈ ਇੱਕ ਵਿਸ਼ਾਲ ਤੇ ਖੁੱਲ੍ਹਾ ਨਜ਼ਰੀਆ ਪੇਸ਼ ਕੀਤਾ ਹੈ।

## ਮੁੱਖ/ਕੇਂਦਰੀ ਸ਼ਬਦ:

- ਉਪਰਾਮਤਾ---ਉਦਾਸੀ
- ਚੌਖਟਾ ----ਖਾਕਾ
- ਗਲਪ---ਕਲਪਨਿਕ ਸੱਚ
- ਘੋਖਣਾ ---ਚੰਗੀ ਤਰਾਂ ਪਰਖਣਾ

## ਸਵੈ-ਮੁਲਾਂਕਣ:

ਪ੍ਰਸ਼ਨ 1 ਨਾਵਲ ਵਿਧਾ ਦਾ ਜਨਮ ਕਿੱਥੇ ਹੋਇਆ?

ੳ ਅਮਰੀਕਾ ਵਿਚ

ਅ ਯੂਰਪ ਵਿਚ

ੲ ਭਾਰਤ ਵਿਚ

ਸ ਆਸਟ੍ਰੇਲੀਆਂ ਵਿਚ

ਪ੍ਰਸ਼ਨ 2 ਨਾਵਲ ਦਾ ਸ਼ਾਬਦਿਕ ਅਰਥ ਕੀ ਹੈ?

ੳ ਨਵਾਂ ਦੌਰ

ਅ ਨਵਾਂ

ੲ ਨਵਾਂ ਸਵੇਰਾ

ਸ ਨਵਾਂ ਕਾਲ

ਪ੍ਰਸ਼ਨ 3 ਅੰਗਰੇਜ਼ੀ ਭਾਸ਼ਾ ਦਾ Novel ਸ਼ਬਦ ਭਾਸ਼ਾ ਦੇ.....Novella ਸ਼ਬਦ ਵਿਚੋਂ ਆਇਆ ਹੈ।

ੳ ਸੰਸਕ੍ਰਿਤ

ਅ ਇਤਾਲਵੀ

ੲ ਰੂਸੀ

ਸ ਫਰਾਂਸੀਸੀ

ਪ੍ਰਸ਼ਨ 4 ਗਲਪ ਦੀਆਂ ਕਿਹੜੀਆਂ ਦੋ ਸਾਹਿਤ ਵਿਧਾਵਾਂ ਹਨ?

ੳ ਨਾਵਲ ਅਤੇ ਕਹਾਣੀ

ਅ ਸਵੈ ਜੀਵਨੀ ਅਤੇ ਜੀਵਨੀ

ੲ ਕਵਿਤਾ ਅਤੇ ਵਾਰਤਕ

ਸ ਨਾਵਲ ਅਤੇ ਨਾਟਕ

ਪ੍ਰਸ਼ਨ 5 ਪੰਜਾਬੀ ਦਾ ਪਹਿਲਾ ਮੌਲਿਕ ਨਾਵਲਕਾਰ ਕਿਹੜਾ ਹੈ?

ੳ ਨਾਨਕ ਸਿੰਘ

ਅ ਭਾਈ ਮੋਹਨ ਸਿੰਘ ਵੈਦ

ੲ ਭਾਈ ਵੀਰ ਸਿੰਘ

ਸ ਚਰਨ ਸਿੰਘ ਸ਼ਹੀਦ

ਪ੍ਰਸ਼ਨ 6 ਨਾਵਲ ਦਾ ਤੱਤ ਕਿਹੜਾ ਹੈ?

ੳ ਕਥਾਨਕ

ਅ ਰਾਗ

ੲ ਸੰਗੀਤ

ਸ ਛੰਦ

ਪ੍ਰਸ਼ਨ 7 ਨਾਵਲ ਵਿਚ ਪਾਤਰਾਂ ਦੀ ਬੋਲੀ ਨੂੰ ਕੀ ਕਿਹਾ ਜਾਂਦਾ ਹੈ?

ੳ ਸ਼ੈਲੀ

ਅ ਵਾਰਤਲਾਪ

ੲ ਕਥਾਨਕ

ਸ ਉਦੇਸ਼

ਪ੍ਰਸ਼ਨ 8 ਸੁਧਾਰਵਾਦੀ ਨਾਵਲਕਾਰ ਕਿਹੜਾ ਹੈ?

ੳ ਸੰਤ ਸਿੰਘ ਸੇਖੋ

ਅ ਜਸਵੰਤ ਸਿੰਘ ਕੰਵਲ

ੲ ਚਰਨ ਸਿੰਘ ਸ਼ਹੀਦ

ਸ ਪਰਗਟ ਸਿੰਘ ਸਤੋਜ

ਪ੍ਰਸ਼ਨ 9 ਯਥਾਰਥਵਾਦੀ ਨਾਵਲਕਾਰ ਕਿਹੜਾ ਹੈ?

ੳ ਸੰਤ ਸਿੰਘ ਸੇਖੋ

ਅ ਭਾਈ ਵੀਰ ਸਿੰਘ

ੲ ਚਰਨ ਸਿੰਘ ਸ਼ਹੀਦ

ਸ ਮੋਹਨ ਸਿੰਘ ਵੈਦ

ਪ੍ਰਸ਼ਨ 10 ਪ੍ਰਯੋਗਵਾਦੀ ਨਾਵਲਕਾਰ ਕਿਹੜਾ ਹੈ?

ੳ ਸੁਰਜੀਤ ਸਿੰਘ ਸੇਠੀ

ਅ ਭਾਈ ਵੀਰ ਸਿੰਘ

ੲ ਚਰਨ ਸਿੰਘ ਸ਼ਹੀਦ

ਸ ਮੋਹਨ ਸਿੰਘ ਵੈਦ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 12. ਨਾਰੀ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ**?** ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਔਰਤ ਆਜ਼ਾਦ ਹੈ ਰਚਨਾ ਕੀ ਹੈ?

ੳ ਆਲੋਚਨਾ ਪੁਸਤਕ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਗੀਤ ਸੰਗ੍ਰਹਿ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਅ | 2. ਅ | 3. ਅ | 4. ੳ | 5. ੲ |
| 6. ੳ | 7. ਅ | 8. ੲ | 9. ੳ | 10. ੳ |
| 11.ੲ | 12. ੳ | 13. ੳ | 14. ਅ | 15. ੳ |

## ਅਭਿਆਸ ਪ੍ਰਸ਼ਨ

1. ਨਾਵਲ ਦੇ ਸਿਧਾਂਤਕ ਪਰਿਪੇਖ ਉੱਪਰ ਨੋਟ ਲਿਖੋ?
2. ਨਾਵਲ ਦਾ ਅਰਥ ਦੱਸਦਿਆਂ ਨਾਵਲ ਦੇ ਸਰੂਪ ਬਾਰੇ ਚਰਚਾ ਕਰੋ।
3. ਨਾਵਲ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸ ਦਾ ਸਰੂਪ ਉਲੀਕੋ।

**Online Links**

https://punjabipedia.org/topic.aspx?txt=%E0%A8%A8%E0%A8%BE%E0%A8%B5%E0%A8%B2

# Unit 08: 'ਤੀਵੀਆਂ' ਨਾਵਲ ਵਿਚ ਪੇਸ਼ ਨਾਰੀ ਬਿੰਬ ਦਾ ਵਿਸ਼ਲੇਸ਼ਣ

**ਵਿਸ਼ਾ-ਵਸਤੂ**


ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ


## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪਰਗਟ ਸਤੌਜ ਦੇ ਜੀਵਨ ਅਤੇ ਰਚਨਾ ਸੰਸਾਰ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਵਲ ਤੀਵੀਆਂ ਦੇ ਸੰਦਰਭ ਵਿਚ ਨਾਵਲ ਦੇ ਰੂਪਾਕਾਰ ਨੂੰ ਪਰਖਣ ਦੇ ਯੋਗ ਹੋਣਗੇ।
- ਨਾਵਲ ਤੀਵੀਆਂ ਦੇ ਆਧਾਰ ਉਪਰ ਨਾਰੀ-ਸਰੋਕਾਰਾਂ ਨੂੰ ਸਮਝਣ ਦੇ ਕਾਬਿਲ ਹੋਣਗੇ।
- ਪਰਗਟ ਸਤੌਜ ਦੀ ਨਾਰੀ ਚੇਤਨਾ ਨੂੰ ਜਾਣਨ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਨਾਵਲ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਨਾਵਲ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਨਾਵਲ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਨਾਵਲ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ।ਆਧੁਨਿਕ ਯੁੱਗ ਵਿੱਚ ਨਾਵਲ ਦਾ ਮਹੱਤਵ ਇਤਨਾ ਵੱਧ ਗਿਆ ਹੈ ਕਿ ਇਸ ਨੂੰ ਧਰਮ,ਰਾਜ,ਅਤੇ ਪਰਜਾ ਦੀਆਂ ਤਿੰਨ ਸੰਸਥਾਵਾਂ ਦੇ ਬਰਾਬਰ ਲਿਆ ਖੜ੍ਹਾ ਕੀਤਾ ਜਾਂਦਾ ਹੈ।

ਪਰਗਟ ਸਿੰਘ ਸਤੋਜ ਦਾ ਜਨਮ 10 ਫਰਵਰੀ 1981 ਨੂੰ ਪਿਤਾ ਸਵ:ਮੇਲਾ ਸਿੰਘ ਅਤੇ ਮਾਤਾ ਪਾਲ ਕੋਰ ਦੇ ਘਰ ਪਿੰਡ ਸਤੌਜ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ।ਪਰਗਟ ਸਤੌਜ ਨੇ ਆਪਣੀ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਪਰਗਟ ਸਿੰਘ ਸਤੌਜ ਨੇ ਧਰਮਗੜ,ਚੀਮਾਂ ਮੰਡੀ ਅਤੇ ਸੰਗਰੂਰ ਵਿੱਚ ਵੀ ਪੜ੍ਹਾਈ ਕੀਤੀ।ਮਸਤੂਆਣਾ ਸਾਹਿਬ ਤੋਂ ਬੀ.ਏ ਕਰਨ ਤੋਂ ਬਾਅਦ ਉਸਨੇ ਈ.ਟੀ.ਟੀ.ਕੀਤੀ ਅਤੇ ਅਧਿਆਪਕ ਲੱਗ ਗਿਆ। ਇਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ ਪੰਜਾਬੀ ਅਤੇ ਐਮ ਏ ਹਸਿਟਰੀ ਕੀਤੀ।ਫਿਰ ਬੀ.ਪੀ.ਐਡ ਕੀਤੀ।ਪਰਗਟ ਸਿੰਘ ਸਤੌਜ ਦਾ ਪਰਿਵਾਰ ਅਨਪੜ ਸੀ ਉਹ ਆਪਣੇ ਪੜ ਲਿਖ ਜਾਣ ਦਾ ਸਿਹਰਾ ਆਪਣੀ ਮਾਤਾ ਜੀ ਦੇ ਸਿਰ ਬੰਨਦੇ ਹਨ।ਪਰਗਟ ਸਿੰਘ ਸਤੌਜ ਨੇ ਪਹਿਲਾ ਨਾਵਲ ਸੋਹਣ ਸਿੰਘ ਸੀਤਲ ਦਾ 'ਤੂਤਾਂ ਵਾਲਾ ਖੂਹ ' ਪੜਿਆ ਅਤੇ ਇਸ ਤੋਂ ਬਾਅਦ ਜਸਵੰਤ ਸਿੰਘ ਕੰਵਲ ਦੀਆਂ ਹੋਰ ਰਚਨਾਵਾਂ ਪੜੀਆਂ। ਜਸਵੰਤ ਸਿੰਘ ਕੰਵਲ ਦਾ ਨਾਵਲ' ਪੂਰਨਮਾਸੀ' ਪਰਗਟ ਸਤੌਜ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ।ਉਹ ਆਪਣਾ ਅਦਰਸ਼ ਜਸਵੰਤ ਸਿੰਘ ਕੰਵਲ ਨੂੰ ਮੰਨਦਾ ਹੈ ਉਸ ਨੂੰ ਪੜ ਕੇ ਹੀ ਉਹ ਨਾਵਲ ਲਿਖਣ ਲਈ ਪ੍ਰੇਰਿਤ ਹੋਇਆ।ਪਰਗਟ ਸਤੌਜ ਆਪਣੀਆਂ ਰਚਨਾਵਾਂ ਵਿੱਚ ਪੇਂਡੂ ਜੀਵਨ ਅਤੇ ਮਨੁੱਖੀ ਮਾਨਸਿਕਤਾ ਦੀਆਂ ਸਮੱਸਿਆਵਾਂ ਨੂੰ ਵਿਸ਼ੇ ਦੇ ਰੂਪ ਵਿੱਚ ਵਰਤਦਾ ਹੈ।ਉਸਦਾ ਵਿਆਹ ਅਮ੍ਰਿਤਪਾਲ ਕੋਰ ਨਾਲ ਹੋਇਆ ਅਤੇ ਉਸਦੇ ਘਰ ਦੋ ਬੇਟੀਆਂ ਸੀਰਤ ਨੂਰ ਅਤੇ ਕਾਫ ਨੂਰ ਨੇ ਜਨਮ ਲਿਆ। ਮੋਜੂਦਾ ਸਮੇਂ ਵਿੱਚ ਉਹ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਅਧਿਆਪਕ ਹਨ। ਉਹ ਆਪਣੇ ਪਰਿਵਾਰ ਸਮੇਤ ਪਿੰਡ ਸਤੌਜ ਵਿੱਚ ਹੀ ਰਹਿੰਦੇ ਹਨ। ਪਰਗਟ ਸਿੰਘ ਸਤੌਜ ਦਾ ਲਿਖਣ ਦਾ ਸਿਲਸਲਾ ਲਗਾਤਾਰ ਜਾਰੀ ਹੈ। ਪੁਸਤਕਾਂ ਦੇ ਵੇਰਵਾ ਹੇਠ ਲਿਖੇ ਅਨੁਸਾਰ ਹੈ:

**ਭਾਗੂ**

ਪਰਗਟ ਸਿੰਘ ਸਤੌਜ ਨੇ ਆਪਣਾ ਪਲੇਠਾ ਨਾਵਲ 'ਭਾਗੂ' 2009 ਵਿੱਚ ਲਿਖਿਆ। ਇਸ ਵਿੱਚ ਨਾਵਲਕਾਰ ਨੇ ਨੋਜਵਾਨ ਪੀੜੀ ਦੇ ਜਜਬਾਤਾਂ ਅਤੇ ਵੇਗ ਦੀਆਂ ਉਠਦੀਆਂ ਅੱਥਰੀਆਂ ਲਹਿਰਾਂ ਦਾ ਪ੍ਰਗਟਾਅ ਕੀਤਾ ਹੈ। ਪੇਂਡੂ ਪਿੱਠ ਭੂਮੀ ਵਿੱਚ ਰਚਿਆ ਇਹ ਨਾਵਲ ਸ਼ਹਿਰੀਕਰਨ ਸਦਕਾ ਅਲੋਪ ਹੋ ਰਿਹਾ ਦਿਹਾਤੀ ਸੱਭਿਆਚਾਰ ਆਪਣੇ ਵਿੱਚ ਸਾਂਭੀ ਬੈਠਾ ਹੈ।ਇਸਦੇ 2009, 10 ਅਤੇ 14 ਤਿੰਨ ਅਡੀਸ਼ਨ ਛਪ ਚੁੱਕੇ ਹਨ।ਇਹ ਨਾਵਲ ਹੁਣ ਹਿੰਦੀ ਵਿੱਚ ਅਨੁਵਾਦ ਹੋ ਰਿਹਾ ਹੈ।

**ਤੀਵੀਆਂ**

ਪਰਗਟ ਸਿੰਘ ਸਤੌਜ ਦਾ 'ਤੀਵੀਆਂ ' ਨਾਵਲ 2012 ਵਿੱਚ ਛਪਿਆ। ਇਸ ਨਾਵਲ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਯੁਵਾ ਪੁਰਸਕਾਰ ਮਿਲਿਆ। ਇਸ ਨਾਵਲ ਵਿੱਚ ਨਾਵਲਕਾਰ ਨੇ ਮਾਲਵਾ ਖੇਤਰ ਦੇ ਕਿਰਸਾਨੀ ਸਮਾਜ ਵਿੱਚ ਘਰ ਦਾ ਕੰਮ ਕਰਦੀਆਂ ਇਸਤਰੀਆਂ ਦੀ ਤਰਾਸਦੀ ਨੂੰ ਪੇਸ਼ ਕੀਤਾ ਹੈ।

**ਖਬਰ ਇੱਕ ਪਿੰਡ ਦੀ**

ਪਰਗਟ ਸਿੰਘ ਸਤੌਜ ਨੇ ਆਪਣੇ ਕਹਾਣੀ-ਸੰਗ੍ਰਹਿ ਤੋਂ ਬਾਅਦ ਨਾਵਲ ' ਖਬਰ ਇੱਕ ਪਿੰਡ ਦੀ' ਰਚਨਾ ਕੀਤੀ।ਇਸ ਨਾਵਲ ਵਿੱਚ ਨਾਵਲਕਾਰ ਨਵੇਂ ਢੰਗ ਨਾਲ ਅਜੋਕੇ ਪਿੰਡ ਦੀ ਗਾਥਾ ਕਹਿੰਦਾ ਹੈ।ਬਦਲ ਰਹੇ ਮਨੁੱਖ ਦੀ ਮਾਨਸਿਕਤਾ, ਗੁੰਝਲਦਾਰ ਹੋ ਰਹੇ ਰਿਸ਼ਤੇ- ਨਾਤੇ ਅਤੇ ਇਹਨਾਂ ਨੂੰ ਪ੍ਰਭਾਵਿਤ ਕਰਦੀ ਆਰਥਿਕਤਾ ਅਤੇ ਪਿੰਡ ਦਿਆਂ ਹੋਰ ਸਥਿਤੀਆਂ ਨੂੰ ਅੱਗੇ ਲਿਆਂਦਾ ਗਿਆ ਹੈ।

**ਨਾਚਫ਼ਰੋਸ਼**

ਪਰਗਟ ਸਿੰਘ ਸਤੌਜ ਇਸ ਨਾਵਲ ਰਾਹੀਂ ਸਮਕਾਲੀ ਸਮਾਜ ਵਿੱਚ ਆਰਕੈਸਟਰਾ ਗਰੁੱਪਾਂ ਵਿੱਚ ਕੰਮ ਕਰਦੀਆਂ ਲੜਕੀਆਂ ਅਤੇ ਕੰਮ-ਕਾਜੀ ਔਰਤਾਂ ਦੀ ਅਸਲ ਅਤੇ ਤ੍ਰਾਸਦਿਕ ਹੋਣੀ ਨੂੰ ਪੇਸ਼ ਕਰਦਾ ਹੈ। ਨਾਵਲਕਾਰ ਇਸ ਨਾਵਲ ਵਿੱਚ ਆਰਕੈਸਟਰਾ ਗਰੁੱਪਾਂ ਦੀ ਆਮਦ ਅਤੇ ਹੌਲ਼ੀ-ਹੌਲ਼ੀ ਇਹਨਾਂ ਦਾ ਪੰਜਾਬੀ ਸਮਾਜ ਦਾ ਅੰਗ ਬਣਨਾ, ਇਹਨਾਂ ਗਰੁੱਪਾਂ ਦਾ ਸਥਾਪਤੀ ਲਈ ਸੰਘਰਸ਼, ਡਾਂਸਰ ਕੁੜੀਆਂ ਦੀ ਇਹਨਾਂ ਗਰੁੱਪਾਂ ਵਿੱਚ ਐਂਟਰੀ ਅਤੇ ਰੁਖਸਤੀ ਨੂੰ ਬਾਰੀਕੀ ਨਾਲ਼ ਚਿਤਰਦਾ ਹੈ।

**ਕਹਾਣੀ ਸੰਗ੍ਰਹਿ;**

'ਗ਼ਲਤ ਮਲਤ ਜ਼ਿੰਦਗੀ' ਪਰਗਟ ਸਿੰਘ ਸਤੌਜ ਦਾ ਇਹ ਕਹਾਣੀ-ਸੰਗ੍ਰਹਿ 2014 ਵਿੱਚ ਛਪਿਆ।

**ਕਾਵਿ-ਸੰਗ੍ਰਹਿ**

ਪਰਗਟ ਸਿੰਘ ਸਤੌਜ ਦੀ ਕਿਤਾਬ 'ਤੇਰਾ ਪਿੰਡ' ਇੱਕ ਕਾਵਿ- ਸੰਗ੍ਰਹਿ ਹੈ। ਇਹ 2008 ਵਿੱਚ ਪਾਠਕਾਂ ਦੀ ਝੋਲੀ ਵਿੱਚ ਪਾਇਆ ਗਿਆ।

**ਸਨਮਾਨ**

- ਭਾਰਤੀ ਸਾਹਿਤ ਅਕਾਦਮੀ ਦਾ ਯੁਵਾ ਪੁਰਸਕਾਰ
- ਕਰਨਲ ਨਰੈਣ ਸਿੰਘ ਭੱਠਲ ਕਹਾਣੀ ਪੁਰਸਕਾਰ
- ਪ੍ਰਕਾਸ਼ ਕੌਰ ਮੋਦੀ ਕਹਾਣੀ ਪੁਰਸਕਾਰ
- ਬੀ. ਐਸ. ਜੁਨੇਜਾ ਪ.ਲ.ਕ.ਸ ਪੁਰਸਕਾਰ
- ਢਾਹਾਂ ਇੰਟਰਨੈਸ਼ਨਲ ਲਿਟਰੇਰੀ ਅਵਾਰਡ 2017

ਤੇਜਵੰਤ ਮਾਨ ਅਨੁਸਾਰ ਪਰਗਟ ਸਿੰਘ ਸਤੌਜ ਦਾ ਇਹ ਨਾਵਲ "ਤੀਵੀਂਆਂ" ਮਾਲਵਾ ਖੇਤਰ ਦੇ ਕਿਰਸਾਨੀ ਸਮਾਜ ਵਿੱਚ ਘਰ ਦੀ ਤਲਾਸ਼ ਕਰਦੀਆਂ ਇਸਤਰੀਆਂ ਦੀ ਤਰਾਸਦੀ ਨੂੰ ਪੇਸ਼ ਕਰਦਾ ਹੈ। ਮੇਰੀ ਜਾਣਕਾਰੀ ਵਿੱਚ ਪੰਜਾਬੀ ਗਲਪ ਵਿੱਚ ਇਹ ਪਹਿਲੀ ਰਚਨਾ ਹੈ ਜੋ ਕਿਸੇ ਭੂ-ਖੰਡੀ ਸਮਾਜਕ ਬਣਤਰ ਦਾ ਏਨਾ ਡੂੰਘਾ ਅਤੇ ਗੰਭੀਰ ਵਿਸਲੇਸ਼ਣ ਕਰਦੀ ਹੈ।

ਡਾ.ਰਜਨੀਸ਼ ਬਹਾਦਰ ਸਿੰਘ ਅਨੁਸਾਰ ਤੀਵੀਆਂ ਨਾਵਲ ਸਿਰਫ਼ ਔਰਤ ਦੇ ਸੰਕਟ ਨੂੰ ਜਜ਼ਬਾਤੀ ਸ਼ੈਲੀ ਵਿੱਚ ਪੇਸ਼ ਕਰਨ ਤੱਕ ਸੀਮਤ ਨਹੀਂ ਸਗੋਂ ਇੱਕ ਇਤਿਹਾਸਕ ਅੰਤਰਾਲ ਵਿੱਚ ਕਿਸਾਨੀ ਦੇ ਬਹੁ-ਪੱਖੀ ਅਤੇ ਬਹੁ-ਪਸਾਰੀ ਸੰਕਟਾਂ ਨੂੰ ਪੇਸ਼ ਕਰਦਾ ਹੈ।

ਹਰਪ੍ਰੀਤ ਕੌਰ ਨੇ ਲਿਖਿਆ ਹੈ ਕਿ ਪਰਗਟ ਸਿੰਘ ਸਤੌਜ ਦਾ ਹਥਲਾ ਨਾਵਲ 'ਤੀਵੀਂਆਂ' ਵਸਤੂਗਤ ਹੋਂਦ ਹੰਢਾ ਰਹੀ ਔਰਤ ਦੀ ਤ੍ਰਾਸਦਿਕ ਸਥਿਤੀ ਦੇ ਵਿਸਤ੍ਰਿਤ ਪਾਸਾਰਾਂ ਵਿਚੋਂ ਰੂਪ ਧਾਰਦਾ ਹੈ। ਇਸਦੀ ਵਿਸ਼ੇਸ਼ਤਾ ਤੀਵੀਂਆਂ ਨੂੰ ਕੇਂਦਰ ਵਿਚ ਰੱਖ ਕੇ ਪੰਜਾਬ ਦੇ ਭੂਤ, ਵਰਤਮਾਨ ਤੇ ਭਵਿੱਖ ਦਾ ਤ੍ਰੈਕਾਲਿਕ ਦ੍ਰਿਸ਼ ਉਸਾਰਨ ਵਿਚ ਨਿਹਿਤ ਹੈ। ਨਾਵਲਕਾਰ ਨੇ ਨਾਵਲ ਨੂੰ ਦੋ ਭਾਗਾਂ ਵਿਚ ਵੰਡ ਕੇ ਸਿਰਜਿਆ ਹੈ। ਪਹਿਲੇ ਭਾਗ ਦਾ ਸੰਬੰਧ 1947 ਦੀ ਦੇਸ਼ ਵੰਡ ਸਮੇਂ ਸਰੀਰਕ, ਮਾਨਸਿਕ, ਭਾਵੁਕ ਸ਼ੋਸ਼ਣ ਤੇ ਲੁੱਟ ਦਾ ਸ਼ਿਕਾਰ ਔਰਤਾਂ ਦੇ ਅਗਾਂਹ ਵਸਤੂਆਂ ਵਾਂਗ ਥਾਂ-ਥਾਂ ਵਿਕਣ ਦੀ ਤ੍ਰਾਸਦਿਕ ਸੰਕਟ-ਸਥਿਤੀ ਨਾਲ ਹੈ। ਇਸ ਨਾਵਲ ਵਿਚ ਬੰਤ ਕੌਰ ਬਣੀ ਬਸ਼ੀਰਾਂ ਅਜਿਹੀ ਹੀ ਪਾਤਰ ਹੈ, ਜੋ ਵਿਭਿੰਨ ਸੰਕਟਾਂ ਨੂੰ ਹੰਢਾਉਂਦੀ ਹੈ। ਫਸਾਦਾਂ ਸਮੇਂ ਪਰਿਵਾਰ (ਸਹੁਰਾ, ਸੱਸ, ਪਤੀ ਤੇ ਪੁੱਤ) ਦਾ ਕਤਲ ਉਸਨੂੰ ਭਾਵੁਕ ਤੌਰ `ਤੇ ਮਹਿਰੂਮ ਕਰਦਾ ਹੈ, ਫਿਰ ਸਮੂਹਕ ਬਲਾਤਕਾਰ ਉਸਨੂੰ ਮਾਨਸਿਕ ਤੇ ਸਰੀਰਕ ਕਸ਼ਟ ਭੋਗਣ ਲਈ ਮਜਬੂਰ ਕਰਦਾ ਹੈ ਅਤੇ ਇਸ ਤੋਂ ਅੱਗੇ ਕਾਕੇ ਦੁਆਰਾ ਉਸਨੂੰ ਤੇਜੇ ਕੋਲ ਵੇਚਣਾ , ਉਸਨੂੰ ਵਸਤੂ ਵਿਚ ਤਬਦੀਲ ਕਰ ਦਿੰਦਾ ਹੈ ਤੇ ਅੰਤ ਧਰਮ ਬਦਲ ਕੇ ਬੰਤ ਕੌਰ ਬਣ ਜਾਣਾ ਉਸਦੀ ਹਰ ਪਛਾਣ ਨੂੰ ਮੇਟ ਦੇਣ ਦਾ ਸੰਕੇਤ ਹੈ। ਅੰਤ ਵਿਚ ਉਹ ਤੇਜੇ ਦੀ ਕੁੱਟ-ਮਾਰ ਤੋਂ ਪਰੇਸ਼ਾਨ ਹੋ ਕੇ ਕਾਕੇ ਦੇ ਘਰ ਆ ਵਸਦੀ ਹੈ। ਕਾਕਾ ਨਿਰਸੰਤਾਨ ਹੈ। ਜੱਗ ਵਿਚ ਸੀਰ ਪਾਉਣ ਦੀ ਖ਼ਾਹਿਸ਼ ਉਸਦੇ ਮਨ `ਚ ਬੰਤ ਕੌਰ ਨੂੰ ਆਪਣੇ ਘਰ ਵਸਾ ਲੈਣ ਦੀ ਤਾਂਘ ਪੈਦਾ ਕਰਦੀ ਹੈ। ਪਰ ਉਸਦੀ ਪਤਨੀ ਜਲ ਕੁਰ ਇਸਦਾ ਵਿਰੋਧ ਕਰਦੀ ਹੈ ਤੇ ਰੋਹ ਵਜੋਂ ਜਲ ਕੁਰ ਤੇਜੇ ਦੇ ਜਾ ਵਸਦੀ ਹੈ। ਨਾਵਲ ਦੇ ਦੂਸਰੇ ਭਾਗ ਦਾ ਸੰਬੰਧ ਕਾਕੇ ਤੇ ਬੰਤ ਕੌਰ ਦੇ ਪੁੱਤਰਾਂ ਸਿੰਦੂ ਤੇ ਰੋਹੀ ਦੀ ਨਿਮਨ ਸਥਿਤੀ ਨਾਲ ਹੈ। ਅਰਧ ਜਗੀਰਦਾਰੀ ਖਾਸੇ ਵਾਲੇ ਪੰਜਾਬੀ ਸਮਾਜ ਵਿਚ ਸਮਾਜਕ, ਸੰਸਕ੍ਰਿਤਕ ਤੇ ਆਰਥਿਕ ਤੌਰ `ਤੇ ਉੱਚੀ ਸਥਿਤੀ ਕਿਸੇ ਸਮਾਜਕ ਰਿਸ਼ਤੇ ਦੀ ਬੁਨਿਆਦ ਬਣਦੀ ਹੈ। ਇਹਨਾਂ ਦੀ ਅਣਹੋਂਦ `ਚ ਸਾਕ ਹੋਣ ਦੀ ਸੰਭਾਵਨਾ ਵੀ ਖ਼ਤਮ ਹੋ ਜਾਂਦੀ ਹੈ। ਵਿਗਿਆਨਕ ਤੇ ਪਦਾਰਥਕ ਤਰੱਕੀ ਪੱਖੋਂ ਅਜੋਕਾ ਸਮਾਜ ਆਧੁਨਿਕ ਹੋਣ ਦਾ ਦਮ ਭਰਦਾ ਹੈ ਪਰ ਇਸਦੇ ਅਵਚੇਤਨ ਵਿਚ ਪਏ ਜਗੀਰਦਾਰੀ ਯੁਗ ਦੇ ਸੰਸਕਾਰ ਅਕਸਰ ਇਸ ਦੇ ਵਿਵਹਾਰ ਨੂੰ ਪਛੜੇਵੇਂ ਦੀ ਹੱਦ ਤੀਕ ਲੈ ਜਾਂਦੇ ਹਨ।ਖਾਸ ਤੌਰ 'ਤੇ ਔਰਤ ਨੂੰ ਉਸਦੇ ਹਿੱਸੇ ਦੇ ਮਨੁੱਖੀ ਅਧਿਕਾਰ ਦੇਣ ਦੇ ਸਬੰਧ ਵਿਚ ਇਹ ਸਮਾਜ ਆਪਣੇ ਸੱਭਿਅਕ ਤੇ ਤਰੱਕੀ ਪਸੰਦ ਹੋਣ ਦੇ ਦਾਅਵੇ ਤੋਂ ਬਿਲਕੁਲ ਉਲਟ ਵਿਵਹਾਰ ਕਰਦਾ ਵਿਖਾਈ ਦਿੰਦਾ ਹੈ।ਕਹਿਣ ਨੂੰ ਤਾਂ ਭਾਰਤੀ ਸਵਿਧਾਨ ਨੇ ਵੀ ਔਰਤ ਨੂੰ ਮਰਦ ਦੇ ਬਰਾਬਰ ਦੇ ਸਮਾਜਿਕ, ਆਰਥਿਕ ਤੇ ਰਾਜਨੀਤਕ ਅਧਿਕਾਰ ਦਿੱਤੇ ਹਨ ਪਰ ਹਕੀਕਤ ਵਿਚ ਔਰਤ ਆਪਣੇ ਹੀ ਅਧਿਕਾਰਾਂ ਦੀ ਵਰਤੋਂ ਕਰਨ ਸਬੰਧੀ ਮਰਦ ਦੀ ਮਰਜ਼ੀ ਤੇ ਹੀ ਨਿਰਭਰ ਹੈ।ਨਾਵਲ ਇਸ ਕੌੜੇ ਸੱਚ ਨੂੰ ਤਲਖ ਸੁਰ ਵਿਚ ਬਿਆਨਦਾ ਹੈ ਕਿ ਇੱਕਵੀਂ ਸਦੀ ਵਿਚ ਪ੍ਰਵੇਸ਼ ਕਰਨ ਤੋਂ ਬਾਦ ਵੀ ਸਾਡਾ ਸਮਾਜ ਇਸ ਰੂੜੀਵਾਦੀ ਮਾਨਸਿਕਤਾ ਦਾ ਤਿਆਗ ਨਹੀਂ ਕਰ ਸਕਿਆ ਕਿ ਔਰਤ ਮਰਦ ਦੇ ਪੈਰ ਦੀ ਜੁੱਤੀ ,ਜ਼ਰ ਖਰੀਦ ਗੁਲਾਮ ਤੇ ਕੇਵਲ ਭੋਗੇ ਜਾਣ ਵਸਤੂ ਹੀ ਹੁੰਦੀ ਹੈ। ਨਾਵਲ ਦੀ ਕਹਾਣੀ ਦੀ ਸ਼ੁਰੂਆਤ ਸੰਨ ਸੰਤਾਲੀ ਦੀ ਭਾਰਤ ਪਾਕ ਵੰਡ ਤੋਂ ਹੁੰਦੀ ਹੈ।ਉਸ ਸਮੇਂ ਦੇ ਫਿਰਕੂ ਤੇ ਅਮਾਨਵੀ ਵਰਤਾਰੇ ਵਿਚ ਵੀ ਸੱਭ ਤੋਂ ਵੱਧ ਨੁਕਸਾਨ ਤੇ ਦੁੱਖ ਔਰਤ ਜਾਤ ਨੂੰ ਹੀ ਉਠਾਉਣੇ ਪਏ।ਇਧਰ ਜਾਂ ਉਧਰ ਦੋਹੋਂ ਪਾਸੇ ਉਸਨੂੰ ਲੁੱਟ ਦਾ ਮਾਲ ਸਮਝ ਕੇ ਉਸ 'ਤੇ ਜਬਰੀ ਕਬਜ਼ਾ ਕੀਤਾ ਗਿਆ।ਭਾਰਤੀ ਪੰਜਾਬ ਵਾਲੇ ਪਾਸੇ ਆਪਣੀ ਮਿੱਟੀ ਨਾਲ ਜੁੜੇ ਰਹਿਣ ਦੀ ਇੱਛਾਂ ਰਖਦੇ ਅਖਤਰ ਦੇ ਸਾਰੇ ਪਰਿਵਾਰ ਨੂੰ ਫਿਰਕੂ ਜਨੂੰਨੀਆਂ ਵੱਲੋਂ ਕਤਲ ਕਰ ਦਿੱਤਾ ਗਿਆ । 'ਧਰਮ ਦੇ ਰਾਖਿਆਂ,' ਨੇ ਨਾ ਕੇਵਲ ਜ਼ਖਮਾ ਨਾਲ ਲਹੂ ਲੁਹਾਨ ਹੋਈ ਉਸਦੀ ਪਤਨੀ ਬਸ਼ੀਰਾਂ ਨਾਲ ਸਮੂਹਿਕ ਤੌਰ ਤੇ ਬਲਾਤ ਕਾਰ ਕੀਤਾ ਗਿਆ ਸਗੋਂ ਉਸਦੀਆਂ ਨਜ਼ਰਾਂ ਦੇ ਸਾਹਮਣੇ ਹੀ ਉਸਦੇ ਮਾਸੂਮ ਪੁੱਤਰ ਨਜ਼ੀਰ ਨੂੰ ਤਲਵਾਰ ਦੇ ਵਾਰ ਨਾਲ ਮਾਰ ਮੁਕਾਇਆ ਗਿਆ।ਮੁਸਲਮਾਨਾ ਦੇ ਘਰ ਲੁੱਟਣ ਦੇ ਇਰਾਦੇ ਨਾਲ ਆਪਣੇ ਸਾਥੀਆਂ ਨਾਲ ਜਾ ਰਿਹਾ ਕਾਕਾ ਉਸ ਨੂੰ ਲੁੱਟ ਦਾ ਮਾਲ ਸਮਝ ਕੇ ਹੀ ਘਰ ਲੈ ਆਇਆ।

ਕਾਕੇ ਦੇ ਘਰ ਵਿਆਹ ਤੋ ਕਈ ਸਾਲ ਤੀਕ ਔਲਾਦ ਨਾ ਹੋਣ ਕਾਰਣ ਉਹ ਬਸ਼ੀਰਾਂ ਦੀ ਜ਼ਰਖੇਜ ਕੁੱਖ 'ਚੋਂ ਅਪਣੇ ਘਰ ਦਾ ਵਾਰਸ ਪੈਦਾ ਕੀਤੇ ਜਾਣ ਦੀ ਇੱਛਾ ਰੱਖਦਾ ਹੈ।ਉਸ ਦੀ ਪਤਨੀ ਜਲ ਕੋਰ ਵੱਲੋਂ ਬਸ਼ੀਰਾਂ ਨੂੰ ਆਪਣੀ ਸੌਂਕਣ ਵਜੋ ਸਵੀਕਾਰਣ ਦਾ ਸਾਬਤ ਕਦਮੀ ਵਿਰੋਧ ਕੀਤਾ ਜਾਂਦਾ ਹੈ ਤਾਂ ਉਹ ਆਪਣੀ ਇਸ ਇੱਛਾ ਦਾ ਤਿਆਗ ਕਰ ਦਿੰਦਾ ਹੈ। ਬਸ਼ੀਰਾਂ ਨੂੰ ਪਹਿਲੋਂ ਅੰਮ੍ਰਿਤ ਛਕਾ ਕੇ ਬੰਤ ਕੋਰ ਬਣਾਇਆ ਜਾਂਦਾ ਹੈ ਤੇ ਫਿਰ ਇਕ ਲਵੇਰੀ ਮੱਝ ਦੇ ਬਦਲੇ ਉਸ ਨੂੰ ਸ਼ਰਾਬੀ ਤੇ ਐਬੀ ਤੇਜੇ ਕਾਣੇ ਕੋਲ ਵੇਚ ਦਿੱਤਾ ਜਾਂਦਾ ਹੈ। ਨਾਵਲ ਦੇ ਦੋਵੇਂ ਭਾਗ ਔਰਤ ਦੇ ਭੋਗਣਯੋਗ ਵਸਤੂ ਤੋਂ ਅੱਗੇ ਵਿਕਣਯੋਗ ਵਸਤੂ ਵਿਚ ਤਬਦੀਲ ਹੋ ਜਾਣ ਦੇ ਅਮਾਨਵੀ ਤੇ ਹਿੰਸਕ ਵਰਤਾਰੇ ਨੂੰ ਰੂਪਮਾਨ ਕਰਦੇ ਹਨ। ਇਸ ਨਾਵਲ ਦੀ ਖ਼ਾਸੀਅਤ ਇਸ ਗੱਲ ਵਿਚ ਵੀ ਨਿਹਿਤ ਹੈ ਕਿ ਇਹ ਇਸ ਵਰਤਾਰੇ ਨੂੰ ਨਿਰੰਤਰਤਾ ਵਿਚ ਵਾਪਰਦਾ ਵਿਖਾਉਂਦਾ ਹੈ ਤੇ ਇਸ ਸਮੱਸਿਆ ਦੀ ਜੜ ਵਿਵਸਥਾ ਵਿਚ ਤਲਾਸ਼ਦਾ ਹੈ। ਇਸਦੀ ਨਿਰੰਤਰਤਾ ਇਸ ਤੱਥ ਵਿਚ ਵੇਖੀ ਜਾ ਸਕਦੀ ਹੈ ਕਿ ਦੇਸ਼ ਵੰਡ ਸਮੇਂ ਹੋਏ ਫਸਾਦਾਂ ਸਮੇਂ ਜੇ ਬਸ਼ੀਰਾਂ ਵਰਗੀਆਂ ਔਰਤਾਂ ਵਿਕਦੀਆਂ ਹਨ ਤਾਂ ਵੰਡ ਤੋਂ ਬਾਅਦ ਭਾਰਤ ਦੇ ਪਛੜੇ ਖਿੱਤਿਆਂ ਜਿਵੇਂ ਯੂ.ਪੀ., ਬਿਹਾਰ ਦੀਆਂ ਔਰਤਾਂ ਵਿਕ ਰਹੀਆਂ ਹਨ। ਸੁਰਜੀ, ਸਰਸਵਤੀ ਤੇ ਦੇਵਕੀ ਅਜਿਹੀਆਂ ਔਰਤਾਂ ਦੀ ਤਰਜਮਾਨੀ ਕਰਦੀਆਂ ਹਨ। ਇਸ ਸਮੱਸਿਆ ਦੀ ਜੜ ਅਮਾਨਵੀ ਪ੍ਰਬੰਧ ਵਿਚੋਂ ਤਲਾਸ਼ਣ ਕਰਕੇ ਹੀ ਇਸ ਨਾਵਲ ਵਿਚ ਸਮੱਸਿਆ ਨੂੰ ਤਾਰਕਿਕਤਾ ਸਹਿਤ ਪ੍ਰਸਤੁਤ ਕਰਨਾ ਸੰਭਵ ਹੋਇਆ ਹੈ। ਇਸ ਕਰਕੇ ਹੀ ਇਸ ਨਾਵਲ ਵਿਚਲੇ ਮਰਦ ਪਾਤਰਾਂ ਦਾ ਔਰਤਾਂ ਪ੍ਰਤੀ ਰਵੱਈਆ, ਉਹਨਾਂ ਦਾ ਔਰਤਾਂ ਨੂੰ ਵਸਤਾਂ ਵਾਂਗ ਵੇਚਣ ਤੇ ਖਰੀਦਣ ਦਾ ਅਮਲ, ਮਰਦਾਂ ਦਾ ਔਰਤਾਂ ਪ੍ਰਤੀ ਹਿੰਸਕ ਵਿਵਹਾਰ ਉਹਨਾਂ ਦੀ ਵਿਅਕਤੀਗਤ ਖੋਟ ਦੀ ਥਾਂ ਸਮੁੱਚੀ ਸਮਾਜਕ, ਆਰਥਕ ਤੇ ਸੰਸਕ੍ਰਿਤਕ ਬਣਤਰ ਦੀ ਦੇਣ ਵਜੋਂ ਪੇਸ਼ ਹੋਇਆ ਹੈ। ਮਿਸਾਲ ਵਜੋਂ ਸਿੰਦੂ ਦੀ ਆਪਣੀ ਪਤਨੀ ਦੇਵਕੀ ਨੂੰ ਰੋਹੀ ਦੀਆਂ ਵਧੀਕੀਆਂ ਚੁੱਪ ਕਰਕੇ ਸਹਿਣ ਦੀ ਦਿੱਤੀ ਹਦਾਇਤ ਅਰਧ ਜਗੀਰੂ ਸਮਾਜ ਦੀ ਆਰਥਿਕ ਸੰਸਕ੍ਰਿਤ ਬਣਤਰ ਵਿਚੋਂ ਉਤਪੰਨ ਹੁੰਦੀ ਹੈ। ਜੇਕਰ ਦੇਵਕੀ ਰੋਹੀ ਨਾਲ ਸੰਬੰਧ ਕਾਇਮ ਨਹੀਂ ਕਰਦੀ ਤਾਂ ਸਿੰਦੂ ਨੂੰ ਜ਼ਮੀਨ ਖੁੱਸਣ ਦਾ ਡਰ ਹੈ। ਇਸ ਕਰਕੇ ਉਸਦੀਆਂ ਨਜ਼ਰਾਂ ਵਿਚ ਰੋਹੀ ਦੀ ਵਧੀਕੀ ਵਧੀਕੀ ਨਹੀਂ ਰਹਿੰਦੀ ਸਗੋਂ ਉਸਦਾ ਹੱਕ ਬਣ ਜਾਂਦੀ ਹੈ। ਉਸ ਅਨੁਸਾਰ:

> "ਕੁਛ ਨਹੀਂ ਹੁੰਦਾ, ਉਹਨੇ ਕੀ ਤੇਰੇ ਵਾਲੇ ਲਾਹ ਲੇ ਫੇਰ। ਨਾਲੇ ਉਹਨੂੰ ਕਿਹੜਾ ਪਤਿਉਰੇ ਲੂੰ ਪੀ ਕੇ ਸੁਰਤ ਰਹਿੰਦੀ ਐ ਕੋਈ।" ਸਿੰਦੂ ਦਾ ਇਹ ਜਵਾਬ ਸੁਣ ਕੇ ਦੇਵਕੀ ਦਾ ਅੰਦਰ ਲੀਰਾਂ ਹੋ ਗਿਆ। ਉਸਦੇ ਫਰਿਆਦੀ ਹੰਝੂ ਤਾਂ ਹਮਦਰਦੀ ਭਾਲਦੇ ਸਨ। ਉਸਦਾ ਦਿਲ ਚਾਹੁੰਦਾ ਸੀ ਕਿ ਸਿੰਦੂ ਉਸਦੇ ਅੰਦਰ ਨੂੰ ਪੜ੍ਹ ਲਏ ਤੇ ਉਸਦਾ ਅਸਲ ਮਰਦ ਬਣ ਕੇ ਉਸ ਦੇ ਬਰਾਬਰ ਖੜ੍ਹੇ। ਉਸਦੇ ਹੰਝੂ ਪੂੰਝੇ। ਉਸਨੂੰ ਆਪਣੀ ਬੁੱਕਲ ਵਿਚ ਲੈ ਕੇ ਹੌਸਲਾ ਦੇਵੇ। ਉਲਟਾ ਸਿੰਦੂ ਦੇ ਅਜਿਹੇ ਖਰਵੇ ਤੇ ਬਿਗਾਨੇ ਜਿਹੇ ਬੋਲ ਸੁਣ ਕੇ ਉਸਦਾ ਅੰਦਰ ਤਾਰ-ਤਾਰ ਹੋ ਗਿਆ।

ਮਨੁੱਖੀ ਉਦਾਸੀਆਂ, ਦਵੰਦਾਂ ਤੇ ਵਿਰੋਧਤਾਵਾਂ ਦੀ ਪੇਸ਼ਕਾਰੀ ਲਈ ਨਾਵਲਕਾਰ ਨੇ ਪਾਤਰ ਉਸਾਰੀ ਲਈ ਵਿਭਿੰਨ ਜੁਗਤਾਂ ਵਰਤੀਆਂ ਹਨ। ਇਹਨਾਂ ਵਿਚੋਂ ਮਨੋਵਿਸ਼ਲੇਸ਼ਣੀ ਵਿਧੀ, ਨਾਟਕੀ ਵਿਧੀ ਤੇ ਵਰਣਾਤਮਕ ਵਿਧੀ ਪ੍ਰਮੁੱਖ ਹਨ। ਸਮੁੱਚੇ ਰੂਪ ਵਿਚ ਨਾਵਲ ਦਾ ਗਲਪੀ ਬਿੰਬ ਪਾਤਰਾਂ ਦੀਆਂ ਆਪਸੀ ਤੇ ਪ੍ਰਸਥਿਤੀਆਂ ਨਾਲ ਕਿਰਿਆਵਾਂ-ਪ੍ਰਤਿਕਿਰਿਆਵਾਂ ਵਿਚੋਂ ਉਸਰਦਾ ਹੈ। ਇਹ ਨਾਵਲ ਯੂ.ਪੀ. ਬਿਹਾਰ ਤੋਂ ਖਰੀਦ ਕੇ ਲਿਆਂਦੀਆਂ ਔਰਤਾਂ ਦੀ ਤਰਾਸਦੀ ਨੂੰ ਬਿਆਨਦਾ ਹੈ ਤਾਂ ਸਮਾਜਿਕ ਵਿਵਸਥਾ ਦੀ ਅਮਾਨਵੀ ਬਣਤਰ ਆਪਣੇ ਆਪ ਉਭਰ ਕੇ ਸਾਹਮਣੇ ਆ ਜਾਂਦੀ ਹੈ ।ਭਾਵੇਂ ਔਰਤ ਨੂੰ ਮੰਡੀ ਦੀ ਜਿਨਸ ਵਾਂਗ ਵੇਚੇ ਖਰੀਦੇ ਜਾਣ ਦਾ ਸਿਲਸਲਾ ਵੈਦਿਕ ਕਾਲ ਤੋਂ ਜਾਰੀ ਹੈ, ਪਰ ਇਸ ਦਾ ਮੌਜੂਦਾ ਸਵਰੂਪ ਬਹੁਤ ਘਿਰਨਿਤ , ਨਿੰਦਨਯੋਗ ਤੇ ਗੁੰਝਲਦਾਰ ਬਣ ਗਿਆ ਹੈ ।ਆਪਣੀਆ ਸਮਾਜਿਕ ਜੜ੍ਹਾਂ ਨਾਲੋਂ ਟੁੱਟ ਕੇ ਬਸ਼ੀਰਾਂ ਉਰਫ ਬੰਤ ਕੋਰ, ਜਲ ਕੋਰ,ਸੁਰਜੀ, ਦੇਵਕੀ ਤੇ ਸਰਸਵਤੀ ਵਰਗੀਆਂ ਅਨੇਕਾਂ ਔਰਤਾਂ ਸਮਾਜ ਤੇ ਘਰ ਪਰਿਵਾਰ ਵਿਚ ਆਪਣੀ ਹੋਂਦ ਸਥਾਪਿਤ ਕਰਨ ਲਈ ਤਨ ਮਨ ਨਿਛਾਵਰ ਕਰ ਦੇਂਦੀਆਂ ਹਨ ਫਿਰ ਵੀ ਉਹਨਾਂ ਦੇ ਮੁੱਲ ਖਰੀਦੇ ਹੋਣ ਦੀ ਧਾਰਨਾ ਸਾਰੀ ਉਮਰ ਉਹਨਾਂ ਨੂੰ ਸਮਾਜਿਕ ਚੁਗਿਰਦੇ ਦੀ ਨਫਰਤ ਦਾ ਸ਼ਿਕਾਰ ਬਣਾਈ ਰੱਖਦੀ ਹੈ। ਨਾਵਲਕਾਰ ਪਸ਼ੂ ਧਨ ਵਾਂਗ ਖਰੀਦੀਆਂ ਤੇ ਵੇਚੀਆਂ ਜਾਂਦੀਆਂ ਔਰਤਾਂ ਦੇ ਮਾਨਸਿਕ ਸੰਤਾਪ ਨੂੰ ਮਾਨਵੀ ਧਰਾਤਲ ਤੇ ਉਜਾਗਰ ਕਰਦਾ ਹੈ। ਨਾਵਲ ਅਨੁਸਾਰ ਮੁੱਲ ਖਰੀਦੀਆਂ ਔਰਤਾਂ ਦਾ ਘਰ ਵਿਚ ਸਥਾਈ ਜਾਂ ਅਸਥਾਈ ਵਸੇਬਾ ਘਰ ਦੇ ਮਾਲਕ ਦੀ ਇੱਛਾ 'ਤੇ ਨਿਰਭਰ ਹੁੰਦਾ ਹੈ।ਇਹ ਔਰਤਾਂ ਇਕ ਤੋਂ ਬਾਦ ਦੂਜਾ ਉਜਾੜਾ ਝਲਦਿਆਂ ਨਵੇਂ ਸਿਰੋਂ ਨਵੇਂ ਘਰ ਵਿਚ ਆਪਣੇ ਪੈਰ ਜਮਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਪਰ ਹਰ ਵਾਰ ਇਹਨਾਂ ਦੀਆਂ ਕੋਸ਼ਿਸ਼ਾ ਤੇ ਭਾਰੂ ਪੈਂਦੀਆਂ ਸਮਾਜਿਕ ਤੇ ਆਰਥਿਕ ਪਰਸਥਿਤੀਆਂ ਉਹਨਾਂ ਦੇ ਪੈਰ ਉਖਾੜ ਦੇਂਦੀਆਂ ਹਨ । ਮੁੱਲ ਖਰੀਦੀ ਔਰਤ ਦੇਵਕੀ ਵੱਲੋਂ ਨਾਵਲ ਦੇ ਪਾਤਰ ਸਿੰਦੂ ਨੂੰ ਕੀਤਾ ਇਹ ਸੁਆਲ "ਮੈਨੂੰ ਹੁਣ ਆਗੇ ਵੇਚਦਾ ਤੋ ਨੀ"ਸਮਾਜ ਵਿਚ ਅਜਿਹੀਆਂ ਔਰਤ ਦੀ ਅਤਿਅੰਤ ਤਰਸ ਯੋਗ ਸਥਿਤੀ ਨੂੰ ਉਜਾਗਰ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਰੱਖਦਾ। ਨਾਵਲ ਦੇ ਨਿਰਨਾਇਕ ਸਿੱਟੇ ਅਨੁਸਾਰ ਜੇ ਔਰਤਾਂ ਦੇ ਮੁੱਲ ਵਿੱਕਣ ਦਾ ਕਾਰਣ ਉਤਰ ਪ੍ਰਦੇਸ਼ ਜਾਂ ਬਿਹਾਰ ਵਰਗੇ ਸੂਬਿਆ ਵਿਚ ਪਸਰੀ ਭਿਆਨਕ ਕਿਸਮ ਦੀ ਗਰੀਬੀ ਹੈ ਤਾਂ ਪੰਜਾਬ ਵਿਚ ਇਹਨਾਂ ਨੂੰ ਖਰੀਦਣ ਵਾਲੇ ਜੱਟ ਕਿਸਾਨ ਵੀ ਆਰਥਿਕ ਤੌਰ ਤੇ ਪੂਰੀ ਤਰਾਂ ਥੁੜੇ ਟੁੱਟੇ ਹੁੰਦੇ ਹਨ।ਪੰਜਾਬ ਦੀ ਕਿਸਾਨੀ ਦੀ ਆਰਥਿਕਤਾ ਦਾ ਧੁਰਾ ਵਾਹੀ ਯੋਗ ਜ਼ਮੀਨ ਹੈ । ਵੱਖ ਵੱਖ ਕਾਰਣਾਂ ਕਰਕੇ ਕਿਸਾਨਾਂ ਦੇ ਕਬਜ਼ੇ ਹੇਠਲੀ ਜ਼ਮੀਨ ਘੱਟਣ ਕਰਕੇ ਉਹਨਾਂ ਦਾ ਸਮਾਜਿਕ ਮੱੁਲ ਵੀ ਘੱਟ ਜਾਂਦਾ ਹੈ ਜਿਸ ਕਾਰਣ ਛੋਟੀ ਕਿਸਾਨੀ ਨਾਲ ਸਬੰਧਤ ਬਹੁਤ ਸਾਰੇ ਮੁੰਡੇ ਅਣਵਿਆਹੇ ਹੀ ਰਹਿ ਜਾਂਦੇ

ਹਨ।ਅਜਿਹੇ ਗਰੀਬ ਕਿਸਾਨਾਂ ਦੀਆਂ ਸਮਾਜਿਕ,ਮਾਨਸਿਕ ਤੇ ਜਿਸਮਾਨੀ ਲੋੜਾਂ ਉਹਨਾਂ ਨੂੰ ਮਜਬੂਰ ਕਰਦੀਆਂ ਹਨ ਕਿ ਘਰ ਗ੍ਰਹਿਸਥੀ ਵਸਾਉਣ ਲਈ ਉਹ ਦੂਜਿਆਂ ਸੂਬਿਆ ਵਿੱਚੋਂ ਮੁੱਲ ਦੀਆਂ ਤੀਵੀਆਂ ਲੈ ਆਉਣ। ਫਿਰ ਇਹ ਸਿਲਸਲਾ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦਾ ਰਹਿੰਦਾ ਹੈ।

ਨਾਵਲਕਾਰ ਦਾ ਮੁੱਖ ਬਲ ਤੀਵੀਂਆਂ ਦੀ ਵਸਤੂ ਸਥਿਤੀ ਨੂੰ ਚਿਤਰਨਾ ਹੈ। ਇਸ ਨਾਵਲ ਦਾ ਸਿਰਲੇਖ ਵੀ ਇਹ ਸੰਕੇਤ ਦਿੰਦਾ ਹੈ। ਇਸ ਨਾਵਲ ਵਿਚ ਦੇਸ਼ ਵੰਡ ਤੋਂ ਲੈ ਕੇ ਪੰਜਾਬ ਸੰਕਟ ਦੇ ਦੌਰ ਤੋਂ ਬਾਅਦ ਤੱਕ ਦੇ ਸਮੇਂ ਨੂੰ ਕਲੇਵਰ ਵਿਚ ਲਿਆ ਗਿਆ ਹੈ। ਬਿਰਤਾਂਤਕਾਰ ਦੀ ਦਿਲਚਸਪੀ ਵਿਭਿੰਨ ਸੰਕਟਾਂ ਸਮੇਂ ਔਰਤਾਂ ਦੀ ਸੰਵੇਦਨਾ ਨੂੰ ਪਕੜਨ ਵਿਚ ਹੈ ਪਰ ਬਿਰਤਾਂਤਕਾਰ ਪੰਜਾਬ ਸੰਕਟ ਸਮੇਂ ਔਰਤ ਦੀ ਹੋਣੀ ਨੂੰ ਪਕੜਨ ਤੋਂ ਖੁੰਝ ਗਿਆ ਹੈ ਜੋ ਇਸ ਨਾਵਲ ਦੇ ਬਿਰਤਾਂਤ ਵਿਚ ਸੰਭਵ ਤੇ ਲੋੜੀਂਦੀ ਸੀ। ਇਸ ਨਾਵਲ ਵਿਚ ਸਿੰਦੂ ਤੇ ਰੋਹੀ ਦੀਆਂ ਭੈਣਾਂ ਦਾ ਦੋ ਵਾਰ ਵੇਰਵਾ ਆਉਂਦਾ ਹੈ। ਇਕ ਵਾਰ ਕਾਕੇ ਦੁਆਰਾ ਉਹਨਾਂ ਦਾ ਵਿਆਹ ਕਰਨ ਸਮੇਂ ਤੇ ਬਾਅਦ ਵਿਚ ਸਿੰਦੂ ਦੇ ਆਪਣੀ ਭੈਣ ਕੋਲ ਕਈ ਦਿਨ ਰਹਿ ਕੇ ਆਉਣ ਸਮੇਂ, ਇਸ ਸਮੇਂ ਦੌਰਾਨ ਹੀ ਰੋਹੀ ਪੁਲਿਸ ਹੱਥੋਂ ਮਾਰਿਆ ਜਾਂਦਾ ਹੈ ਤੇ ਸਿੰਦੂ ਵਾਪਿਸ ਘਰ ਪਰਤ ਆਉਂਦਾ ਹੈ। ਇਸ ਤੋਂ ਬਿਨਾ ਕਿਧਰੇ ਵੀ ਉਹਨਾਂ ਦਾ ਜ਼ਿਕਰ ਜਾਂ ਉਹਨਾਂ ਦੀ ਆਪਣੇ ਭਾਈਆਂ ਪ੍ਰਤੀ ਤੜਪ ਅਤੇ ਪੇਕਿਆਂ ਲਈ ਮੋਹ ਨਜ਼ਰ ਨਹੀਂ ਆਉਂਦਾ, ਜੋ ਕਿ ਨਾਵਲ ਦਾ ਖ਼ੂਬਸੂਰਤ ਕਲਾਤਮਕ ਪਾਸਾਰ ਹੋਣਾ ਸੀ। ਇਸ ਤੋਂ ਇਲਾਵਾ ਰੋਹੀ ਦੀ ਤਲਾਸ਼ ਸਮੇਂ ਪੁਲਿਸ ਦਾ ਰਾਜੂ ਦੇ ਨਾਲ-ਨਾਲ ਉਸਦੀਆਂ ਭੈਣਾਂ ਤੱਕ ਪਹੰੁਚਣਾ ਸੁਭਾਵਿਕ ਸੀ। ਇਸ ਸਥਿਤੀ ਵਿਚ ਔਰਤ `ਤੇ ਤਸ਼ੱਦਦ ਦੇ ਅਹਿਮ ਪਾਸਾਰ ਉਭਰ ਸਕਦੇ ਸੀ ਜੋ ਕਿ ਇਸ ਨਾਵਲ ਦੇ ਬਿਰਤਾਂਤ ਵਿਚੋਂ ਗ਼ੈਰਹਾਜ਼ਰ ਹਨ। ਕਈ ਥਾਂ ਬਿਰਤਾਂਤਕ ਤੰਦਾਂ ਨੂੰ ਸਮੇਟਣ ਸਮੇਂ ਕਾਹਲੀ ਨਜ਼ਰ ਆਉਂਦੀ ਹੈ ਜਿਵੇਂ ਬੰਤ ਕੌਰ ਦਾ ਰੋਹੀ ਨੂੰ ਜਨਮ ਦੇਣ ਸਮੇਂ ਮਰ ਜਾਣਾ ਤੇ ਕਾਕੇ ਦਾ ਉਸਤੋਂ ਦਸ ਸਾਲ ਬਾਅਦ ਅਚਾਨਕ ਮਰ ਜਾਣਾ ਤੇ ਜਲਕੁਰ ਦਾ ਪੇਕੀਂ ਤੁਰ ਜਾਣਾ ਆਦਿ। ਜੇਕਰ ਬੰਤ ਕੌਰ ਨੂੰ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਦੀ ਪਾਤਰ ਨੰਦੀ ਵਾਂਗ ਜੀਵਤ ਵੀ ਰੱਖਿਆ ਜਾਂਦਾ ਤੇ ਉਹ ਆਪਣੇ ਪੁੱਤਾਂ ਦੇ ਵਿਆਹ ਲਈ ਤਾਂਘਦੀ ਰਹਿੰਦੀ ਤਾਂ ਇਹ ਹੋਰ ਕਲਾਤਮਕ ਹੁੰਦਾ।

ਨਾਵਲ ਵਿਚ ਵਰਤੀ ਗਈ ਭਾਸ਼ਾ ਪਾਤਰਾਂ ਦੇ ਸਮਾਜਕ ਸੰਸਕ੍ਰਿਤਕ ਪਿਛੋਕੜ ਨੂੰ ਰੂਪਮਾਨ ਕਰਨ ਵਿਚ ਸਹਾਈ ਹੁੰਦੀ ਹੈ। ਜਿਵੇਂ ਦੇਵਕੀ ਦੀ ਭਾਸ਼ਾ ਵਿਚ ਪੰਜਾਬੀ ਤੇ ਹਿੰਦੀ ਦਾ ਮਿਲਗੋਭਾ ਉਸਦੇ ਗ਼ੈਰ-ਪੰਜਾਬੀ ਹੋਣ ਵੱਲ ਸੰਕੇਤ ਕਰਦਾ ਹੈ। ਇਸ ਤਰ੍ਹਾਂ ਹੀ ਵੱਖ-ਵੱਖ ਪਾਤਰਾਂ ਦੀ ਸਮਾਜਕ ਸਥਿਤੀ ਅਨੁਸਾਰ ਮਲਵਈ ਉਪਭਾਸ਼ਾ ਦੀ ਵਰਤੋਂ ਰਾਹੀਂ ਭਾਸ਼ਾਈ ਵਖਰੇਵੇਂ ਵੀ ਸਾਕਾਰ ਹੁੰਦੇ ਹਨ। ਇਸ ਨਾਵਲ ਵਿਚ ਬਿਰਤਾਂਤਕਾਰ ਵਿਅੰਗਮਈ ਸ਼ੈਲੀ ਦੀ ਵਰਤੋਂ ਰਾਹੀਂ ਸਿਸਟਮ `ਤੇ ਸੂਖਮ ਟਿੱਪਣੀਆਂ ਕਰਦਾ ਹੈ। ਮਿਸਾਲ ਵਜੋਂ ਬਸ਼ੀਰਾਂ ਦੇ ਪੁੱਤਰ ਦੇ ਕਤਲ ਸਮੇਂ ਦੇ ਸੰਵਾਦ ਵੇਖੇ ਜਾ ਸਕਦੇ ਹਨ:

> "ਇਹਨੂੰ ਸਿੱਟ ਪਰ੍ਹਾਂ ਸੂਰ ਦੇ ਬੀਅ ਨੂੰ।" ਆਦਮੀ ਨੇ ਬਸ਼ੀਰਾਂ ਦੀ ਛਾਤੀ ਨਾਲੋਂ ਤੋੜ ਨਜ਼ੀਰ ਨੂੰ ਬੇ-ਰਹਿਮੀ ਨਾਲ ਪਰ੍ਹਾਂ ਵਗਾਹ ਮਾਰਿਆ।
>
> "ਹਾਏ! ਭਾਈ! ਮੇਰਾ ਬੱਚਾ।" ਉਸਨੇ ਪੱਥਰ ਦੇ ਬੰਦਿਆਂ ਅੱਗੇ ਹੱਥ ਜੋੜੇ।
>
> .... ਬਸ਼ੀਰਾਂ ਦੀਆਂ ਦਾਦ ਫਰਿਆਦਾਂ ਪੈਰਾਂ ਹੇਠ ਲਿਤਾੜਦੇ ਉਹ ਉਸਨੂੰ ਬਜਾਰੇ ਵਿਚ ਲੈ ਵੜੇ। .... ਧਾੜਵੀ ਬਾਜਰੇ `ਚੋਂ ਨਿਕਲ ਕੇ ਆਪਣੀ ਜਿੱਤ ਦੇ ਜਸ਼ਨ ਮਨਾਉਂਦੇ ਜਾ ਰਹੇ ਸਨ। ਮਰਦਾਂ ਦੀ ਮਰਦਾਨਗੀ ਦੀ ਮਾਰੀ ਇਕ ਤੀਵੀਂ ਬਾਜਰੇ ਵਿਚ ਅੱਧ-ਮਰੀ, ਦਰਦ ਨਾਲ ਨਪੀੜੀ ਪਈ ਸਿਸਕੀਆਂ ਭਰ ਰਹੀ ਸੀ।

ਸੰਖੇਪ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਔਰਤ ਦੇ ਸਰੀਰਕ, ਮਾਨਸਿਕ ਸ਼ੋਸ਼ਣ ਦੇ ਨਾਲ-ਨਾਲ ਇਕ ਮਾਂ ਦੇ ਮਮਤਾਈ ਮੋਹ ਨੂੰ ਚਿਤਰਦਾ ਹੋਇਆ ਮਾਂ ਦੇ ਦੁਖਾਂਤ ਨੂੰ ਵੀ ਰੂਪਮਾਨ ਕਰਦਾ ਹੈ। ਬਸ਼ੀਰਾਂ ਤੇ ਦੇਵਕੀ ਅਜਿਹੀਆਂ ਮਾਂਵਾਂ ਹਨ। ਰਾਜੂ ਤੇ ਰੋਡੀ ਦੀ ਹੋਣੀ ਇਹਨਾਂ ਸਰਾਪੀਆਂ ਔਰਤਾਂ ਦੇ ਬੱਚਿਆਂ ਦੀ ਹੋਣੀ ਬਣ ਜਾਂਦੀ ਹੈ। ਸਰਾਪਿਆ ਬਚਪਨ ਸਾਂਝਾਂ ਲਈ ਸਹਿਕਦਾ ਹੈ। ਇਹ ਨਾਵਲ ਔਰਤ ਦੀ ਸਥਿਤੀ ਦਾ ਨਿਰੂਪਣ ਇਤਿਹਾਸਕ ਪ੍ਰਸਥਿਤੀਆਂ ਦੇ ਸਨਮੁਖ ਕਰਦਾ ਹੈ। ਇਸ ਕਰਕੇ ਕਿਸਾਨੀ ਦੀ ਨਿਘਰਦੀ ਹਾਲਤ, ਪੰਜਾਬ ਸੰਕਟ ਆਦਿ ਦੇ ਵੇਰਵੇ ਵੀ ਨਾਵਲ ਵਿਚੋਂ ਉਭਰਦੇ ਹਨ ਜੋ ਸਮੱਸਿਆਵਾਂ ਦਾ ਵਿਵੇਕ ਸਿਰਜਦੇ ਹੋਏ ਨਾਵਲ ਦੀ ਕਲਾਤਮਕ ਸਮਰੱਥਾ ਬਣਦੇ ਹਨ।

ਡਾ. ਬੋਹਾ ਨੇ ਲਿਖਿਆ ਹੈ ਕਿ ਇਸ ਤਰਾਂ ਇਹ ਨਾਵਲ ਪੰਜਾਬ ਵਿਚ ਰਹਿੰਦੀਆਂ ਪਰ ਆਪਣੀਆ ਜੜਾਂ ਨਾਲੋਂ ਉਖੜੀਆਂ ਪਰਵਾਸੀ ਔਰਤਾਂ ਦੇ ਦੁਖਾਂਤ ਤੇ ਇਸ ਨਾਲ ਅੰਤਰ ਸਬੰਧਤ ਛੋਟੀ ਕਿਸਾਨੀ ਦੇ ਆਰਥਿਕ ਸੰਕਟ ਦੀਆ ਬਹੁਤ ਸਾਰੀਆਂ ਲੁਕਵੀਆਂ ਪਰਤਾਂ ਉਘੇੜਣ ਵਿਚ ਸਫਲ ਰਿਹਾ ਹੈ।ਪੰਜਾਬ ਸੰਕਟ ਦੌਰਾਨ ਰੋਹੀ ਦਾ ਖਾੜਕੂਆ ਦੇ ਭੇਸਧਾਰੀ ਲੁਟੇਰਿਆ ਵਿਚ ਸ਼ਾਮਿਲ ਹੋਣਾਂ ਜਾਂ ਸਿੰਦੂ ਦਾ ਡੇਰੇ ਦਾ ਸਾਧ

ਬਨਣ ਪਿੱਛੇ ਵੀ ਉਹਨਾਂ ਦੀ ਟੁੱਟੀ ਹੋਈ ਆਰਥਿਕਤਾ ਹੀ ਕਾਰਜਸ਼ੀਲ ਹੈ। ਨਾਵਲ ਛੋਟੀ ਕਿਸਾਨੀ ਦੇ ਜੀਵਨ ਸੰਘਰਸ ਦੀਆਂ ਕਈ ਪਰਤਾਂ ਫਰੋਲਦਾ ਹੈ ਪਰ ਸਮੇ ਦੀ ਸੀਮਾ ਮੈਨੂੰ ਇਹਨਾਂ ਦੇ ਵਿਸਥਾਰ ਵਿਚ ਜਾਣ ਦੀ ਆਗਿਆ ਨਹੀਂ ਦੇਂਦੀ। ਨਾਵਲ ਵਿਚਲੀਆਂ ਘਟਨਾਵਾਂ ਬੱਝਵੀਂ ਤਰਤੀਬ ਵਿਚ ਪੇਸ਼ ਹੋਈਆਂ ਹਨ ਤੇ ਇਹਨਾਂ ਦਾ ਸੰਪਾਦਨ ਵੀ ਬਹੁਤ ਸੁੱਚਜਾ ਹੈ।ਭਾਵੇਂ ਨਾਵਲੀ ਪਾਠ ਦੇ ਪ੍ਰਭਾਵ ਨੂੰ ਵਧੇਰੇ ਸੰਵੇਦਨਾਤਮਕ ਤੇ ਮਾਰਮਿਕ ਬਣਾਉਣ ਲਈ ਨਾਵਲਕਾਰ ਨੇ ਇਕ ਦੋ ਥਾਈਂ ਘਟਨਾਕ੍ਰਮ ਨੂੰ ਸੁਭਾਵਿਕਤਾ ਦੀਆਂ ਹੱਦਾਂ ਪਾਰ ਕਰਨ ਦੀ ਇਜ਼ਾਜਤ ਦਿੱਤੀ ਹੈ ਫਿਰ ਵੀ ਇਹ ਨਾਵਲ ਪਾਠਕੀ ਮਨਾਂ 'ਤੇ ਬੱਝਵਾਂ ਪ੍ਰਭਾਵ ਸਕਣ ਵਿਚ ਸਫਲ ਵਿਖਾਈ ਦੇਂਦਾ ਹੈ।ਕੁਲ ਮਿਲਾ ਕੇ ਨਾਵਲ ਦੀ ਸੰਗਨਾਠਤਮਕ ਬਣਤਰ ਕਸਵੀਂ ਹੀ ਰਹੀ ਹੈ।ਇਸ ਨਾਵਲ ਵਿਚ ਨਾਂ ਤਾਂ ਬੇਲੋੜੇ ਪਾਤਰਾਂ ਦੀ ਭਰਮਾਰ ਹੈ ਤੇ ਨਾਂ ਹੀ ਘਟਨਾਵਾਂ ਦਾ ਵਾਧੂ ਖਿਲਾਰਾ। ਸਾਰੇ ਪਾਤਰ ਆਪਣੇ ਕਾਰਜ਼ ਖੇਤਰ ਵਿਚ ਵਿਚਰਦਿਆਂ ਇਕ ਨਿਸਚਿਤ ਅਨੁਸ਼ਾਸ਼ਨ ਵਿਚ ਰਹਿ ਕੇ ਨਾਵਲ ਦੀ ਕਹਾਣੀ ਨੂੰ ਅੱਗੇ ਤੋਰਦੇ ਹਨ। ਨਾਵਲ ਦੀ ਚਾਲ ਬੜੀ ਤੇਜ ਹੈ। ਪੁਰਾਨੇ ਨਾਵਲਕਾਰਾਂ ਵਾਂਗ ਨਾਵਲ ਦਾ ਕੋਈ ਕਾਂਡ ਸ਼ੁਰੂ ਕਰਨ ਤੋਂ ਪਹਿਲਾਂ ਸਤੌਜ ਕੋਈ ਲੰਬੀ ਚੌੜੀ ਭੂਮਿਕਾ ਨਹੀਂ ਬਨ੍ਹਦਾ ਸਗੋਂ ਤੱਟ ਫੱਟ ਆਪਣੇ ਪਾਠਕਾਂ ਨੂੰ ਸਮਾਜਿਕ ਯਥਾਰਥ ਦੀ ਕਿਸੇ ਝਾਕੀ ਅੱਗੇ ਲਿਆ ਖੜ੍ਹਾ ਕਰਦਾ ਹੈ।ਨਾਵਲਕਾਰ ਨੂੰ ਨਾਵਲੀ ਕਥਾ ਤੇ ਇਸ ਦੀਆਂ ਬਿਰਤਾਂਤਕ ਜੁਗਤਾਂ ਦੀ ਚੰਗੀ ਸਮਝ ਹੈ।ਨਾਵਲ ਵਿਚਲੀ ਕਥਾ ਵਸਤੂ ਦੀ ਪੇਸ਼ਕਾਰੀ ਲਈ ਵਰਤੀਆਂ ਜੁਗਤਾਂ ਜਿਥੇ ਮੌਲਿਕ ਤੇ ਨਿਵੇਕਲੀਆਂ ਹਨ ਉਥੇ ਇਹ ਪੰਜਾਬੀ ਨਾਵਲ ਨੂੰ ਅੱਗੇ ਲੈ ਕੇ ਜਾਣ ਵਾਲੀਆ ਵੀ ਹਨ। ਨਾਵਲ ਵਿਚ ਕਹਾਣੀ ਰੱਸ ਕਮਾਲ ਦਾ ਹੈ। ਇਕ ਵਾਰੀ ਨਾਵਲ ਦਾ ਪਾਠ ਸ਼ੁਰੂ ਕਰਨ 'ਤੇ ਇਸ ਨੂੰ ਵਿਚਾਲਿਓ ਛੱਡਣ ਦਾ ਦਿਲ ਨਹੀਂ ਕਰਦਾ।ਇਸ ਨਾਵਲ ਦੇ ਪਾਠ ਦੌਰਾਨ 'ਅੱਗੇ ਕੀ ਹੋਇਆ' ਜਾਨਣ ਸਬੰਧੀ ਪਾਠਕੀ ਉਤਸੁਕਤਾ ਲਗਾਤਾਰ ਬਰਕਰਾਰ ਰਹਿੰਦੀ ਹੈ।ਨਾਵਲ ਦੇ ਪਾਤਰਾਂ ਦਾ ਆਪਸੀ ਵਾਰਤਾਲਾਪ , ਬੋਲੀ ਤੇ ਸ਼ੈਲੀ ਪੰਜਾਬ ਦੇ ਮਲਵਈ ਉਪ ਸਭਿਆਚਾਰ ਨੂੰ ਸਜੀਵ ਰੂਪ ਵਿਚ ਰੂਪਮਾਨ ਕਰ ਜਾਂਦੇ ਹਨ। ਮਲਵਈ ਸਭਿਆਚਾਰ ਦੀ ਪੇਸ਼ਕਾਰੀ ਪੱਖੋਂ ਇਹ ਨਾਵਲ ਗੁਰਦਿਆਲ ਸਿੰਘ ਤੇ ਰਾਮਸਰੂਪ ਅਣਖੀ ਵੱਲੋਂ ਸ਼ੁਰੂ ਕੀਤੀ ਅਜਿਹੀ ਪ੍ਰੰਪਰਾ ਦਾ ਪੂਰਕ ਹੈ।ਭਾਵੇਂ ਇਸ ਨਾਵਲ ਦੇ ਪ੍ਰਕਾਸ਼ਕ ਨੇ ਇਸ ਨੂੰ ਪੰਜਾਬ ਵਿਚਲੀਆਂ ਪਰਵਾਸੀ ਔਰਤਾਂ ਦੇ ਦੁਖਾਂਤ ਤੇ ਲਿਖਿਆ ਪਹਿਲਾ ਨਾਵਲ ਕਰਾਰ ਦਿੱਤਾ ਹੈ ਪਰ ਮੈਂ ਇਸ ਨੂੰ ਇਸੇ ਹੀ ਇਸੇ ਹੀ ਵਿਸ਼ੇ 'ਤੇ ਲਿਖੇ ਪ੍ਰਸਿਧ ਨਾਵਲਕਾਰ ਰਾਮਸਰੂਪ ਅਣਖੀ ਦੇ ਨਾਵਲ 'ਗੇਲੋ' ਦੇ ਅਗਲੇ ਵਿਸਥਾਰ ਵਜੋਂ ਸਵੀਕਾਰਦਾ ਹਾਂ।ਇਸ ਨਾਵਲ ਰਾਹੀਂ ਪੇਸ਼ ਹੋਏ ਸਮਾਜਿਕ ਯਥਾਰਥ ਤੇ ਇਸ ਦੀ ਸਾਹਿਤਕ ਪ੍ਰਸਤੁੱਤੀ ਲੇਖਕ ਨੂੰ ਆਪਣੇ ਸਮੇ ਦਾ ਸਮਰੱਥ ਨਾਵਲਕਾਰ ਕਰਾਰ ਦੇਂਦੀ ਹੈ। ਅਸੀਂ ਇਸ ਨਾਵਲਕਾਰ ਤੋਂ ਆਉਣ ਵਾਲੇ ਸਮੇ ਵਿਚ ਸ਼ਾਹਕਾਰ ਗਲਪੀ ਰਚਨਾਵਾਂ ਦੀ ਆਸ ਰੱਖ ਸਕਦੇ ਹਾਂ।

## ਸਾਰ-ਅੰਸ਼

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਪਰਗਟ ਸਤੌਜ ਨੇ ਆਪਣੇ ਨਾਵਲ 'ਤੀਵੀਆਂ' ਵਿੱਚ ਸੰਤਾਪ ਹੰਢਾ ਰਹੀਆਂ ਔਰਤਾਂ ਦੀ ਤ੍ਰਾਸਦਿਕ ਸਥਿਤੀ ਨੂੰ ਰੇਖਾਂਕਿਤ ਕੀਤਾ ਹੈ। ਭਾਰਤੀ ਸਮਾਜ ਅਤੇ ਸਭਿਆਚਾਰ ਵਿੱਚ ਔਰਤ ਮਹਿਜ ਵਸਤ ਹੋਣ ਦਾ ਸੰਤਾਪ ਭੋਗਦੀ ਜੂਨ ਕੱਟ ਰਹੀ ਹੈ। ਔਰਤ ਦੀ ਬੇਬਸੀ ਦੇ ਸਮਾਨਾਂਤਰ ਇਹ ਨਾਵਲ ਪੰਜਾਬ ਦੀ ਨਿਮਨ ਕਿਸਾਨੀ ਦੇ ਦੁਖਾਂਤ, ਆੜਤੀਆਂ ਦੀ ਲੁੱਟ-ਖਸੁੱਟ, ਨਸ਼ਿਆਂ ਵਿਚ ਗਲਤਾਨ ਪੀੜ੍ਹੀ, ਭ੍ਰਿਸ਼ਟ ਪੁਲਿਸ ਪ੍ਰਬੰਧ ਆਦਿ ਸਰੋਕਾਰਾਂ ਨੂੰ ਆਪਣੇ ਕਲੇਵਰ ਵਿੱਚ ਲੈਂਦਾ ਹੋਇਆ ਇਹਨ ਨਾਵਲ ਇਹਨਾਂ ਸਮਸਿਆਂ ਦੇ ਵਿਭਿੰਨ ਪਸਾਰਾਂ ਅਤੇ ਪਰਤਾਂ ਨੂੰ ਰੂਪਮਾਨ ਕਰਦਾ ਹੈ।

## ਮੁੱਖ/ਕੇਂਦਰੀ ਸ਼ਬਦ:

- ਲੋਕਤੰਤਰ---ਵੋਟਾਂ ਦੁਆਰਾ ਚੁਣਿਆਂ ਪ੍ਰਬੰਧ
- ਵਾਸਤਵਿਕਤਾ---ਸੱਚਾਈ
- ਆਧੁਨਿਕਤਾ---ਸਥਿਤੀ
- ਕਲਪਾਨਤਮਿਕ---ਕਾਲਪਨਿਕ
- ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

ਪ੍ਰਸ਼ਨ 1. ਪ੍ਰਗਟ ਸਤੌਜ ਦਾ ਜਨਮ ਕਦੋਂ ਹੁੰਦਾ ਹੈ?

ੳ 1978

ਅ 1979

ੲ 1980

ਸ 1981

ਪ੍ਰਸ਼ਨ 2. ਪ੍ਰਗਟ ਸਤੌਜ ਨੂੰ ਯੁਵਾ ਅਵਾਰਡ ਕਦੋਂ ਮਿਲਦਾ ਹੈ?

ੳ 2011

ਅ 2012

ੲ 2013

ਸ 2014

ਪ੍ਰਸ਼ਨ 3. ਭਾਗੂ ਪੁਸਤਕ ਕਿਸਦੀ ਹੈ?

ੳ ਪ੍ਰਗਟ ਸਤੌਜ

ਅ ਅੰਮ੍ਰਿਤਾ ਪ੍ਰੀਤਮ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 4. ਪਰਗਟ ਸਿੰਘ ਸਤੌਜ ਦਾ 'ਤੀਵੀਆਂ ' ਨਾਵਲ ਕਦੋਂ ਪ੍ਰਕਾਸ਼ਿਤ ਹੁੰਦਾ ਹੈ?

ੳ 2012

ਅ 2008

ੲ 2000

ਸ 2006

ਪ੍ਰਸ਼ਨ 5. ਪਰਗਟ ਸਿੰਘ ਸਤੌਜ ਦਾ ਇਹ ਨਾਵਲ "ਤੀਵੀਂਆਂ" ਮਾਲਵਾ ਖੇਤਰ ਦੇ ਕਿਰਸਾਨੀ ਸਮਾਜ ਵਿੱਚ ਘਰ ਦੀ ਤਲਾਸ਼ ਕਰਦੀਆਂ ਇਸਤਰੀਆਂ ਦੀ ਤਰਾਸਦੀ ਨੂੰ ਪੇਸ਼ ਕਰਦਾ ਹੈ। ਮੇਰੀ ਜਾਣਕਾਰੀ ਵਿੱਚ ਪੰਜਾਬੀ ਗਲਪ ਵਿੱਚ ਇਹ ਪਹਿਲੀ ਰਚਨਾ ਹੈ ਜੋ ਕਿਸੇ ਭੂ-ਖੰਡੀ ਸਮਾਜਕ ਬਣਤਰ ਦਾ ਏਨਾ ਡੂੰਘਾ ਅਤੇ ਗੰਭੀਰ ਵਿਸਲੇਸ਼ਣ ਕਰਦੀ ਹੈ।

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਡਾ.ਰਜਨੀਸ਼ ਬਹਾਦਰ ਸਿੰਘ

ਅ ਹਰਪ੍ਰੀਤ ਕੌਰ

ੲ ਤੇਜਵੰਤ ਮਾਨ

ਸ ਚਰਨਜੀਤ ਕੌਰ

ਪ੍ਰਸ਼ਨ 6. ਤੀਵੀਆਂ ਨਾਵਲ ਸਿਰਫ਼ ਔਰਤ ਦੇ ਸੰਕਟ ਨੂੰ ਜਜ਼ਬਾਤੀ ਸ਼ੈਲੀ ਵਿੱਚ ਪੇਸ਼ ਕਰਨ ਤੱਕ ਸੀਮਤ ਨਹੀਂ ਸਗੋਂ ਇੱਕ ਇਤਿਹਾਸਕ ਅੰਤਰਾਲ ਵਿੱਚ ਕਿਸਾਨੀ ਦੇ ਬਹੁ-ਪੱਖੀ ਅਤੇ ਬਹੁ-ਪਸਾਰੀ ਸੰਕਟਾਂ ਨੂੰ ਪੇਸ਼ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਡਾ.ਰਜਨੀਸ਼ ਬਹਾਦਰ ਸਿੰਘ

ਅ ਹਰਪ੍ਰੀਤ ਕੌਰ

ੲ ਤੇਜਵੰਤ ਮਾਨ

ਸ ਚਰਨਜੀਤ ਕੌਰ

ਪ੍ਰਸ਼ਨ 7. ਪਰਗਟ ਸਿੰਘ ਸਤੌਜ ਦਾ ਹਥਲਾ ਨਾਵਲ 'ਤੀਵੀਂਆਂ' ਵਸਤੂਗਤ ਹੋਂਦ ਹੰਢਾ ਰਹੀ ਔਰਤ ਦੀ ਤ੍ਰਾਸਦਿਕ ਸਥਿਤੀ ਦੇ ਵਿਸਤ੍ਰਿਤ ਪਾਸਾਰਾਂ ਵਿਚੋਂ ਰੂਪ ਧਾਰਦਾ ਹੈ। ਇਸਦੀ ਵਿਸ਼ੇਸ਼ਤਾ ਤੀਵੀਂਆਂ ਨੂੰ ਕੇਂਦਰ ਵਿਚ ਰੱਖ ਕੇ ਪੰਜਾਬ ਦੇ ਭੂਤ, ਵਰਤਮਾਨ ਤੇ ਭਵਿੱਖ ਦਾ ਤ੍ਰੈਕਾਲਿਕ ਦ੍ਰਿਸ਼ ਉਸਾਰਨ ਵਿਚ ਨਿਹਿਤ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਡਾ.ਰਜਨੀਸ਼ ਬਹਾਦਰ ਸਿੰਘ

ਅ ਚਰਨਜੀਤ ਕੌਰ

ੲ ਤੇਜਵੰਤ ਮਾਨ

ਸ ਹਰਪ੍ਰੀਤ ਕੌਰ

ਪ੍ਰਸ਼ਨ 8. ਔਰਤ ਦੇ ਦਮਨ ਨੂੰ ਜੈਂਡਰ ਦੇ ਵਖਰੇਵੇਂ ਅਤੇ ਕਾਮੁਕਤਾ ਵਿੱਚ ਮੰਨਦਾ ਹੈ ਇਹ ਔਰਤ ਦੇ ਆਪਣੇ ਸ਼ਰੀਰ ਉੱਪਰ ਸੁਤੰਤਰ ਹੋਂਦ ਦੀ ਪੈਰਵੀ ਕਰਦਾ ਹੈ ਭਾਵ ਲਿੰਗਕ ਆਜ਼ਾਦੀ ਦੀ ਗੱਲ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 9. ਗਲਤ ਮਲਤ ਜ਼ਿੰਦਗੀ ਕੀ ਹੈ?

ੳ ਗੀਤ ਸੰਗ੍ਰਹਿ

ਅ ਕਹਾਣੀ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਖੁੱਲ੍ਹ ਕਵਿਤਾ

ਪ੍ਰਸ਼ਨ 10. ਤੇਰਾ ਪਿੰਡ ਰਚਨਾ ਕੀ ਹੈ?

ੳ ਗੀਤ ਸੰਗ੍ਰਹਿ

ਅ ਕਾਵਿ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਖੁੱਲ੍ਹ ਕਵਿਤਾ ਸੰਗ੍ਰਹਿ

ਪ੍ਰਸ਼ਨ 11. ਸਮਕਾਲੀ ਪੰਜਾਬੀ ਕਵਿਤਾ:ਪ੍ਰਤਿਰੋਧੀ ਪ੍ਰਵਚਨ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਨੀਤੂ ਅਰੋੜਾ

ਸ ਚਰਨਜੀਤ ਕੌਰ

ਪ੍ਰਸ਼ਨ 12. ਨਾਰੀ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ? ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਚਰਨਜੀਤ ਕੌਰ

ੲ ਹਰਜਿੰਦਰ ਵਾਲੀਆ

ਸ ਨੀਤੂ ਅਰੋੜਾ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਨਾਚਫ਼ਰੋਸ਼ ਰਚਨਾ ਕੀ ਹੈ?

ੳ ਨਾਵਲ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਗੀਤ ਸੰਗ੍ਰਹਿ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਸ | 2. ਅ | 3. ੳ | 4. ੳ | 5. ੲ |
| 6. ੳ | 7. ਸ | 8. ੲ | 9. ਅ | 10. ਅ |
| 11.ੲ | 12. ੳ | 13. ੳ | 14. ਅ | 15. ੳ |

## ਅਭਿਆਸ ਪ੍ਰਸ਼ਨ

1. ਪਰਗਟ ਸਿੰਘ ਸਤੌਜ ਦੇ ਜੀਵਨ ਅਤੇ ਸਾਹਿਤਕ ਸੰਸਾਰ ਉਪਰ ਨੋਟ ਲਿਖੋ।
2. ਪਰਗਟ ਸਿੰਘ ਸਤੌਜ ਦੀ ਗਲਪ ਦ੍ਰਿਸ਼ਟੀ ਦਾ ਵਰਣਨ ਆਪਣੇ ਸ਼ਬਦਾਂ ਵਿਚ ਕਰੋ।
3. ਨਾਵਲ 'ਤੀਵੀਆਂ' ਵਿਚਲੇ ਨਾਰੀ ਪਾਤਰਾਂ ਦਾ ਵਿਸਥਾਰ ਸਹਿਤ ਵਰਣਨ ਕਰੋ।
4. ਨਾਵਲ 'ਤੀਵੀਆਂ' ਦੇ ਆਧਾਰ ਉਪਰ ਪਰਗਟ ਸਿੰਘ ਸਤੌਜ ਦੀ ਨਾਰੀ ਚੇਤਨਾ ਦਾ ਵਿਵੇਚਨ ਕਰੋ।

## Further Reading


- ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2013.


**Online Links**

https://punjabipedia.org/topic.aspx?txt=%E0%A8%A8%E0%A8%BE%E0%A8%B0%E0%A9%80-%E0%A8%9A%E0%A9%87%E0%A8%A4%E0%A8%A8%E0%A8%BE

https://suhisaver.org/index.php?cate=12&&tipid=410

https://euroasiapub.org/wp-content/uploads/2019/11/101esspargatsinghl-Dec-7521-1.pdf

# Unit 09: ਪੰਜਾਬੀ ਨਾਰੀ ਕਹਾਣੀ: ਇਤਿਹਾਸਕ ਪਰਿਪੇਖ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਕਹਾਣੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਕਹਾਣੀ ਦੇ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਨਾਰੀ ਕਹਾਣੀ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਪੰਜਾਬੀ ਨਾਰੀ ਕਹਾਣੀ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਨਾਰੀ ਕਹਾਣੀ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਕਹਾਣੀ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਪੰਜਾਬੀ ਕਹਾਣੀ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਪੰਜਾਬੀ ਨਾਰੀ ਕਹਾਣੀ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਪੰਜਾਬੀ ਨਾਰੀ ਕਹਾਣੀ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ।ਆਧੁਨਿਕ ਯੁੱਗ ਵਿੱਚ ਪੰਜਾਬੀ ਨਾਰੀ ਕਹਾਣੀ ਦਾ ਮਹੱਤਵ ਇਤਨਾ ਵੱਧ ਗਿਆ ਹੈ ਕਿ ਇਸ ਨੂੰ ਧਰਮ,ਰਾਜ,ਅਤੇ ਪਰਜਾ ਦੀਆਂ ਤਿੰਨ ਸੰਸਥਾਵਾਂ ਦੇ ਬਰਾਬਰ ਲਿਆ ਖੜ੍ਹਾ ਕੀਤਾ ਜਾਂਦਾ ਹੈ।

ਆਧੁਨਿਕ ਪੰਜਾਬੀ ਕਹਾਣੀ ਪੰਜਾਬੀ ਸਾਹਿਤ ਦੀ ਇੱਕ ਰੂਪਗਤ ਵਿਧਾ ਹੈ। ਇਹ ਪੰਜਬੀ ਗਲਪ ਵਿੱਚ ਨਾਵਲ ਤੋਂ ਬਾਦ ਦੂਜੇ ਸਥਾਨ ਤੇ ਹੈ। ਆਧੁਨਿਕ ਕਹਾਣੀ ਵਿੱਚ ਆਮ ਮਨੁਖ ਦੇ ਮਾਨਵੀ ਸੰਦਰਭ ਨੂੰ ਚਿਤਰਿਆ ਗਿਆ ਹੈ। ਆਧੁਨਿਕ ਕਹਾਣੀ ਦੀ ਪੇਸ਼ਕਾਰੀ ਵਿੱਚ ਸੰਕੇਤਕ ਅਤੇ ਪ੍ਰਤੀਕਾਤਮਕ ਵਿਧੀ ਆਪਣਾਉਂਦੀ ਹੈ। ਸੰਕੇਤਾਂ ਅਤੇ ਪ੍ਰਤੀਕਾਂ ਦੀ ਵਰਤੋਂ ਆਧੁਨਿਕ ਪੰਜਾਬੀ ਕਹਾਣੀ ਸੁਚੇਤ ਪਾਠਕ ਦੀ ਮੰਗ ਕਰਦੀ ਹੈ। ਨਿੱਕੀ ਕਹਾਣੀ ਆਧੁਨਿਕ ਗਲਪ ਸਾਹਿਤ ਦੀ ਇੱਕ ਵਿਧਾ ਹੈ। ਇਹ ਆਮ ਤੌਰ ਤੇ ਬਿਰਤਾਂਤਕ ਵਾਰਤਕ ਵਿੱਚ ਲਿਖੀ ਜਾਂਦੀ ਸੰਖੇਪ ਸਾਹਿਤਕ ਸਿਰਜਣਾ ਹੁੰਦੀ ਹੈ। ਨਿੱਕੀ ਕਹਾਣੀ 19 ਵੀਂ ਸਦੀ ਵਿੱਚ ਪਤ੍ਰਿਕਾ ਪ੍ਰਕਾਸ਼ਨ ਨਾਲ ਉਭਰੀ, ਚੈਖਵ ਦੇ ਨਾਲ ਆਪਣੀ ਸਿਖਰ ਤੱਕ ਪਹੁੰਚ ਗਈ, ਅਤੇ 20ਵੀਂ ਸਦੀ ਦੇ ਕਲਾ ਰੂਪਾਂ ਵਿੱਚ ਇੱਕ ਅਹਿਮ ਰੂਪ ਬਣ ਗਈ ਨਿੱਕੀ ਕਹਾਣੀ ਵਿੱਚ ਇੱਕ ਘਟਨਾ/ਅਨੁਭਵ ਨੂੰ ਥੋੜੇ ਪਾਤਰਾਂ ਰਾਹੀ ਪੇਸ਼ ਕੀਤਾ ਜਾਂਦਾ ਹੈ। ਇਸ ਵਿੱਚ ਕਿਸੇ ਅਨੁਭਵ ਨੂੰ ਮਾਨਵੀ ਸੰਦਰਭ ਵਿੱਚ ਪੇਸ਼ ਕੀਤਾ ਜਾਂਦਾ ਹੈ। ਪੰਜਾਬੀ ਕਹਾਣੀ ਆਧੁਨਿਕ ਪੰਜਾਬੀ ਸਾਹਿਤ ਦਾ ਵਿਕਸਤ ਅਤੇ ਲੋਕਪ੍ਰਿਯ ਰੂਪਾਕਾਰ ਹੈ । ਇਸ ਲੋਕਪ੍ਰਿਯਤਾ ਅਤੇ ਸਮਰਿਧਤਾ ਦੇ ਇਕ ਤੋਂ ਵਧੇਰੇ ਕਾਰਨ ਹਨ । ਇਹ ਕਾਰਨ ਸਾਹਿਤ ਸ਼ਾਸਤਰ ਦੀ ਪੱਧਰ ਤੇ ਇਸ ਰੂਪਾਕਾਰ ਦੀ ਆਧੁਨਿਕ ਸੰਵੇਦਨਾ ਨੂੰ ਪ੍ਰਗਟਾ ਸਕਣ ਦੀ ਅਥਾਹ ਸਮਰਥਾ ਵਿਚ, ਆਧੁਨਿਕ ਯੁਗ ਵਿਚ ਮਨੁੱਖ ਦੀ ਘਟਦੀ ਵਿਹਲ ਅਤੇ ਵਧਦੀ ਉਤਸੁਕਤਾ ਨੂੰ ਤਰਕਪੂਰਨ ਢੰਗ ਨਾਲ ਪੁਸ਼ਟ ਕਰਨ ਵਿਚ, ਆਧੁਨਿਕੀਕਰਨ ਉਪਰੰਤ ਉਪਜੇ ਨਵੇਂ ਤੇ ਜਟਿਲ ਯਥਾਰਥ ਦੀ ਮਨੁੱਖੀ ਰਿਸ਼ਤਿਆਂ ਰਾਹੀਂ ਸਹਿਜ ਤੇ ਪ੍ਰਾਕਿਰਤਕ ਪੇਸ਼ਕਾਰੀ ਵਿਚ ਨਿਸ਼ਚਿਤ ਕੀਤੇ ਜਾ ਸਕਦੇ ਹਨ ਪਰ ਇਸ ਦੀ ਲੋਕਪ੍ਰਿਯਤਾ ਦਾ ਮੂਲ ਕਾਰਨ ਮਨੁੱਖੀ ਮਾਨਸਿਕਤਾ ਦਾ ਉਹ ਕਦੀਮੀ ਹੁੰਗਾਰਾ ਹੈ ਜਿਹੜਾ ਉਹ ਸੁਤੇ ਸਿਧ ਹੀ ਕਹਾਣੀ ਰੂਪੀ ਸੰਚਾਰ ਬਿਰਤੀ ਨੂੰ ਦਿੰਦਾ ਰਿਹਾ । ਕਹਾਣੀ ਕਹਿਣਾ ਅਤੇ ਸੁਣਨਾ ਮਨੁੱਖ ਦਾ ਕਦੀਮੀ ਸ਼ੌਕ ਹੈ । ਇਹ ਮਨੁੱਖ ਦੀ ਮੂਲ ਸੰਚਾਰ ਬਿਰਤੀ ਹੈ ਜਿਸ ਨੂੰ ਸਾਹਿਤ ਸ਼ਾਸਤਰ ਵਿਚ ਬਿਰਤਾਂਤ ਕਿਹਾ ਜਾਂਦਾ ਹੈ । ਬਿਰਤਾਂਤ ਇਕ ਅਜਿਹੀ ਸਿਰਜਣਾ ਵਿਧੀ ਹੈ ਜਿਹੜੀ ਕਿਸੇ ਘਟਨਾਵੀ ਵਰਤਾਰੇ ਦੀ ਸ੍ਰਿੰਖਲਾ ਪ੍ਰਤਿ ਮਨੁੱਖੀ ਹੁੰਗਾਰੇ ਨੂੰ ਰਮਜ਼ਮਈ ਪੱਧਰ ਤੇ ਚਿਤਵਦੀ ਤੇ ਸਮੇਂ ਦੀ ਤਰਤੀਬ ਵਿਚ ਵਿਉਂਤਦੀ ਅਤੇ ਪ੍ਰਗਟਾਉਂਦੀ ਹੈ। ਇਕ ਪ੍ਰਗਟਾਓ ਵਿਧੀ ਵੱਜੋਂ ਇਹ ਅਤਿਅੰਤ ਪ੍ਰਾਚੀਨ ਤੇ ਵਿਆਪਕ ਹੈ। ਇਸ ਵਿਧੀ ਦੇ ਆਗਾਜ਼ ਨੂੰ ਮਨੁੱਖਤਾ ਦੇ ਇਤਿਹਾਸ ਨਾਲ ਜੋੜਦਿਆਂ ਮਨੁੱਖ ਦੇ ਸਭਿਆਚਾਰਕ ਇਤਿਹਾਸ ਵਿਚ ਪ੍ਰਚਲਿਤ ਪਹਿਲੀ ਮਿੱਥ ਸਬੰਧੀ ਹੀ ਇਹ ਚਿਤਵਿਆ ਗਿਆ ਹੈ ਕਿ 'ਆਦਮ' ਨੇ 'ਹਵਾ' ਕੋਲ ਆਪਣੇ ਮਾਅਰਕਿਆਂ ਦਾ ਬਿਆਨ ਜਿਸ ਰੂਪ ਵਿਚ ਕੀਤਾ ਹੋਵੇਗਾ, ਉਹ ਪ੍ਰਗਟਾਓ ਵਿਧੀ ਅਵੱਸ਼ ਹੀ ਬਿਰਤਾਂਤਕ ਹੋਵੇਗੀ । ਇਸ ਤਰ੍ਹਾਂ ਬਿਰਤਾਂਤ ਦੀ ਪ੍ਰਕਿਰਤੀ ਮਨੁੱਖੀ ਮਨ ਨੂੰ ਭਾਉਂਦੀ ਹੈ । ਇਸ ਦਾ ਖ਼ਮੀਰ ਮਨੁੱਖੀ ਮਨ ਵਿਚ ਰਮਿਆ ਹੋਇਆ ਹੈ । ਕਹਾਣੀ ਦੇ ਰੂਪਾਕਾਰ ਵਿਚ ਕਿਉਂਕਿ, ਇਹ ਪ੍ਰਗਟਾਓ ਵਿਧੀ ਨਿਆਰੀ ਵੰਨ ਸੁਵੰਨਤਾ ਦਾ ਇਜ਼ਹਾਰ ਕਰਦੀ ਹੈ, ਇਸ ਕਰ ਕੇ ਇਸ ਰੂਪਾਕਾਰ ਨੂੰ ਵਿਆਪਕ ਹੁੰਗਾਰਾ ਮਿਲਦਾ ਹੈ ।

ਪੰਜਾਬ ਵਿਚ ਕਥਾ ਸਾਹਿਤ ਦੀ ਭਾਵੇਂ ਅਤਿਅੰਤ ਪ੍ਰਾਚੀਨ, ਅਮੀਰ ਤੇ ਪੱਕੀ ਪੀਡੀ ਪਰੰਪਰਾ ਵਿਦਮਾਨ ਰਹੀ ਹੈ ਪਰ ਜਿਸ ਨੂੰ ਸ਼ੁਧ ਸ਼ਾਬਦਿਕ ਰੂਪ ਵਿਚ 'ਪੰਜਾਬੀ ਕਹਾਣੀ' ਕਿਹਾ ਜਾਂਦਾ ਹੈ, ਦਾ ਇਤਿਹਾਸ ਪੌਣੀ ਸਦੀ ਪੁਰਾਣਾ ਵੀ ਨਹੀਂ । ਪੰਜਾਬੀ ਕਹਾਣੀ ਦੀ ਵਿਲੱਖਣਤਾ ਅਤੇ ਇਤਿਹਾਸਕ ਨਿਰੰਤਰਤਾ ਨੂੰ ਜਾਣਨ ਲਈ ਇਹ ਨਿਖੇੜਾ ਅਤਿ ਜ਼ਰੂਰੀ ਹੈ ਕਿ ਪੰਜਾਬੀ ਲੋਕ-ਕਥਾ ਪਰੰਪਰਾ ਅਤੇ ਪੰਜਾਬੀ ਕਹਾਣੀ ਦੋ ਅੱਡੋ ਅੱਡ ਵਰਤਾਰੇ ਹਨ। ਪੰਜਾਬ ਦੀ ਕਥਾ ਪਰੰਪਰਾ ਵਿਚ ਪ੍ਰਚਲਿਤ ਮਿੱਥਾਂ, ਲੋਕ ਕਥਾਵਾਂ, ਸਾਖੀਆਂ ਆਦਿ ਅਤੇ ਆਧੁਨਿਕ ਯੁਗ ਵਿਚ ਉਪਜੀ ਪੰਜਾਬੀ ਕਹਾਣੀ ਵਿਚ ਸਾਂਝ ਇੰਨੀ ਹੀ ਹੈ ਕਿ ਦੋਹਾਂ ਦੇ ਸੰਰਚਨਾਤਮਕ ਸੰਗਠਨ ਵਿਚ ਬਿਰਤਾਂਤ ਇਕ ਪ੍ਰਗਟਾ ਵਿਧੀ ਵੱਜੋਂ ਕਾਰਜਸ਼ੀਲ ਹੈ ਨਹੀਂ ਤਾਂ ਸਾਹਿਤ ਸੰਵੇਦਨਾ, ਕਾਲ ਚੇਤਨਾ ਅਤੇ ਸੰਚਾਰ ਪੱਖੋਂ ਇਨ੍ਹਾਂ ਰੂਪਾਕਾਰਾਂ ਦੀ ਵਿਲੱਖਣ ਹੋਂਦ ਹੈ, ਨਿਵੇਕਲੀ ਪ੍ਰਵਿਰਤੀ ਹੈ ਅਤੇ ਅੱਡਰੀ ਹੋਂਦ ਵਿਧੀ ਹੈ। ਆਪਣੀ ਰੂਪਾਕਾਰ ਵਿਲੱਖਣਤਾ ਵੱਜੋਂ ਪੰਜਾਬੀ ਕਹਾਣੀ ਵਿਸ਼ਵ ਸਾਹਿਤ ਪਰੰਪਰਾ ਵਿਚ ਆਧੁਨਿਕ ਨਿੱਕੀ ਕਹਾਣੀ ਵੱਜੋਂ ਜਾਣੇ ਜਾਂਦੇ ਯਾਨਰ ਦੀ ਪਰਿਆਇ ਹੈ ਜਿਹੜੀ ਸਮਾਜਿਕ, ਇਤਿਹਾਸਕ ਵਿਕਾਸ ਦੇ ਪੂੰਜੀਵਾਦੀ ਦੌਰ ਵਿਚ ਪਨਪੀ ਹੈ । ਇਹ ਸਾਹਿਤ ਪਰੰਪਰਾ ਦੀ ਇਕ ਅਜਿਹੀ ਵਿਲੱਖਣਤਾ ਹੈ ਜਿਹੜੀ ਲੌਕਿਕ ਜੀਵਨ ਵਿਚੋਂ ਮਾਨਵੀ ਮਹੱਤਵ ਦੀ ਅਣਪਛਾਤੀ ਸਾਰਥਕਤਾ ਨੂੰ ਵਿਸ਼ੇਸ਼ ਕਲਾਤਮਕ ਸੰਜਮ ਤੇ ਤਰਕ ਨਾਲ ਸਮੇਟਦੀ ਹੈ। ਇਸ ਦੀ ਹੋਂਦ ਵਿਧੀ ਜਿਸ ਭਾਵ ਬੋਧ ਨੂੰ ਸੰਚਿਤ ਅਤੇ ਸੰਚਾਰਿਤ ਕਰਨ ਵਿਚ ਨਿਹਿਤ ਹੈ ਉਸ ਦਾ ਸਬੰਧ ਆਧੁਨਿਕ ਮਨੁੱਖ ਦੇ ਵੱਖਰੇ ਅਨੁਭਵੀ ਸੰਸਾਰ ਤੇ ਨਵੀਂ ਸੰਰਚਨਾ ਨਾਲ ਹੈ । ਆਧੁਨਿਕ ਸੰਵੇਦਨਾ ਦੀ ਉਪਜ ਹੋਣ ਕਰ ਕੇ ਇਹ ਨਿਸ਼ਚੇ ਦੀ ਥਾਂ ਤਰਕ, ਦ੍ਰਿਸ਼ਟਾਂਤ ਦੀ ਥਾਂ ਵਾਸਤਵਿਕ ਅਤੇ ਵਿਆਖਿਆ ਦੀ ਥਾਂ ਸੰਕੇਤਮੁਖੀ ਹੈ। ਇਹ ਤੱਤ ਇਸ ਦੀ ਨਵੀਂ ਨਿਆਰੀ ਸੰਰਚਨਾ ਦਾ ਨਿਰਮਾਣ ਕਰਦੇ ਹਨ । ਪੰਜਾਬੀ ਕਹਾਣੀ ਆਪਣੀ ਵੱਥ ਤੇ ਪੇਸ਼ਕਾਰੀ ਦੇ ਕਲਾਤਮਕ ਸੰਗਠਨ ਵਿਚ ਇਨ੍ਹਾਂ ਤੱਤਾਂ ਦੀ ਧਾਰਨੀ ਹੈ ।

ਮਨੁੱਖੀ ਮਨੋਸਥਿਤੀਆਂ ਦੀ ਪੇਸ਼ਕਾਰੀ ਕਰਨ ਵਾਲੀ ਅਜਿਹੀ ਗਲਪਨਿਕ ਬਿਰਤਾਂਤਕ ਆਧੁਨਿਕ ਵਿਧਾ ਦਾ ਪੰਜਾਬੀ ਸਾਹਿਤ ਵਿਚ ਜਨਮ ਕਦੋਂ ਹੋਇਆ? ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਸਿਰਜਕ ਵਜੋਂ ਵਿਆਪਕ ਮਾਣਤਾ ਪ੍ਰਾਪਤ ਹੈ। ਭਾਈ ਵੀਰ ਸਿੰਘ ਨੇ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਵਿਚ ਰਚਨਾ ਕੀਤੀ, ਜਿਨ੍ਹਾਂ ਵਿਚ ਗਲਪਨਿਕ ਰਚਨਾ ਨਾਵਲ ਵੀ ਹੈ। ਪੰਜਾਬੀ ਦਾ ਪਹਿਲਾ

ਨਾਵਲ 'ਜੋਤਿਰਉਦੈ' ਈਸਾਈ ਮਿਸ਼ਨਰੀਆਂ ਦੁਆਰਾ ਹੀ ਤਿਆਰ ਕਰਵਾਇਆ ਗਿਆ ਸੀ। ਇਸ ਨਾਵਲ ਦੇ ਲੇਖਕ ਦਾ ਪਤਾ ਨਹੀਂ ਚੱਲ ਸਕਿਆ। ਇਸ ਉਪਰੰਤ ਭਾਈ ਵੀਰ ਸਿੰਘ ਨੇ 'ਸੁੰਦਰੀ', 'ਬਿਜੈ ਸਿੰਘ', 'ਸਤਵੰਤ ਕੌਰ' ਅਤੇ 'ਬਾਬਾ ਨੌਧ ਸਿੰਘ' ਨਾਵਲਾਂ ਦੀ ਰਚਨਾ ਕੀਤੀ। ''ਪੰਜਾਬੀ ਗਲਪ ਦਾ ਜਨਮ ਉਨੀਂਵੀਂ ਸਦੀ ਦੇ ਪਿਛਲੇ ਅੱਧ ਵਿਚ ਹੋਇਆ ਹੈ। ਈਸਾਈ ਮਿਸ਼ਨਰੀਆਂ ਦੇ ਟ੍ਰੈਕਟ ਅਤੇ ਸਿੰਘ ਸਭਾ ਲਹਿਰ ਦੇ 'ਚੌਪੱਤਰੇ' ਮੁੱਢਲੀ ਗਲਪ ਦਾ ਸਰੂਪ ਨਿਰਧਾਰਿਤ ਕਰਦੇ ਹਨ।'' ਭਾਈ ਵੀਰ ਸਿੰਘ ਵੱਲੋਂ ਖਾਲਸਾ ਟਰੈਕਟ ਸੁਸਾਇਟੀ ਲਈ ਲਿਖੇ ਗਏ ਕਿਤਾਬਚਿਆਂ ਵਿਚੋਂ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਸਾਖੀਨੁਮਾ ਉਸ ਦੀਆਂ ਰਚਨਾਵਾਂ ਵਿਚੋਂ ਕਹਾਣੀ ਅੰਸ਼ ਲੱਭੇ ਜਾ ਸਕਦੇ ਹਨ। ਡਾ. ਉੱਪਲ ਨੇ ਭਾਈ ਵੀਰ ਸਿੰਘ ਨੂੰ ਪੰਜਾਬੀ ਨਾਵਲ ਵਾਂਗ ਪੰਜਾਬੀ ਕਹਾਣੀ ਦਾ ਪਿਤਾਮਾ ਹੋਣ ਦੀ ਪਦਵੀ ਦਿੱਤੀ ਹੈ; ''ਭਾਈ ਵੀਰ ਸਿੰਘ ਨੂੰ ਪੰਜਾਬੀ ਕਹਾਣੀ ਦਾ ਪਿਤਾਮਾ ਹੋਣ ਦੀ ਪਦਵੀ ਇਸ ਲਈ ਦਿੱਤੀ ਗਈ ਹੈ ਕਿ ਆਧੁਨਿਕ ਕਹਾਣੀਆਂ ਦੀਆਂ ਜੜ੍ਹਾਂ ਦੇ ਟੋਹ-ਚਿੰਨ ਉਸ ਦੇ 'ਟ੍ਰੈਕਟਾਂ' ਅਤੇ 'ਚਮਤਕਾਰਾਂ' ਵਿਚੋਂ ਪ੍ਰਾਪਤ ਹੁੰਦੇ ਹਨ।''

ਜਿਥੋਂ ਤੱਕ ਆਧੁਨਿਕ ਪੰਜਾਬੀ ਕਹਾਣੀ ਦਾ ਸਵਾਲ ਹੈ, ਕਹਾਣੀ ਦੇ ਇਸ ਆਧੁਨਿਕ ਰੂਪ ਵਿਚ ਹੋਏ ਜਨਮ ਨੂੰ ਭਾਵੇਂ ਹਾਲੇ ਇਕ ਸਦੀ ਵੀ ਨਹੀਂ ਹੋਈ। ਬਰਤਾਨਵੀ ਸਾਮਰਾਜ ਵੱਲੋਂ ਭਾਰਤ ਉਪਰ ਪੂਰਨ ਕਾਬਜ਼ ਹੋਣ ਉਪਰੰਤ ਉਦਯੋਗਿਕ ਪੂੰਜੀਵਾਦ ਯੁੱਗ ਦਾ ਆਗਮਨ ਹੋਇਆ। ਸਮੇਂ ਦੇ ਇਸ ਬਦਲਦੇ ਪ੍ਰਸੰਗ ਕਾਰਨ ਆਈ ਤਕਨਾਲੋਜੀ ਨੇ ਮਨੁੱਖ ਦੀ ਜ਼ਿੰਦਗੀ 'ਚ ਵਾਪਰੀ ਹਰ ਨਿੱਕੀ ਘਟਨਾ ਨੂੰ ਕਹਾਣੀ ਬਣ ਗਈ। ''ਨਿੱਕੀ ਕਹਾਣੀ ਦਾ ਜਨਮ ਇਕ ਵਿਸ਼ੇਸ਼ ਪ੍ਰਕਾਰ ਦੇ ਅਨੁਭਵ ਵਿਚੋਂ ਹੋਇਆ ਹੈ, ਜੋ ਪੂੰਜੀਵਾਦ ਦੀ ਦੇਣ ਹੈ। ਜਾਗੀਰਦਾਰੀ ਨਿਜ਼ਾਮ ਦੇ ਛਹਿ-ਢੇਰੀ ਹੋ ਜਾਣ ਉਪਰੰਤ ਆਰਥਿਕਤਾ ਦਾ ਜੋ ਨਵਾਂ ਮਾਡਲ ਸਾਹਮਣੇ ਆਇਆ ਹੈ, ਉਹ ਉਦਯੋਗ ਆਧਾਰਿਤ ਪੂੰਜੀਵਾਦ ਦੀ ਦੇਣ ਹੈ। ਇਸ ਨਵੇਂ ਅਰਥਚਾਰੇ ਨੇ ਗਿਆਨ-ਵਿਗਿਆਨ ਦੇ ਉਹ ਸਾਰੇ ਸਰੋਤ ਰੱਦ ਕਰ ਦਿੱਤੇ ਜੋ ਜਾਗੀਰਦਾਰੀ ਅਰਥ-ਵਿਵਸਥਾ ਵਿਚੋਂ ਪੈਦਾ ਹੋਏ ਸਨ। ਹੋਰ ਤਾਂ ਹੋਰ ਇਸ ਨਵੇਂ ਅਰਥਚਾਰੇ ਨੂੰ ਰੱਬ ਦੀ ਵੀ ਲੋੜ ਨਾ ਰਹੀ, ਕਿਉਂਕਿ ਵਿਗਿਆਨ ਅਤੇ ਤਕਨਾਲੋਜੀ ਨੇ ਮਨੁੱਖ ਨੂੰ ਪ੍ਰਤੱਖਵਾਦੀ (empiricist) ਅਤੇ ਸੰਦੇਹਵਾਦੀ ਬਣਾ ਦਿੱਤਾ।... ਪਲ-ਪਲ ਪਰਿਵਰਤਿਤ ਹੋ ਰਹੀ ਇਸ ਦੁਨੀਆਂ ਨੂੰ ਰੂਪਮਾਨ ਕਰਨ ਲਈ ਸਾਹਿਤ ਦੇ ਖੇਤਰ ਵਿਚ ਨਿੱਕੀ ਕਹਾਣੀ ਦਾ ਜਨਮ ਹੋਇਆ।' ਡਾ. ਧਰਮਪਾਲ ਸਿੰਗਲ ਮੁਤਾਬਕ ''ਨਿੱਕੀ ਕਹਾਣੀ, ਪੁਰਾਣੀ ਕਹਾਣੀ ਦੀ ਸੰਤਾਨ ਜਾਪਦੀ ਹੋਈ ਵੀ ਅਸਲੋਂ ਇਕ ਨਵਾਂ ਸਾਹਿਤ ਰੂਪ ਹੈ ਜੋ ਵਿਗਿਆਨਕ ਤੇ ਪੂੰਜੀਵਾਦੀ ਯੁੱਗ ਦੀ ਆਮਦ ਨਾਲ ਪੈਦਾ ਹੋਈ ਵਿਅਕਤੀ ਸਮਰੱਥਾ ਦੀ ਭਾਵਨਾ, ਸਾਧਾਰਣ ਮਾਨਵ ਦੀਆਂ ਸੰਭਾਵਨਾਵਾਂ ਦੇ ਅਹਿਸਾਸ, ਜੀਵਨ ਰਹੱਸਾਂ ਨੂੰ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਸਮਝਣ ਦੀ ਚੇਸ਼ਟਾ ਅਤੇ ਇਕ ਤਿੱਖੀ ਤੀਬਰ ਵੰਗਾਰਨ ਦ੍ਰਿਸ਼ਟੀ ਵਿਚੋਂ ਉਪਜਿਆ ਹੈ।''

ਅਸਲ ਵਿਚ ਮਾਨਵੀ ਜ਼ਿੰਦਗੀ ਵਿਚ ਪੂੰਜੀਵਾਦ ਦੇ ਦੌਰ ਵਿਚ ਪੈਦਾ ਹੋਈ ਜਟਿਲਤਾ ਨੇ ਮਨੁੱਖ ਨੂੰ ਸਮੇਂ ਦੀ ਕਦਰ ਦਾ ਅਹਿਸਾਸ ਕਰਵਾਉਂਦਿਆਂ ਇਸ ਵਿਚਲੇ ਪਲਾਂ/ਛਿਣਾਂ ਨੂੰ ਵੀ ਪਕੜਨ ਦੀ ਜਾਚ ਦੱਸੀ ਹੈ। ਕੈਥਰੀਨ ਮੈਂਸਫੀਲਡ ਨੇ ਆਪਣੀ ਇਕ ਕਹਾਣੀ 'ਮਿਸ ਬਰਿੱਲ' (Miss Brill) ਦੀ ਸੰਰਚਨਾ ਬਾਰੇ ਲਿਖਿਆ ਹੈ; ''ਮੈਂ ਇਸ ਕਹਾਣੀ ਦੇ ਹਰ ਵਾਕ ਦੀ ਲੰਬਾਈ ਹੀ ਨਹੀਂ ਚੁਣੀ ਬਲਕਿ ਹਰ ਪੈਰ੍ਹੇ ਦੀ ਧੁਨੀ ਵੀ ਚੁਣੀ ਹੈ, ਜਿਹੜੀ ਉਸ ਦਿਨ ਦੇ ਅਤੇ ਉਸ ਛਿਣ ਦੇ ਅਨੁਕੂਲ ਹੋਵੇ। ਸਾਰੀ ਰਚਨਾ ਵਿਚ ਇਕ ਵੀ ਸ਼ਬਦ ਅਜਿਹਾ ਨਹੀਂ ਹੋਣਾ ਚਾਹੀਦਾ, ਜਿਸਦਾ ਸਿੱਧੇ-ਅਸਿੱਧੇ ਢੰਗ ਨਾਲ ਪਹਿਲਾਂ ਸਥਾਪਤ ਵਿਉਤ ਨਾਲ ਸਬੰਧ ਨਾ ਹੋਵੇ।'' ਆਧੁਨਿਕ ਸਮੇਂ ਵਿਚ ਤਕਨੀਕੀ ਪੱਖੋਂ ਛਾਪਾ ਖਾਨਾ ਪ੍ਰਚੱਲਤ ਹੋਇਆ, ਜਿਸ ਕਾਰਨ ਅਖ਼ਬਾਰਾਂ/ਰਸਾਲੇ ਜਾਰੀ ਹੋਏ ਅਤੇ ਪਾਠਕਾਂ ਦੀਆਂ ਲੋੜਾਂ ਦੇ ਸਨਮੁਖ ਨਿੱਕੇ ਆਕਾਰ ਦੀ ਕਹਾਣੀ ਦੀ ਮੰਗ ਹੋਣ ਲੱਗੀ, ਕਿਉਂਕਿ ਨਾਵਲ ਵਰਗੀ ਵੱਡ ਆਕਾਰੀ ਰਚਨਾ ਕਿਸੇ ਅਖ਼ਬਾਰ ਜਾਂ ਰਸਾਲੇ ਦੇ ਇਕ ਹੀ ਅੰਕ ਵਿਚ ਸਮਾਈ ਜਾਣੀ ਨਾਮੁਮਕਿਨ ਸੀ। ਮਨੁੱਖੀ ਜ਼ਿੰਦਗੀ ਦੇ ਪਲਾਂ-ਛਿਣਾਂ ਨੂੰ ਪਕੜਨ ਵਾਲੇ ਮੁੱਖ ਸਰੋਕਾਰ ਮਾਨਵੀ ਜ਼ਿੰਦਗੀ ਦੇ ਮੂਲ ਪ੍ਰੇਰਕਾਂ ਨਾਲ ਜੁੜੇ ਮਸਲੇ ਹਨ, ਜਿਵੇਂ ਕਾਹਲੀ ਦੇ ਨਵੇਂ ਯੁੱਗ ਵਿਚ ਵਿਹਲ ਦੀ ਘਾਟ, ਪੱਤਰਕਾਰੀ ਦੀਆਂ ਲੋੜਾਂ ਦੀ ਪੂਰਤੀ, ਪੱਛਮੀ ਕਹਾਣੀਕਾਰਾਂ ਦੇ ਅਨੁਕਰਨ ਦੀ ਚੇਸ਼ਟਾ, ਪੱਛਮੀ ਪੜ੍ਹਾਈ ਦੌਰਾਨ ਸਿਲੇਬਸਾਂ ਵਿਚ ਪੜ੍ਹੀ ਕਹਾਣੀ ਦਾ ਪ੍ਰਭਾਵ, ਲੋਕਰਾਜੀ ਕਦਰਾਂ-ਕੀਮਤਾਂ ਨਾਲ ਸਾਧਾਰਣ ਵਿਅਕਤੀ ਨੂੰ ਮਿਲੀ ਮਾਣਤਾ, ਪੱਛਮੀ ਸਿੱਖਿਆਚਾਰੀ ਰਾਹੀਂ ਪੈਦਾ ਹੋਈ ਨਵੀਂ ਮੱਧ ਸ਼੍ਰੇਣੀ ਦੀ ਅਭਿਵਿਅਕਤੀ ਲਈ ਮਾਧਿਅਮ ਬਣਨ ਦੀ ਧਾਰਨਾ, ਨਵ-ਜਾਗਰਨ ਦੀ ਭਾਰਤੀ/ਪੰਜਾਬੀ ਲਹਿਰ ਦੇ ਸਿੱਟੇ ਵਜੋਂ, ਇਸਾਈ ਮਿਸ਼ਨਰੀਆਂ ਵੱਲੋਂ ਪੱਛਮੀ ਚੇਤਨਾ ਦੇ ਪ੍ਰਚਾਰ ਲਈ ਵਰਤੀਆਂ ਜਾਂਦੀਆਂ ਜੁਗਤਾਂ ਦੇ ਪ੍ਰਤੀਕਰਮ ਵਜੋਂ ਕਹਾਣੀ ਨੂੰ ਹਥਿਆਰ ਦੀ ਤਰ੍ਹਾਂ ਵਰਤਣਾ ਅਤੇ ਨਵੇਂ ਪਾਠਕ ਦੀਆਂ ਕਲਾਤਮਕ ਅਕਾਂਖਿਆਵਾਂ ਦੀ ਪੂਰਤੀ ਕਰਨਾ ਆਦਿ ਬਹੁਤ ਸਾਰੇ ਪ੍ਰੇਰਕਾਂ ਨੂੰ ਆਧੁਨਿਕ ਪੰਜਾਬੀ ਕਹਾਣੀ ਦੀ ਉਤਪਤੀ ਦੇ ਝਰੋਖੇ ਵਿਚ ਰੱਖ ਕੇ ਵੇਖਿਆ ਜਾਂਦਾ ਹੈ।

ਪੰਜਾਬੀ ਦੇ ਵਧੇਰੇ ਆਲੋਚਕਾਂ ਦਾ ਮੰਨਣਾ ਹੈ ਕਿ ਆਧੁਨਿਕ ਪੰਜਾਬੀ ਨਿੱਕੀ ਕਹਾਣੀ ਦਾ ਜਨਮ ਪੱਛਮੀ ਪ੍ਰਭਾਵ ਅਧੀਨ ਹੋਇਆ ਹੈ। ਪੱਛਮੀ ਪ੍ਰਭਾਵ ਦੇ ਸੰਕਲਪ ਦੀ ਇਕ ਬੁਨਿਆਦੀ ਧਾਰਨਾ ਇਹ ਹੈ ਕਿ ਨਿੱਕੀ ਕਹਾਣੀ ਅਸਲੋਂ ਇਕ ਨਵਾਂ ਰੂਪਾਕਾਰ (genre) ਹੈ, ਜਿਸ ਦਾ ਜਨਮ ਅਮਰੀਕਾ ਵਿਚ ਹੋਇਆ ਅਤੇ ਐਡਗਰ ਐਲਿਨ ਪੋ (Edger Allen Poo, 1804-1849 ਈ.) ਇਸ ਦਾ ਜਨਮਦਾਤਾ ਹੈ।125 ਅੰਗਰੇਜ਼ੀ ਦੀ ਇਕ ਕਹਾਵਤ Necessity is the mother of invention ਭਾਵ 'ਲੋੜ ਕਾਢ ਦੀ ਮਾਂ ਹੈ'। ਐਡਗਰ ਐਲਿਨ ਪੋ ਅਸਲ ਵਿਚ ਪੱਤਰਕਾਰੀ ਨਾਲ ਸਬੰਧ ਰਖਦੇ ਸਨ; ''ਅਖ਼ਬਾਰੀ ਸੰਪਾਦਕ ਦੀ ਇਹ ਬੁਨਿਆਦੀ ਖ਼ੂਬੀ ਅਤੇ ਲੱਛਣ ਹੁੰਦਾ ਹੈ ਕਿ ਉਹ ਘੱਟ ਤੋਂ ਘੱਟ ਜਗ੍ਹਾ ਵਿਚ ਵੱਧ ਤੋਂ ਵੱਧ ਸਮੱਗਰੀ ਅਤੇ ਜਾਣਕਾਰੀ ਪਾਠਕਾਂ ਨੂੰ ਦੇ ਸਕੇ। ਮੈਗਜ਼ੀਨ ਦੀ ਸਥਾਪਨਾ ਨੂੰ ਉਸ ਨੇ ਆਪਣੇ ਸਾਹਿਤਕ ਜੀਵਨ ਦਾ ਇਕ ਮੁੱਖ ਮਨੋਰਥ ਬਣਾਇਆ ਹੋਇਆ ਸੀ।'' ਸਮਕਾਲੀ ਪੱਤਰਕਾਰੀ ਦੇ ਮਾਹੌਲ ਨੂੰ ਉਨ੍ਹਾਂ ਘੋਖਿਆ ਤੇ ਸਿਧਾਂਤ ਪੇਸ਼ ਕੀਤਾ ਕਿ ਜ਼ਮਾਨਾ ਸੰਜਮ, ਸੰਖੇਪ, ਰੁੱਖੀ ਅਤੇ ਨੁਕਤੇ ਦੀ ਗੱਲ ਕਰਨ ਵਾਲਾ ਹੈ। ਇਸ ਲਈ ਐਲਿਨ ਪੋ ਨੇ ਮਕੈਨਕੀ ਸੂਤਰ 'ਤੇ ਜ਼ੋਰ ਦਿੱਤਾ। ਐਲਿਨ ਪੋ ਦੇ ਇਸ ਸੂਤਰ ਨੂੰ ਉਸ

ਦੇ ਕੁਝ ਵਿਰੋਧੀਆਂ ਨੇ ਨਕਾਰਿਆ ਵੀ, ਜਿਸ ਦੇ ਜਵਾਬ ਵਿਚ ਐਲਿਨ ਪੋ ਨੇ ਕਿਹਾ ਕਿ ''ਹੋ ਸਕਦਾ ਹੈ ਲੋਕ ਬਹੁਤੀ ਡੂੰਘੀ ਸੋਚ ਵਿਚ ਨਾ ਪੈਣ, ਪਰ ਉਨ੍ਹਾਂ ਨੂੰ ਬੜੀ ਸ਼ਿੱਦਤ ਤੇ ਤੇਜ਼ੀ ਨਾਲ ਸੋਚਣਾ ਪਵੇਗਾ, ਕਿਉਂਕਿ ਉਨ੍ਹਾਂ ਬਹੁਤ ਹੀ ਤੱਥਾਂ ਦਾ ਨਿਪਟਾਰਾ ਕਰਨਾ ਹੈ। ਇਸ ਲਈ ਉਨ੍ਹਾਂ ਨੂੰ ਕੁੱਜੇ ਵਿਚ ਸਮੁੰਦਰ ਬੰਦ ਕਰਨਾ ਪਵੇਗਾ।''

ਜਿੱਥੋਂ ਤੱਕ ਪੰਜਾਬੀ ਆਲੋਚਨਾ ਦਾ ਸਵਾਲ ਹੈ, ਇਸ ਮੱਤ ਨੂੰ ਮਕੈਨਕੀ ਕਹਿਣ ਵਾਲਾ ਡਾ. ਅਤਰ ਸਿੰਘ ਹੈ। ਅਤਰ ਸਿੰਘ ਨੇ ਆਪਣੇ ਨਿਬੰਧ 'ਨਿੱਕੀ ਕਹਾਣੀ ਅਤੇ ਮਨੁੱਖੀ ਅਨੁਭਵ' ਵਿਚ ਇਸ ਮੱਤ ਨੂੰ ਪੇਸ਼ ਕੀਤਾ ਹੈ। ਦੂਜੇ ਪਾਸੇ ਉਤਪਤੀ ਸ਼ਾਸਤਰ ਵਿਚ ਵਧੇਰੇ ਰੁਚੀ ਲੈਣ ਵਾਲੇ ਨਿੱਕੀ ਕਹਾਣੀ ਦੇ ਜਨਮ ਨੂੰ ਬੀਤੇ ਸਮੇਂ ਵਿਚ ਬਹੁਤ ਦੂਰ ਲਿਜਾ ਕੇ ਵੀ ਸੰਤੁਸ਼ਟ ਨਹੀਂ ਹੁੰਦੇ, ਸਗੋਂ ਇਸ ਦਾ ਜਨਮ ਮਨੁੱਖ ਦੇ ਜਨਮ ਦੇ ਨਾਲ ਹੀ ਕਹਿ ਕੇ ਰਾਜ਼ੀ ਹੁੰਦੇ ਹਨ। ਪਰ ਇਹ ਮੱਤ ਪੱਛਮ ਦੇ ਸਾਹਿਤਕ ਪ੍ਰਭਾਵ ਦੀ ਵਿਕਾਸ ਧਾਰਨਾ ਵਿਚ ਕੋਈ ਫਰਕ ਨਹੀਂ ਲਿਆਉਂਦਾ। ਚਰਨ ਸਿੰਘ ਸ਼ਹੀਦ ਪੰਜਾਬੀ ਕਹਾਣੀ ਦੇ ਪਿਛਲੇ ਇਤਿਹਾਸ ਦਾ ਵਰਣਨ ਤਾਂ ਕਰਦਾ ਹੈ, ਪਰ 'ਮੌਜੂਦਾ ਸੰਖੇਪ ਕਹਾਣੀ' ਨੂੰ 'ਯੂਰਪ ਅਤੇ ਅਮਰੀਕਾ' ਦੀ ਹੀ ਦੇਣ ਸਵੀਕਾਰਦਾ ਹੈ। ਐਲਿਨ ਪੋ ਦੀ ਇਹ ਧਾਰਨਾ ਅਨੇਕਾਂ ਵਿਰੋਧਾਂ ਦੇ ਬਾਵਜੂਦ ਚਰਨ ਸਿੰਘ ਸ਼ਹੀਦ ਦੀ ਪਰਿਭਾਸ਼ਾ ਵਿਚ ਦੇਖਣ ਨੂੰ ਮਿਲਦੀ ਹੈ। ਸੋ ਜਿਉ-ਜਿਉ ਲੋਕਾਂ ਦੇ ਕੰਮ ਵਧਦੇ ਗਏ, ਫੁਰਸਤ ਘਟਦੀ ਗਈ, ਤਿਉ-ਤਿਉ 'ਸੰਖੇਪ ਕਹਾਣੀਆਂ' ਵੱਲ ਰੁਚੀ ਵਧੇਰੇ ਹੁੰਦੀ ਗਈ।

ਪੰਜਾਬੀ ਕਹਾਣੀ ਆਧੁਨਿਕ ਯੁਗ ਦੀ ਪੈਦਾਵਾਰ ਹੈ । ਜਿਵੇਂ ਪੰਜਾਬ ਦੀ ਇਤਿਹਾਸਕ ਨਿਰੰਤਰਤਾ ਅੰਗਰੇਜ਼ੀ ਸਾਮਰਾਜ ਦੇ ਆਰੋਪਿਤ ਦਬਾਵਾਂ, ਪ੍ਰਭਾਵਾਂ ਅਧੀਨ ਆਧੁਨਿਕਤਾ ਦੇ ਰਾਹ ਪਈ ਉਵੇਂ ਹੀ ਆਧੁਨਿਕ ਸਾਹਿਤ ਪਰੰਪਰਾ ਨਾਲ ਸਬੰਧਤ ਸਾਰੇ ਸਾਹਿਤ ਰੂਪ, ਪੰਜਾਬੀ ਜਨਜੀਵਨ ਵਿਚਲੀ ਆਧੁਨਿਕੀਕਰਨ ਦੀ ਪ੍ਰਕ੍ਰਿਆ ਵਿਚੋਂ ਉਪਜੇ, ਭਾਵ ਬੋਧ ਦੀ ਅਨਿਵਾਰਤਾ ਵਿਚੋਂ ਸਹਿਜ ਭਾਅ ਉਪਜਣ ਦੀ ਥਾਂ ਪੱਛਮੀ ਸਾਹਿਤ ਵਿਚੋਂ ਮਾਡਲ ਵਾਂਗ ਪ੍ਰਵੇਸ਼ ਕੀਤੇ । ਸਾਡੇ ਸਾਹਿਤਕਾਰ ਪੱਛਮੀ ਸਾਹਿਤ ਦੇ ਅਧਿਐਨ ਦੌਰਾਨ ਇਨ੍ਹਾਂ ਨਵੇਂ ਰੂਪਕਾਰਾਂ ਤੋਂ ਪਰਿਚਿਤ ਹੋਏ ਤੇ ਇਨ੍ਹਾਂ ਦੀ ਉਪਜ ਦੇ ਕਾਰਨਾਂ ਤੋਂ ਬੇਨਿਆਜ਼ ਇਕ ਸੁਤੰਤਰ ਪ੍ਰੇਰਣਾ ਅਧੀਨ ਇਨ੍ਹਾਂ ਨੂੰ ਅਪਣਾਇਆ । ਪੰਜਾਬੀ ਸਾਹਿਤ ਪਰੰਪਰਾ ਵਿਚ ਪੰਜਾਬੀ ਕਹਾਣੀ ਵੀ ਇਸੇ ਪਿਛੋਕੜ ਵਿਚੋਂ ਉਗਮੀ। ਪੰਜਾਬੀ ਕਹਾਣੀ ਦੇ ਇਤਿਹਾਸਕਾਰ ਪੰਜਾਬੀ ਕਹਾਣੀ ਦੇ ਟੋਹ ਚਿੰਨ੍ਹ ਲਭਦੇ ਇਸ ਨੂੰ ਕਦੇ ਈਸਾਈ ਮਿਸ਼ਨਰੀਆਂ ਵੱਲੋਂ ਪ੍ਰਕਾਸ਼ਿਤ ਬਾਈਬਲ ਦੀਆਂ ਕਹਾਣੀਆਂ ਤੇ ਆਧਾਰਿਤ ਚੁਪੱਤਰਿਆਂ ਤਕ ਲੈ ਜਾਂਦੇ ਹਨ ਅਤੇ ਕਦੇ ਭਾਈ ਵੀਰ ਸਿੰਘ ਦੇ ਸਿੱਖ-ਇਤਿਹਾਸ, ਸਿੱਖ-ਸਮਾਜ ਨਾਲ ਸਬੰਧਤ ਟ੍ਰੈਕਟਾਂ ਤਕ । ਇਸੇ ਤਰ੍ਹਾਂ ਪੰਜਾਬੀ ਵਿਚ ਮੌਲਿਕ ਕਹਾਣੀ ਦਾ ਮੁਹਾਂਦਰਾ ਤਲਾਸ਼ਦਿਆਂ ਕਦੇ ਮੋਹਨ ਸਿੰਘ ਵੈਦ (ਕਰਤਾ ਹੀਰੇ ਦੀਆਂ ਕਣੀਆਂ, ਰੰਗ ਬਰੰਗੇ ਫੁਲ) ਨੂੰ ਪਹਿਲਾ ਕਹਾਣੀਕਾਰ ਮੰਨਿਆ ਜਾਂਦਾ ਹੈ , ਕਦੇ ਚਰਨ ਸਿੰਘ ਸ਼ਹੀਦ ਦੁਆਰਾ ਪ੍ਰਕਾਸ਼ਿਤ 'ਹੱਸਦੇ ਹੰਝੂ' ਨੂੰ ਪੰਜਾਬੀ ਦਾ ਪਹਿਲਾ ਕਹਾਣੀ-ਸੰਗ੍ਰਹਿ ਕਿਹਾ ਜਾਂਦਾ ਹੈ ਅਤੇ ਕਦੇ ਲਾਲ ਸਿੰਘ ਕਮਲਾ ਅਕਾਲੀ ਦੁਆਰਾ ਰਚਿਤ 'ਸਰਬਲੋਹ ਦੀ ਵਹੁਟੀ' ਨੂੰ ਪੰਜਾਬੀ ਦੀ ਪਹਿਲੀ ਕਹਾਣੀ ਹੋਣ ਦਾ ਮਾਣ ਦਿੱਤਾ ਜਾਂਦਾ ਹੈ। ਇਸੇ ਨਿਕਾਸ ਵਿਕਾਸ ਦੀ ਇਤਿਹਾਸਕ ਅਨਿਵਾਰਤਾ ਵਿਚ ਪੰਜਾਬੀ ਪੱਤਰਕਾਰੀ ਵਿਚ ਮੌਜੀ, ਹੰਸ, ਫੁਲਵਾੜੀ, ਪ੍ਰੀਤਮ, ਪ੍ਰੀਤਲੜੀ, ਪ੍ਰਭਾਤ, ਪੰਜ-ਦਰਿਆ ਆਦਿ ਪੱਤਰ ਪਤ੍ਰਿਕਾਵਾਂ ਦੀ ਲੋੜ ਦਾ ਪ੍ਰਤਿਮਾਨ ਵੀ ਸਵੀਕਾਰ ਲਿਆ ਜਾਂਦਾ ਹੈ । ਇਨ੍ਹਾਂ ਸਾਰੇ ਤੱਥਾਂ ਦੀ ਇਕੱਲੇ ਇਕੱਲੇ ਤੌਰ ਤੇ ਪ੍ਰਮਾਣਿਕਤਾ ਦੀਆਂ ਭਾਵੇਂ ਅਨੇਕਾਂ ਸੀਮਾਵਾਂ ਹਨ ਪਰ ਇਹ ਸਾਰੇ ਸਮੁੱਚੇ ਰੂਪ ਵਿਚ ਜ਼ਰੂਰ ਸਥਾਪਤ ਕਰਦੇ ਹਨ ਕਿ ਪੰਜਾਬੀ ਕਹਾਣੀ ਮੁੱਢ 19ਵੀਂ ਸਦੀ ਦੇ ਤੀਜੇ ਦਹਾਕੇ ਵਿਚ ਬੱਝਾ ।

ਪੰਜਾਬੀ ਕਹਾਣੀ ਦੇ ਮੁੱਢਲੇ ਦੌਰ ਵਿਚ ਤਿੰਨ ਉਪਰੋਕਤ ਮੋਢੀਆਂ ਤੋਂ ਇਲਾਵਾ ਜਿਨ੍ਹਾਂ ਸਾਹਿਤਕਾਰਾਂ ਨੇ ਇਸ ਰੂਪਾਕਾਰ ਨੂੰ ਅਪਣਾਇਆ ਉਨ੍ਹਾਂ ਵਿਚੋਂ ਜੋਸ਼ੂਆ ਫਜ਼ਲਦੀਨ, ਨਾਨਕ ਸਿੰਘ, ਹੀਰਾ ਸਿੰਘ ਦਰਦ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਮੋਹਨ ਸਿੰਘ ਦੀਵਾਨਾ, ਗੁਰਮੁਖ ਸਿੰਘ ਮੁਸਾਫ਼ਰ ਆਦਿ ਦੇ ਨਾਂ ਵਰਣਨਯੋਗ ਹਨ। ਇਸ ਦੌਰ ਦਾ ਕਹਾਣੀ ਚਿੰਤਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਦੌਰ ਵਿਚ ਪੰਜਾਬੀ ਕਹਾਣੀ, ਕਹਾਣੀ ਦੇ ਮਾਡਲ ਨੂੰ 'ਗੁਆਂਢੀ ਬੋਲੀਆਂ ਤੋਂ ਉਧਾਰ ਲੈਂਦੀ', 'ਨਮੂਨਿਆਂ ਦੇ ਅਧਾਰ' ਤੇ ਉਪਜਦੀ ਹੈ ਅਤੇ 'ਸਿੱਖਿਆਦਾਇਕ' ਤੇ 'ਸੁਆਦਮਈ' ਹੋਣ ਦੇ ਦੋ ਹੀ ਆਦਰਸ਼ਾਂ ਨੂੰ ਅਪਨਾਉਣਾ ਚਾਹੁੰਦੀ ਹੈ। ਅਸਲ ਵਿਚ ਤਤਕਾਲੀ ਦੌਰ ਅੰਗਰੇਜ਼ੀ ਸਾਮਰਾਜ ਦੀ ਸਭਿਆਚਾਰਕ ਧਾਰਮਿਕ ਪ੍ਰਭੁਤਾ ਸਨਮੁਖ ਧਰਾਸ਼ਾਈ ਹੋਣ ਦੀ ਸਥਿਤੀ ਦਾ ਬਦਲ ਭਾਲਦੀ ਪੰਜਾਬੀ ਚੇਤਨਾ ਸੰਕਟ ਸੀ ਜਿਸ ਦਾ ਹੱਲ ਕੌਮ ਦੇ ਇਤਿਹਾਸਕ ਕਿਰਦਾਰ, ਸਮਾਜਕ, ਧਾਰਮਿਕ ਸਦਾਚਾਰ ਦੇ ਨਵਉਥਾਨ ਵਿਚ ਲੱਭਿਆ ਗਿਆ ਸੀ । ਇਸੇ ਲਈ ਇਸ ਦੌਰ ਦੀ ਕਹਾਣੀ ਦਾ ਮੁੱਖ ਸਰੋਕਾਰ ਸਮਾਜ ਸੁਧਾਰ ਸੀ । ਨਾਨਕ ਸਿੰਘ ਨੇ (ਹੰਝੂਆਂ ਦੇ ਹਾਰ, ਮਿੱਧੇ ਹੋਏ ਫੁਲ, ਠੰਡੀਆਂ ਛਾਵਾਂ ਆਦਿ ) ਪਤਿਤ, ਭ੍ਰਿਸ਼ਟ ਤੇ ਚਰਿਤਰਹੀਣ ਕੀਮਤਾਂ ਨਾਲ ਦੂਸ਼ਿਤ ਹੋਏ ਸਮਾਜ ਦੇ ਨਗਨ ਚਿੱਤਰ ਉਲੀਕੇ । ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਚੰਗੇਰੀ ਦੁਨੀਆ ਦੀ ਸਿਰਜਣਾ ਲਈ ਉਨ੍ਹਾਂ ਸਾਰੇ ਪਰੰਪਰਕ ਧਾਰਮਕ ਸਮਾਜਕ ਵਿਸ਼ਵਾਸਾਂ ਦੀ ਨਿੰਦਣਯੋਗ ਭੂਮਿਕਾ ਨੂੰ ਉਜਾਗਰ ਕੀਤਾ ਜਿਹੜੇ ਮਾਨਵੀ ਵਲਵਲਿਆਂ, ਵੇਗਾਂ ਤਰੰਗਾਂ ਦੇ ਵਿਕਾਸ ਵਿਚ ਰੋੜਾ ਬਣ ਗਏ ਸਨ। ਮੋਹਨ ਸਿੰਘ ਦੀਵਾਨਾ (ਦੇਵਿੰਦਰ ਬਤੀਸੀ, ਰੰਗ ਤਮਾਸ਼ੇ, ਪਰਾਂਦੀ ) ਨੇ ਅਤਿ ਦੀਆਂ ਚੰਗੀਆਂ ਰਵਾਇਤਾਂ ਨੂੰ ਚੇਤੇ ਕਰਵਾਇਆ , ਗੁਰਮੁਖ ਸਿੰਘ ਮੁਸਾਫ਼ਰ (ਵੱਖਰੀ ਦੁਨੀਆ, ਸਸਤਾ ਤਮਾਸ਼ਾ, ਸਭ ਅੱਛਾ, ਆਲ੍ਹਣੇ ਦੇ ਬੋਟ ) ਨੇ ਰਾਜਸੀ ਪ੍ਰਾਧੀਨਤਾ ਦੇ ਨਾਲ ਨਾਲ ਛੂਤ-ਛਾਤ ਭ੍ਰਿਸ਼ਟਾਚਾਰ ਆਦਿ ਨੂੰ

ਫੋਕਸ ਵਿਚ ਲਿਆਂਦਾ। ਗੱਲ ਕੀ ਇਸ ਦੌਰ ਦੀ ਸਮੁੱਚੀ ਕਹਾਣੀ ਦਾ ਮਰਕਜ਼ ਸਮਾਜਕ ਸਦਾਚਾਰ ਬਣਿਆ ਪਰ ਅੰਤਿਮ ਦ੍ਰਿਸ਼ਟੀ ਸੁਧਾਰਵਾਦ ਦੀ ਹੀ ਰਹੀ। ਇਸੇ ਮਨੋਰਥ ਦੀ ਪੂਰਤੀ ਲਈ ਇਕ ਅਜਿਹਾ ਨਾਇਕ ਸਿਰਜਿਆ ਗਿਆ ਜਿਹੜਾ ਆਪਣੀ ਆਦਰਸ਼ਕ ਜੀਵਨ ਜਾਚ ਵਾਲੀ ਇਕ ਪੱਖੀ ਅੰਤਿਮ ਪੱਖੀ ਸ਼ਖ਼ਸੀਅਤ ਤੇ ਵਿਹਾਰ ਨਾਲ ਠੀਕ / ਗਲਤ , ਨੈਤਿਕ / ਅਨੈਤਿਕ , ਪਾਪ / ਪੁੰਨ, ਸਵਾਰਥ / ਪਰਉਪਕਾਰ ਆਦਿ ਪ੍ਰਤਿਮਾਨਾਂ ਦੀ ਪਛਾਣ ਕਰਵਾਉਣ ਦੇ ਸਮਰੱਥ ਸੀ। ਸੰਰਚਨਾ ਦੇ ਪੱਧਰ ਤੇ ਵੀ ਇਹ ਕਹਾਣੀ ਸਾਡੀ ਆਪਣੀ ਕਥਾ ਪਰੰਪਰਾ ਵਿਚ ਉਪਲੱਬਧ ਲੋਕ ਕਹਾਣੀ ਅਤੇ 'ਜਨਮ ਸਾਖੀਆਂ ਦੀ ਕਥਾ ਜੁਗਤਾਂ ਤੇ ਰੂੜੀਆਂ ਤੋਂ ਪ੍ਰਭਾਵਿਤ ਰਹੀ। ਇਸੇ ਕਰ ਕੇ ਇਸ ਦੌਰ ਵਿਚ ਪੰਜਾਬੀ ਕਹਾਣੀ ਦਾ ਮੁੱਢ ਤਾਂ ਬੱਝਾ ਪਰ ਇਹ ਆਪਣਾ ਅਸਲੀ ਮੌਲਿਕ ਮੁਹਾਂਦਰਾ ਸਿਰਜਣ ਤੋਂ ਅਸਮਰੱਥ ਸੀ।

ਪੰਜਾਬੀ ਕਹਾਣੀ ਦੇ ਇਤਿਹਾਸ ਵਿਚ 1940 ਈ. ਦੇ ਨੇੜੇ ਤੇੜੇ ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਅਤੇ ਸੰਤ ਸਿੰਘ ਸੇਖੋਂ ਦੇ ਆਗਮਨ ਨਾਲ ਇਕ ਨਵੇਂ ਦੌਰ ਦਾ ਪ੍ਰਾਰੰਭ ਹੋਇਆ। ਇਹ ਤਿੰਨ ਲੇਖਕ ਆਧੁਨਿਕ ਨਿੱਕੀ ਕਹਾਣੀ ਦੇ ਲੱਛਣਾਂ ਬਾਰੇ ਹੀ ਸੁਚੇਤ ਨਹੀਂ ਸਨ, ਸਾਡੇ ਸਮਾਜੀ ਮਨੁੱਖੀ ਸਾਰ ਨੂੰ ਪੱਛਮੀ ਯੁੱਗ ਚੇਤਨਾਵਾਂ ਦੇ ਮੁਹਾਵਰੇ ਵਿਚ ਪਕੜਨ ਦੀ ਸੋਝੀ ਵੀ ਰੱਖਦੇ ਸਨ। ਸੰਨ 1935 ਵਿਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਕਾਰਨ ਮਾਰਕਸਵਾਦ ਦੀਆਂ ਧਾਰਨਾਵਾਂ ਅਤੇ ਮਨੁੱਖੀ ਕਾਰ ਵਿਹਾਰ ਨੂੰ ਸਮਝਣ ਲਈ ਹੋਂਦ ਵਿਚ ਆਈਆਂ ਮਨੋਵਿਗਿਆਨ ਦੀਆਂ ਲੱਭਤਾਂ ਇਸ ਦੌਰ ਦੀ ਕਹਾਣੀ ਦਾ ਮੁੱਖ ਆਕਰਸ਼ਣ ਰਹੀਆਂ। ਪ੍ਰਗਤੀਵਾਦੀ ਚੇਤਨਾ ਨੇ ਸ਼ੋਸ਼ਿਤ ਵਰਗ ਨੂੰ ਪੂੰਜੀਵਾਦੀ ਯੁਗ ਦੀ ਉਭਰਦੀ ਸ਼ਕਤੀ ਵੱਜੋਂ ਪ੍ਰਵਾਨਗੀ ਦੇ ਕੇ ਸਮਾਜਕ ਯਥਾਰਥ, ਸਮੂਹਿਕ ਵਿਕਾਸ ਅਤੇ ਸਮਸ਼ਟੀ ਹਿਤ ਨੂੰ ਨਿਸ਼ਚਿਤ ਢੰਗ ਨਾਲ ਸਮਝਣ ਲਈ ਪ੍ਰੇਰਿਆ। ਪੰਜਾਬੀ ਕਹਾਣੀ ਵਿਚ ਇਸ ਚੇਤਨਾ ਦੀ ਪਕੜ ਕਾਫੀ ਪੀਢੀ ਰਹੀ। ਸੁਜਾਨ ਸਿੰਘ, ਸੰਤ ਸਿੰਘ ਸੇਖੋਂ, ਨਵਤੇਜ, ਨੌਰੰਗ ਸਿੰਘ, ਸੰਤੋਖ ਸਿੰਘ ਧੀਰ ਵਰਗੇ ਸਮਰੱਥ ਲੇਖਕਾਂ ਨੇ ਨਾ ਕੇਵਲ ਸ਼ੋਸ਼ਿਤ ਵਰਗ ਦੀਆਂ ਲੋੜਾਂ, ਥੁੜਾਂ, ਮਜਬੂਰੀਆਂ, ਮੁਸ਼ਕਲਾਂ ਨੂੰ ਫੋਕਸ ਵਿਚ ਲਿਆਂਦਾ ਸਗੋਂ ਇਸ ਸ਼ੋਸ਼ਣਮਈ ਸਥਿਤੀ ਨੂੰ ਅਸਤ ਵਿਅਸਤ ਕਰਨ ਲਈ ਵਿਦਰੋਹ ਦਾ, ਸਮੂਹਿਕ ਸੰਘਰਸ਼ ਦਾ ਪ੍ਰਤਿਮਾਨ ਦਿੱਤਾ। ਕੁਲਫੀ, ਰਜਾਈ, ਰੱਬ ਦੀ ਮੌਤ (ਸੁਜਾਨ ਸਿੰਘ), ਲੇਖਾ ਛੋਡਿ ਅਲੇਖੇ ਛੂਟਹਿ, ਹਲਵਾਹ , ਕਾਮੇ ਤੇ ਯੋਧੇ (ਸੰਤ ਸਿੰਘ ਸੇਖੋਂ) ਕੋਈ ਇਕ ਸਵਾਰ, ਸਵੇਰ ਹੋਣ ਤਕ, ਸਾਂਝੀ ਕੰਧ (ਸੰਤੋਖ ਸਿੰਘ ਧੀਰ), ਮੁਰਕੀਆਂ, ਮੇਰੇ ਨਾਨਕੇ (ਨੌਰੰਗ ਸਿੰਘ) ਆਦਿ ਕਹਾਣੀਆਂ ਪੰਜਾਬੀ ਕਹਾਣੀ ਵਿਚ ਪ੍ਰਗਤੀਵਾਦੀ ਸੰਵੇਦਨਾ ਦੀਆਂ ਪ੍ਰਾਪਤੀਆਂ ਬਣੀਆਂ।

ਕਰਤਾਰ ਸਿੰਘ ਦੁੱਗਲ ਕਰਤਾ-ਸਵੇਰ ਸਾਰ, ਨਵਾਂ ਆਦਮੀ, ਪਾਰੇ ਮੈਰੇ, ਲੜਾਈ ਨਹੀਂ ਆਦਿ ਨਾਲ ਪੰਜਾਬੀ ਕਹਾਣੀ ਵਿਚ ਮਨੋਵਿਗਿਆਨਕ ਪਸਾਰ ਦਾ ਇਕ ਨਵਾਂ ਆਯਾਮ ਲੈ ਕੇ ਉਦੈ ਹੋਇਆ। ਉਸ ਨੇ ਆਪਣੇ ਹੁਣ ਤਕ ਦੇ ਲਗਭਗ ਸਾਢੇ ਪੰਜ ਦਹਾਕਿਆਂ ਦੇ ਰਚਨਾਕਾਰ ਵਿਚ ਮਨੁੱਖੀ ਕਾਰਜ ਦੇ ਅਚੇਤ ਦੀ ਥਾਹ ਪਾਉਂਦਿਆਂ ਇੰਨੇ ਮਨੋਵਿਗਿਆਨਕ ਸੂਤਰਾਂ, ਧਾਰਨਾਵਾਂ, ਤਰਕਾਂ ਤੇ ਗੁੰਝਲਾਂ ਨੂੰ ਆਪਣੇ ਗਲਪੀ ਬਿੰਬਾਂ ਵਿਚ ਇੰਨੀ ਕਲਾਤਮਕਤਾ ਨਾਲ ਸਮੋਇਆ ਹੈ ਕਿ ਪੰਜਾਬੀ ਕਹਾਣੀ ਦਾ ਉਹ ਸਭ ਤੋਂ ਵੱਧ ਲਿਖਣ ਵਾਲਾ ਤੇ ਮਾਣਯੋਗ ਕਹਾਣੀਕਾਰ ਹੋ ਨਿਬੜਿਆ ਹੈ।

ਇਸ ਦੌਰ ਵਿਚ ਪੰਜਾਬੀ ਕਹਾਣੀ ਨੂੰ ਦੇਵਿੰਦਰ ਸਤਿਆਰਥੀ, ਅੰਮ੍ਰਿਤਾ ਪ੍ਰੀਤਮ, ਮਹਿੰਦਰ ਸਿੰਘ ਸਰਨਾ, ਦਲੀਪ ਕੌਰ ਟਿਵਾਣਾ, ਗੁਲਜ਼ਾਰ ਸਿੰਘ ਸੰਧੂ, ਮਹਿੰਦਰ ਸਿੰਘ ਜੋਸ਼ੀ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਸੁਖਬੀਰ, ਸੁਰਜੀਤ ਸਿੰਘ ਸੇਠੀ ਵਰਗੇ ਸਮਰੱਥ ਕਹਾਣੀਕਾਰ ਵੀ ਮਿਲੇ ਜਿਨ੍ਹਾਂ ਦੇ ਹੱਥਾਂ ਵਿਚ ਪੰਜਾਬੀ ਕਹਾਣੀ ਨੇ ਨਿੱਕੀ ਕਹਾਣੀ ਦੀ ਤਕਨੀਕ ਨੂੰ ਸਹੀ ਅਰਥਾਂ ਵਿਚ ਗ੍ਰਹਿਣ ਕੀਤਾ ਅਤੇ ਆਪਣੀ ਵੱਥ ਦੇ ਸੰਚਾਰ ਲਈ ਸਫ਼ਲਤਾ ਸਹਿਤ ਵਰਤਿਆ। ਇਸ ਦੌਰ ਵਿਚ ਸ਼ੁਧ ਰੂਪ ਵਿਚ ਇਕ ਨਿੱਕੇ ਗਲਪੀ ਬਿੰਬ ਦੀ ਸਿਰਜਣਾ ਕੀਤੀ ਗਈ। ਇਸ ਦੌਰ ਦਾ ਕਥਾ ਨਾਇਕ ਵੀ ਨਿੱਕੀ ਕਹਾਣੀ ਲਈ ਲੋੜੀਂਦੀ ਸਧਾਰਨਤਾ ਦੇ ਕਾਫ਼ੀ ਨੇੜੇ ਸੀ ਭਾਵੇਂ ਪ੍ਰਗਤੀਵਾਦੀ ਚੇਤਨਾ ਦੇ ਸਰਲੀਕਰਨ ਕਰ ਕੇ ਸ਼ੋਸ਼ਿਤ ਤੇ ਸ਼ੋਸ਼ਕ ਧਿਰਾਂ ਦੀ ਮਕਾਨਕੀ ਹੋਂਦ ਨੂੰ ਨਿਹਾਰਦੀ ਇਹ ਕਹਾਣੀ ਕਾਫ਼ੀ ਹਦ ਤਕ ਸਪਾਟ ਚਰਿੱਤਰਕ ਬਿੰਬ ਸਿਰਜਦੀ ਰਹੀ ਪਰ ਇਸ ਦੌਰ ਦੀ ਕਹਾਣੀ ਦੀ ਇਹ ਗੌਲਣਯੋਗ ਪ੍ਰਾਪਤੀ ਰਹੀ ਕਿ ਪੰਜਾਬੀ ਕਹਾਣੀ ਵੱਥ ਦੀ ਪੱਧਰ ਤੇ ਹੀ ਯੁਗ ਚੇਤਨਾ ਦੀ ਹਾਣੀ ਨਾ ਬਣੀ ਸਗੋਂ ਸ਼ਿਲਪ ਦੇ ਪੱਧਰ ਤੇ ਵੀ ਪੱਛਮੀ ਕਹਾਣੀ ਨਾਲ ਬਾਰ ਮੇਚਣ ਵਿਚ ਸਫ਼ਲ ਰਹੀ।

ਭਾਵੇਂ ਕਹਾਣੀ ਦਾ ਇਹ ਮਾਡਲ ਅੱਜ ਵੀ ਕਹਾਣੀ ਵਿਚ ਦੁਹਰਾਇਆ ਜਾ ਰਿਹਾ ਹੈ ਪਰ ਹੁਨਰੀ ਪੰਜਾਬੀ ਕਹਾਣੀ ਦਾ ਸਿਖਰ ਕੁਲਵੰਤ ਸਿੰਘ ਵਿਰਕ ਸੀ। ਉਸ ਨੇ ਕਹਾਣੀ ਨੂੰ ਕਿਸੇ ਮਕਾਨਕੀ ਪ੍ਰਤਿਮਾਨ, ਰੂੜ੍ਹ ਆਦਰਸ਼ ਜਾਂ ਯੁਗ ਚੇਤਨਾਵਾਂ ਦੁਆਰਾ ਪ੍ਰਸਤੁਤ ਕਿਸੇ ਸੂਤਰ ਸਿਧਾਂਤ ਦੇ ਪ੍ਰਗਟਾਓ ਲਈ ਵਰਤਣ ਦੀ ਥਾਂ ਵੇਗਮੱਤੀ ਜ਼ਿੰਦਗੀ ਦੇ ਆਂਤਰਿਕ ਸੁਹਜ ਭਾਵੀ ਸੰਸਾਰ ਨਾਲ ਜੋੜਿਆ। ਇਸੇ ਕਰਕੇ ਉਸ ਦੀਆਂ ਕਹਾਣੀਆਂ ਵਿਚੋਂ ਖੱਬਲ, ਧਰਤੀ ਹੇਠਲਾ ਬੌਲਦ, ਦੁੱਧ ਦਾ ਛੱਪੜ, ਤੂੜੀ ਦੀ ਪੰਡ ਆਦਿ ਕਹਾਣੀਆਂ ਪੰਜਾਬੀਅਤ ਦੀ ਮੜਕ, ਮਾਣ ਤੇ ਚੇਤਨਾ ਨੂੰ ਪ੍ਰਗਟਾਉਣ ਵਾਲੀਆਂ ਸ਼ਾਹਕਾਰ ਰਚਨਾਵਾਂ ਹੋ ਨਿਬੜੀਆਂ। ਪੰਜਾਬੀ ਕਹਾਣੀ ਵਿਚ ਤੀਜੀ ਪੀੜ੍ਹੀ ਦੇ ਨਕਸ਼ ਉੱਨੀਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਉਦੋਂ ਉਭਰੇ ਜਦੋਂ ਅਜੀਤ ਕੌਰ, ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ ਆਦਿ ਸ਼ੁਧ ਰੂਪ ਵਿਚ ਪੂੰਜੀਵਾਦੀ ਸਰੋਕਾਰਾਂ ਨਾਲ ਵਾਬਸਤਾ ਜਟਿਲ ਸੰਰਚਨਾ ਵਾਲੀ

ਕਹਾਣੀ ਲੈ ਕੇ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਕੀਤੇ । ਅਜੀਤ ਕੌਰ ਨੇ ਗੁਲਬਾਨੋ, ਫਾਲਤੂ ਔਰਤ, ਸਾਵੀਆਂ ਚਿੜੀਆਂ, ਮੌਤ ਅਲੀ ਬਾਬੇ ਦੀ , ਨਾ ਮਾਰੋ ਨਾਲ ਔਰਤ ਦੀ ਮਾਨਵੀ ਹੋਂਦ ਦੀਆਂ ਆਪਣੀਆਂ ਨਿੱਜੀ ਅਕਾਂਖਿਆਵਾਂ ਤੇ ਹੋਣੀਆਂ ਦੇ ਜੀਵੰਤ ਪਸਾਰ ਨੂੰ ਤਰਕ ਦਿੱਤਾ । ਪ੍ਰੇਮ ਪ੍ਰਕਾਸ਼ (ਮੁਕਤੀ, ਸਵੇਤਾਂਬਰ ਨੇ ਕਿਹਾ ਸੀ , ਕੁਝ ਅਣਕਿਹਾ ਵੀ ) ਨੇ ਆਧੁਨਿਕ ਯੁਗ ਦੇ ਮਹੱਤਵਕਾਂਖੀ ਲਘੂ ਮਨੁੱਖ ਦੀ ਐਡਵੈਂਚਰੀ ਫਿਤਰਤ ਦੇ ਗਾਲਪਨਿਕ ਚਿੱਤਰ ਉਲੀਕੇ । ਵਰਿਆਮ ਸੰਧੂ ਨੇ ਅੰਗ ਸੰਗ, ਭੱਜੀਆਂ ਬਾਹਾਂ ਨਾਲ ਪਰਿਵਾਰਕ, ਭਾਈਚਾਰਕ ਸਬੰਧਾਂ ਵਿਚ ਗਰਕਦੀ ਹੋਂਦ ਚੇਤਨਾ ਨੂੰ ਪੂੰਜੀਵਾਦੀ ਕੀਮਤਾਂ ਦੇ ਦਮਨਕਾਰੀ ਪ੍ਰਸੰਗ ਨਾਲ ਜੋੜ ਕੇ ਆਪਣੀ ਆਲਹਾ ਪ੍ਰਤੱਖਣ ਸਮਰੱਥਾ ਦਾ ਪ੍ਰਗਟਾਵਾ ਕੀਤਾ । ਗਤੀਸ਼ੀਲ ਯਥਾਰਥ ਦੇ ਬਾਹਰੀ ਤੇ ਆਂਤਰਿਕ ਵਿਵੇਕਾਂ ਨੂੰ ਇਕੋ ਵੇਲੇ ਪ੍ਰਤੱਖਣ ਪ੍ਰਗਟਾਉਣ ਦੀ ਇਸ ਕਲਾਤਮਕ ਸਮਰੱਥਾ ਇਸ ਦੌਰ ਵਿਚ ਕਹਾਣੀ ਦਾ ਮਾਪਦੰਡ ਬਣੀ । ਇਸ ਚੇਤਨਾ ਨੂੰ ਆਤਮਸਾਤ ਕਰਨ ਵਾਲਾ ਪੰਜਾਬੀ ਕਹਾਣੀਕਾਰਾਂ ਦਾ ਇਕ ਵੱਡਾ ਵਰਗ ਜਿਸ ਵਿਚ ਮੋਹਨ ਭੰਡਾਰੀ, ਗੁਰਬਚਨ ਭੁੱਲਰ, ਰਘਬੀਰ ਢੰਡ, ਸਾਧੂ, ਰਾਮ ਸਰੂਪ ਅਣਖੀ, ਜਸਵੰਤ ਸਿੰਘ ਵਿਰਦੀ , ਕਿਰਪਾਲ ਕਜ਼ਾਕ, ਗੁਰਪਾਲ ਲਿਟ, ਜਸਬੀਰ ਭੁੱਲਰ, ਜੋਗਿੰਦਰ ਕੈਰੋਂ, ਦਲਬੀਰ ਚੇਤਨ, ਬਲਦੇਵ ਸਿੰਘ, ਸੁਖਵੰਤ ਕੌਰ ਮਾਨ, ਗੁਰਦੇਵ ਮਡਾਹੜ ਆਦਿ ਦੇ ਨਾਂ ਵਰਣਨਯੋਗ ਹਨ, ਇਸ ਦੌਰ ਵਿਚ ਸਥਾਪਤ ਹੋਇਆ । ਇਸ ਪੀੜ੍ਹੀ ਦੇ ਹੱਥਾਂ ਵਿਚ ਪੰਜਾਬੀ ਕਹਾਣੀ ਨੇ ਵਿਸ਼ੇ ਪੱਖੋਂ ਅਥਾਹ ਵਿਸਥਾਰ ਨੂੰ ਛੋਹਿਆ । ਪੰਜਾਬ ਦੀ ਸ਼੍ਰੇਣੀ ਸਮਾਜ ਵਿਚ ਕਿਸੇ ਅਣਗੌਲੇ ਅਣਹੋਏ ਕਿਰਤੀ ਤੋਂ ਲੈ ਕੇ ਅਤਿ ਆਧੁਨਿਕ ਜੀਵਨ ਜਾਚ ਦੀ ਲਪੇਟ ਵਿਚ ਆਇਆ ਮਨੁੱਖ ਅੱਜ ਪੰਜਾਬੀ ਕਹਾਣੀ ਦੇ ਕਲੇਵਰ ਵਿਚ ਹੈ । ਆਧੁਨਿਕੀਕ੍ਰਿਤ ਸ਼ਹਿਰੀਕ੍ਰਿਤ ਸਮਾਜ ਵਿਚ ਪੂੰਜੀਵਾਦੀ ਦੌਰ ਦੇ ਦਬਾਵਾਂ ਦੇ ਅੰਦਰਲੇ ਤ੍ਰਾਸਦਿਕ ਹੁੰਗਾਰਿਆਂ ਨੂੰ ਝੇਲਦਾ, ਨਵੀਂ ਜੀਵਨ ਜਾਚ ਵਿਚ ਹੱਕਾਂ, ਫਰਜ਼ਾਂ , ਅਧਿਕਾਰਾਂ ਦੇ ਨਵੇਂ ਪ੍ਰਤਿਮਾਨਾਂ ਅਧੀਨ ਜ਼ਿੰਦਗੀ ਜਿਉਂਦਾ ਮਨੁੱਖ ਇਸ ਦੇ ਫੋਕਸ ਵਿਚ ਹੈ । ਇਸ ਦੌਰ ਦੀ ਪ੍ਰਾਪਤੀ, ਇਸ ਦੁਆਰਾ ਸਿਰਜਿਆ ਆਧੁਨਿਕ ਯੁਗ ਦਾ ਮਹੱਤਵਾਕਾਂਖੀ ਲਘੂ ਮਨੁੱਖ ਹੈ ਜਿਹੜਾ ਆਪਣੀਆਂ ਸਥਿਤੀਆਂ ਕਰ ਕੇ ਭਾਵੇਂ ਸਧਾਰਨ ਹੈ ਪਰ ਆਪਣੇ ਵਿਚਰਨ ਕਰ ਕੇ ਔਸਤ ਮਨੁੱਖ ਨਹੀਂ । ਕਹਾਣੀ ਦੀ ਜਟਿਲ ਸੰਰਚਨਾ ਅਤੇ ਖੁਲ੍ਹਾ ਅੰਤ ਇਸ ਦੌਰ ਦੀ ਕਹਾਣੀ ਦੀ ਪਛਾਣ ਬਣੀ ਹੈ ।

ਸੰਨ 1990 ਤੋਂ ਬਾਅਦ ਪੰਜਾਬੀ ਕਹਾਣੀ ਵਿਚ ਇਕ ਨਵਾਂ ਪੋਚ ਜਿਸ ਵਿਚ ਜਸਵਿੰਦਰ ਸਿੰਘ, ਸਰਵਮੀਤ, ਬਲਜਿੰਦਰ ਨਸਰਾਲੀ, ਲਾਲ ਸਿੰਘ, ਮਹਿਮਾ ਸਿੰਘ, ਅਵਤਾਰ ਸਿੰਘ ਬਿਲਿੰਗ, ਜਿੰਦਰ, ਦੇਸ ਰਾਜ ਕਾਲੀ, ਅਮਨਪਾਲ ਸਾਰਾ, ਹਰਜੀਤ ਅਟਵਾਲ, ਬਲਦੇਵ ਧਾਲੀਵਾਲ, ਸ਼ਸ਼ੀ ਸਮੁੰਦਰਾ, ਵੀਨਾ ਵਰਮਾ ਆਦਿ ਦਾ ਨਾਂ ਵਰਣਨਯੋਗ ਹੈ, ਨਵੇਂ ਯਥਾਰਥ ਨਾਲ ਜੂਝਦਾ ਪੰਜਾਬੀ ਕਹਾਣੀ ਦੀਆਂ ਭਵਿੱਖਾਰਥੀ ਸੰਭਾਵਨਾਵਾਂ ਦੀ ਸੋਝੀ ਦੇ ਰਿਹਾ ਹੈ । ਇਨ੍ਹਾਂ ਦੀ ਸਾਹਿਤ ਸੰਵੇਦਨਾ ਦੀ ਪ੍ਰਾਪਤੀ ਇਹ ਹੈ ਕਿ ਇਨ੍ਹਾਂ ਦਾ ਬਿਰਤਾਂਤਕ ਮੂਡ ਮਨੁੱਖੀ ਗਿਆਨ ਵਿਗਿਆਨ ਦੀ ਸਮੁੱਚੀ ਪਰੰਪਰਾ ਦੀਆਂ ਅੰਤਰ ਸੋਝੀਆਂ ਤੋਂ ਪੂਰਾ ਪੂਰਾ ਫਾਇਦਾ ਉਠਾਉਂਦਾ ਹੈ ਪਰ ਵਿਭਿੰਨ ਸਿਸਟਮਾਂ ਸੰਜਮਾਂ ਦੀਆਂ ਕੁਝ ਅਤਿਤਾਵਾਂ ਤੇ ਕਠੋਰਤਾਵਾਂ ਨੂੰ ਉਲੰਘ ਸਕਣ ਦੇ ਸਮਰੱਥ ਹੈ । ਸਮੁੱਚੇ ਰੂਪ ਵਿਚ ਪੰਜਾਬੀ ਕਹਾਣੀ ਦੀ ਪ੍ਰਾਪਤੀ ਗੌਰਵਸ਼ੀਲ ਹੈ ।

**ਇਸਤਰੀ ਕਹਾਣੀਕਾਰ:** ਪੰਜਾਬੀ ਨਿਕੀ ਕਹਾਣੀ ਦੇ ਵਿਕਾਸ ਵਿਚ ਕੁਝ ਕੁ ਇਸਤਰੀ ਲੇਖਕਾਂ ਨੇ ਵੀ ਯੋਗ ਹਿੱਸਾ ਪਾਇਆ ਹੈ। ਇਨ੍ਹਾਂ ਦਾ ਜਗਤ ਤਾਂ ਭਾਵੇਂ ਨਿਰਾਲਾ ਨਹੀਂ, ਪਰ ਅਨੁਭਵ ਜ਼ਰੂਰ ਵਿਲੱਖਣ ਹੈ। ਵਿਸ਼ੇਸ਼ ਕਰਕੇ ਪੁਰਸ਼ ਪ੍ਰਧਾਨ ਸਮਾਜ ਤੇ ਸਾਮੰਤਵਾਦੀ ਯੁਗ ਦੇ ਕਠੋਰ ਦਮਨ ਨੇ ਇਨ੍ਹਾਂ ਦੀ ਵਿਅਕਤੀਗਤ ਸੁਤੰਤਰਤਾ ਨੂੰ ਨਪੀੜੀ ਰਖਿਆ ਹੈ। ਜਿਥੇ ਹੌਕੇ ਤੇ ਸਿਸਕੀਆਂ ਹਨ, ਉਥੇ ਇਸਤਰੀ ਮਨ ਵਿਚ ਉਭਰ ਰਿਹਾ ਸੰਘਰਸ਼, ਬਲ ਤੇ ਆਧੁਨਿਕ ਯੁਗ ਦੀ ਸੁਤੰਤਰ ਚੇਤੰਨਤਾ ਵੀ ਦ੍ਰਿਸ਼ਟੀਗੋਚਰ ਹੋਈ ਹੈ। ਸ਼ੈਲੀ ਦੇ ਪਖ ਤੋਂ ਵੀ ਅਨੂਠੀ ਪ੍ਰਕਾਰ ਦੀ ਕਾਵਿਮਈ ਭਾਵੁਕਤਾ ਤੇ ਤਿਖਾ ਵੇਗ ਵੇਖਣ ਵਿਚ ਆਉਂਦਾ ਹੈ। ਉਪ-ਭਾਵੁਕਤਾ, ਨਿਰਾਸ਼ਾ, ਵਿਸ਼ਾਦ ਤੋਂ ਕਈ-ਕੋਈ ਲੇਖਕਾ ਹੀ ਪੂਰਨ ਤੌਰ 'ਤੇ ਸੁਤੰਤਰ ਹੋ ਸਕੀ ਹੈ। ਜਿਨ੍ਹਾਂ ਇਸਤਰੀ ਲੇਖਕਾਂ ਨੇ ਕਹਾਣੀ ਰਚਨਾ ਨੂੰ ਕਲਾ ਰੂਪ ਵਜੋਂ ਅਪਨਾਇਆ ਹੈ, ਉਨ੍ਹਾਂ ਵਿਚੋਂ ਅਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਚਿੰਤ ਕੌਰ, ਐਨ ਕੌਰ, ਸ਼ਰਨ ਮੱਕੜ, ਚੰਦਨ ਨੇਗੀ, ਬਲਜੀਤ ਬਲੀ, ਰਾਜਿੰਦਰ ਕੌਰ, ਹਨ । ਅੰਮ੍ਰਿਤਾ ਪ੍ਰੀਤਮ ਜਿਥੇ ਆਪਣੀ ਕਵਿਤਾ ਵਿਚ ਇਸਤਰੀ ਜਾਤੀ ਦੀ ਅਵਾਜ਼ ਦੇ ਰੂਪ ਵਿਚ ਜਾਣੀ । ਭਾਵਕਤਾ ਅਤੇ ਸ਼ੈਲੀ ਵਿਚ ਕਾਵਿਮਈ ਅੰਸ਼ ਮੌਜੂਦ ਹੈ। ਉਸ ਦੀ ਕਹਾਣੀ ਵਧੇਰੇ ਰੌਚਿਕ, ਤੇ ਸਤਿਕਾਰੀ ਜਾਂਦੀ ਹੈ, ਉਥੇ ਉਸ ਦੀਆਂ ਕਹਾਣੀਆਂ ਵਿਚ ਲੋਕ-ਗੀਤਾਂ ਵਾਲੀ ਸਰਲ, ਤੇ ਰਸਦਾਇਕ ਹੁੰਦੀ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਕਹਾਣੀ ਬਿਰਤਾਂਤ ਕਾਵਿ ਨਾਲ ਭਰਪੂਰ ਹੈ। 'ਮੋਮਬੱਤੀਆਂ ਦਾ ਭੇਦ' ਅਤੇ 'ਕੁੰਜੀਆਂ' ਆਦਿ ਉਸ ਦੇ ਵਰਣਨਯੋਗ ਕਹਾਣੀ-ਸੰਗ੍ਰਿਹ ਹਨ।

**ਦਲੀਪ ਕੌਰ ਟਿਵਾਣਾ** ਇਸਤਰੀ ਲੇਖਕਾਂ ਵਿਚੋਂ ਕਹਾਣੀ ਦੇਵਹਿਣ', 'ਤਰਾਟਾਂ, ਵੈਰਾਗੇ ਨੈਣ, ਤੂੰ ਭਰੀ ਹੁੰਗਾਰਾ ਆਦਿ ਕਹਾਣੀ ਸੰਗ੍ਰਹਿ ਦਿੱਤੇ ਖੇਤਰ ਵਿਚ ਵਿਸ਼ੇਸ਼ ਦੇਣ ਦਲੀਪ ਕੌਰ ਟਿਵਾਣਾ ਦੀ ਹੈ। ਉਸ ਨੇ ਹੁਣ ਤਕ 'ਪ੍ਰਬਲ ਹਨ। ਉਸ ਦੇ ਪਹਿਲੇ ਸੰਹਿਆਂ ਵਿਚ ਵਿਸ਼ਾਦ ਤੇ ਨਿਰਾਸ਼ਾ ਦਾ ਵਾਯੂ ਮੰਡਲ ਪ੍ਰਧਾਨ ਸੀ ਅਤੇ ਸ਼ੈਲੀ ਦੀ ਉਪ-ਭਾਵੁਕਤਾ ਵੀ ਪ੍ਰਤਖ ਰੂਪ ਵਿਚ ਉਘੜ ਕੇ ਸਾਹਮਣੇ ਆ ਜਾਂਦੀ ਸੀ, ਪਰ ਉਸ ਦੀਆਂ

ਨਵੀਨ ਕਹਾਣੀਆਂ ਵਿਚ ਮਨੋਵਿਗਿਆਨਕ ਸੂਝ ਵਿਸ਼ਲੇਸ਼ਣ ਪ੍ਰਲ ਹੋ ਰਹੇ ਹਨ ਤੇ ਅੰਤਰ ਦ੍ਰਿਸ਼ਟੀ ਤੇ ਬੌਧਿਕ ਭਾਂਤ ਦਾ ਨਿਰਣਾਕਾਰੀ ਕਥਨ ਨਿਖਰ ਕੇ ਰੂਪਮਾਨ ਹੋ ਰਿਹਾ ਹੈ। ਪਾਤਰ ਨਿਖੇੜ ਤੇ ਉਨ੍ਹਾਂ ਦੀ ਘੋਖ ਵਿਚ ਉਹ ਸਫਲ ਹੈ, ਪਰ ਬਹੁਤੀ ਥਾਈਂ ਉਸ ਦੀ ਆਪਣੀ ਕਲਪਨਾ ਉਸ 'ਤੇ ਵੀ ਛਾ ਜਾਂਦੀ ਹੈ। ਆਪਣੀ ਕਵਿਤਰੀ ਸਾਥਣਾਂ ਦੇ ਟਾਕਰੇ ਤੇ ਉਸ ਵਿਚ ਗਦ-ਲੇਖਕਾਂ ਵਾਲੀ ਚੇਤੰਨਤਾ ਵਿਦਮਾਨ ਹੈ। ਉਸ ਦੀਆਂ ਕਹਾਣੀਆਂ ਵਿਚ ਨਾਰੀ ਦੀ ਕਰੁਣਾਮਈ ਵੇਦਨਾ ਭਰਪੂਰ ਸਥਿਤੀ ਤੋਂ ਬਿਨਾਂ ਕਈ ਥਾਵਾਂ 'ਤੇ ਇਸਤਰੀ ਜਾਤੀ ਦੇ ਮਨ ਵਿਚ ਨਵੀਂ ਚੇਤੰਨਤਾ ਦੁਆਰਾ ਉਸ ਦੇ ਸਵੈਮਾਨ ਨੂੰ ਉਤਸਾਹਿਤ ਕਰਨ ਦੀ ਰੁਚੀ ਪ੍ਰਬਲ ਹੁੰਦੀ ਹੈ, ਪਰ ਆਪਣੀਆਂ ਘਟਨਾਵਾਂ ਤੇ ਪਾਤਰਾਂ ਦੀਆਂ ਮਨੋ-ਸਥਿਤੀਆਂ ਨੂੰ ਉਹ ਠੋਸ ਯਥਾਰਥ ਰਾਹੀਂ ਉਘਾੜਦੀ ਹੈ। ਭਾਵੇਂ ਬਹੁਤੀਆਂ ਕਹਾਣੀਆਂ ਵਿਚ ਉਹ ਸਥਾਨਕ ਉਪ-ਭਾਸ਼ਾ ਦੀ ਵਰਤੋਂ ਕਰਦੀ ਹੈ, ਪਰ ਉਸ ਦੀ ਕਥਾ ਜੁਗਤ, ਸ਼ਬਦਾਂ ਦਾ ਸੰਜਮ ਉਸ ਦੇ ਕਲਾ ਸਿਧ ਹੋਣ ਦਾ ਪ੍ਰਤੀਕ ਹੈ।

**ਅਜੀਤ ਕੌਰ** ਨੇ ਪੰਜਾਬੀ ਕਹਾਣੀ ਵਿਚ ਵਿਸ਼ੇ ਤੇ ਸ਼ੈਲੀ ਦੇ ਪੱਖ ਤੋਂ ਨਵੇਂ ਚਮਤਕਾਰੀ ਗੁਣ ਲਿਆਂਦੇ ਹਨ ਅਤੇ ਇਕ ਪ੍ਰਕਾਰ ਨਿਰਸੰਕੋਚ ਬਿਆਨ ਸਾਹਮਣੇ ਲਿਆਂਦਾ ਹੈ।ਅਜੀਤ ਕੌਰ ਦੀਆਂ 'ਫਾਲਤੂ ਔਰਤ ਦੀਆਂ ਕਹਾਣੀਆਂ ਇਸਤਰੀ ਦੇ ਜੀਵਨ ਦੀ ਇਕਲਤਾ ਜੋ ਵਖ-ਵਖ ਫੌਂਟਾਂ ਵਿਚ ਉਸ ਦੇ ਮਨ ਉਤੇ ਭਾਰੂ ਰਹਿੰਦੀ ਹੈ, ਦਾ ਸੁੰਦਰ ਤੇ ਆਧੁਨਿਕ ਢੰਗ ਦਾ ਬੋਧ ਕਰਾਉਂਦੀਆਂ ਹਨ।ਉਹ ਵੀ ਇਨ੍ਹਾਂ ਕਹਾਣੀਆਂ ਵਿਚ ਗਵਾਚੇ ਜਾਂ ਖੰਡਿਤ ਆਪੇ ਦੀ ਭਾਲ ਵਿਚ ਹੈ। ਉਸ ਦੀ ਸ਼ੈਲੀ ਵਿਚ ਕਹਾਣੀ ਦਾ ਨਵੀਨਤਮ ਰੰਗ, ਭਾਵੁਕਤਾ ਤੇ ਰਸਮਾਚਾਰ ਦਾ ਤਿਆਗ ਕਰਕੇ ਜੀਵਨ ਨੂੰ ਉਸ ਦੇ ਨੰਗੇ ਰੂਪ ਵਿਚ ਵੇਖਣਾ, ਘੋਖਣਾ, ਮਾਨਣਾ ਤੇ ਪੇਸ਼ ਕਰਨਾ ਹੈ। 'ਸਾਵੀਆਂ ਚਿੜੀਆਂ, 'ਧੁਪ ਵਾਲਾ ਸ਼ਹਿਰ', 'ਗੁਲਬਾਨੋਂ ਉਸ ਦੇ ਪ੍ਰਮੁਖ ਕਹਾਣੀ ਸੰਗ੍ਰਹਿ ਹਨ। ਤੀਬਰ ਸੰਵੇਦਨਸ਼ੀਲਤਾ, ਨਾਰੀ ਦੇ ਸੁਤੰਤਰ ਅਸਤਿਤਵ ਦਾ ਬਲਵਾਨ ਅਹਿਸਾਸ ਅਤੇ ਨਾਰੀ ਹਿੱਤਾਂ ਲਈ ਜ਼ੋਰਦਾਰ ਵਕਾਲਤ ਤੇ ਨਿਖੜਵੇਂ ਦਿਸ਼ ਵਰਣਨ ਤੇ ਘਟਨਾ ਚੱਕਰਾਂ ਵਿੱਚ ਪਹੁੰਚਿਆ ਹੋਇਆ ਕਥਾ ਵਸਤੂ ਅਜੀਤ ਕੌਰ ਦੀਆਂ ਕਹਾਣੀਆਂ ਨੂੰ ਪ੍ਰਭਾਵਸ਼ਾਲੀ ਹੈ ਤੇ ਸਾਹਸਵਾਨ ਵੀ। ਇਹੋ ਹੀ ਉਸ ਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਹੈ, ਪਰ ਬਣਾ ਦਿੰਦਾ ਹੈ। ਨਾਰੀ ਸਬੰਧੀ ਆਪਣੇ ਦ੍ਰਿਸ਼ਟੀਕੋਣ ਦੇ ਪ੍ਰਗਟਾਉ ਵਿਚ ਉਹ ਨਵੇਕਲੀ ਹੈ ਤੇ ਸਾਹਸਵਾਨ ਵੀ।ਣਕੇ' ਪ੍ਰਭਜੋਤ ਕੌਰ ਦਾ ਵਰਣਨਯੋਗ ਕਹਾਣੀ-ਸੰਗ੍ਰਿਹ ਹੈ।

**ਚੰਦਨ ਨੇਗੀ** ਦੀਆਂ ਕਹਾਣੀਆਂ ਆਪਣੀ ਪ੍ਰਮਾਣਿਕਤਾ ਅਤੇ ਕਲਾਮਈ ਨਿਪੁੰਨਤਾ ਕਾਰਨ ਉੱਚਿਤਗੌਰਵ ਦੀਆਂ ਧਾਰਨੀ ਹਨ। ਉਸ ਦੇ ਪ੍ਰਮੁਖ ਕਹਾਣੀ ਸੰਗ੍ਰਹਿ "ਮੇਰਾ ਆਪਾ ਮੋੜ ਦੇ, 'ਚਿਤ੍ਰਗੁਪਤ', 'ਕਰੜਾ ਸਾਰ', 'ਗੰਧ ਕਥੂਰੀ', 'ਬਾਰ ਪਰਾਇ, ਸਗਲ ਸੰਗ ਅਤੇ ਸੁਲਗਦੇ ਰਾਹ ਹਨ। ਉਹ ਸਮਾਜਿਕ ਜੀਵਨ ਨੂੰ ਚਿਤਰਨ ਵਾਲੀ ਵਡੀ ਕਹਾਣੀਕਾਰ ਹੈ। ਅਤੇ ਜਿਸ ਸਹਿਜ ਢੰਗ ਨਾਲ ਸਮਾਜਿਕ ਜੀਵਨ ਦਾ ਵਿਸ਼ਲੇਸ਼ਣ ਪ੍ਰਸਤੁਤ ਕਰਦੀ ਹੈ, ਉਸ ਵਿਚ ਸਹਿਜ ਪ੍ਰਵਾਹ ਵੀ ਹੈ, ਗਹਿਰ ਗੰਭੀਰਤਾ ਅਤੇ ਪ੍ਰਮਾਣਿਕਤਾ ਵੀ। ਇਨ੍ਹਾਂ ਕਹਾਣੀਆਂ ਵਿਚ ਇਸਤਰੀ ਪੁਰਸ਼, ਅੰਤਰ ਜਾਤੀ, ਉੱਚੇ ਨੀਵੇਂ ਵਰਗਾਂ, ਪ੍ਰੇਮ ਸੰਬੰਧਾਂ ਵਿਚ ਸੰਜੋਗ ਵਿਜੋਗ, ਪਾਤਰਾਂ ਦੀ ਅੰਤਰੀਵ ਮਨੋ-ਵੇਦਨਾ ਤੇ ਅਕਾਂਖਿਆਵਾਂ ਦਾ ਪਰਸਪਰ ਤਣਾਉ ਤੇ ਟਕਰਾਉ ਸਹਿਜ ਰੂਪ ਵਿਚ ਇਸ ਤਰ੍ਹਾਂ ਪ੍ਰਗਟ ਹੋ ਜਾਂਦਾ ਹੈ, ਜਿਵੇਂ ਉਸ ਨੇ ਸੰਪੂਰਨ ਸਮਾਜ ਨੂੰ ਦਰਪਣ ਰੂਪ ਵਿਚ ਦਰਸਾ ਦਿੱਤਾ ਹੋਵੇ।ਨਾਰੀ ਜੀਵਨ ਦੀਆਂ ਸੰਵੇਦਨਾਵਾਂ ਨੂੰ ਵਰਣਨ ਕਰਨ ਸਮੇਂ ਉਹ ਨਾਰੀ ਦਾ ਉਚੇਚਾ ਪਖ ਹੀ ਨਹੀਂ ਸਗੋਂ ਆਪਣੇ ਸਤੁੰਲਿਤ ਦ੍ਰਿਸ਼ਟੀਕੋਣ ਦੁਆਰਾ ਉਸ ਦੀ ਕਰੁਣਾਮਈ ਸਥਿਤੀ ਨੂੰ ਸਹਿਜ ਰੂਪ ਵਿਚ ਉਜਾਗਰ ਕਰ ਦਿੰਦੀ ਹੈ। ਉਸ ਦਾ ਸਮਾਜਿਕ ਜੀਵਨ ਦਾ ਚਿਤਰ ਭਰਪੂਰ ਰੂਪ ਵਿਚ ਸੰਪੂਰਨ ਸਮਾਜ ਦੀ ਪ੍ਰਤੀਨਿਧਤਾ ਕਰਦਾ ਹੈ। ਉਸ ਦਾ ਦ੍ਰਿਸ਼ਟੀਕੋਣ ਯਥਾਰਥਵਾਦੀ ਹੈ ਤੇ ਉਸ ਦੀਆਂ ਕਹਾਣੀਆਂ ਵਿਚ ਵਿਸ਼ੇ ਦੀ ਵੰਨਗੀ ਤੇ ਕਲਾ ਨਿਪੁੰਨਤਾ ਇਕ ਦਮ ਪਾਠਕਾਂ ਦੇ ਮਨਾਂ ਉਤੇ ਵਿਆਪਕ ਪ੍ਰਭਾਵ ਪਾਉਂਦੇ ਹਨ।

**ਬਚਿੰਤ ਕੌਰ** ਦੀਆਂ ਕਹਾਣੀਆਂ ਇਸਤਰੀ ਦੇ ਦਰਦ ਤੇ ਸੰਘਰਸ਼ ਦੀ ਯਥਾਰਥਮੁੱਖੀ ਤਸਵੀਰ ਪੇਸ਼ ਕਰਦੀਆਂ ਹਨ। 'ਮੰਜ਼ਿਲ', 'ਸੂਹਾ ਰੰਗ, ਸਿਆਹ ਰੰਗ', 'ਭੁੱਬਲ ਦੀ ਅੱਗ', 'ਕਿਆਰੀ ਲੌਂਗਾਂ ਦੀ, "ਖੁਰੇ ਹੋਏ ਰੰਗ, "ਮੁਕਲਾਵੇ ਵਾਲੀ ਰਾਤ 'ਜਿਉਂਦੇ ਪਲ ਮੋਏ ਪਲ ਉਸ ਦੇ ਵਰਣਨਯੋਗ ਕਹਾਣੀ ਸੰਗ੍ਰਹਿ ਹਨ। ਉਸ ਦੇ ਨਿੱਜੀ ਜੀਵਨ ਦੇ ਦਰਦ ਭਰਪੂਰ ਸੰਘਰਸ਼ ਉਤੇ ਝਾਤੀ ਪਾਉਣੀ ਹੋਵੇ ਤਾਂ ਉਸ ਦੀ ਸਵੈ-ਜੀਵਨੀ "ਪਗਡੰਡੀਆਂ ਅਤਿ ਦੀ ਸਫਲ ਸਾਹਿਤਕ ਕਿਰਤ ਹੈ। ਬਚਿੰਤ ਕੌਰ ਦੀਆਂ ਕਹਾਣੀਆਂ ਵਿਚ ਦਰਦ ਭਰਪੂਰ ਵੇਦਨਾ ਵੀ ਹੈ ਤੇ ਇਕ ਉਚੇਚੇ ਪ੍ਰਕਾਰ ਦਾ ਰੋਸ ਵੀ, ਪਰ ਉਸ ਦਾ ਸਮੁਚਾ ਦ੍ਰਿਸ਼ਟੀਕੋਣ ਯਥਾਰਥਮੁਖੀ ਤੇ ਆਧੁਨਿਕ ਹੈ, ਭਾਵੇਂ ਭਾਵੁਕਤਾ, ਵੀ ਉਸ ਦੀ ਕਲਾ ਦਾ ਇਕ ਵਿਸ਼ੇਸ਼ ਲਛਣ ਹੈ। ਬਲਜੀਤ ਬਲੀ ਤੇ ਸੁਖਵੰਤ ਮਾਨ ਦੀਆਂ ਕਹਾਣੀਆਂ ਆਪਣੀਆਂ-ਆਪਣੀਆਂ ਨਿਵੇਕਲੀਆਂ ਵਿਸ਼ੇਸ਼ਤਾਵਾਂ ਲਈ ਬੈਠੀਆਂ ਹਨ। ਪਰ ਇਨ੍ਹਾਂ ਸਾਰੀਆਂ ਇਸਤਰੀ ਕਹਾਣੀਕਾਰਾਂ ਦਾ ਦ੍ਰਿਸ਼ਟੀਕੋਣ ਯਥਾਰਥਵਾਦੀ ਤੇ ਹੈ, ਉਥੇ ਸ਼ਰਨ ਮੱਕੜ ਦੀਆਂ ਕਹਾਣੀਆਂ ਸ਼ਹਿਰੀ ਸਮਾਜ ਨਾਲ

ਸੰਬੰਧ ਰੱਖਦੀਆਂ ਹਨ, ਆਧੁਨਿਕ ਹੈ। ਕੈਲਾਸ਼ ਪੁਰੀ ਪ੍ਰਵਾਸੀ ਕਹਾਣੀਕਾਰਾਂ ਵਿਚ ਸੁਪ੍ਰਸਿਧ ਤੇ ਸਰਬਾਂਗੀ ਲੇਖਕਾ ਸ਼੍ਰੀਮਤੀ ਕੈਲਾਸ਼ਪੁਰੀ ਦਾ ਨਾਂ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਉਸ ਦੇ ਤਿੰਨ ਕਹਾਣੀ ਸੰਗ੍ਰਹਿ "ਇਕ ਸ਼ੱਕ', 'ਦੋ ਤਜਵੀਜ਼ਾਂ ਅਤੇ 'ਲੇਡੀ ਮਾਰਗੇਟ' ਪ੍ਰਕਾਸ਼ਿਤ ਹੋਏ ਹਨ। ਇਸ ਵਿਚ ਸੰਦੇਹ ਨਹੀਂ ਕਿ ਆਦਰਸ਼ਕ ਮਾਨਵਵਾਦੀ ਦ੍ਰਿਸ਼ਟੀਕੋਣ ਰਖਦੀ ਉਹ ਪੂਰਬ ਦੀਆਂ ਜੀਵਨ ਕੀਮਤਾਂ ਦੀ ਸਮਰਥਕ ਹੈ ਅਤੇ ਵਿਸ਼ਵ ਚੇਤਨਾ ਦੀ ਹਾਣੀ ਲੇਖਕਾ ਹੈ। ਵੀਨਾ ਵਰਮਾ ਵੀ ਇਕ ਹੋਰ ਅਜਿਹੀ ਪ੍ਰਵਾਸੀ ਕਹਾਣੀਕਾਰ ਹੈ, ਜੋ ਮੁੱਲ ਦੀ ਤੀਵੀਂ, ਵਰੰਗੀਆਂ ਦੀ ਨੂੰਹ' ਅਤੇ 'ਜੋਗੀਆਂ ਦੀ ਧੀ ਨਾਲ ਸਨਮੁਖ ਹੁੰਦੀ ਹੈ, ਜਿਨ੍ਹਾਂ ਵਿਚ ਅਸ਼ਲੀਲ ਅੰਸ਼ ਵਧੇਰੇ ਹਨ, ਪਰ ਉਹ ਜੀਵਨ ਦੀ ਵਾਸਤਵਿਕਤਾ ਤੋਂ ਭਲੀ ਪ੍ਰਕਾਰ ਜਾਣੂ ਹੈ ਅਤੇ ਪਾਤਰਾਂ ਦੇ ਧੁਰ ਅੰਦਰ ਉਤਰ ਕੇ ਉਨ੍ਹਾਂ ਦਾ ਸੁੰਦਰ ਤੇ ਕਲਾਮਈ ਮਨੋਵਿਸ਼ਲੇਸ਼ਣ ਵੀ ਪੇਸ਼ ਕਰਦੀ ਹੈ।

## ਸਾਰ-ਅੰਸ਼

ਜਿਨ੍ਹਾਂ ਇਸਤਰੀ ਲੇਖਕਾਂ ਨੇ ਕਹਾਣੀ ਰਚਨਾ ਨੂੰ ਕਲਾ ਰੂਪ ਵਜੋਂ ਅਪਨਾਇਆ ਹੈ, ਉਨ੍ਹਾਂ ਵਿਚੋਂ ਅਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਚਿੰਤ ਕੌਰ, ਐਨ ਕੌਰ, ਸ਼ਰਨ ਮੱਕੜ, ਚੰਦਨ ਨੇਗੀ, ਬਲਜੀਤ ਬਲੀ, ਰਾਜਿੰਦਰ ਕੌਰ, ਹਨ। ਅੰਮ੍ਰਿਤਾ ਪ੍ਰੀਤਮ ਜਿਥੇ ਆਪਣੀ ਕਵਿਤਾ ਵਿਚ ਇਸਤਰੀ ਜਾਤੀ ਦੀ ਅਵਾਜ਼ ਦੇ ਰੂਪ ਵਿਚ ਜਾਣੀ। ਭਾਵਕਤਾ ਅਤੇ ਸ਼ੈਲੀ ਵਿਚ ਕਾਵਿਮਈ ਅੰਸ਼ ਮੌਜੂਦ ਹੈ। ਉਸ ਦੀ ਕਹਾਣੀ ਵਧੇਰੇ ਰੌਚਿਕ, ਤੇ ਸਤਿਕਾਰੀ ਜਾਂਦੀ ਹੈ, ਉਥੇ ਉਸ ਦੀਆਂ ਕਹਾਣੀਆਂ ਵਿਚ ਲੋਕ-ਗੀਤਾਂ ਵਾਲੀ ਸਰਲ, ਤੇ ਰਸਦਾਇਕ ਹੁੰਦੀ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਕਹਾਣੀ ਬਿਰਤਾਂਤ ਕਾਵਿ ਨਾਲ ਭਰਪੂਰ ਹੈ। 'ਮੋਮਬੱਤੀਆਂ ਦਾ ਭੇਦ' ਅਤੇ 'ਕੁੰਜੀਆਂ' ਆਦਿ ਉਸ ਦੇ ਵਰਣਨਯੋਗ ਕਹਾਣੀ-ਸੰਗ੍ਰਿਹ ਹਨ।

## ਮੁੱਖ/ਕੇਂਦਰੀ ਸ਼ਬਦ:

- ਰੌਚਿਕ --- ਦਿਲਚਸਪ
- ਸ਼ਾਹਕਾਰ---ਮਹਾਨ
- ਆਧੁਨਿਕਤਾ---ਸਥਿਤੀ
- ਖੱਬਲ --- ਘਾਹ
- ਮੁਰਕੀਆਂ --- ਕੰਨ ਵਿਚ ਪਾਉਣ ਵਾਲਾ ਗਹਿਣਾ

## ਸਵੈ-ਮੁਲਾਂਕਣ:

ਪ੍ਰਸ਼ਨ 1 ਕਹਾਣੀ ਵਿਧਾ ਦਾ ਜਨਮ ਕਿੱਥੇ ਹੋਇਆ?

ੳ ਅਮਰੀਕਾ ਵਿਚ

ਅ ਯੂਰਪ ਵਿਚ

ੲ ਭਾਰਤ ਵਿਚ

ਸ ਆਸਟ੍ਰੇਲੀਆਂ ਵਿਚ

ਪ੍ਰਸ਼ਨ 2 ਕਹਾਣੀ ਦਾ ਸ਼ਾਬਦਿਕ ਅਰਥ ਕੀ ਹੈ?

ੳ ਨਵਾਂ ਦੌਰ

ਅ ਕਥਾ

ੲ ਨਵਾਂ ਸਵੇਰਾ

ਸ ਨਵਾਂ ਕਾਲ

ਪ੍ਰਸ਼ਨ 3 ਅੰਗਰੇਜ਼ੀ ਭਾਸ਼ਾ ਦਾ Novel ਸ਼ਬਦ ਭਾਸ਼ਾ ਦੇ.....Novella ਸ਼ਬਦ ਵਿਚੋਂ ਆਇਆ ਹੈ।

ੳ ਸੰਸਕ੍ਰਿਤ

ਅ ਇਤਾਲਵੀ

ੲ ਰੂਸੀ

ਸ ਫਰਾਂਸੀਸੀ

ਪ੍ਰਸ਼ਨ 4 ਗਲਪ ਦੀਆਂ ਕਿਹੜੀਆਂ ਦੋ ਸਾਹਿਤ ਵਿਧਾਵਾਂ ਹਨ?

ੳ ਨਾਵਲ ਅਤੇ ਕਹਾਣੀ

ਅ ਸਵੈ ਜੀਵਨੀ ਅਤੇ ਜੀਵਨੀ

ੲ ਕਵਿਤਾ ਅਤੇ ਵਾਰਤਕ

ਸ ਨਾਵਲ ਅਤੇ ਨਾਟਕ

ਪ੍ਰਸ਼ਨ 5 ਪੰਜਾਬੀ ਦਾ ਪਹਿਲਾ ਮੌਲਿਕ ਕਹਾਣੀਕਾਰ ਕਿਹੜਾ ਹੈ?

ੳ ਨਾਨਕ ਸਿੰਘ

ਅ ਭਾਈ ਮੋਹਨ ਸਿੰਘ ਵੈਦ

ੲ ਭਾਈ ਵੀਰ ਸਿੰਘ

ਸ ਚਰਨ ਸਿੰਘ ਸ਼ਹੀਦ

ਪ੍ਰਸ਼ਨ 6 ਕਹਾਣੀ ਦਾ ਤੱਤ ਕਿਹੜਾ ਹੈ?

ੳ ਕਥਾਨਕ

ਅ ਰਾਗ

ੲ ਸੰਗੀਤ

ਸ ਛੰਦ

ਪ੍ਰਸ਼ਨ 7 ਕਹਾਣੀ ਵਿਚ ਪਾਤਰਾਂ ਦੀ ਬੋਲੀ ਨੂੰ ਕੀ ਕਿਹਾ ਜਾਂਦਾ ਹੈ?

ੳ ਸ਼ੈਲੀ

ਅ ਵਾਰਤਲਾਪ

ੲ ਕਥਾਨਕ

ਸ ਉਦੇਸ਼

ਪ੍ਰਸ਼ਨ 8 ਸੁਧਾਰਵਾਦੀ ਕਹਾਣੀਕਾਰ ਕਿਹੜਾ ਹੈ?

ੳ ਸੰਤ ਸਿੰਘ ਸੇਖੋ

ਅ ਜਸਵੰਤ ਸਿੰਘ ਕੰਵਲ

ੲ ਚਰਨ ਸਿੰਘ ਸ਼ਹੀਦ

ਸ ਪਰਗਟ ਸਿੰਘ ਸਤੌਜ

ਪ੍ਰਸ਼ਨ 9 ਯਥਾਰਥਵਾਦੀ ਕਹਾਣੀਕਾਰ ਕਿਹੜਾ ਹੈ?

ੳ ਸੰਤ ਸਿੰਘ ਸੇਖੋ

ਅ ਭਾਈ ਵੀਰ ਸਿੰਘ

ੲ ਚਰਨ ਸਿੰਘ ਸ਼ਹੀਦ

ਸ ਮੋਹਨ ਸਿੰਘ ਵੈਦ

ਪ੍ਰਸ਼ਨ 10 ਪ੍ਰਯੋਗਵਾਦੀ ਕਹਾਣੀਕਾਰ ਕਿਹੜਾ ਹੈ?

ੳ ਸੁਰਜੀਤ ਸਿੰਘ ਸੇਠੀ

ਅ ਭਾਈ ਵੀਰ ਸਿੰਘ

ੲ ਚਰਨ ਸਿੰਘ ਸ਼ਹੀਦ

ਸ ਮੋਹਨ ਸਿੰਘ ਵੈਦ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 12. ਨਾਰੀ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ? ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਔਰਤ ਆਜ਼ਾਦ ਹੈ ਰਚਨਾ ਕੀ ਹੈ?

ੳ ਆਲੋਚਨਾ ਪੁਸਤਕ

ਅ ਗਜ਼ਲ ਸੰਗ੍ਰਿਹ

ੲ ਨਜ਼ਮ ਸੰਗ੍ਰਿਹ

ਸ ਗੀਤ ਸੰਗ੍ਰਿਹ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਅ | 2. ਅ | 3. ਅ | 4. ੳ | 5. ੲ |
| 6. ੳ | 7. ਅ | 8. ੲ | 9. ੳ | 10. ੳ |
| 11.ੲ | 12. ੳ | 13. ੳ | 14. ਅ | 15. ੳ |

## ਅਭਿਆਸ ਪ੍ਰਸ਼ਨ

1. ਪੰਜਾਬੀ ਨਾਰੀ ਕਹਾਣੀ ਦੇ ਸਿਧਾਂਤਕ ਪਰਿਪੇਖ ਉੱਪਰ ਨੋਟ ਲਿਖੋ?
2. ਪੰਜਾਬੀ ਨਾਰੀ ਕਹਾਣੀ ਦਾ ਅਰਥ ਦੱਸਦਿਆਂ ਪੰਜਾਬੀ ਨਾਰੀ ਕਹਾਣੀ ਦੇ ਸਰੂਪ ਬਾਰੇ ਚਰਚਾ ਕਰੋ।
3. ਪੰਜਾਬੀ ਨਾਰੀ ਕਹਾਣੀ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸ ਦਾ ਸਰੂਪ ਉਲੀਕੋ।
4. ਪੰਜਾਬੀ ਕਹਾਣੀ ਜਗਤ ਵਿਚ ਨਾਰੀ ਕਹਾਣੀਕਾਰਾਂ ਦੇ ਯੋਗਦਾਨ ਨੂੰ ਆਪਣੇ ਸ਼ਬਦਾਂ ਵਿਅਕਤ ਕਰੋ।

## Further Reading


- ਬਲਦੇਵ ਸਿੰਘ ਧਾਲੀਵਾਰ, ਆਧੁਨਿਕ ਪੰਜਾਬੀ ਕਹਾਣੀ: ਦ੍ਰਿਸ਼ਟੀਮੂਲਕ ਪਰਿਪੇਖ, ਲੋਕਗੀਤ ਪ੍ਰਕਾਸ਼ਨ, 2007
- ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦੀ ਇਕ ਸਦੀ: ਇਤਿਹਾਸਮੂਲਕ ਪ੍ਰਵਚਨ, ਰਵੀ ਸਾਹਿਤ ਪ੍ਰਕਾਸ਼ਨ, 2002.
- ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ, ਆਰਸੀ ਪਬਲਿਸ਼ਰਜ਼, 1954.


## Online Links

- https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%95%E0%A8%B9%E0%A8%BE%E0%A8%A3%E0%A9%80
- https://punjabipedia.org/topic.aspx?txt=%E0%A8%AA%E0%A9%B0%E0%A8%9C%E0%A8%BE%E0%A8%AC%E0%A9%80%20%E0%A8%95%E0%A8%B9%E0%A8%BE%E0%A8%A3%E0%A9%80

Yaadvinder Kaur, Lovely Prefessional University

# Unit 10: 'ਫਾਲਤੂ ਔਰਤ' ਵਿਚ ਪੇਸ਼ ਨਾਰੀ ਸਰੋਕਾਰਾਂ ਦਾ ਵਿਸ਼ਲੇਸ਼ਣ ਅਤੇ ਨਾਰੀ ਸੰਵੇਦਨਾ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਅਜੀਤ ਕੌਰ ਦੇ ਜੀਵਨ ਅਤੇ ਰਚਨਾ ਸੰਸਾਰ ਨੂੰ ਜਾਣਨ ਦੇ ਯੋਗ ਹੋਣਗੇ।
- ਅਜੀਤ ਕੌਰ ਦੇ ਕਹਾਣੀ ਸੰਗ੍ਰਿਹ ਦੇ ਆਧਾਰ 'ਤੇ ਕਹਾਣੀ ਰੂਪਾਕਾਰ ਨੂੰ ਪਰਖਣ ਦੇ ਯੋਗ ਹੋਣਗੇ।
- ਅਜੀਤ ਕੌਰ ਦੇ ਨਾਰੀ ਸਰੋਕਾਰਾਂ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਨਾਰੀ ਕਹਾਣੀ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਨਾਰੀ ਕਹਾਣੀ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਨਾਰੀ ਕਹਾਣੀ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਨਾਰੀ ਕਹਾਣੀ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ। ਆਧੁਨਿਕ ਯੁੱਗ ਵਿੱਚ ਨਾਰੀ ਕਹਾਣੀ ਦਾ ਮਹੱਤਵ ਬਹੁਤ ਵੱਧ ਗਿਆ ਹੈ।

ਪੰਜਾਬੀ ਕਹਾਣੀ ਜਗਤ ਵਿੱਚ ਅਜੀਤ ਕੌਰ ਬਹੁ-ਚਰਚਿਤ ਕਹਾਣੀਕਾਰ ਕਰ ਕੇ ਜਾਣੀ ਜਾਂਦੀ ਹੈ। ਉਸ ਦਾ ਜਨਮ 16 ਨਵੰਬਰ 1934 ਨੂੰ ਲਾਹੌਰ ਵਿੱਚ ਸ. ਮੱਖਣ ਸਿੰਘ ਬਜਾਜ ਦੇ ਘਰ ਮਾਤਾ ਜਸਵੰਤ ਕੌਰ ਦੀ ਕੁੱਖੋਂ ਹੋਇਆ। ਉਸ ਨੇ ਮੁਢਲੀ ਸਿੱਖਿਆ ਸੇਕਰੇਡ ਹਾਰਟ ਸਕੂਲ, ਲਾਹੌਰ ਵਿੱਚ ਪ੍ਰਾਪਤ ਕੀਤੀ। ਇਸ ਤੋਂ ਬਾਅਦ ਖਾਲਸਾ ਹਾਈ ਸਕੂਲ ਵਿੱਚ ਦਾਖ਼ਲਾ ਲੈ ਲਿਆ। ਅਜੇ ਉਹ ਦਸਵੀਂ ਵਿੱਚ ਹੀ ਸੀ ਜਦੋਂ ਦੇਸ਼ ਵੰਡ ਕਾਰਨ ਉਸ ਨੂੰ ਆਪਣੇ ਪਰਿਵਾਰ ਨਾਲ ਸ਼ਿਮਲੇ ਆ ਕੇ ਰਹਿਣਾ ਪਿਆ। 1948 ਵਿੱਚ ਦਿੱਲੀ ਰਹਿ ਕੇ ਅਜੀਤ ਕੌਰ ਨੇ ਐਮ.ਏ. ਅਰਥ ਸ਼ਾਸਤਰ ਅਤੇ ਬੀ.ਐੱਡ. ਪਾਸ ਕੀਤੀ। ਸਾਹਿਤ ਵੱਲ ਝੁਕਾਅ ਹੋਣ ਕਰ ਕੇ ਉਸ ਨੇ ਉਰਦੂ, ਅੰਗਰੇਜ਼ੀ ਅਤੇ ਪੰਜਾਬੀ ਸਾਹਿਤ ਦਾ ਅਧਿਐਨ ਕੀਤਾ। 1952 ਵਿੱਚ ਅਜੀਤ ਕੌਰ ਦਾ ਵਿਆਹ ਡਾ. ਰਜਿੰਦਰ ਸਿੰਘ ਨਾਲ ਹੋਇਆ ਅਤੇ ਦੋ ਬੇਟੀਆਂ ਅਰਪਨਾ ਤੇ ਕੈਂਡੀ ਦਾ ਜਨਮ ਹੋਇਆ। ਅਜੀਤ ਕੌਰ ਦਾ ਵਿਆਹੁਤਾ ਜੀਵਨ ਬਹੁਤ ਚਿਰ ਕਾਇਮ ਨਾ ਰਿਹਾ। ਉਸ ਦੀ ਆਪਣੇ ਪਤੀ ਨਾਲ ਅਣਬਣ ਹੋ ਗਈ ਅਤੇ ਉਹ ਆਪਣੀਆਂ ਦੋਹਾਂ ਬੇਟੀਆਂ ਨੂੰ ਲੈ ਕੇ ਅਲੱਗ ਰਹਿਣ ਲੱਗ ਪਈ। ਘਰ ਦਾ ਗੁਜ਼ਾਰਾ ਚਲਾਉਣ ਲਈ ਅਖ਼ਬਾਰਾਂ ਲਈ ਲਿਖਦੀ। ਉਸ ਨੇ ਸਰਕਾਰੀ ਅਧਿਆਪਕਾ ਦੇ ਤੌਰ ਤੇ ਸਕੂਲ ਵਿੱਚ ਨੌਕਰੀ ਵੀ ਕੀਤੀ। ਅਜੀਤ ਕੌਰ ਨੇ ਪਹਿਲੀ ਕਹਾਣੀ 'ਇੱਕ ਮੁਲਾਕਾਤ' 1948 ਦੇ ਅੰਤ ਵਿੱਚ ਲਿਖੀ ਸੀ ਜਦੋਂ ਅਜੇ ਉਹ ਬੀ.ਏ. ਕਰ ਰਹੀ ਸੀ। ਗੁਲਬਾਨੋ ਉਸ ਦਾ ਪਹਿਲਾ ਕਹਾਣੀ- ਸੰਗ੍ਰਹਿ ਹੈ ਜੋ ਕਿ 1963 ਵਿੱਚ ਛਪਿਆ ਅਤੇ ਇਸ ਨੂੰ ਪੰਜਾਬ ਸਰਕਾਰ ਨੇ ਸਨਮਾਨਿਤ ਕੀਤਾ। ਉਸ ਤੋਂ ਬਾਅਦ ਉਸ ਦੇ ਕਈ ਹੋਰ ਕਹਾਣੀ-ਸੰਗ੍ਰਹਿ ਬੁੱਤ ਸ਼ਿਕਨ, ਮਹਿਕ ਦੀ ਮੌਤ, ਫਾਲਤੂ ਔਰਤ, ਮੌਤ ਅਲੀ ਬਾਬੇ ਦੀ, ਸਾਂਵੀਆਂ ਚਿੜੀਆਂ, ਨਾ ਮਾਰੋ, ਆਪਣੇ-ਆਪਣੇ ਜੰਗਲ ਆਦਿ ਛਪੇ। ਅਜੀਤ ਕੌਰ ਨੇ ਨਾਵਲ ਵੀ ਲਿਖੇ ਜਿਨ੍ਹਾਂ ਵਿੱਚ ਧੁੱਪ ਵਾਲਾ ਸ਼ਹਿਰ, ਪੋਸਟ ਮਾਰਟਮ, ਮੋਰੀ ਆਦਿ ਬਹੁ ਚਰਚਿਤ ਹੋਏ। ਇਸ ਤੋਂ ਇਲਾਵਾ ਸਵੈ-ਜੀਵਨੀ ਕੂੜਾ- ਕਬਾੜਾ ਅਤੇ ਖਾਨਾਬਦੋਸ਼ ਦੀ ਰਚਨਾ ਕੀਤੀ। 16 ਨਵੰਬਰ, 1934 ਨੂੰ ਲਾਹੌਰ ਵਿੱਚ ਜਨਮੀ ਅਜੀਤ ਕੌਰ ਨੇ ਪੜ੍ਹਾਈ ਕਰਦਿਆਂ ਹੀ ਲਿਖਣਾ ਸ਼ੁਰੂ ਕਰ ਦਿੱਤਾ। ਉਸ ਦੀ ਪਹਿਲੀ ਕਹਾਣੀ ਇੰਟਰ ਕਾਲਜ ਮੈਗਜ਼ੀਨ ਵਿਚ ਪ੍ਰਕਾਸ਼ਤ ਹੋਈ ਅਤੇ ਇਨਾਮ ਲਈ ਨਾਮਜਦ ਹੋਈ। ਅਜੀਤ ਕੌਰ ਦਾ ਪੂਰਾ ਜੀਵਨ ਸੰਘਰਸ਼ਾਂ ਨਾਲ ਭਰਪੂਰ ਸੀ ਪਰ ਉਸ ਦੀਆਂ ਲਿਖਤਾਂ ਨੇ ਵਿਆਪਕ ਪ੍ਰਸਿੱਧੀ ਪ੍ਰਾਪਤ ਕੀਤੀ। ਉਸ ਦੀਆਂ ਸਿਰਜਣਾਵਾਂ ਦੇਸ਼ ਵਿਚ ਹੀ ਨਹੀਂ, ਵਿਦੇਸ਼ਾਂ ਵਿਚ ਵੀ ਪ੍ਰਸਿੱਧ ਹੋਈਆਂ। ਨਾਵਲਾਂ ਵਿਚ 'ਧੁੱਪ ਵਾਲਾ ਸ਼ਹਿਰ' ਅਤੇ 'ਪੋਸਟ ਮਾਰਟਮ' ਪ੍ਰਮੁੱਖ ਹਨ। ਉਸਨੇ ਸਵੈ-ਜੀਵਨੀ ਦੋ ਖੰਡਾਂ ਵਿੱਚ ਲਿਖੀ- 'ਖਾਨਾਬਦੋਸ਼' ਅਤੇ 'ਕੂੜਾ-ਕਬਾੜਾ'। ਉਸ ਨੇ 'ਕੱਚੇ ਰੰਗਾਂ ਦਾ ਸ਼ਹਿਰ ਲੰਡਨ' ਸਿਰਲੇਖ ਵਾਲਾ ਇਕ ਯਾਤਰਾ ਲੇਖ ਵੀ ਲਿਖਿਆ ਹੈ। 'ਤਾਕੀਏ ਦਾ ਪੀਰ' ਦੇ ਨਾਮ ਨਾਲ ਯਾਦਗਾਰੀ ਕਿਤਾਬਾਂ ਦੀ ਇਕ ਕਿਤਾਬ ਵੀ ਹੈ। ਉਸ ਦੀ ਸਵੈ-ਜੀਵਨੀ 'ਖਾਨਾਬਦੋਸ਼' ਦਾ ਕਈਂ ਭਾਸ਼ਾਵਾਂ ਵਿੱਚ ਅਨੁਵਾਦ ਹੋਇਆ ਸੀ। ਉਸ ਦੀਆਂ ਕਈ ਕਹਾਣੀਆਂ 'ਤੇ ਟੈਲੀਵਿਜ਼ਨ ਸੀਰੀਅਲ ਵੀ ਬਣਾਏ ਗਏ ਸਨ। ਅਜੀਤ ਕੌਰ ਦੀ ਸਵੈ-ਜੀਵਨੀ 'ਖਾਨਾਬਦੋਸ਼' ਅਤੇ 'ਕੂੜਾ-ਕਬਾੜਾ' ਪੜ੍ਹਦਿਆਂ ਸਮਝਿਆ ਜਾ ਸਕਦਾ ਹੈ ਕਿ ਉਸ ਨੂੰ ਸਵੈ-ਜੀਵਨੀ ਲਿਖਣਾ ਕਿੰਨਾ ਮੁਸ਼ਕਲ ਹੋਇਆ ਹੋਵੇਗਾ। ਅਜਿਹਾ ਕੰਮ ਦਰਦ ਦੇ ਸਮੁੰਦਰ ਵਿੱਚ ਦਾਖਲ ਹੋਣ ਜਾਂ ਅੱਗ ਦੀ ਨਦੀ ਵਿੱਚੋਂ ਲੰਘਦਿਆਂ ਹੀ ਪ੍ਰਗਟ ਹੋ ਸਕਦਾ ਹੈ। ਕੰਮ ਕਰਨ ਵਾਲੀਆਂ ਔਰਤਾਂ ਦੇ ਹੋਸਟਲ ਤੋਂ ਕਿਰਾਏ ਦੇ ਮਕਾਨਾਂ ਤੱਕ ਦਾ ਅਜੀਤ ਕੌਰ ਦਾ ਸੰਘਰਸ਼ ਵੀ ਇਸ ਸਵੈ-ਜੀਵਨੀ ਵਿੱਚ ਪੜ੍ਹਿਆ ਜਾ ਸਕਦਾ ਹੈ। ਅੱਜ ਵੀ 86 ਸਾਲ ਦੀ ਉਮਰ ਵਿੱਚ ਅਜੀਤ ਕੌਰ ਪੂਰੀ ਤਰ੍ਹਾਂ ਸਰਗਰਮ ਹੈ। ਸਾਹਿਤ ਅਕਾਦਮੀ ਐਵਾਰਡ ਅਤੇ ਹੋਰ ਬਹੁਤ ਸਾਰੇ ਪੁਰਸਕਾਰਾਂ ਨਾਲ ਸਨਮਾਨਤ, ਅਜੀਤ ਕੌਰ ਦੀਆਂ ਰਚਨਾਵਾਂ ਜਿੰਨੀ ਵਾਰ ਪੜ੍ਹੀਆਂ ਜਾਂਦੀਆਂ ਹਨ, ਇੰਜ ਜਾਪਦਾ ਹੈ ਜਿਵੇਂ ਉਹ ਪਹਿਲੀ ਵਾਰ ਪੜ੍ਹ ਰਿਹਾ ਹੋਵੇ। ਇਹ ਉਸਦੀ ਮਹਾਨ ਰਚਨਾ ਦਾ ਗੁਣ ਹੈ।

ਅਜੀਤ ਕੌਰ ਪੰਜਾਬੀ ਦੀਆਂ ਉਨ੍ਹਾਂ ਲੇਖਕਾਵਾਂ ਵਿਚੋਂ ਹੈ ਜਿਨ੍ਹਾਂ ਦਾ ਨਾਂ ਬਹੁਤ ਹੀ ਸਨਮਾਨ ਨਾਲ ਲਿਆ ਜਾਂਦਾ ਹੈ। ਅਜੀਤ ਕੌਰ ਦੀਆਂ ਲਿਖਤਾਂ ਸਬੰਧੀ ਇਕ ਸਤਰ ਵਿੱਚ ਕਿਹਾ ਜਾ ਸਕਦਾ ਹੈ ਕਿ ਉਹ ਆਪਣੀ ਪਛਾਣ ਗੁਆਉਂਦੇ ਜਾ ਰਹੇ ਉਨ੍ਹਾਂ ਤਬਕਿਆਂ ਦੇ ਜੀਵਨ-ਸੰਘਰਸ਼ ਨੂੰ ਸਾਹਮਣੇ ਲਿਆਉਂਦੀ ਹੈ, ਜਿਨ੍ਹਾਂ ਦੀ ਕਿਸਮਤ ਵਿੱਚ ਹਾਰ ਲਿਖ ਦਿੱਤੀ ਗਈ ਹੈ। ਪੰਜਾਬੀ ਦੇ ਹੋਰ ਲੇਖਕਾਂ ਵਾਂਗ ਅਜੀਤ ਕੌਰ ਉੱਤੇ ਵੀ ਭਾਰਤ-ਵੰਡ ਦਾ ਡੂੰਘਾ ਅਸਰ ਹੋਇਆ। ਦੇਸ਼ ਵੰਡ ਨੇ ਉਨ੍ਹਾਂ ਦੇ ਦਿਲ ਵਿਚ ਅਜਿਹਾ ਜ਼ਖ਼ਮ ਪੈਦਾ ਕਰ ਦਿੱਤਾ ਜਿਹੜਾ ਕਦੀ ਭਰਿਆ ਨਹੀਂ ਜਾ ਸਕਦਾ। ਦੁਨੀਆਂ ਦੀ ਇਸ ਸਭ ਤੋਂ ਵੱਡੀ ਤ੍ਰਾਸਦੀ ਦਾ ਦਰਦ ਉਨ੍ਹਾਂ ਦੀਆਂ ਲਿਖਤਾਂ ਵਿੱਚ ਪ੍ਰਮੁੱਖ ਰੂਪ ਵਿਚ ਪ੍ਰਗਟ ਹੋਇਆ ਹੈ, ਜੋ ਅੱਜ ਵੀ ਜ਼ਰੂਰ ਉਨ੍ਹਾਂ ਦੇ ਮਨ ਨੂੰ ਕੁਰੇਦਦੀ ਰਹਿੰਦੀ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਦੱਖਣ ਏਸ਼ਿਆਈ ਦੇਸ਼ਾਂ ਦੇ ਲੇਖਕਾਂ, ਵਿਚਾਰਵਾਨਾਂ, ਕਰਮੀਆਂ ਦੀ ਏਕਤਾ ਨੂੰ ਲੈ ਕੇ ਕੰਮ ਕੀਤਾ ਅਤੇ ਅੱਠ ਦੇਸ਼ਾਂ ਦੇ ਲੇਖਕਾਂ ਦੀ ਇੱਕ ਜਥੇਬੰਦੀ ਬਣਾਈ, ਜਿਸ ਦੀ ਸਮੇਂ ਸਮੇਂ 'ਤੇ ਇਕੱਤਰਤਾ ਹੁੰਦੀ ਰਹਿੰਦੀ ਹੈ। ਸਾਰਕ ਦੇਸ਼ਾਂ ਦੇ ਲੇਖਕਾਂ ਦੇ ਇਸ ਸੰਗਠਨ ਨੇ ਆਪਸੀ ਵਿਚਾਰ-ਵਟਾਂਦਰੇ ਅਤੇ ਮਿਲ-ਬੈਠਣ ਦੇ ਕਾਰਜ ਨੂੰ ਅੱਗੇ ਵਧਾਇਆ ਹੈ। ਇਸ ਸੰਗਠਨ ਰਾਹੀਂ ਦੱਖਣ ਏਸ਼ਿਆਈ ਦੇਸ਼ਾਂ ਦੇ ਲੇਖਕ-ਕਲਾਕਾਰ ਆਪਸ ਵਿਚ ਮਿਲਦੇ ਹਨ ਅਤੇ ਵਿਚਾਰ ਸਾਂਝੇ ਕਰਦੇ ਹਨ। ਇਹ ਇੱਕ ਬੜੀ ਵੱਡੀ ਗੱਲ ਹੈ ਜਿਹਨੂੰ ਅਜੀਤ ਕੌਰ ਨੇ ਆਪਣੀ ਪਹਿਲ ਨਾਲ ਸੰਭਵ ਕੀਤਾ ਹੈ। ਅਜੀਤ ਕੌਰ ਨੂੰ ਫੈਮਿਨਿਸਟ ਕਿਹਾ ਜਾਂਦਾ ਹੈ ਪਰ ਉਹ ਪ੍ਰੰਪਰਾਗਤ ਅਰਥਾਂ ਵਿਚ ਫੈਮਿਨਿਸਟ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਫੈਮਿਨਿਸਟ ਤਾਂ ਹੈ, ਪਰ ਗੱਲ ਗੱਲ 'ਤੇ ਅੰਦੋਲਨ ਕਰਨ ਵਾਲੀ ਫੈਮਿਨਿਸਟ ਨਹੀਂ ਹੈ। ਔਰਤ ਦੇ ਦੁੱਖ-ਦਰਦ

ਨੂੰ ਸਾਹਮਣੇ ਲਿਆਉਣਾ ਅਤੇ ਉਸ ਦੇ ਜੀਵਨ ਨੂੰ ਘੋਖਣਾ ਜੇ ਫੈਮਿਨਿਜ਼ਮ ਹੈ ਤਾਂ ਉਹ ਫੈਮਿਨਿਸਟ ਹੈ। ਪਰ ਭੁੱਲਣਾ ਨਹੀਂ ਚਾਹੀਦਾ ਕਿ ਉਨ੍ਹਾਂ ਦੀਆਂ ਕਹਾਣੀਆਂ-ਨਾਵਲਾਂ ਵਿਚ ਜੋ ਔਰਤ ਪਾਤਰ ਆਉਂਦੀਆਂ ਹਨ ਉਹ ਨਿਮਨ ਮੱਧ-ਵਰਗ ਤੇ ਨਿਮਨ-ਵਰਗ ਦੀਆਂ ਹਨ। ਔਰਤ ਦੀ ਆਜ਼ਾਦੀ ਉਨ੍ਹਾਂ ਲਈ ਅਨਿਆਂ ਅਤੇ ਸੋਸ਼ਣ ਤੋਂ ਮੁਕਤ ਸਮਾਜ ਵਿਚ ਹੀ ਸੰਭਵ ਹੈ।

ਗੁਲਬਾਨੋ (1960), ਬੁੱਤ ਸ਼ਿਕਨ (1966), ਮਹਿਕ ਦੀ ਮੌਤ (1966), ਫਾਲਤੂ ਔਰਤ (1968), ਸਾਵੀਆਂ ਚਿੜੀਆਂ (1982), ਮੌਤ ਅਲੀ ਬਾਬੇ ਦੀ (1985) ਨਾ ਮਾਰੋ ਅਤੇ ਆਪਣੇ ਜੰਗਲ ਉਸਦੇ ਮੁੱਖ ਕਹਾਣੀ ਸੰਗ੍ਰਹਿ ਹਨ। ਆਪਣੇ ਬਾਅਦ ਵਾਲੇ ਕਹਾਣੀ ਸੰਗ੍ਰਹਿਆ ਨਾਲ ਅਜੀਤ ਕੌਰ ਕਹਾਣੀ ਕਲਾ ਨੂੰ ਇਕ ਨਵੇਂ ਪੜਾਅ ਵਿਚ ਪ੍ਰਵੇਸ਼ ਕਰਵਾਉਂਦੀ ਹੈ। ਦਰਅਸਲ ਬਾਅਦ ਦੀਆਂ ਕਹਾਣੀਆਂ ਵਿਚ ਉਸਦੀ ਦ੍ਰਿਸ਼ਟੀਕੋਣ ਦਾ ਖੇਤਰ ਵਧੇਰੇ ਵਿਸ਼ਾਲ ਹੋ ਜਾਦਾ ਹੈ। ਇਹਨਾਂ ਵਿਚ ਵਿਅਕਤੀ ਦੇ ਚਰਿਤਰ ਦੀ ਕਾਣ ਤੋਂ ਧਿਆਨ ਪਰੇ ਕਰ ਆਪਣੇ ਸਮਕਾਲੀ ਸਮਾਜ ਦੇ ਸੰਕਟਾਂ ਨੂੰ ਕਹਾਣੀ ਦੇ ਵਿਸ਼ੇ ਵਜੋ ਚੋਣ ਕਰਦੀ ਹੈ। ਅਜੀਤ ਕੌਰ ਨੇ ਇਸਤਰੀ ਦੀ ਸਮਾਜਿਕ ਸਥਿਤੀ ਤੇ ਦੱਬੇ-ਕੁੱਚਲੇ ਅਰਮਾਨਾਂ ਨੂੰ ਆਪਣੀ ਕਹਾਣੀ ਦਾ ਆਧਾਰ ਬਣਾਇਆ ਹੈ। ਉਸ ਦੀਆਂ ਵਧੇਰੇ ਕਹਾਣੀਆਂ ਇਸਤਰੀ-ਮਰਦ ਦੇ ਰਿਸ਼ਤੇ ਨਾਲ ਸੰਬੰਧਿਤ ਹਨ। ਉਹ ਸੈਕਸ ਨੂੰ ਜ਼ਿੰਦਗੀ ਦਾ ਧੁਰਾ ਮੰਨਦੀ ਹੋਈ ਸਾਹਿਤ ਵਿੱਚ ਇਸਦੇ ਪ੍ਰਗਟਾਅ ਤੋਂ ਗੁਰੇਜ਼ ਨਹੀਂ ਕਰਦੀ। ਉਸ ਦੀਆਂ ਕਹਾਣੀਆਂ ਵਿੱਚ ਔਰਤ ਮਰਦ ਦੇ ਰਿਸ਼ਤੇ, ਵਰਜਿਤ ਰਿਸ਼ਤਿਆਂ ਅਧੀਨ ਪੇਸ਼ ਹੋਏ ਹਨ। ਉਸ ਦੀ ਪਛਾਣ ਪੰਜਾਬੀ ਕਹਾਣੀ ਜਗਤ ਵਿੱਚ ਯਥਾਰਥਵਾਦੀ ਕਹਾਣੀਕਾਰ ਦੇ ਤੌਰ ਤੇ ਬਣੀ ਹੋਈ ਹੈ। ਉਹ ਆਪਣੀਆਂ ਕਹਾਣੀਆਂ ਵਿੱਚ ਔਰਤ ਦੀ ਹੋਂਦ ਤੇ ਫੋਕਸ ਕਰਦੀ ਹੈ ਅਤੇ ਔਰਤ ਦੇ ਪਰੰਪਰਾਗਤ ਰੂਪਾਂ ਦੀ ਥਾਂ ਨਵੇਂ ਰੂਪਾਂ ਨੂੰ ਚਿੱਤਰਦੀ ਹੈ। ਉਹ ਔਰਤ ਦੀ ਹੋਂਦ, ਵਿਆਹ, ਪਿਆਰ, ਸਰੀਰਕ- ਰਿਸ਼ਤਿਆਂ ਦੇ ਨਵੇਂ ਪ੍ਰਤਿਮਾਨ ਸਿਰਜਦੀ ਹੈ। ਫਾਲਤੂ ਔਰਤ ਦੇ ਗਾਲਪਨਿਕ ਬਿੰਬ ਰਾਹੀਂ ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਮਨ ਵਿੱਚ ਉਪਜੀ ਉਦਾਸੀ, ਉਪਰਾਮਤਾ, ਇਕੱਲੇਪਣ ਅਤੇ ਬੇਗਾਨਗੀ ਨੂੰ ਬਖ਼ੂਬੀ ਚਿਤਰਿਆ ਹੈ। ਉਸ ਦਾ ਕਹਾਣੀ ਬਿਆਨ ਕਰਨ ਦਾ ਢੰਗ ਬੇਬਾਕ ਅਤੇ ਨਿਡੱਰ ਹੈ ਅਤੇ ਕਹਾਣੀਆਂ ਵਿੱਚ ਉਹ ਔਰਤ ਵੀ ਪੇਸ਼ ਹੋਈ ਹੈ ਜਿਹੜੀ ਸਮਾਜਿਕ ਕਦਰਾਂ-ਕੀਮਤਾਂ ਤੋਂ ਟੁੱਟ ਕੇ ਜੀਣ ਦੀ ਲੋਚਾ ਕਰਦੀ ਹੈ ਪਰ ਫਿਰ ਪਰੰਪਰਾ ਵੱਸ ਪਹਿਲੀ ਸਥਿਤੀ ਵਿੱਚ ਪਰਤ ਜਾਂਦੀ ਹੈ। ਇਸ ਤਰ੍ਹਾਂ ਉਸ ਦੀਆਂ ਕਹਾਣੀਆਂ ਵਿਚਲੀ ਔਰਤ ਟੁੱਟਣ ਅਤੇ ਜੁੜਨ ਦੇ ਵਿਚਕਾਰ ਲਟਕੀ ਹੋਈ ਹੈ। ਇਸ ਤੋਂ ਇਲਾਵਾ ਉਸ ਨੇ ਆਪਣੀਆਂ ਕਹਾਣੀਆਂ ਵਿੱਚ ਸਮਾਜਿਕ, ਰਾਜਨੀਤਿਕ, ਆਰਥਿਕ ਢਾਂਚੇ ਦਾ ਵੀ ਵਰਣਨ ਕੀਤਾ ਹੈ ਕਿ ਇਹਨਾਂ ਵਿੱਚ ਫਸਿਆ ਮਨੁੱਖ ਕਿਵੇਂ ਬਾਰ-ਬਾਰ ਟੁੱਟਦਾ ਹੈ। ਅਜੀਤ ਕੌਰ ਦੀਆਂ ਕਹਾਣੀਆਂ ਪਾਤਰ ਪ੍ਰਧਾਨ ਕਹਾਣੀਆਂ ਹਨ। ਉਹ ਕਹਾਣੀ ਦੀ ਉਸਾਰੀ ਲਈ ਕੇਂਦਰੀ ਪੰਜਾਬੀ ਭਾਸ਼ਾ ਦੀ ਵਰਤੋਂ ਕਰਦੀ ਹੈ ਅਤੇ ਕਿਤੇ-ਕਿਤੇ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ ਮਿਲਦੀ ਹੈ।

ਉਹ ਆਪਣੇ ਪਾਤਰਾਂ ਦੇ ਜਜ਼ਬਾਤਾਂ ਅਤੇ ਅਰਮਾਨਾਂ ਨੂੰ ਯਥਾਰਥ ਰੰਗਣ ਵਿੱਚ ਪੇਸ਼ ਕਰਨ ਦਾ ਯਤਨ ਕਰਦੀ ਹੈ। ਉਸ ਦੀਆਂ ਕਈ ਕਹਾਣੀਆਂ ਹਿੰਦੁਸਤਾਨ ਦੀਆਂ ਸਾਰੀਆਂ ਜ਼ਬਾਨਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਸ ਦਾ ਜੀਵਨ ਪ੍ਰਤਿ ਇੱਕ ਵਿਸ਼ਾਲ ਤੇ ਖੁੱਲ੍ਹਾ ਨਜ਼ਰੀਆ ਹੈ। ਯੂਰਪ ਤੇ ਏਸ਼ੀਆ ਦੇ ਕਈ ਮੁਲਕਾਂ ਵਿੱਚ ਘੁੰਮੀ ਹੋਣ ਕਰ ਕੇ ਉਸ ਨੇ ਪੂਰਬੀ ਤੇ ਪੱਛਮੀ ਸਾਹਿਤ ਦਾ ਅਧਿਐਨ ਕੀਤਾ ਜਿਸ ਕਰ ਕੇ ਉਹ ਪੰਜਾਬੀ ਕਹਾਣੀ ਜਗਤ ਵਿੱਚ ਇੱਕ ਅਗਾਂਹ-ਵਧੂ ਕਹਾਣੀਕਾਰਾਂ ਦੇ ਤੌਰ ਤੇ ਸਥਾਪਿਤ ਹੋ ਚੁੱਕੀ ਹੈ ਅਤੇ ਉਸਨੂੰ ਕਈ ਅਵਾਰਡ ਵੀ ਮਿਲ ਚੁੱਕੇ ਹਨ। 1979 ਵਿੱਚ ਉਸਨੂੰ ਪੰਜਾਬੀ ਸਾਹਿਤ ਸਮੀਖਿਆ ਦੁਆਰਾ ਸ਼ਿਰੋਮਣੀ ਸਾਹਿਤਕਾਰ ਐਲਾਨ ਕੀਤਾ ਗਿਆ। ਇਸ ਤੋਂ ਇਲਾਵਾ ਨਵੰਬਰ 1989 ਵਿੱਚ ਪੰਜਾਬ ਕਲਾ ਕੌਂਸਲ ਦੁਆਰਾ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਅਪ੍ਰੈਲ 1983 ਵਿੱਚ ਪੰਜਾਬੀ ਅਕਾਦਮੀ ਦਿੱਲੀ ਐਡਮਨਿਸਟ੍ਰੇਸ਼ਨ ਦੁਆਰਾ ਦਿੱਲੀ ਵਿੱਚ ਰਹਿ ਰਹੇ ਪੰਜਾਬੀ ਲੇਖਕਾਂ ਵਿੱਚ ਸਭ ਤੋਂ ਵਿਲੱਖਣ ਪੰਜਾਬੀ ਲੇਖਕ ਦੇ ਤੌਰ ਤੇ ਸਨਮਾਨ ਹਾਸਲ ਕੀਤਾ। 1984 ਵਿੱਚ 'ਬਾਵਾ ਬਲਵੰਤ ਅਵਾਰਡ`, 1985 ਵਿੱਚ \ ਖਾਨਾਬਦੋਸ਼ ਲਈ ਭਾਰਤੀ ਸਾਹਿਤ ਅਕਾਦਮੀ ਦਿੱਲੀ ਦਾ ਪੁਰਸਕਾਰ ਮਿਲਿਆ। ਇਸ ਤੋਂ ਇਲਾਵਾ ਭਾਰਤੀਯ ਭਾਸ਼ਾ ਪਰਿਸ਼ਦ ਕਲਕੱਤਾ ਦੁਆਰਾ 1989 ਵਿੱਚ ਅਵਾਰਡ ਅਤੇ 1990 ਵਿੱਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ ਕਰਤਾਰ ਸਿੰਘ ਧਾਲੀਵਾਰ ਪੁਰਸਕਾਰ ਮਿਲਿਆ। ਅਜੀਤ ਕੌਰ ਸਪਤਾਹਿਕ ਨਵਾਂ ਪਿੰਡ ਦੀ ਸੰਪਾਦਕ ਵੀ ਰਹੀ ਹੈ ਅਤੇ ਰੂਪੀ ਟਰੇਡ ਤੇ ਇੰਡੀਆ ਇੰਟਰਨੈਸ਼ਨਲ ਮੈਗਜ਼ੀਨ ਦੀ ਸੰਪਾਦਨਾ ਵੀ ਕਰਦੀ ਰਹੀ। ਉਸ ਨੇ ਹੈਨਰੀ ਜੇਮਜ਼ ਦੀ ਪੋਰਟਰੇਟ ਆਫ਼ ਏ ਲੇਡੀ, ਹੌਥੋਰਨ ਦੀ ਸਕਾਰਲੈਟ ਲੈਟਰ ਅਤੇ ਐਮਰਸਨ ਦੇ ਨਿਬੰਧ ਵੀ ਪੰਜਾਬੀ ਵਿੱਚ ਅਨੁਵਾਦ ਕੀਤੇ ਹਨ। ਸੂਲੀ ਤੇ ਲਟਕਦੇ ਪਲ ਕਹਾਣੀ-ਸੰਗ੍ਰਹਿ ਭਾਰਤ ਦੀਆਂ 14 ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੋਣ ਤੋਂ ਇਲਾਵਾ ਪਾਕਿਸਤਾਨ ਵਿੱਚ ਵੀ ਪ੍ਰਕਾਸ਼ਿਤ ਹੋ ਚੁੱਕਿਆ ਹੈ ਅਤੇ ਪੋਸਟ ਮਾਰਟਮ ਨਾਵਲਿਟ ਹਿੰਦੀ ਵਿੱਚ ਪ੍ਰਕਾਸ਼ਿਤ ਹੋ ਚੁੱਕਾ ਹੈ। ਅਜੀਤ ਕੌਰ ਨੇ ਦਿੱਲੀ ਵਿੱਚ 'ਅਕੈਡਮੀ ਆਫ਼ ਫ਼ਾਈਨ ਆਰਟਸ ਐਂਡ ਲਿਟਰੇਚਰ` ਸਥਾਪਿਤ ਕੀਤੀ ਹੈ ਜੋ ਕਿ ਕਲਾਕਾਰਾਂ ਤੇ ਸਾਹਿਤਕਾਰਾਂ ਲਈ ਪ੍ਰੇਰਨਾ ਤੇ ਚਾਨਣ ਮੁਨਾਰਾ ਸਿੱਧ ਹੋਈ ਹੈ। ਉਹ ਸੱਤਾਂ ਸਾਰਕ ਮੁਲਕਾਂ ਦੇ ਲੇਖਕਾਂ, ਬੁੱਧੀਜੀਵੀਆਂ ਨੂੰ ਇਕੱਠਾ ਕਰ ਕੇ ਅਮਨ ਤੇ ਭਾਈਚਾਰੇ ਦੀ ਅਵਾਜ਼ ਬੁਲੰਦ ਕਰਨ ਲਈ 1987 ਤੋਂ ਲਗਾਤਾਰ ਯਤਨਸ਼ੀਲ ਹੈ।

ਅਜੀਤ ਕੌਰ ਸਮੁੱਚੇ ਪ੍ਰਬੰਧ ਵਿਚ ਨਾਰੀ ਦੀ ਅਵਸਥਾ ਅਤੇ ਨਾਰੀ ਦੀ ਆਜ਼ਾਦੀ ਬਰਕਰਾਰ ਰੱਖਣ ਵਾਲੇ ਬਿੰਬ ਸਿਰਜਣ ਪ੍ਰਤੀ ਰੁਚਿਤ ਹੈ। ਉਸ ਦੇ ਗਲਪ ਵਿਚ ਮਹਾਂਨਗਰ ਚੇਤਨਾ ਦੇ ਅੰਤਰਗਤ ਜੰਮੀ ਪਲੀ ਨਾਰੀ ਬੁਰਜੁਆ ਔਰਤ ਦੀਆਂ ਕਾਮਨਾਵਾਂ, ਸਮੱਸਿਆਵਾਂ ਅਤੇ ਹੋਰਨਾਂ ਰੂਪਾਂ ਨੂੰ ਤਾਂ ਸਾਹਮਣੇ ਲੈ ਆਉਂਦੀ ਹੈ ਪਰ ਉਹ ਇਨ੍ਹਾਂ ਸਮੱਸਿਆਵਾਂ ਨੂੰ ਸਮੁੱਚੀ ਔਰਤ ਜਾਤੀ ਦੇ ਪ੍ਰਸੰਗ ਵਿਚ ਸਾਰਥਕ ਬਣਾਉਣ ਤੋਂ ਖੁੰਝ ਜਾਂਦੀ ਹੈ। ਉਸਦੇ ਸਾਹਮਣੇ ਆਜ਼ਾਦ ਔਰਤ ਦਾ ਆਦਰਸ਼ ਪੱਛਮੀ ਕਦਰ ਪ੍ਰਬੰਧ ਤੋਂ ਪ੍ਰਭਾਵਤ ਜਾਪਦਾ ਹੈ। ਇਹ ਅਧੁਨਿਕ ਨਾਰੀ ਬਹੁ-ਲਿੰਗੀ ਸੰਬੰਧ ਤਾਂ ਸਥਾਪਿਤ ਕਰ ਲੈਂਦੀ ਹੈ ਪਰ ਇਸ ਪ੍ਰਕ੍ਰਿਆ ਵਿਚੋਂ ਲੰਘਦੀ ਹੋਈ ਹੋਰਨਾਂ ਦਵੰਦਾਂ ਤਣਾਵਾਂ ਦੀ ਸ਼ਿਕਾਰ ਹੋ ਜਾਂਦੀ ਹੈ ਜਿਸ ਕਰਕੇ ਪਹਿਲਾਂ ਤੋਂ ਵਧੇਰੇ ਵਿਸ਼ਾਦਸ਼ਤ ਜੀਵਨ ਜਿਉਂਦੀ ਹੈ। ਉਸ ਦੇ ਗਲਪ ਸਾਹਿਤ ਵਿਚ ਨਾਰੀ ਇਕ ਆਮ ਪ੍ਰਤੀਕ ਵਜੋਂ ਪ੍ਰਗਟ ਹੁੰਦੀ ਹੈ ਜਿਹੜੀ ਜਾਂ ਤਾਂ ਆਪਣੀ ਸਰੀਰਕਤਾ ਤੋਂ ਤੰਗ ਹੈ ਅਤੇ ਜਾਂ ਇਸ ਦੇ ਪੂਰਾ ਕਰਨ ਲਈ ਵਿਆਕੁਲ ਹੈ। ਇਸ ਲਈ ਮਾਨਸਿਕ ਅਤੇ ਭਾਵੁਕ ਤੌਰ 'ਤੇ ਆਪਣੇ ਮਰਦ ਸਾਥੀ ਤੋਂ ਟੁੱਟ ਕੇ ਵੀ ਉਸ ਦੀ ਹਰ ਇਸਤਰੀ ਪਾਤਰ ਬਹੁ-ਮਰਦ ਦੇ ਚੱਕਰ ਵਿਚ ਫਸ ਜਾਂਦੀ ਹੈ। ਇਉਂ ਲੱਗਦਾ ਹੈ ਕਿ ਅਜੀਤ ਕੌਰ ਦੀਆਂ ਇਸਤਰੀਆਂ, ਸਾਰੀਆਂ ਸਮਾਜਿਕ ਰੀਤਾਂ ਅਤੇ ਮਰਯਾਦਕ ਬੰਧਨਾਂ ਨੂੰ ਤੋੜ ਕੇ ਵੀ ਅਜੇ ਕੈਦ ਹਨ। ਆਪਣੀ ਸਰੀਰਕਤਾ ਵਿਚ ਜਾਂ ਸ਼ਬਦਾਂ ਵਿਚ ਆਪਣੇ ਸੈਕਸ ਦੀਆਂ ਕੈਦਣਾਂ" ਹਨ। ਇਉਂ ਇਹ ਨਾਇਕਾਵਾਂ ਬੇਲਗਾਮ ਜਿਨਸੀ ਸੰਬੰਧਾਂ ਦਾ ਸ਼ਿਕਾਰ ਹੋ ਕੇ ਭਟਕਣਾ ਦੀ ਅਵਸਥਾ ਵਿਚ ਵਿਚਰਦੀਆਂ ਹਨ। ਇਨ੍ਹਾਂ ਦਾ ਦੁਖਾਂਤ ਇਹ ਹੈ ਕਿ ਅਜਿਹੇ ਰਿਸ਼ਤਿਆਂ ਨੂੰ ਪ੍ਰਵਾਨ ਵੀ ਕਰ ਲੈਂਦੀਆਂ ਹਨ ਅਤੇ ਹਰ ਤਰੀਕੇ ਨਾਲ ਇਨ੍ਹਾਂ ਸੰਬੰਧਾਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਵੀ ਕਰਦੀਆਂ ਹਨ। 'ਕਟੀਆਂ ਲਕੀਰਾਂ ਤੇ ਟੁੱਟੇ ਤ੍ਰਿਕੋਣ ਦੀ ਤੁਸੀਂ ਪੰਜਾਹ ਕੁੜੀਆਂ ਨੂੰ ਮਿਲਦੇ ਓ। ਕੁੜੀਆਂ ਵੀ ਪੰਜਾਹ ਮਰਦਾਂ ਨੂੰ ਮਿਲਦੀਆਂ ਨੇ। ਜ਼ਰੂਰੀ ਏ, ਕਿ ਇਕ ਬੰਦਾ ਜਚੇ ਤੇ ਜਚਿਆ ਹੀ ਰਹਵੇ? ਇਹ ਤੇ ਇਮਪਾਬੇਬਲ ਏ. .. ਅਜਿਹੀ ਸਥਿਤੀ ਵਿਚ ਇਹ ਔਰਤ ਪਾਤਰਾਂ ਵਿਚ ਫਾਲਤੂ ਹੋਣ ਦਾ ਅਹਿਸਾਸ ਬਹੁਤ ਗੰਭੀਰ ਰੂਪ ਅਖ਼ਤਿਆਰ ਕਰ ਲੈਂਦਾ ਹੈ। ਇਹ ਬੇਗਾਨਗੀ ਦੀ ਮਨੋਸਥਿਤੀ ਹੰਢਾਉਂਦੀਆਂ ਹਨ। "ਅਜੀਤ ਕੌਰ ਦੀ ਕਹਾਣੀ ਵਿਚ ਫਾਲਤੂ ਹੋਣ ਦੇ ਅਹਿਸਾਸ ਦਾ ਨਿਕਾਸ ਤਾਂ ਅਵੱਸ਼ ਹੀ ਕਿਸੇ ਸਮਾਜਕ ਜਾਂ ਵਿਵਹਾਰਕ ਘਟਨਾ ਤੋਂ ਹੁੰਦਾ ਹੈ। ਪਰੰਤੂ, ਆਪਣੇ ਵਿਕਾਸ ਦੌਰਾਨ ਯੌਨੀ ਹੀ ਇਸਦਾ ਅੰਤਿਮ ਬਿੰਦੂ ਹੋ ਨਿਬੜਦੀ ਹੈ। ਅਜੀਤ ਕੌਰ ਦੇ ਗਲਪ ਸੰਸਾਰ ਦੇ ਗਹਿਨ ਅਧਿਐਨ ਉਪਰੰਤ ਇਹ ਧਾਰਨਾ ਬਣਦੀ ਹੈ ਕਿ ਉਹ ਮਰਦ ਦੀ ਵਿਰੋਧਤਾ ਨਫ਼ਰਤ ਵਿਚੋਂ ਕਰਦੀ ਹੈ। ਮਰਦ ਤੋਂ ਵਿਦਰੋਹ ਕਰਕੇ ਕਾਮੁਕ ਸੰਬੰਧਾਂ ਨੂੰ ਪ੍ਰਕਿਰਤਕ ਖੁੱਲ੍ਹ ਵਿਚ ਬਦਲਣ ਲਈ ਤੱਤਪਰ ਹੈ। ਇਸ ਲਈ ਔਰਤ ਦੀ ਆਜ਼ਾਦੀ ਮਰਦ ਤੋਂ ਆਜ਼ਾਦੀ ਅਤੇ ਆਪਣੀ ਇੱਛਾ ਵਰਗੇ ਮਰਦ ਦੀ ਸਿਰਜਣਾ ਹੈ। ਔਰਤ ਦੀ ਆਜ਼ਾਦੀ ਦੀ ਸੰਵੇਦਨਾ, ਬੇਗਾਨਗੀ ਦੀ ਸਮੱਸਿਆ ਨੂੰ ਜਨਮ ਦੇਂਦੀ ਹੈ। ਔਰਤ ਦੀ ਸਮੱਸਿਆ ਸਮਾਜ ਤੋਂ ਆਜ਼ਾਦੀ ਦੀ ਨਹੀਂ ਮਰਦ ਦੇ ਗਲਬੇ ਤੋਂ ਆਜ਼ਾਦੀ ਦੀ ਹੈ। ਇਹ ਹੀ ਅਜੀਤ ਕੌਰ ਦੀ ਗਲਪ-ਦ੍ਰਿਸ਼ਟੀ ਦੀ ਬੁਨਿਆਦ ਹੈ। ਅਜੀਤ ਕੌਰ ਸਮਾਜਕ ਚੌਗਿਰਦੇ ਦੇ ਉਸਾਰੇ ਤਾਣੇ-ਬਾਣੇ ਨੂੰ ਸਮਝਣ ਵੱਲ ਰੁਚਿਤ ਨਹੀਂ, ਜਿਸ ਵਿਚੋਂ ਅਜਿਹੀਆਂ ਮਾਨਵੀ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ। ਅਜੀਤ ਕੌਰ ਦੇ ਕਥਾ ਸੰਸਾਰ ਦੀਆਂ ਧੁਨੀਆਂ ਵਿਚੋਂ ਸਮਾਜਕਤਾ ਦੀ ਧੁਨ ਖਾਮੋਸ਼ ਹੈ। ਇਸ ਕਰਕੇ ਰਚਨਾਤਮਕ ਸੰਦਰਭ ਵਿਚ ਜ਼ਬਰ ਨਿਜਗਤ ਤਕ ਮਹਿਦੂਦ ਹੋ ਜਾਦਾ ਹੈ। ਡਾ. ਅਤਰ ਸਿੰਘ ਦੀ ਧਾਰਨਾ ਬਿਲਕੁਲ ਠੀਕ ਪ੍ਰਤੀਤ ਹੁੰਦੀ ਹੈ:

> ਇਸ ਹੱਦ ਤੱਕ ਅਜੀਤ ਕੌਰ ਦੀਆਂ ਕਹਾਣੀਆਂ ਵਿਚ ਵਿਦਮਾਨ ਹੋਈ ਇਸਤਰੀ ਆਪਣੇ ਸਾਰੇ ਸਰੀਰਕ ਬਿਖਰਾਉ, ਮਾਨਸਿਕ ਤੇ ਭਾਵੁਕ ਉਲਝਾਉ ਅਤੇ ਨੈਤਿਕ ਅਸਪੱਸ਼ਟਤਾ ਦੇ ਬਾਵਜੂਦ ਜਾਂ ਸ਼ਾਇਦ ਇਨ੍ਹਾਂ ਦੇ ਹੀ ਕਾਰਨ ਆਪਣੇ ਇਸਤਰੀਤਵ ਦੀ ਨਹੀਂ, ਸਗੋਂ ਆਪਣੀ ਮਾਨਵਤਾ ਦੀ ਪਛਾਣ ਮੰਗਦੀ ਹੈ। ਇਸ ਵਿਚ ਜੇ ਕੋਈ ਅਜੀਬ ਗੱਲ ਹੈ ਤਾਂ ਉਹ ਦਿਨ ਕਿ ਇਸ ਵਿਕਰੀ ਦੀ ਕੇਂਦਰੀ ਨਾਇਕਾ ਇਸ ਨੂੰ ਨਿਆਂਸ਼ੀਲ ਬਣਾਉਂਦੀ ਹੈ। ਅਜੀਤ ਕੌਰ ਦੇ ਸ਼ਬਦਾਂ ਤੋਂ ਸਪੱਸ਼ਟ ਹੈ ਕਿ ਇਹ ਔਰਤ ਨਾ ਬੀਵੀ ਹੈ ਅਤੇ ਨਾ ਹੀ ਵੇਸ਼ਿਆ। ਇਹ ਤਾਂ ਕੇਵਲ 'ਦੋ ਘੜੀਆਂ ਰੀਲੈਕਸ ਕਰਨ ਲਈ ਕੀਤਾ ਗਿਆ ਤਰੱਦਦ ਹੈ। ਕਹਾਣੀਕਾਰ ਇਸ ਸੰਕਲਪ ਨੂੰ ਹੋਰ ਸਪੱਸ਼ਟ ਕਰਦੀ ਹੈ ਤੇ 'ਜੇ ਇਹ ਫਾਲਤੂ ਔਰਤ ਉਸ ਮਰਦ ਦੀ ਮੁਹੱਬਤ ਵਿਚ ਗ੍ਰਿਫ਼ਤ ਹੋ ਜਾਵੇ, ਉਹਨੂੰ ਤਾਂ ਕੋਈ ਖ਼ੁਦਾ ਵੀ ਨਹੀਂ ਬਚਾ ਸਕਦਾ। ਅਜੀਤ ਕੌਰ ਦੀ ਕਹਾਣੀ 'ਫਾਲਤੂ ਔਰਤ ਉਪਰੋਕਤ ਤਰ੍ਹਾਂ ਦੀ ਦਮਿਤ ਔਰਤ ਦਾ ਬਿੰਬ ਸਥਾਪਤ ਕਰਦੀ ਹੈ। ਪਰ ਉਸਦੇ ਕਥਾ ਜਗਰ ਵਿਚ ਹੋਰਨਾਂ ਕਹਾਣੀਆਂ ਚੋਂ ਵੀ ਫਾਲਤੂ ਔਰਤ ਦੇ ਤਰਕ ਨੂੰ ਵਿਡੰਬਨਾਮਈ ਰੂਪ 'ਚ ਪ੍ਰਸਤੁਤ ਕੀਤਾ ਹੈ। ਦਰਅਸਲ ਉਹ ਔਰਤ ਦੀ ਨਿਰਹੋਂਦ ਅਤੇ ਜ਼ਬਰ ਦੀ ਮਾਰ ਹੇਠ ਆਈ ਔਰਤ ਲਈ ਇਹ ਤੀਕ ਸਿਰਜਦੀ ਹੈ। 'ਫਾਲਤੂ ਔਰਤ' ਦੀ ਗੀਤਾ ਕਿਸੇ ਅਨਜਾਣੇ ਕਾਰਨ ਕਰਕੇ ਪਤੀ ਨੂੰ ਪਿੱਠ ਦੇ ਕੇ ਮਾਂ-ਬਾਪ ਦੇ ਘਰ ਪਰਤ ਆਉਂਦੀ ਹੈ। ਖ਼ੁਦ ਕਮਾਉਂਦੀ ਅਤੇ ਪਰਿਵਾਰ ਦੀ ਆਰਥਿਕਤਾ ਨੂੰ ਢੋਈ ਦੇਣ ਕਰਕੇ ਉਸ ਤੋਂ ਬਾਕੀ ਮੈਂਬਰ ਡਰ ਮੰਨਦੇ ਹਨ। ਆਪਣੀਆਂ ਮਨਇੱਛਤ ਇਛਾਵਾਂ ਦੀ ਪੂਰਤੀ ਲਈ ਉਹ ਉਮੇਸ਼ ਦੇ ਸੰਪਰਕ ਵਿਚ ਆਉਂਦੀ ਹੈ।ਉਹ ਮਰਦ ਪ੍ਰਤੀ ਸੁਹਿਰਦ, ਸੱਚੀ ਅਤੇ ਸਾਫ ਸੁਥਰੀ ਹੈ। ਵਫ਼ਾਦਾਰੀ ਦੀ ਭਾਵਨਾ ਵਿਚੋਂ ਉਹ ਚਾਹੁੰਦੀ ਹੈ ਕਿ ਜ਼ਰੂਰ ਇਹ ਉਸਦਾ ਆਪਣਾ ਭਰਪੂਰ ਮਰਦ ਬਣ ਜਾਵੇ। ਪਰ ਕਥਾ ਦਾ

ਮਰਦ ਪਾਤਰ ਆਪਣੇ ਆਪ ਨੂੰ ਸਿਰਫ ਕੁਝ ਆਨੰਦ ਦੀ ਖਾਤਰ ਉਸ ਨਾਲ ਪਲ ਬਿਤਾ ਰਿਹਾ ਹੈ। ਉਸਨੇ ਇਹ ਸਾਰਾ ਕੁਝ ਘਰੇਲੂ ਰਾਹਤ ਲਈ ਕੀਤਾ ਹੈ। ਉਹ ਜਿੰਨੀ ਵਾਰ ਵੀ ਗੀਤਾ ਕੋਲ ਆਉਂਦਾ ਹੈ, ਗਿਣ-ਮਿੱਥ ਕੇ ਵਕਤ ਕੱਢ ਕੇ ਆਉਂਦਾ ਹੈ ਅਤੇ ਇਸ ਮਿੱਥੇ ਹੋਏ ਵਕਤ ਨੂੰ ਮਿਥੀ ਹੋਈ ਵਿਉਂਤ ਅਨੁਸਾਰ ਹੀ ਬਿਤਾਉਣਾ ਚਾਹੁੰਦਾ ਹੈ।

ਭਾਵੇਂ ਅਜੀਤ ਕੌਰ ਨੇ ਸਮਕਾਲੀ ਸਮਾਜਿਕ ਸਮਸਿਆਵਾਂ ਨੂੰ ਆਪਣੀਆਂ ਕਹਾਣੀਆਂ ਦੀ ਸਿਰਜਣਾ ਦਾ ਆਧਾਰ ਬਣਾਇਆ ਹੈ ਪਰ ਉਸਦੀ ਕਹਾਣੀ ਦੇ ਖੇਤਰ ਵਿਚ ਉਸਦਾ ਮੁਕਾਮ ਉਸ ਸਮੇਂ ਸਿਖਰਾਂ ਛੋਂਹਦਾ ਹੈ ਜਦੋਂ ਉਸਨੇ ਆਪਣੀਆਂ ਕਹਾਣੀਆਂ ਵਿਚ ਇਸਤਰੀ ਦੇ ਸੰਕਟਾਂ ਨੂੰ ਕੇਂਦਰਿਤ ਕਰ ਨਾਰੀ ਬਿੰਬ ਨੂੰ ਪੇਸ਼ ਕੀਤਾ।

## ਸਾਰ-ਅੰਸ਼

ਨਾਰੀ ਕਹਾਣੀ ਅਤੇ ਸਮਾਜ ਦਾ ਬਹੁਤ ਹੀ ਡੂੰਘਾ ਸਬੰਧ ਹੈ।ਕਿਉਂਕਿ ਸਮਾਜ ਜੋ ਕਿ ਜਨਤਾ ਜਾ ਲੋਕਾਂ ਦੇ ਸਮੂਹ ਤੋਂ ਬਣਿਆ ਹੋਇਆ ਹੈ। ਅਤੇ ਸਮਾਜ ਵਿੱਚ ਨਿਤ ਦਿਨ ਪ੍ਰਤੀਦਿਨ ਛੋਟੀਆਂ ਵੱਡੀਆਂ, ਚੰਗੀਆ ਘਟੀਆ ਘਟਨਾਵਾਂ ਵਾਪਰਦੀਆਂ ਹੀ ਰਹਿੰਦੀਆਂ ਹਨ। ਜੋ ਵੱਖ ਵੱਖ ਸਥਾਨਾਂ ਤੇ ਵਾਪਰਦੀਆਂ ਹਨ। ਅਤੇ ਜਿਹਨਾਂ ਦਾ ਸਮਾਜ ਨਾਲ ਬਹੁਤ ਹੀ ਡੂੰਘਾ ਸਬੰਧ ਹੁੰਦਾ ਹੈ ਓਹਨਾ ਘਟਨਾਵਾਂ ਦਾ ਸੰਬੰਧ ਸਮਾਜ ਨਾਲ ਸਬੰਧਿਤ ਜਨਤਾ ਅਤੇ  ਸਮਾਜ ਨਾਲ ਸਬੰਧਿਤ ਕਦਰਾਂ ਕੀਮਤਾਂ ਨਾਲ ਵੀ ਹੁੰਦਾ ਹੈ। ਅਤੇ ਫਿਰ ਨਾਰੀ ਕਹਾਣੀ ਰਾਹੀਂ ਪੱਤਰਕਾਰ ਇਹਨਾਂ ਘਟਨਾਵਾਂ ਨੂੰ ਛਾਂਗ ਸਵਾਰ ਕੇ ਸਹੀ ਰੂਪ ਵਿੱਚ ਪ੍ਰਤੀਮਾਂਨ ਕਰਕੇ ਪੂਰੇ ਸਮਾਜ,ਪੂਰੇ ਸੰਸਾਰ ਤਕ ਸੰਚਾਰ ਸਾਧਨਾਂ ਰਾਹੀਂ ਖਬਰਾਂ ਨੂੰ ਪਹੁੰਚਾਉਂਦੇ ਹਨ। ਇਸ ਤਰਾਂ ਨਾਰੀ ਕਹਾਣੀ ਤੇ ਸਮਾਜ ਦਾ ਤਾਂ ਬਹੁਤ ਡੂੰਘਾ ਰਿਸ਼ਤਾ ਹੈ।

## ਮੁੱਖ/ਕੇਂਦਰੀ ਸ਼ਬਦ:

- ਮਨਇੱਛਤ---ਮਨ ਦੀ ਇੱਛਾ
- ਵਾਸਤਵਿਕਤਾ---ਸੱਚਾਈ
- ਬੁਨਿਆਦ---ਆਧਾਰ
- ਕਲਪਾਨਤਮਿਕ---ਕਾਲਪਨਿਕ
- ਪ੍ਰਤੀਮਾਨ --- ਮਿਆਰ

## ਸਵੈ-ਮੁਲਾਂਕਣ:

ਪ੍ਰਸ਼ਨ 1.  ਅਜੀਤ ਕੌਰ ਦਾ ਜਨਮ ਕਦੋਂ ਹੁੰਦਾ ਹੈ?

ੳ 1916

ਅ 1917

ੲ 1933

ਸ 1934

ਪ੍ਰਸ਼ਨ 2. ਅਜੀਤ ਕੌਰ ਨੂੰ ਸਾਹਿਤ ਅਕਾਦਮੀ ਅਵਾਰਡ ਕਦੋਂ ਮਿਲਦਾ ਹੈ?

ੳ 1981

ਅ 1985

ੲ 1983

ਸ 1984

ਪ੍ਰਸ਼ਨ 3. ਅਜੀਤ ਕੌਰ ਨੂੰ ਬਾਵਾ ਬਲਵੰਤ ਅਵਾਰਡ ਕਦੋਂ ਮਿਲਦਾ ਹੈ?

ੳ 1981

ਅ 1985

ੲ 1983

ਸ 1984

ਪ੍ਰਸ਼ਨ 4. ਪੱਤਝੜ ਵਿੱਚ ਪੁੰਗਰਦੇ ਪੱਤੇ ਕਾਵਿ ਸੰਗ੍ਰਹਿ ਕਦੋਂ ਪ੍ਰਕਾਸ਼ਿਤ ਹੁੰਦਾ ਹੈ?

ੳ 2002

ਅ 2008

ੲ 2000

ਸ 2006

ਪ੍ਰਸ਼ਨ 5. ਇਸ ਹੱਦ ਤੱਕ ਅਜੀਤ ਕੌਰ ਦੀਆਂ ਕਹਾਣੀਆਂ ਵਿਚ ਵਿਦਮਾਨ ਹੋਈ ਇਸਤਰੀ ਆਪਣੇ ਸਾਰੇ ਸਰੀਰਕ ਬਿਖਰਾਉ, ਮਾਨਸਿਕ ਤੇ ਭਾਵੁਕ ਉਲਝਾਉ ਅਤੇ ਨੈਤਿਕ ਅਸਪੱਸ਼ਟਤਾ ਦੇ ਬਾਵਜੂਦ ਜਾਂ ਸ਼ਾਇਦ ਇਨ੍ਹਾਂ ਦੇ ਹੀ ਕਾਰਨ ਆਪਣੇ ਇਸਤਰੀਤਵ ਦੀ ਨਹੀਂ, ਸਗੋਂ ਆਪਣੀ ਮਾਨਵਤਾ ਦੀ ਪਛਾਣ ਮੰਗਦੀ ਹੈ। ਇਸ ਵਿਚ ਜੇ ਕੋਈ ਅਜੀਬ ਗੱਲ ਹੈ ਤਾਂ ਉਹ ਦਿਨ ਕਿ ਇਸ ਵਿਕਰੀ ਦੀ ਕੇਂਦਰੀ ਨਾਇਕਾ ਇਸ ਨੂੰ ਨਿਆਂਸ਼ੀਲ ਬਣਾਉਂਦੀ ਹੈ।

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਡਾ. ਅਤਰ ਸਿੰਘ

ਸ ਬੈਟੀ ਫਰੀਡਨ

ਪ੍ਰਸ਼ਨ 6. ਨਾਰੀਵਾਦ ਔਰਤਾਂ ਦਾ ਸਮਾਜਿਕ ਉਤਪਾਦਨ ਦੇ ਵਿੱਚ ਸ਼ਾਮਿਲ ਹੋਣ ਤੇ ਔਰਤ ਨੂੰ ਬਰਾਬਰ ਦੇ ਮੌਕੇ ਦਿੱਤੇ ਜਾਣ ਦੀ ਗੱਲ ਕਰਦਾ ਹੈ। ਇਹ ਔਰਤ ਦੀ ਦੂਜੀ ਸਥਿਤੀ ਦਾ ਕਾਰਨ ਆਰਥਿਕਤਾ ਨੂੰ ਮੰਨਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 7. ਇਹ ਔਰਤ ਨਾ ਬੀਵੀ ਹੈ ਅਤੇ ਨਾ ਹੀ ਵੇਸ਼ਿਆ। ਇਹ ਤਾਂ ਕੇਵਲ 'ਦੋ ਘੜੀਆਂ ਰੀਲੈਕਸ ਕਰਨ ਲਈ ਕੀਤਾ ਗਿਆ ਤਰੱਦਦ ਹੈ। ਕਹਾਣੀਕਾਰ ਇਸ ਸੰਕਲਪ ਨੂੰ ਹੋਰ ਸਪੱਸ਼ਟ ਕਰਦੀ ਹੈ ਤੇ 'ਜੇ ਇਹ ਫਾਲਤੂ ਔਰਤ ਉਸ ਮਰਦ ਦੀ ਮੁਹੱਬਤ ਵਿਚ ਗ੍ਰਿਫ਼ਤ ਹੋ ਜਾਵੇ, ਉਹਨੂੰ ਤਾਂ ਕੋਈ ਖ਼ੁਦਾ ਵੀ ਨਹੀਂ ਬਚਾ ਸਕਦਾ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਅਜੀਤ ਕੌਰ

ਪ੍ਰਸ਼ਨ 8. ਔਰਤ ਦੇ ਦਮਨ ਨੂੰ ਜੈਂਡਰ ਦੇ ਵਖਰੇਵੇਂ ਅਤੇ ਕਾਮੁਕਤਾ ਵਿੱਚ ਮੰਨਦਾ ਹੈ ਇਹ ਔਰਤ ਦੇ ਆਪਣੇ ਸ਼ਰੀਰ ਉੱਪਰ ਸੁਤੰਤਰ ਹੋਂਦ ਦੀ ਪੈਰਵੀ ਕਰਦਾ ਹੈ ਭਾਵ ਲਿੰਗਕ ਆਜ਼ਾਦੀ ਦੀ ਗੱਲ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 9. ਸੁਣੋ ਸਖੀਓ, ਤੁਹਾਡੇ ਤੋਂ ਕੋਈ ਓਹਲਾ ਨਾ ਪਰਦਾ ਹੈ

ਕਿ ਅੱਧੀ ਰਾਤ ਮੇਰੀ ਛੱਤ 'ਤੇ ਇਕ ਚੰਨ ਉਤਰਦਾ ਹੈ

ਉਪਰੋਕਤ ਰਚਨਾ ਕੀ ਹੈ?

ੳ ਗੀਤ

ਅ ਗਜ਼ਲ

ੲ ਨਜ਼ਮ

ਸ ਖੁੱਲ੍ਹ ਕਵਿਤਾ

ਪ੍ਰਸ਼ਨ 10. ਫਾਲਤੂ ਔਰਤ ਰਚਨਾ ਕੀ ਹੈ?

ੳ ਗੀਤ ਸੰਗ੍ਰਹਿ

ਅ ਕਹਾਣੀ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਖੁੱਲ੍ਹ ਕਵਿਤਾ ਸੰਗ੍ਰਹਿ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 12. ਨਾਰੀ ਚੇਤਨਾ  ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ**?** ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਔਰਤ ਆਜ਼ਾਦ ਹੈ ਰਚਨਾ ਕੀ ਹੈ?

ੳ ਆਲੋਚਨਾ ਪੁਸਤਕ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਗੀਤ ਸੰਗ੍ਰਹਿ

## <u>ਸਵੈ-ਮੁਲਾਂਕਣ ਦਾ ਉੱਤਰ</u>

| | | | | |
|---|---|---|---|---|
| 1. ਸ | 2. ਅ | 3. ਸ | 4. ੳ | 5. ੲ |
| 6. ੳ | 7. ਸ | 8. ੲ | 9. ਅ | 10. ਅ |
| 11.ੲ | 12. ੳ | 13. ੳ | 14. ਅ | 15. ੳ |

## ਅਭਿਆਸ ਪ੍ਰਸ਼ਨ

1. ਪੰਜਾਬੀ ਨਾਰੀ ਕਹਾਣੀ ਦੇ ਸਿਧਾਂਤਕ ਪਰਿਪੇਖ ਉੱਪਰ ਨੋਟ ਲਿਖੋ?
2. ਪੰਜਾਬੀ ਨਾਰੀ ਕਹਾਣੀ ਦਾ ਅਰਥ ਦੱਸਦਿਆਂ ਪੰਜਾਬੀ ਨਾਰੀ ਕਹਾਣੀ ਦੇ ਸਰੂਪ ਬਾਰੇ ਚਰਚਾ ਕਰੋ।
3. ਪੰਜਾਬੀ ਕਹਾਣੀ ਜਗਤ ਵਿਚ ਨਾਰੀ ਕਹਾਣੀਕਾਰਾਂ ਦੇ ਯੋਗਦਾਨ ਨੂੰ ਆਪਣੇ ਸ਼ਬਦਾਂ ਵਿਅਕਤ ਕਰੋ।
4. ਅਜੀਤ ਕੌਰ ਦੇ ਕਹਾਣੀ ਸੰਗ੍ਰਹਿ 'ਫਾਲਤੂ ਔਰਤ' ਵਿਚਲੇ ਨਾਰੀ ਦ੍ਰਿਸ਼ਟੀਕੋਣ ਦਾ ਵਿਵੇਚਨ ਕਰੋ।

## Further Reading


- ਬਲਦੇਵ ਸਿੰਘ ਧਾਲੀਵਾਰ, ਆਧੁਨਿਕ ਪੰਜਾਬੀ ਕਹਾਣੀ: ਦ੍ਰਿਸ਼ਟੀਮੂਲਕ ਪਰਿਪੇਖ, ਲੋਕਗੀਤ ਪ੍ਰਕਾਸ਼ਨ, 2007
- ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦੀ ਇਕ ਸਦੀ: ਇਤਿਹਾਸਮੂਲਕ ਪ੍ਰਵਚਨ, ਰਵੀ ਸਾਹਿਤ ਪ੍ਰਕਾਸ਼ਨ, 2002.
- ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ, ਆਰਸੀ ਪਬਲਿਸ਼ਰਜ਼, 1954.


**Online Links**

https://punjabipedia.org/topic.aspx?txt=%E0%A8%85%E0%A8%9C%E0%A9%80%E0%A8%A4%20%E0%A8%95%E0%A9%8C%E0%A8%B0

# Unit 11: ਪੰਜਾਬੀ ਨਾਰੀ ਨਾਟਕ: ਇਤਿਹਾਸਕ ਪਰਿਪੇਖ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਨਾਟਕ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਟਕ ਦੇ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਨਾਰੀ ਨਾਟਕ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਪੰਜਾਬੀ ਨਾਰੀ ਨਾਟਕ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਪੰਜਾਬੀ ਨਾਰੀ ਨਾਟਕ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਨਾਰੀ ਨਾਟਕ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਪੰਜਾਬੀ ਨਾਰੀ ਨਾਟਕ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਪੰਜਾਬੀ ਨਾਰੀ ਨਾਟਕ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਪੰਜਾਬੀ ਨਾਰੀ ਨਾਟਕ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ। ਆਧੁਨਿਕ ਯੁੱਗ ਵਿੱਚ ਪੰਜਾਬੀ ਨਾਰੀ ਨਾਟਕ ਦਾ ਮਹੱਤਵ ਬਹੁਤ ਵੱਧ ਗਿਆ ਹੈ।

ਪੰਜਾਬੀ ਵਿਚ ਨਾਰੀਆਂ ਦੁਆਰਾ ਰਚਿਤ ਨਾਟਕ ਬਾਰੇ ਜਾਣਨ ਤੋਂ ਪਹਿਲਾਂ ਨਾਟਕ ਬਾਰੇ ਜਾਣਨਾ ਬਿਹਤਰ ਰਹੇਗਾ। ਡਾ. ਜੋਗਾ ਸਿੰਘ ਅਨੁਸਾਰ ਨਾਟਕ ਸਾਹਿਤ ਦੀ ਇੱਕ ਸੁਤੰਤਰ, ਸੰਪੂਰਨ ਅਤੇ ਅਹਿਮ ਵੰਨਗੀ ਹੈ। ਸਾਹਿਤ ਦੇ ਹੋਰ ਰੂਪਾਂ ਜਿਵੇਂ ਗਦ, ਗਲਪ ਅਤੇ ਕਾਵਿ ਨਾਲੋਂ ਇਸਦੀ ਵਿਲੱਖਣ ਹੋਂਦ ਦਾ ਕਾਰਨ ਇਹ ਹੈ ਕਿ ਇਸ ਨੂੰ ਸਟੇਜ ਉੱਤੇ ਰੂਪਮਾਨ ਕੀਤਾ ਜਾਂਦਾ ਹੈ। ਇਸ ਵਿਚਲੇ ਪਾਤਰ ਜੀਵਿਤ ਰੂਪ ਵਿੱਚ ਸਾਮ੍ਹਣੇ ਆ ਕੇ ਦਰਸ਼ਕਾਂ ਦੇ ਮਨ ਤੇ ਸਿੱਧਾ ਪ੍ਰਭਾਵ ਪਾਉਂਦੇ ਹਨ। ਨਾਟਕ ਵਿੱਚ ਸਾਹਿਤ, ਕਲਾ ਅਤੇ ਪ੍ਰਦਰਸ਼ਨ ਸ਼ਾਮਲ ਹਨ ਜਿਸ ਕਰ ਕੇ ਇਹ ਦੂਹਰੇ ਚਰਿੱਤਰ ਵਾਲੀ ਸਾਹਿਤ ਵਿਧਾ ਹੈ। ਨਾਟਕ ਇੱਕੋ ਵੇਲੇ ਸਾਹਿਤ ਰੂਪ ਵੀ ਹੈ ਤੇ ਕਲਾ ਰੂਪ ਵੀ। ਇਸਦੇ 'ਲਿਖਤ ਪਾਠ' ਦੇ ਨਾਲ 'ਖੇਡ ਪਾਠ' ਵੀ ਸ਼ਾਮਲ ਹੁੰਦਾ ਹੈ, ਇਸ ਲਈ ਨਾਟਕਕਾਰ ਨੂੰ ਆਪਣੀ ਸਿਰਜਣਾ ਵੇਲੇ ਪਾਠਕ (reader) ਅਤੇ ਦਰਸ਼ਕ (audience) ਦੋਹਾਂ ਨੂੰ ਸਾਮ੍ਹਣੇ ਰੱਖਣਾ ਪੈਂਦਾ ਹੈ। ਨਾਟਕ ਕੋਈ ਨਵੀਨ ਸਾਹਿਤ ਰੂਪ ਨਹੀਂ। ਮਨੁੱਖ ਨੇ ਜਦੋਂ ਬੋਲਣਾ ਵੀ ਨਹੀਂ ਸੀ ਸਿੱਖਿਆ, ਓਦੋਂ ਵੀ ਉਹ ਆਪਣੇ ਹਾਵ-ਭਾਵ, ਕਾਰਜ (action), ਨਕਲ (imitation) ਅਤੇ ਅਦਾਵਾਂ (gestures) ਰਾਹੀਂ ਪ੍ਰਗਟ ਕਰਦਾ ਸੀ। ਇਹ ਤਿੰਨੇ ਕਰਮ ਹੀ ਨਾਟਕ ਕਲਾ ਦੇ ਬੁਨਿਆਦੀ ਤੱਤ ਹਨ। ਸੰਸਕ੍ਰਿਤ ਅਤੇ ਯੂਨਾਨੀ ਸਾਹਿਤ ਵਿੱਚ ਰਚੇ ਨਾਟਕ ਵਿਸ਼ਵ ਸਾਹਿਤ ਦਾ ਮਹੱਤਵਪੂਰਨ ਅੰਗ ਹਨ। ਨਾਟਕ ਸੰਸਕ੍ਰਿਤ ਸ਼ਬਦ 'ਨਾਟਯ' ਤੋਂ ਬਣਿਆ ਹੈ। 'ਨਾਟਯ' 'ਨਟ' ਅਤੇ 'ਨਾਟ' ਧਾਤੂਆਂ ਤੋਂ ਵਿਕਸਿਤ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ 'ਨਟ' ਸ਼ਬਦ ਦਾ ਅਰਥ ਨੱਚਣਾ, ਹੇਠਾਂ ਡਿਗਣਾ, ਭਾਵ ਦਿਖਾਉਣਾ, ਕੰਬਣਾ, ਸਰਕਣਾ ਅਤੇ ਨਾਟਕ ਦੇਖਣ ਵਾਲਾ ਦੱਸੇ ਹਨ। 'ਨਾਟਯ' ਸ਼ਬਦ ਤੋਂ ਭਾਵ ਨਾਟਕ ਜਾਂ ਸ੍ਵਾਂਗ ਵੀ ਮੰਨੇ ਗਏ ਹਨ। ਪੱਛਮ ਵਿੱਚ ਨਾਟਕ ਕਲਾ ਦਾ ਵਿਕਾਸ ਯੂਨਾਨ ਦੇਸ਼ ਵਿੱਚ ਹੋਇਆ। ਅੰਗਰੇਜ਼ੀ ਵਿੱਚ ਨਾਟਕ ਲਈ 'ਡਰਾਮਾ' ਸ਼ਬਦ ਵਰਤਿਆ ਜਾਂਦਾ ਹੈ। 'ਡਰਾਮਾ' ਸ਼ਬਦ 'ਡਰਾਓ' ਤੋਂ ਨਿਕਲਿਆ ਹੈ, ਜਿਸਦਾ ਭਾਵ ਕਾਰਜ ਜਾਂ ਕਰਮ ਰਾਹੀਂ ਕੁਝ ਕਰ ਕੇ ਦਰਸਾਉਣਾ ਹੈ। ਇੱਕ ਹੋਰ ਧਾਰਨਾ ਅਨੁਸਾਰ 'ਡਰਾਮਾ' ਸ਼ਬਦ ਯੂਨਾਨੀ ਸ਼ਬਦ 'Dran' ਤੋਂ ਨਿਕਲਿਆ ਹੈ, ਜਿਸਦਾ ਅਰਥ 'To do' (inaction) ਹੈ। ਜੋ ਵੀ ਹੈ ਡਰਾਮੇ ਵਿੱਚ ਕਾਰਜ ਜਾਂ ਕਿਰਿਆ ਸ਼ਾਮਲ ਹੈ ਅਤੇ ਇਹ ਨ੍ਰਿਤ, ਨਕਲ ਅਤੇ ਸ੍ਵਾਂਗ ਤੋਂ ਸ੍ਰੇਸ਼ਠ ਸਾਹਿਤ ਰੂਪ ਹੈ। ਨਾਟਕਕਾਰ ਮੌਲਿਕ ਲੇਖਕ ਦੇ ਨਾਲ-ਨਾਲ ਕਰਾਫ਼ਟਮੈਨ ਵੀ ਹੈ। ਇਸੇ ਲਈ ਅੰਗਰੇਜ਼ੀ ਵਿੱਚ ਨਾਟਕਕਾਰ ਲਈ 'ਪਲੇਰਾਈਟ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਭਾਵ 'ਨਾਟਕ ਘੜਨ ਵਾਲਾ' ਦੇ ਹਨ। ਅੰਗਰੇਜ਼ੀ ਵਿੱਚ 'ਡਰਾਮਾ' ਦੇ ਬਰਾਬਰ ਦਾ ਇੱਕ ਸ਼ਬਦ 'ਪਲੇ' (play) ਹੈ, ਜੋ ਭਾਰਤੀ ਸ਼ਬਦ 'ਰੂਪਕ' ਨਾਲ ਮਿਲਦਾ ਹੈ। 'ਡਰਾਮੇ' ਅਤੇ 'ਪਲੇ' ਵਿੱਚ ਸੂਖਮ ਅੰਤਰ ਹੈ। ਨਾਟਕ ਇੱਕ ਮਿਸ਼ਰਿਤ ਕਲਾ ਹੈ। ਇਸਦੀ ਸਿਰਜਣਾ ਵਿੱਚ ਗੀਤ, ਕਾਵਿ ਆਦਿ ਅੰਸ਼ਾਂ ਤੋਂ ਬਿਨਾਂ ਨਾਟਕਕਾਰ, ਐਕਟਰ, ਸੂਤਰਧਾਰ, ਨਿਰਮਾਤਾ, ਪ੍ਰਬੰਧਕ ਅਤੇ ਦਰਸ਼ਕ ਯੋਗਦਾਨ ਪਾਉਂਦੇ ਹਨ। ਇਸ ਨੂੰ ਗਿਆਨ ਦਾ ਸੋਮਾ ਮੰਨਦਿਆਂ ਭਰਤਮੁਨੀ ਨੇ ਨਾਟਯ ਸ਼ਾਸਤ੍ਰ ਦੀ ਰਚਨਾ ਕੀਤੀ ਅਤੇ ਨਾਟਕ ਨੂੰ 'ਪੰਚਮ ਵੇਦ' ਹੋਣ ਦਾ ਗੌਰਵ ਬਖ਼ਸ਼ਿਆ। ਇਸ ਪੰਜਵੇਂ ਵੇਦ ਨਾਟਕ ਦੀ ਰਚਨਾ ਚੌਹ ਵੇਦਾਂ ਵਿੱਚੋਂ ਅੰਸ਼ ਲੈ ਕੇ ਕੀਤੀ ਗਈ। ਭਰਤ ਮੁਨੀ ਅਨੁਸਾਰ ਬ੍ਰਹਮਾ ਨੇ ਰਿਗਵੇਦ ਵਿੱਚੋਂ ਸੰਵਾਦ (ਪਾਤਰਾਂ ਵਿਚਲੀ ਗੱਲ ਕਥ), ਸਾਮਵੇਦ ਵਿੱਚੋਂ ਸੰਗੀਤ (ਨਾਚ, ਗਾਇਕ ਅਤੇ ਸਾਜ਼ਾਂ ਦੀਆਂ ਧੁਨਾਂ), ਯੁਜਰ ਵੇਦ ਵਿੱਚੋਂ ਬਾਤਾਵਾਂ (ਸਰੀਰ ਦੇ ਅੰਗਾਂ ਨੂੰ ਹਿਲਾ ਕੇ ਭਾਵ ਦਰਸਾਉਣੇ) ਅਤੇ ਅਥਰਵ ਵੇਦ ਵਿੱਚੋਂ ਰਸ ਤੱਤ (ਮਾਨਸਿਕ ਪ੍ਰਭਾਵ) ਸਮੋ ਕੇ ਨਾਟਕ ਦੀ ਰਚਨਾ ਕੀਤੀ। ਚਾਰ ਵੇਦਾਂ ਦੇ ਵਿਪਰੀਤ ਨਾਟਕ ਨਾਂ ਦਾ ਇਹ ਪੰਜਵਾਂ ਵੇਦ ਸਭ ਵਰਨਾਂ ਲਈ ਸਮਾਨ ਭਾਵ ਨਾਲ ਰਚਿਆ ਗਿਆ।

ਮਾਨਵ ਜੀਵਨ ਦੇ ਵਿਸ਼ਾਲ ਵਿਸਤ੍ਰਿਤ ਰੰਗ-ਮੰਚ ਉੱਤੇ ਹੋਣ ਵਾਲੇ ਨਾਟਕ ਨੂੰ ਨਾਟਕ ਕਿਹਾ ਜਾਂਦਾ ਹੈ। ਮਨੁੱਖ ਦੇ ਕੰਮ-ਕਾਜ, ਦੈਨਿਕ ਜੀਵਨ ਦੀਆਂ ਗਤੀਵਿਧੀਆਂ, ਮਾਨਵ ਜੀਵਨ ਨਾਟਕ ਦੇ ਭਿੰਨ-ਭਿੰਨ ਅੰਗ ਅਤੇ ਦ੍ਰਿਸ਼ ਹੀ ਹਨ। ਨਾਟਕ ਕਿਸੇ ਜੀਵਨ ਦੀ ਨਕਲ ਹੈ ਪਰ ਇਹ ਨਕਲ ਅਸਲ ਤੋਂ ਵਧੇਰੇ ਯਥਾਰਥਿਕ ਚਿੱਤਰ ਪੇਸ਼ ਕਰਨ ਦੀ ਸਮਰੱਥਾ ਰੱਖਦੀ ਹੈ। ਨਾਟਕ ਮਨੁੱਖੀ ਸੁਭਾਅ ਦੀ ਨਕਲ ਹੈ, ਉਸ ਦੇ ਅੰਦਰਲੇ ਸੰਘਰਸ਼ ਦੀ ਕਹਾਣੀ ਹੈ, ਜੋ ਮੰਚ ਉੱਤੇ ਪੇਸ਼ ਕੀਤੀ ਜਾਂਦੀ ਹੈ। ਮੰਚਨ ਨਾਲ ਇਹ ਕਹਾਣੀ ਏਨੀ ਸ਼ਕਤੀਸ਼ਾਲੀ ਹੋ ਜਾਂਦੀ ਹੈ ਕਿ ਸਾਰੇ ਮਾਨਵ ਸਮਾਜ ਨੂੰ ਪ੍ਰਭਾਵਿਤ ਕਰ ਸਕਦੀ ਹੈ। ਨਾਟਕ ਮਨੋਰੰਜਨ ਦੇ ਮਾਧਿਅਮ ਦੇ ਨਾਲ-ਨਾਲ ਕਿਸੇ ਸਾਰਥਕ ਉਦੇਸ਼ ਦੀ ਧਾਰਨੀ ਵੀ ਹੈ।

## ਨਾਟਕ ਦੇ ਰੂਪ

**ਇਕਾਂਗੀ ਨਾਟਕ** ਤੋਂ ਭਾਵ ਇੱਕ ਅੰਗ ਵਿੱਚ ਰੰਗਮੰਚ ਤੇ ਪੇਸ਼ ਕੀਤੀ ਗਈ ਝਾਕੀ ਜਿਸ ਵਿੱਚ ਨਾਟਕ ਦੀਆਂ ਘਟਨਾਵਾਂ ਇੱਕ ਹੀ ਸਥਾਨ ਤੇ ਵਾਪਰਦੀਆਂ ਹਨ। ਇਕਾਂਗੀ ਅਤੇ ਨਾਟਕ ਦੋਵੇਂ ਇੱਕ ਦੂਜੇ ਤੋਂ ਵੱਖ ਹਨ। ਇਕਾਂਗੀ ਨਾਟਕ ਦਾ ਇੱਕ ਭਾਗ ਹੈ ਜਿਸ ਵਿੱਚ ਨਾਟਕ ਦੇ ਸਾਦੇ ਤੱਤ ਮੌਜੂਦ ਹੁੰਦੇ ਹਨ ਪਰ ਇਕਾਂਗੀ ਨਾਟਕ ਤੋਂ ਆਕਾਰ ਵਿੱਚ ਛੋਟੀ ਹੁੰਦੀ ਹੈ ਇਕਾਂਗੀ ਦਾ ਸਮਾਂ ਲਗਭਗ 45 ਮਿੰਟ ਨਿਸਚਿਤ ਕੀਤਾ ਗਿਆ ਹੈ ਪਰ ਵਰਤਮਾਨ ਸਮੇਂ ਵਿੱਚ ਇਕਾਂਗੀ ਨੂੰ 20 -25 ਮਿੰਟਾ ਦੇ ਵਿੱਚ ਰੰਗਮੰਚ ਤੇ ਪਾਤਰਾਂ ਰਾਹੀਂ ਪ੍ਰਦਰਸ਼ਨ ਕੀਤਾ ਜਾ ਸਕਦਾ ਹੈ। ਇਕਾਂਗੀ ਦਾ ਆਕਾਰ ਨਿੱਕਾ ਹੋਣ ਕਰਕੇ ਇਹ ਦਰਸ਼ਕਾਂ ਦੀ ਹਰਮਨ ਪਿਆਰੀ ਵੰਨਗੀ ਸਿੱਧ ਹੋਈ ਹੈ। ਇਕਾਂਗੀ ਜੀਵਨ ਦੀ ਕਿਸੇ ਇੱਕ

ਘਟਨਾ ਨੂੰ ਪਾਤਰਾਂ ਦੇ ਸਮੂਹ ਦੁਆਰਾ ਰੰਗਮੰਚ ਤੇ ਪੇਸ਼ ਕੀਤੀ ਜਾਂਦੀ ਹੈ। ਜਿਸ ਵਿੱਚ ਪਾਤਰਾਂ ਦੇ ਸੰਘਰਸ਼ ਦੁਆਰਾ ਕਿਸੇ ਸਮੱਸਿਆਂ ਨੂੰ ਹੱਲ ਕੀਤਾ ਜਾਂਦਾ ਹੈ ਅਤੇ ਦਰਸ਼ਕ ਵਰਗ ਨੂੰ ਸਿੱਖਿਆ ਦਿੱਤੀ ਜਾਂਦੀ ਹੈ।

**ਪੂਰੇ ਨਾਟਕ** ਵਿੱਚ ਘਟਨਾਵਾਂ ਸਿਰਜੀਆਂ ਜਾਂਦੀਆਂ ਹਨ ਜਿਹਨਾਂ ਦੀ ਦ੍ਰਿਸ਼ਗਤ ਵਰਗ ਵੰਡ ਕਰਕੇ ਅਭਿਨੇਤਾਵਾਂ ਦੁਆਰਾ ਰੰਗਮੰਚ ਉੱਪਰ ਅੰਕਾ ਵਿੱਚ ਪੂਰਾ ਨਾਟਕ ਪੇਸ਼ ਕੀਤਾ ਜਾਂਦਾ ਹੈ। ਪੂਰਾ ਨਾਟਕ ਨਾਟਕ ਦੇ ਬਾਕੀ ਰੂਪਾ ਵਾਂਗ ਸਾਂਝੇ ਤੱਤਾ ਵਾਲਾ ਹੀ ਹੁੰਦਾ ਹੈ ਪੂਰੇ ਨਾਟਕ ਵਿੱਚ ਅਭਿਨੇਤਾਵਾਂ ਦੁਆਰਾ ਜੀਵਨ ਦੇ ਅਨੁਕਰਨ ਨੂੰ ਪੇਸ਼ ਕੀਤਾ ਜਾਂਦਾ ਹੈ ਜੋ ਪਾਤਰਾਂ ਦੁਆਰਾ ਬਿਆਨ ਕੀਤੀ ਜਾਂਦੀ ਕਹਾਣੀ ਨੂੰ ਸਿਖਰਾਂ ਦੀ ਨੋਕ ਤੱਕ ਪਹੰਚੁਣ ਤੋਂ ਬਾਅਦ ਇੱਕ ਦਮਕਹਾਣੀ ਦਾ ਵਹਾਅ ਥੱਲੇ ਡਿਗੱਦਾ ਹੈ ਜਿਸ ਨਾਲ ਸਾਰੀਆਂ ਗੁੰਝਲਾਂ ਸੁਲਝ ਜਾਂਦੀਆਂ ਹਨ। ਪੂਰੇ ਨਾਟਕ ਵਿੱਚ ਵੱਡੀਆਂ ਘਟਨਾਵਾਂ ਸਿਰਜੀਆਂ ਜਾਂਦੀਆਂ ਹਨ ਜਿਸ ਵਿੱਚ ਦੋ ਨਿੱਕੀਆਂ-ਨਿੱਕੀਆਂ ਘਟਨਾਵਾਂ ਵੱਡੀ ਘਟਨਾ ਨਾਲ ਪਾਤਰਾਂ ਨੂੰ ਜੋੜਦੀਆਂ ਹਨ ਅਤੇ ਨਾਟਕ ਵਿੱਚ ਗੁੰਝਲਤਾ ਅਤੇ ਰੌਚਕਤਾ ਪੈਦਾ ਕਰਦੀਆਂ ਹਨ। ਪੂਰੇ ਨਾਟਕ ਵਿੱਚ ਸਮਾਜ ਦੀਆਂ ਆਰਥਿਕ, ਰਾਜਨੀਤਿਕ ਤੇ ਸਮਾਜਿਕ ਸਮੱਸਿਆਂ ਨੂੰ ਬਾਖ਼ੂਬੀ ਢੰਗ ਨਾਲ ਬਹੁ-ਝਾਕੀਆਂ ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ।

**ਕਾਵਿ ਨਾਟਕ** ਸਾਹਿਤ ਦੀ ਅਜਿਹੀ ਵਿਧਾ ਹੈ ਜਿਸ ਵਿੱਚ ਨਾਟਕ ਦੇ ਵਾਰਤਾਲਾਪ ਕਵਿਤਾ ਦੇ ਰੂਪ ਵਿੱਚ ਹੁੰਦੇ ਹਨ। ਕਾਵਿ ਨਾਟਕ ਵਿੱਚ ਨਾਟਕਕਾਰ ਦੇ ਸੰਚਾਰ ਦੇ ਅਰਥ ਡੂੰਘੇ ਅਤੇ ਪ੍ਰਭਾਵਸ਼ਾਲੀ ਹੁੰਦੇ ਹਨ ਜੋ ਪਾਠਕਾਂ ਅਤੇ ਦਰਸ਼ਕਾਂ ਨੂੰ ਆਪਣੀ ਮਨ ਬਚਨੀ ਤੇ ਯਥਾਰਥ ਦੇ ਨਾਲ-ਨਾਲ ਕਲਪਨਾ ਪਰਦਾਨ ਹੁੰਦੀ ਹੈ। ਪ੍ਰੋ.ਰਜਿੰਦਰ ਪਾਲ ਸਿੰਘ ਬਰਾੜ ਅਨੁਸਾਰ, ਡੈਨਿਸ ਡਨੋਗ ਲਿਖਦੇ ਹਨ ਕਿ, ਉਦੋਂ ਨਾਟਕ ਕਾਵਿਕ ਹੁੰਦਾ ਹੈ। ਜਦੋਂ ਇਸ ਦੇ ਸਥੂਲ ਅੰਸ਼ (ਪਲਾਟ, ਪਾਤਰ,ਵਾਰਤਾਲਾਪ, ਦ੍ਰਿਸ਼ ਤੇ ਹਾਵਭਾਵ)ਆਪਣੇ ਆਂਤ੍ਰਿਕ ਸੰਬੰਧਾਂ ਰਾਹੀਂ ਨਿੰਰਤਰ ਪ੍ਰਰਪਰ ਅਨੁਰੂਪਤਾ ਤੇ ਪ੍ਰਜਵਲਤਾ ਦੇ ਉਹ ਗੁਣ ਵਿਖਾਉਦੇਂ ਹਨ ਜੋ ਇੱਕ ਕਵਿਤਾ ਦੇ ਸ਼ਬਦਾਂ ਵਿੱਚ ਹੋਣੇ ਜ਼ਰੂਰੀ ਹਨ। ਕਾਵਿਕ ਨਾਟਕ ਵਿੱਚ ਪਾਤਰਾਂ ਦੇ ਆਪਸੀ ਵਾਰਤਾਲਾਪ ਕਾਵਿਕ ਸ਼ੈਲੀ ਵਿੱਚ ਹੁੰਦੇ ਹਨ। ਕਾਵਿ ਨਾਟਕ ਦੀ ਪ੍ਰਮੁੱਖ ਵਿਸ਼ੇਸਤਾ ਇਹ ਹੈ ਕਿ ਕਾਵਿ ਨਾਟਕ ਦੇ ਵਾਰਤਾਲਾਪ ਪ੍ਰਤੀਕਾ ਬਿੰਬ ਅਲੰਕਾਰ, ਰਸ ਤੇ ਅਰਥਾਂ ਨੂੰ ਧਿਆਨ ਵਿੱਚ ਰੱਖ ਕੇ ਸਿਰਜੇ ਜਾਂਦੇ ਹਨ ਇਹ ਵਾਰਤਾਲਾਪ ਅਕਾਰ ਵਿੱਚ ਸੀਮਤ ਜਿਹੇ ਹੁੰਦੇ ਹੋਏ ਵੀ ਆਪਣਾ ਪ੍ਰਭਾਵ ਦਰਸ਼ਕਾ ਤੇ ਛੱਡ ਜਾਂਦੇ ਹਨ।

**ਗੀਤ ਨਾਟਕ** ਤੋਂ ਭਾਵ ਨਾਟਕ ਵਿੱਚ ਪਾਤਰਾਂ ਦਾ ਆਪਸੀ ਸੰਵਾਦ ਗੀਤ ਗਾ ਕੇ ਕਰਦੇ ਹਨ। ਗੀਤ ਨਾਟਕ ਖੇਡਣ ਲਈ ਪਾਤਰ ਜਾਂ ਅਭਿਨੇਤਾ ਨਾਟਕੀ ਵਾਤਾਵਰਣ ਦੇ ਅਨੁਕੂਲ ਹੋਣੇ ਚਾਹੀਦੇ ਹਨ ਕਿਉਂਕਿ ਅਭਿਨੈ ਗੀਤ ਦੀ ਧੁਨੀ ਤੇ ਹੀ ਕੀਤਾ ਜਾਂਦਾ ਹੈ। ਇਸ ਕਰਕੇ ਅਭਿਨੇਤਾ ਨੂੰ ਅਭਿਨੈ ਦੇ ਨਾਲ-ਨਾਲ ਸੰਗੀਤ ਦੀ ਸੂਝ ਵੀ ਲਾਜ਼ਮੀ ਹੈ। ਸੰਗੀਤ ਦੀ ਸੂਝ ਤੇ ਚੰਗੇ ਅਭਿਨੈ ਵਾਲਾ ਹੀ ਪਾਤਰ ਹੀ ਨਾਟਕ ਵਿੱਚ ਪ੍ਰਭਾਵਸ਼ਾਲੀ ਏਕਤਾ ਨੁਮ ਬਣਾਈ ਰੱਖਦਾ ਹੈ।

**ਸੰਗੀਤ ਨਾਟਕ** ਨਾਟਕ ਸਾਹਿਤ ਦੀ ਪ੍ਰਮੁੱਖ ਵੰਨਗੀ ਹੈ। ਸੰਗੀਤ ਨਾਟਕ ਵਿੱਚ ਨਾਟਕ ਦੇ ਪਿੱਛੇ ਸੰਗੀਤ ਚੱਲਦਾ ਹੈ ਅਤੇ ਅਭਿਨੇਤਾ ਮੂਕ ਕਿਰਿਆਵਾਂ ਰਾਹੀਂ ਪ੍ਰਦਰਸ਼ਨ ਕਰਦਾ ਹਨ। ਨਾਟਕ ਸਾਹਿਤ ਵਿੱਚ ਸੰਗੀਤ ਨਾਟਕ ਦੀ ਪ੍ਰਮੁੱਖਤਾ ਇਸ ਕਰਕੇ ਹੈ ਕਿਉਂਕਿ ਸੰਗੀਤ ਹੀ ਨਾਟਕ ਨੂੰ ਸ਼ੁਰੂ ਤੋਂ ਅੰਤ ਤੱਕ ਗਤੀਸ਼ੀਲ ਬਣਾਈ ਰੱਖਦਾ ਹੈ। ਸੰਗੀਤ ਨਾਟਕ ਵਿੱਚ ਸਿਰਜੀਆਂ ਗਈਆਂ ਘਟਨਾਵਾਂ ਨੂੰ ਪਾਤਰਾਂ ਦੇ ਮੂਕ ਅਭਿਨੈ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਸੰਗੀਤ ਨਾਟਕ ਵਿੱਚ ਅਭਿਨੇਤਾ ਤੇ ਨਿਰਦੇਸ਼ਕ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਜਦ ਕਿ ਨਾਟਕ ਦੀਆਂ ਬਾਕੀ ਵੰਨਗੀਆਂ ਵਿੱਚ ਨਾਟਕਕਾਰ ਨੂੰ ਪ੍ਰਮੁੱਖ ਮੰਨਿਆ ਜਾਂਦਾ ਹੈ।

**ਪ੍ਰਛਾਵਾਂ ਨਾਟਕ** ਵਿੱਚ ਮੰਚ ਤੇ ਚਿੱਟਾ ਪਰਦਾ ਕੀਤਾ ਜਾਂਦਾ ਹੈ। ਇਸ ਪਰਦੇ ਦੇ ਪਿਛੇ ਅਭਿਨੇਤਾ ਅਭਿਨੈ ਕਰਦੇ ਹਨ ਅਤੇ ਉਹਨਾਂ ਦਾ ਪ੍ਰਛਾਵਾਂ ਚਿੱਟੇ ਪਰਦੇ ਤੇ ਅਭਿਨੈ ਕਰਦਾ ਹੋਇਆ ਦਰਸ਼ਕਾ ਨੂੰ ਦਿਖਾਈ ਦਿੰਦਾ ਹੈ। " ਇਸ ਨਾਟਕ ਵਿੱਚ ਅਭਿਨੇਤਾ ਦੇ ਸਰੀਰਿਕ ਕਰਮ ਹੀ ਵਿਖਾਏ ਜਾਂ ਸਕਦੇ ਹਨ ਚਹਿਰੇ ਦੇ ਪ੍ਰਭਾਵ ਨਹੀਂ। ਇਸ ਵਿੱਚ ਲੜਾਈ ਝਗੜੇ ਤੇ ਯੁੱਧ ਦੀਆਂ ਝਾਕੀਆਂ ਬਹੁਤ ਵਧੀਆਂ ਵਿਖਾਈਆਂ ਜਾ ਸਕਦੀਆਂ ਹਨ। ਪਰਦੇ ਪਿਛੇ ਅਭਿਨੈ ਕਰਦੇ ਅਭਿਨੇਤਾਵਾਂ ਦਾ ਪ੍ਰਦਰਸ਼ਨ ਦਰਸ਼ਕਾ ਨੂੰ ਦਿਖਾਉਣ ਲਈ ਪਰਦੇ ਤੇ ਰੌਸ਼ਨੀ ਪਾਈ ਜਾਂਦੀ ਹੈ ਤਾਂ ਜੋ ਦਰਸ਼ਕ ਵਰਗ ਨੂੰ ਉਹਨਾਂ ਦੀ ਕਾਰਜ ਸਥਿਤੀ ਤੋਂ ਜਾਣੂ ਕਰਵਾਇਆ ਜਾ ਸਕੇ। ਇਸ ਨਾਟਕ ਵਿੱਚ ਨਾਟਕਕਾਰ ਦੁਆਰਾ ਇਹ ਧਿਆਨ ਰੱਖਿਆ ਜਾਂਦਾ ਹੈ ਕਿ ਪ੍ਰਦਰਸ਼ਨ ਕਰ ਰਹੇ ਅਭਿਨੇਤਾ ਇੱਕ ਜੁਗਤ ਵਿੱਚ ਖੜ੍ਹੇ ਹੋਣ ਤਾਂ ਜੋ ਪਰਦੇ ਤੇ ਉਹਨਾਂ ਦਾ ਪ੍ਰਛਾਵਾਂ ਦਰਸ਼ਕਾ ਤੇ ਪ੍ਰਭਾਵ ਪਾ ਸਕੇ। ਪ੍ਰਛਾਵਾਂ ਨਾਟਕ ਵਿੱਚ ਪਾਤਰਾਂ ਦੇ ਵਾਰਤਾਲਾਪ ਛੋਟੇ ਹੁੰਦੇ ਹਨ। ਗੁਰਦਿਆਲ ਸਿੰਘ ਫੁੱਲ ਇਸ ਨਾਟਕ ਵਿੱਚ ਅਭਿਨੇਤਾ

ਦੇ ਸਰੀਰਕ ਕਰਮ ਹੀ ਵਿਖਾਏ ਜਾ ਸਕਦੇ ਹਨ ਚਿਹਰੇ ਦੇ ਪ੍ਰਭਾਵ ਨਹੀਂ। ਇਸ ਵਿੱਚ ਲੜਾਈ ਝਗੜੇ ਤੇ ਯੁੱਧ ਦੀਆਂ ਝਾਕੀਆਂ ਬਹੁਤ ਵਧੀਆਂ ਵਿਖਾਈਆਂ ਜਾ ਸਕਦੀਆਂ ਹਨ।

**ਲਾਘੂ ਨਾਟਕ** ਅਕਾਰ ਦੇ ਵਿੱਚ ਛੋਟਾ ਹੁੰਦਾ ਹੈ ਪਰ ਇਸ ਨੂੰ ਇੱਕ ਤੋਂ ਵੱਧ ਦ੍ਰਿਸ਼ ਝਾਕੀਆ ਵਿੱਚ ਪੇਸ਼ ਕੀਤਾਂ ਜਾ ਸਕਦਾ ਹੈ। ਇਤਿਹਾਸਿਕ, ਮਿਥਿਹਸਿਕ ਸਮਾਜਿਕ ਘਟਨਾਵਾਂ ਨੂੰ ਚੁਣ ਕੇ ਪਾਤਰਾਂ ਦੇ ਅਭਿਨੈ ਦੁਆਰਾ ਰੰਗਮੰਚ ਤੇ ਪੇਸ਼ ਕੀਤਾ ਜਾਂਦਾ ਹੈ। ਲਘੂ ਨਾਟਕ ਵਿੱਚ ਪੇਸ਼ ਕੀਤੀ ਜਾਂਦੀ ਘਟਨਾ ਨਾਟਕ ਦੇ ਅੰਤ ਵਿੱਚ ਸਿੱਖਿਆਦਾਇਕ ਜਾਂ ਸਮਾਜਿਕ ਮੁਦਿਆਂ ਨੂੰ ਦਰਸ਼ਕ ਵਰਗ ਦੇ ਸਨਮੁੱਖ ਪੇਸ਼ ਕਰਦੀ ਹੈ।

**ਰੇਡੀਓ ਨਾਟਕ** ਧੁਨੀ ਦੇ ਪ੍ਰਭਾਵ ਅਧੀਨ ਖੇਡਿਆਂ ਜਾਣ ਵਾਲਾ ਨਾਟਕ ਹੈ। ਜਿਸ ਵਿੱਚ ਵਾਰਤਾਲਾਪ ਪ੍ਰਧਾਨ ਹੁੰਦੇ ਹਨ। ਰੇਡੀਓ ਨਾਟਕ ਵਿਅਕਤੀਗਤ ਸਮੂਹ ਦੁਆਰਾ ਆਪਣੇ ਘਰਾਂ ਵਿੱਚ ਬੈਠ ਕੇ ਸਿਰਫ਼ ਸੁਣ ਕੇ ਅੰਨਦ ਮਾਣਿਆ ਜਾ ਸਕਦਾ ਹੈ ਪਰ ਵੇਖਿਆ ਨਹੀਂ ਜਾ ਸਕਦਾ। ਰੇਡੀਓ ਨਾਟਕ ਸਾਹਿਤ ਦੀ ਅਜਿਹੀ ਕਲਾ ਹੈ ਜਿਸ ਨੂੰ ਕੇਵਲ ਸੁਣਿਆ ਹੀ ਜਾ ਸਕਦਾ ਹੈ ਅਤੇ ਰੰਗਮੰਚ ਦੀ ਅਣਹੋਂਦ ਹੁੰਦੀ ਹੈ। (ਡਾ.) ਗੁਰਦਿਆਲ ਸਿੰਘ ਫੁੱਲ ਅਨੁਸਾਰ ਰੇਡੀਓ ਨਾਟਕ ਕੇਵਲ ਧੁਨੀ ਦੇ ਉਤਰਾ ਚੜ੍ਹਾ ਦੀ ਸ਼ਿਲਪ ਰਾਹੀਂ ਹਰ ਭਾਂਤ ਦੀ ਵਿਸ਼ਾਲਤਾ, ਡੂੰਘਿਆਈ, ਤੀਖਣਤਾ, ਜੀਵਨ ਚਰਿੱਤਰ, ਯੁੱਧ, ਜਲੂਸ, ਮਾਨਸਿਕ ਸੰਘਰਸ਼ ਦੇ ਹੋਰ ਵਿਸ਼ਾਲ ਦ੍ਰਿਸ਼ ਸਿਰਜ ਸਕਦਾ ਹੈ।

**ਟੀ.ਵੀ ਨਾਟਕ** ਚਿੱਤਰ ਨਾਟਕ ਦੀ ਵਿਧਾ ਹੈ। ਜਿਸ ਵਿੱਚ ਪਾਤਰਾਂ ਨੂੰ ਬੋਲਦੇ ਹੋਏ ਦਿਖਾਇਆ ਜਾਂਦਾ ਹੈ। ਸੋ ਟੀ.ਵੀ ਨਾਟਕ ਨਾਟਕ ਸਾਹਿਤ ਦੀ ਅਜਿਹੀ ਵੰਨਗੀ ਹੈ ਜਿਸ ਵਿੱਚ ਪਾਤਰਾਂ ਦੇ ਅਭਿਨੈ ਨੂੰ ਪਹਿਲਾ ਸਟੂਡੀਓ ਜਾ ਸਟੂਡੀਓ ਤੋਂ ਬਾਹਰ ਸ਼ੂਟ ਕੀਤਾ ਜਾਂਦਾ ਹੈ ਤੇ ਬਾਅਦ ਵਿੱਚ ਇਸ ਨੂੰ ਵਿਉਂਤ ਅਨੁਸਾਰ ਜੋੜ ਕੇ ਟੀ.ਵੀ ਸਕਰੀਨ ਤੇ ਪੇਸ਼ ਕੀਤਾ ਜਾਂਦਾ ਹੈ। ਟੀ.ਵੀ ਨਾਟਕ ਦੀ ਪ੍ਰਮੁੱਖ ਵਿਸ਼ੇਸਤਾ ਇਹ ਹੈ ਕਿ ਇਸ ਵਿੱਚ ਦਰਸ਼ਕ ਵਰਗ ਨੂੰ ਪ੍ਰਭਾਵਿਤ ਕਰਨ ਲਈ ਅਭਿਨੇਤਾ ਵਾਰਤਾਲਾਪ ਦੇ ਨਾਲ-ਨਾਲ ਹਾਰ-ਸ਼ਿੰਗਾਰ, ਚਿਹਰੇ ਦੇ ਹਾਵ-ਭਾਵ ਅਤੇ ਪ੍ਰਭਾਵਸ਼ਾਲੀ ਸੰਵਾਦ ਦੀ ਵਰਤੋਂ ਕਰਦੇ ਹਨ।

**ਇਕ ਪਾਤਰੀ** ਨਾਟਕ ਵਿੱਚ ਇੱਕ ਮੁੱਖ ਅਭਿਨੈਕਾਰ ਹੁੰਦਾ ਹੈ ਅਤੇ ਬਾਕੀ ਬੇਜਾਨ ਵਸਤੂਆਂ ਝਾਕੀਆਂ ਦੇ ਰੂਪ ਵਿੱਚ ਰੰਗਮੰਚ ਤੇ ਪੇਸ਼ ਕੀਤਾ ਜਾਂਦਾ ਹੈ। ਇਕ ਪਾਤਰੀ ਨਾਟਕ ਵਿੱਚ ਵਿਸ਼ੇ ਦੀ ਪ੍ਰਧਾਨਤਾ ਹੁੰਦੀ ਹੈ ਇਹ ਵਿਸ਼ੇ ਸਮਾਜ ਵਿਚੋਂ ਹੀ ਲਏ ਜਾਂਦੇ ਸਮਾਜ ਦੀਆਂ ਸਮੱਸਿਆਵਾਂ ਨੂੰ ਨਾਟਕਕਾਰ ਦੁਆਰਾ ਕਾਲਪਨਿਕ ਰੂਪ ਵਿੱਚ ਢਾਲ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਨਾਟਕ ਦੀ ਪ੍ਰਮੁੱਖ ਵਿਸ਼ੇਸਤਾ ਇਹ ਹੈ ਕਿ ਨਾਟਕ ਨੂੰ ਕਹਾਣੀ ਵਾਂਗ ਸੁਣਾਇਆ ਜਾਂਦਾ ਹੈ।

**ਮੂਕ ਨਾਟਕ** ਰਾਹੀਂ ਅਭਿਨੇਤਾ ਮੂਕ ਅਭਿਨੈ ਪ੍ਰਸਤੁਤ ਕਰਦੇ ਹਨ। ਮੂਕ ਨਾਟਕ ਵਿੱਚ ਸੰਗੀਤ ਪ੍ਰਧਾਨ ਹੁੰਦਾ ਹੈ। ਸਟੇਜ ਦੇ ਪਿੱਛੇ ਸੰਗੀਤ ਚਲਦਾ ਹੈ ਅਤੇ ਸੰਗੀਤ ਦੀ ਧੁਨਾਂ ਤੇ ਮੂਕ ਅਭਿਨੈ ਕੀਤਾ ਜਾਂਦਾ ਹੈ। ਸੰਗੀਤ ਅਤੇ ਅਭਿਨੈ ਦੀ ਨਿਰੰਤਰ ਚਾਲ ਨਾਲ ਮੂਕ ਨਾਟਕ ਅੱਗੇ ਵੱਧਦਾ ਹੋਇਆ ਸਿਖਰਾਂ ਤੱਕ ਪਹੁੰਚਦਾ ਹੈ। ਮੂਕ ਨਾਟਕ ਵਿੱਚ ਪ੍ਰਕ੍ਰਿਤਿਕ ਦਿਸ਼ਾ ਨੂੰ ਵਰਣਨ ਕਰਕੇ ਪਰਿਸਥਿਤੀਆਂ ਦਾ ਅਨੁਮਾਨ ਲਗਾਇਆਂ ਜਾਂ ਸਕਦਾ ਹੈ।

## ਪੰਜਾਬੀ ਨਾਟਕ ਦੇ ਜਨਮ ਤੇ ਵਿਕਾਸ

ਪੰਜਾਬੀ ਨਾਟਕ ਦੀ ਉਤਪਤੀ ਬਾਰੇ ਅਕਸਰ ਉਹਨਾਂ ਫੋਰੀ ਕਾਰਨਾਂ ਨੂੰ ਸਾਹਮਣੇ ਰੱਖ ਕੇ ਹੀ ਅਧਿਐਨ ਕਰ ਲਿਆ ਜਾਂਦਾ ਹੈ ਜਿਹੜੇ ਅੰਗਰੇਜਾਂ ਦੀ ਆਮਦ ਨਾਲ ਪੱਛਮੀ ਸਾਹਿਤ ਅਤੇ ਚਿੰਤਨ ਦੇ ਪ੍ਰਭਾਵ ਅਧੀਨ ਦ੍ਰਿਸ਼ਟੀਗੋਚਰ ਹੋਏ। ਇਨ੍ਹਾਂ ਫੋਰੀ ਕਾਰਨਾਂ ਦਾ ਵਿਸ਼ੇਸ਼ ਮਹੱਤਵ ਹੈ।ਇਹਨਾਂ ਦਾ ਅਧਿਐਨ ਹੋਣ ਜਰੂਰੀ ਹੈ ਕਿਉਂਕਿ ਇਹਨਾਂ ਕਰ ਕੇ ਹੀ ਵਿਧਾ ਦੇ ਰੂਪ ਵਿੱਚ ਨਾਟਕ ਦੀ ਪੰਜਾਬੀ ਸਾਹਿਤ ਵਿੱਚ ਆਮਦ ਹੋਈ।ਪਰੰਤੂ ਸਾਡੀ ਦ੍ਰਿਸ਼ਟੀ ਵਿੱਚ ਇਹਨਾਂ ਫੋਰੀ ਕਾਰਨਾਂ ਦੇ ਅਧਿਐਨ ਤੋ ਇਲਾਵਾ ਉਸ ਭਾਸਾਈ ਅਤੇ ਲੋਕਧਾਰਾਈ ਪਿਛੋਕੜ ਨੂੰ ਜਰੂਰੀ ਹੈ ਜਿਹੜਾ ਕਿਸੇ ਵੀ ਭਾਸ਼ਾ ਦੇ ਸਾਹਿਤ ਦੀਆਂ ਜੜ੍ਹਾਂ ਵਿੱਚ ਹਾਜਰ ਰਹਿਦਾ ਹੈ ਅਤੇ ਜੋ ਪ੍ਰੋਖ ਨਹੀਂ ਤਾਂ ਅਪ੍ਰੋਖ ਰੂਪ ਵਿੱਚ ਉਸ ਨੂੰ ਪ੍ਰਭਾਵਿਤ ਕਰਦਾ ਹੈ। ਸੰਸਕ੍ਰਿਤ ਨਾਟ-ਪਰੰਪਰਾ ਵਿਸਵ ਨਾਟ ਸਾਹਿਤ ਵਿੱਚ ਜਾਣੀ ਪਛਾਣੀ ਤੇ ਸਥਾਪਿਤ ਹੈ। ਭਾਰਤ ਵਿੱਚ ਕਈ ਸਦੀਆਂ ਤੋ ਇਸ ਪਰੰਪਰਾ ਦਾ ਪ੍ਰਚਲਨ ਰਿਹਾ। ਪੱਛਮ ਵਿੱਚ ਸਭ ਤੋ ਪਹਿਲਾ ਸਰ ਵਿਲੀਅਮ ਜੋਨਜ਼ ਦੁਆਰਾ ਕੀਤੇ 'ਸ਼ਕੁੰਤਲਾ' ਨਾਟਕ ਦੇ ਅੰਗਰੇਜੀ ਅਨੁਵਾਦ ਰਾਹੀ ਇਸ ਨਾਟ-ਪਰੰਪਰਾ ਦਾ ਸੰਚਾਰ ਪੱਛਮ ਤੱਕ ਹੋਇਆ। ਵਰਤਮਾਨ ਸਮੇਂ ਪੰਜਾਬੀ ਨਾਟਕ ਦਾ ਖੇਤਰ ਭਾਰਤੀ ਪੰਜਾਬ ਹੀ ਨਹੀਂ ਸਗੋਂ

ਭਾਰਤ ਤੋਂ ਬਾਹਰ ਜਿਥੇ ਜਿਥੇ ਪੰਜਾਬੀ ਵੱਸਦੇ ਹਨ, ਉੱਥੇ-ਉੱਥੇ ਆਪਣੀ ਹੋਂਦ ਦੀ ਗੁਆਹੀ ਭਰ ਚੁੱਕਾ ਹੈ। ਭੂਗੋਲਿਕ ਹੱਦਾਂ ਦੇ ਆਧਾਰ ਤੇ ਪੰਜਾਬੀ ਨਾਟਕ ਨੂੰ ਤਿੰਨ ਭਾਗਾਂ ਵੰਡਿਆ ਗਿਆ ਹੈ:

1. ਭਾਰਤੀ ਪੰਜਾਬੀ ਨਾਟਕ
2. ਪਾਕਿਸਤਾਨੀ ਪੰਜਾਬੀ ਨਾਟਕ
3. ਪਰਵਾਸੀ ਪੰਜਾਬੀ ਨਾਟਕ

**ਨੋਰਾ ਰਿਚਰਡ** (29 ਅਕਤੂਬਰ 1876- 3 ਮਾਰਚ 1971) ਆਇਰਲੈਂਡ ਦੀ ਜਨਮੀ ਅਭਿਨੇਤਰੀ ਅਤੇ ਨਾਟ-ਕਰਮੀ ਸੀ, ਜੋ ਬਾਅਦ ਵਿੱਚ ਪੰਜਾਬ ਦੀ ਲੇਡੀ ਗਰੇਗਰੀ ਕਹਿਲਾਈ। ਪੰਜਾਬੀ ਦੇ ਮਸ਼ਹੂਰ ਨਾਟਕਕਾਰ ਬਲਵੰਤ ਗਾਰਗੀ ਨੇ ਉਹਨਾਂ ਨੂੰ ਪੰਜਾਬੀ ਨਾਟਕ ਦੀ ਨਕੜਦਾਦੀ ਕਿਹਾ, ਜਿਸਨੇ 60 ਸਾਲਾਂ ਵਿੱਚ (1911–1971ਈ.) ਪੰਜਾਬੀ ਰੰਗ-ਮੰਚ ਅਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਿੱਚ ਭਰਪੂਰ ਯੋਗਦਾਨ ਪਾਇਆ। ਉਹ 1911 ਵਿੱਚ ਲਾਹੌਰ (ਬਰਤਾਨਵੀ ਭਾਰਤ) ਵਿੱਚ ਅਧਿਆਪਕ ਨਿਯੁਕਤ ਹੋ ਕੇ ਆਈ। 1914 ਵਿੱਚ ਈਸ਼ਵਰ ਚੰਦਰ ਨੰਦਾ ਦੇ ਲਿਖੇ ਨਾਟਕ 'ਦੁਲਹਨ' ਦਾ ਨਿਰਦੇਸ਼ਕ ਅਤੇ ਨਿਰਮਾਤਾ ਵਜੋਂ ਮੰਚਨ ਕਰਵਾਇਆ। ਨੋਰਾ ਰਿਚਰਡ ਨੇ ਪੰਜਾਬ ਵਿੱਚ ਖੇਤਰੀ ਨਾਟਕ ਦਾ ਮੁੱਢ ਬੰਨ੍ਹਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਬਹੁਤ ਹੀ ਛੋਟੀ ਉਮਰ ਵਿੱਚ ਨੋਰਾ ਨੇ ਥੀਏਟਰ ਨੂੰ ਆਪਣਾ ਲਿਆ ਅਤੇ ਇੱਕ ਸਫਲ ਅਦਾਕਾਰਾ ਬਣ ਗਈ। ਉਹ ਇੱਕ ਅੰਗਰੇਜ਼ੀ ਅਧਿਆਪਕ ਅਤੇ ਇੱਕ ਯੂਨੀਟੇਰੀਅਨ ਕ੍ਰਿਸ਼ਚੀਅਨ, ਫ਼ਿਲਿਪੱਸ ਅਰਨੈਸਟ ਰਿਚਰਡਸ ਨਾਲ ਵਿਆਹੀ ਹੋਈ ਸੀ। ਉਸ ਦਾ ਪਤੀ ਦਿਆਲ ਸਿੰਘ ਕਾਲਜ (ਸਰਦਾਰ ਦਿਆਲ ਸਿੰਘ ਮਜੀਠੀਆ, ਕਾਲਜ ਦਾ ਬਾਨੀ, ਬ੍ਰਹਮੋ ਸਮਾਜ ਦਾ ਇੱਕ ਉਤਸ਼ਾਹੀ ਪੈਰੋਕਾਰ ਸੀ, ਜਿਸਦਾ ਯੂਨੀਟੇਰੀਅਨ ਕ੍ਰਿਸ਼ਚੀਅਨ ਨਾਲ ਗੂੜ੍ਹਾ ਰਿਸ਼ਤਾ ਸੀ) ਲਾਹੌਰ ਵਿੱਚ ਅੰਗਰੇਜ਼ੀ ਸਾਹਿਤ ਦੇ ਅਧਿਆਪਕ ਵਜੋਂ 1908 ਵਿੱਚ ਭਾਰਤ ਆਇਆ ਸੀ।

ਮਨਜੀਤ ਪਾਲ ਕੌਰ ਪੰਜਾਬੀ ਨਾਰੀ ਨਾਟਕ ਵਿਚ ਇਕੋ ਇਕ ਮਹੱਤਵਪੂਰਨ ਨਾਮ ਹੈ। 1948 ਵਿਚ ਜੰਮੀ ਮਨਜੀਤ ਪਾਲ ਕੌਰ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਕਵਿਤਾ ਅਤੇ ਨਾਟਕ ਵਿਸ਼ੇ ਤੇ ਪੰਜਾਬੀ ਵਿਭਾਗ ਵਿਚ ਕਾਰਜਗਤ ਰਹੀ। ਉਸ ਦੀਆਂ ਪੁਸਤਕਾਂ ਤੇ ਵਿਦਿਆਰਥੀਆਂ ਨੇ ਐੱਮਫਿਲ ਦੇ ਨਾਲ ਨਾਲ ਪੀਐੱਚਡੀ ਪੱਧਰ ਦਾ ਖੋਜ ਕਾਰਜ ਕੀਤਾ। 'ਸੁੰਦਰਾਂ' ਕਾਵਿ ਨਾਟ ਬਾਰੇ ਅਕਸਰ ਉਸ ਦਾ-ਨਾਟ ਵਿਚ ਸ਼ਲਾਘਯੋਗ ਉਪਰਾਲਾ ਸੀ-ਚਰਚਾ ਹੁੰਦਾ ਰਹਿੰਦਾ। ਇਹ ਕਾਰਜ ਪੰਜਾਬੀ ਕਾਵਿ; ਕੇਵਲ ਪੰਜਾਬੀ ਜਗਤ ਵਿਚ ਹੀ ਨਹੀਂ ਸਗੋਂ ਦੁਭਾਸ਼ੀ ਹੋਣ ਕਾਰਨ ਮਨਜੀਤ ਪਾਲ ਨੂੰ ਬ੍ਰਿਟਿਸ਼ ਕੌਂਸਲ ਨੇ ਇੰਗਲੈਂਡ ਵਿਚ ਫੈਲੋਸ਼ਿਪ ਵੀ ਦਿੱਤੀ। (ਅੰਗਰੇਜ਼ੀ/ਪੰਜਾਬੀ) ਉਸਨੇ ਪੰਜਾਬੀ ਨਾਟ-ਚਿੰਤਨ ਅਤੇ ਨਾਟ-ਲੇਖਨ ਵਿੱਚ ਪੰਜਾਬੀ ਔਰਤ ਦੇ ਮਸਲੇ ਅਤੇ ਸਰੋਕਾਰਾਂ ਨੂੰ ਪੇਸ਼ ਕੀਤਾ ਹੈ। ਉਹ ਪੰਜਾਬੀ ਸਾਹਿਤ ਆਲੋਚਕ ਡਾ. ਤੇਜਵੰਤ ਗਿੱਲ ਦੀ ਜੀਵਨ ਸਾਥਣ ਸੀ।ਰਚਨਾਵਾਂ ਦਾ ਜ਼ਿਕਰ ਨਿਮਨਲਿਖਤ ਅਨੁਸਾਰ ਹੈ;

*ਸਾਹਿਬਾਂ (1966)*
*ਬੰਧਨ ਤੇ ਸਰਾਪ (1988)*
*ਸੁੰਦਰਾਂ (1994)*
*ਰੇਤ ਦਾ ਸਮੁੰਦਰ*
*ਸਬਾ (ਨਾਟਕ)*
*ਪੰਜਾਬੀ ਕਾਵਿ-ਨਾਟਕ ਸੱਭਿਆਚਾਰ ਦੇ ਸੰਦਰਭ ਵਿੱਚ (1989)*
*ਪੰਜਾਬੀ ਨਾਟਕ ਤੇ ਰੰਗਮੰਚ ਦੀਆਂ ਸਮੱਸਿਆਵਾਂ (1993)*
*ਪੰਜਾਬੀ ਨਾਟਕ ਅਤੇ ਰੰਗਮੰਚ (1996)*

ਡਾ. ਮਨਜੀਤ ਪਾਲ ਕੌਰ ਚੌਥੀ-ਪੀੜ੍ਹੀ ਦੀ ਔਰਤ ਨਾਟਕਕਾਰ ਹੈ। ਉਸਨੇ ਆਪਣੇ ਨਾਟਕਾਂ ਨੂੰ ਐਪਿਕ ਸ਼ੈਲੀ ਦੇ ਪ੍ਰਭਾਵ ਅਧੀਨ ਰੂਪ ਦਿੱਤਾ ਹੈ। ਪੰਜਾਬੀ ਸਾਹਿਤ ਖੇਤਰ ਵਿੱਚ ਔਰਤਾਂ ਲੇਖਕਾਂ ਦੀ ਘਾਟ ਹੈ। ਉਸਨੇ ਇੱਕ ਪਾਸੇ ਇਸ ਘਾਟ ਨੂੰ ਪੂਰਿਆ ਹੈ ਅਤੇ ਦੂਸਰੇ ਪਾਸੇ ਔਰਤ ਦੇ ਹੱਕਾਂ ਨਾਲ ਜੁੜੇ ਮਸਲਿਆਂ ਨੂੰ ਬੇਬਾਕੀ ਨਾਲ ਚਿਤਰਿਆ ਹੈ। ਉਸਦੇ ਨਾਟਕ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੇ ਅਸਤਿਤਵੀ ਸੰਕਟ ਨੂੰ ਪਹਿਚਾਣ ਅਤੇ ਹੋਂਦ ਦੇ ਸਵਾਲ ਨੂੰ ਸਹੀ ਦਿਸ਼ਾ ਦੇਣ ਲਈ ਚੇਤਨਾਮੁਖੀ ਕਾਰਜ ਕੀਤਾ ਹੈ। ਉਸਦੇ ਨਾਟਕ ਔਰਤ ਪਾਤਰ ਦੀ ਮਾਨਵੀ ਹੋਂਦ ਨੂੰ ਬਚਾਉਣ ਲਈ ਯਤਨਸ਼ੀਲ ਹਨ। ਉਸਨੇ ਔਰਤ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਲਈ ਭਾਰਤੀ ਸੰਸਕ੍ਰਿਤੀ ਵਿੱਚ ਪੱਲਰੀ ਕਿੱਸਾ-ਕਾਵਿ ਪ੍ਰੰਪਰਾ 'ਚੋਂ ਅਜਿਹੇ ਔਰਤ ਪਾਤਰਾਂ ਦੀ ਚੋਣ ਕੀਤੀ ਹੈ ਜਿਹੜੇ ਸਮਾਜਿਕ ਤਸ਼ੱਦਦ ਦੀ ਮਾਰ ਝੱਲਕੇ ਅਮਰ ਹੋਏ ਹਨ। ਉਸਨੇ ਇਹਨਾਂ ਅਮਰ

ਹੋਏ ਪਾਤਰਾਂ ਨੂੰ ਸਜੀਵਤਾ ਪ੍ਰਦਾਨ ਕਰਨ ਲਈ ਮੁੜ ਜੀਵਤ ਕੀਤਾ ਹੈ। ਇਸਦੇ ਨਾਲ ਹੀ ਉਸਨੇ ਆਪਣੇ ਦੁਆਰਾ ਸਿਰਜੇ ਇਹਨਾਂ ਪਾਤਰਾਂ ਦੇ ਨਵੇਂ ਥੀਮਕ ਪਸਾਰ ਸਿਰਜੇ ਹਨ। ਉਸਨੇ ਇੱਕ ਨਿੱਜੀ ਮੁਲਾਕਾਤ ਵਿੱਚ ਇਸ ਵਿਚਾਰ ਦਾ ਖੁਲਾਸਾ ਕੀਤਾ ਹੈ ਕਿ, "ਨਾਰੀਵਾਦੀ ਵਿਚਾਰਧਾਰਾ ਦਾ ਮੇਰੇ ਨਾਟਕਾਂ ਤੇ ਪ੍ਰਭਾਵ ਹੈ। ਇਸ ਵਿਚਾਰਧਾਰਾ ਦੇ ਦੋ ਸਕੂਲ ਹਨ, ਇੱਕ ਐਂਗਲੋ ਅਮੈਰੀਕਨ ਸਕੂਲ ਆਫ਼ ਫੈਮਿਨਿਜ਼ਮ ਜਿਹੜਾ ਕਹਿੰਦਾ ਹੈ। ਕਿ ਔਰਤ ਮਰਦ ਨਾਲੋਂ ਬਿਲਕੁਲ ਵੱਖਰੀ ਹੋ ਜਾਵੇ ਦੂਜਾ ਭਾਰਤੀ ਫ਼ਲਸਫ਼ੇ ਨਾਲ ਮੇਲ ਖਾਂਦਾ ਹੈ ਕਿ ਔਰਤ-ਮਰਦ ਦੋਹੇਂ ਮਿਲਕੇ ਹੀ ਸੰਪੂਰਨ ਹੋ ਸਕਦੇ ਹਨ। ਔਰਤ-ਮਰਦ ਦੋਹੇਂ ਹੀ ਮਾਨਵ ਹਨ ਤੇ ਦੋਹਾਂ ਦੇ ਸੁਭਾਅ ਵਿੱਚ ਭਿੰਨਤਾ ਹੋ ਸਕਦੀ ਹੈ। ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਔਰਤ ਨਾਲ ਸਦੀਆਂ ਤੋਂ ਵਧੀਕੀਆਂ ਹੁੰਦੀਆਂ ਆ ਰਹੀਆਂ ਹਨ ਕਿਉਂਕਿ ਮਰਦ ਪ੍ਰਧਾਨ ਸਮਾਜ ਰਿਹਾ ਹੈ ਤੇ ਔਰਤ ਨੂੰ ਜਕੜਬੰਦੀਆਂ ਵਿਰਸੇ 'ਚੋਂ ਮਿਲੀਆਂ ਹਨ। ਵਿਗਿਆਨਕ ਤਰੱਕੀ ਕਾਰਨ ਵੀਹਵੀਂ ਸਦੀ 'ਚ ਔਰਤ-ਮਰਦ ਦੀ ਬਰਾਬਰਤਾ ਦੀ ਗੱਲ ਸ਼ੁਰੂ ਹੋਈ ਜਿਸ ਵਿੱਚ ਸਿਰਫ਼ ਔਰਤ ਹੀ ਫਾਮਨਿਸਟ ਨਹੀਂ ਹੁੰਦੀਆਂ ਸਗੋਂ ਮਰਦ ਵੀ ਫਾਮਨਿਸਟ ਹੁੰਦੇ ਹਨ ਜਿਹੜੇ ਮਨੁੱਖ ਬਰਾਬਰਤਾ ਦੀ ਗੱਲ ਕਰਦੇ ਹਨ, ਉਨ੍ਹਾਂ ਨਾਲ ਮੈਂ ਸਹਿਮਤ ਹਾਂ। ਰੈਡੀਕਲ ਅਪਰੋਚ ਵਾਲਿਆਂ ਨਾਲ ਮੇਰੀ ਕੋਈ ਹਮਦਰਦੀ ਨਹੀਂ ਕਿਉਂਕਿ ਨਾਰੀਵਾਦ ਨੇ ਖੁਸ਼ਹਾਲ ਜੀਵਨ ਪ੍ਰਦਾਨ ਕਰਨਾ ਹੈ ਅਤੇ ਮਰਦ-ਔਰਤ ਦੋਹੇਂ ਹੀ ਸੰਪੂਰਨ ਖੁਸ਼ਹਾਲ ਘਰ, ਸਮਾਜ ਦੀ ਹੋਂਦ ਨੂੰ ਸਥਾਪਿਤ ਕਰ ਸਕਦੇ ਹਨ। ਮੇਰੇ ਨਾਟਕਾਂ ਦੇ ਵਿਸ਼ੇ ਸਿਰਫ਼ ਔਰਤ ਦੀ ਮਾਨਵਤਾ ਦੀ ਤਲਾਸ਼ ਅਤੇ ਮਰਦ-ਔਰਤ ਦੇ ਬਰਾਬਰੀ ਦੀ ਹੋਂਦ ਵੱਲ ਹੀ ਰੁਚਿਤ ਹਨ। ਮੈਂ ਔਰਤ ਨੂੰ ਮਰਦ ਨਾਲੋਂ ਵੱਖਰਾ ਕਰਨ ਦੇ ਹੱਕ ਵਿੱਚ ਨਹੀਂ ਸਗੋਂ ਸਮਾਜ ਵਿੱਚ ਉਨਮੁੱਖ ਬਰਾਬਰਤਾ ਦਾ ਦਰਜਾ ਪ੍ਰਦਾਨ ਕਰਨ ਵੱਲ ਉਨਮੁੱਖ ਹਾਂ। ਉਸ ਅਨੁਸਾਰ ਉਹ ਮਰਦ ਔਰਤ ਤੋਂ ਭਾਵ ਔਰਤ ਦੀ ਹਰ ਤਰ੍ਹਾਂ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਸੰਕਲਪ ਹੈ। ਉਹ ਸੰਕਲਪ ਇਸ ਸਮਾਜ ਵਿੱਚ ਔਰਤ ਦੀ ਅਧੀਨਤਾ ਨਹੀਂ ਬਰਾਬਰਤਾ ਦਾ ਹੈ। ਬਰਾਬਰਤਾ ਦਾ ਹੱਕ ਦਮਨ ਅਤੇ ਵਿਤਕਰੇ ਨੂੰ ਤਿਆਗਦਾ ਹੈ। ਨਾਟਕਕਾਰ ਇਸ ਦ੍ਰਿਸ਼ਟੀ ਤੋਂ ਆਪਣੇ ਨਾਟਕਾਂ ਵਿੱਚ ਵਿਲੱਖਣ ਕਿਸਮ ਦੇ ਥੀਮਕ ਪਸਾਰ ਨੂੰ ਪੇਸ਼ ਕਰਨ ਦਾ ਪ੍ਰਯੋਗ ਕਰਦੀ ਹੈ ਅਤੇ ਆਪਣੇ ਪਾਤਰਾਂ ਨੂੰ ਬਰਾਬਰਤਾ ਦਾ ਦਰਜ਼ਾ ਦੇਣ ਦੀ ਗੱਲ ਕਰਦੀ ਹੈ। ਇਸ ਦ੍ਰਿਸ਼ਟੀ ਨੂੰ ਚਿਤਰਪੱਟ 'ਤੇ ਲਿਆਉਣ ਲਈ ਉਹ ਪਰੰਪਰਿਕ ਪਾਤਰਾਂ ਦੀ ਵਰਤੋਂ ਕਰਕੇ ਆਧੁਨਿਕ ਯੁੱਗ ਦੇ ਮੱਧ-ਇਕ ਔਰਤ ਸਮੱਸਿਆਕਾਰਾਂ ਨੂੰ ਵਿਸ਼ਾ ਬਣਾਉਂਦੀ ਹੈ। ਇਹਨਾਂ ਦੀ ਹੋਈ ਨੂੰ ਹੀਣਤਾ ਵਿੱਚੋਂ ਕੱਢ ਕੇ ਸਜੀਵਤਾ ਪ੍ਰਦਾਨ ਕਰਦੀ ਹੈ। ਡਾ. ਤੇਜਵੰਤ ਗਿੱਲ ਦਾ 'ਸੁੰਦਰਾ ਨਾਟਕ ਪ੍ਰਤੀ ਵਿਚਾਰ ਹੈ ਕਿ ਇਹ ਨਿਕਟਵਰਤੀ ਅਨੁਭਵਾਂ ਅਤੇ ਦੂਰਵਰਤੀ ਮੁੱਲਾਂ ਸਮੇਤ ਔਰਤ-ਮਰਦ ਦੇ ਪੇਚੀਦਾ ਸੰਬੰਧਾਂ ਦਾ ਪਰਤ-ਦਰ-ਪਰਤ ਆਵਿਸ਼ਕਾਰ ਹੀ ਹੈ ਜਿਸ ਨਾਲ ਉਸਦੀ ਕਾਵਿ-ਕਲਾ ਦਾ ਵਾਸਤਾ ਬਰਾਬਰ ਬਣਿਆ ਹੋਇਆ ਹੈ। ਵਾਸਤਵ ਵਿਚ ਮੌਲਿਕ ਕਾਵਿ ਕਲਾ ਹੈ ਜਿਸਦੀ ਮੌਲਿਕਤਾ ਅਲੰਕਾਰਕ ਭਾਵ ਅਨੁਸਾਰ ਵਿਲੱਖਣ ਹੋਣ ਵੱਲ ਰੁਚਿਤ ਨਹੀਂ ਬਲਕਿ ਧਾਤੂ ਰੂਪੀ ਭਾਵ ਅਨੁਸਾਰ ਮੁੱਲਾਂ ਤੱਕ ਲਹਿ ਜਾਣ ਵੱਲ ਪ੍ਰੇਰਿਤ ਹੈ।

ਡਾ. ਮਨਜੀਤ ਪਾਲ ਕੌਰ ਨੇ ਸਿਰਫ਼ ਇਕ ਲਘੂ ਗਦ ਨਾਟਕ 'ਬੰਧਨ ਅਤੇ ਇਕ ਪੂਰਾ ਗਦ ਨਾਟਕ 'ਸਬਾ' ਲਿਖੇ ਹਨ। ਬਾਕੀ ਦੇ ਦੋ ਪੂਰੇ ਨਾਟਕ ਸੁੰਦਰਾਂ, ਸਾਹਿਬਾਂ ਅਤੇ ਇੱਕ ਲਘੂ ਕਾਵਿ-ਨਾਟ ਸਰਾਪ ਲਿਖੇ ਹਨ। ਇਹ ਸਾਰੇ ਨਾਟਕ ਹੀ ਔਰਤ ਦੀਆਂ ਸਮੱਸਿਆਵਾਂ ਦੇ ਇਰਦ-ਗਿਰਦ ਘੁੰਮਦੇ ਹਨ। ਉਸਨੂੰ ਮੁਕਤੀ ਦੇ ਰਾਹ ਵੱਲ ਤੋਰਦੇ ਹਨ। ਸਮੱਸਿਆਵਾਂ ਨਾਲ ਸੰਘਰਸ਼ ਕਰਨ ਲਈ ਪ੍ਰੇਰਦੇ ਹਨ। ਸੰਘਰਸ਼ ਵਿੱਚੋਂ ਬਰਾਬਰਤਾ ਦਾ ਰਸਤਾ ਤਲਾਸ਼ਣ ਦੀ ਸੋਝੀ ਦਿੰਦੇ ਹਨ। ਉਸਨੂੰ ਆਪਣੇ ਨਾਟਕ ਵਿੱਚ ਐਪਿਕ ਸ਼ੈਲੀ ਦੀ ਵਰਤੋਂ ਕਰਦਿਆਂ ਜ਼ਿਆਦਾ ਗੁੱਝੀ ਅਤੇ ਤਿੱਖੀ ਗੱਲ ਨੂੰ ਵਿਚਾਰਸ਼ੀਲ ਬਣਾ ਕੇ ਕਹਿਣ ਦੀ ਕੋਸ਼ਿਸ਼ ਕੀਤੀ ਹੈ ਜਿਸ ਨਾਲ ਸਮਾਜਿਕ ਸੱਤਾ ਉੱਪਰ ਗਹਿਰਾ ਵਾਰ ਕੀਤਾ ਜਾ ਸਕਦਾ ਹੈ ਅਤੇ ਉਸਦੇ ਨਾਟਕਾਂ ਵਿੱਚ ਔਰਤ ਦੀ ਪੀੜ ਸੱਤਾਧਾਰੀਆਂ ਨੂੰ ਪ੍ਰੇਸ਼ਾਨ ਕਰਦੀ ਹੈ। ਭਾਵ ਉਹ ਨਾਟਕੀ ਵਿਸ਼ੇ ਨੂੰ ਆਪਣੇ ਕਾਵਿ-ਬਿੰਬਾਂ ਵਿੱਚ ਇਸ ਤਰ੍ਹਾਂ ਢਾਲ ਦਿੰਦੀ ਹੈ। ਜਿਨ੍ਹਾਂ ਨਾਲ ਪੀੜਤ ਪਾਤਰ ਆਪਣੇ ਹੱਕਾਂ ਲਈ ਚੇਤਨ ਹੁੰਦੇ ਹਨ ਅਤੇ ਇਸਦੇ ਸਮਵਿੱਥ ਹੀ ਸੱਤਾ 'ਤੇ ਕਾਬਜ਼ ਧਿਰ ਨੂੰ ਉਹਨਾਂ ਦੇ ਹੱਕ ਪ੍ਰਦਾਨ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਮਰਦ ਪ੍ਰਧਾਨ ਸਮਾਜ ਦੀਆਂ ਕਦਰਾਂ-ਕੀਮਤਾਂ ਔਰਤ ਨੂੰ ਵਿਰਸੇ ਵਿੱਚ ਮਿਲੀਆਂ ਹਨ, ਉਹ ਉਹਨਾਂ ਦੀ ਪਾਲਣਾ ਵੀ ਕਰਦੀ ਆ ਰਹੀ ਹੈ ਪਰ ਉਸਦਾ ਪ੍ਰਾਕ੍ਰਿਤਕ ਇੱਛਾ ਅਨੁਸਾਰ ਜਿਉਣਾ ਸਮਾਜ ਨੂੰ ਕਬੂਲ ਨਹੀਂ ਜਦੋਂ ਔਰਤ ਆਪਣੀ ਇੱਛਾ ਨੂੰ ਪਹਿਲ ਦੇਣ ਦੀ ਕੋਸ਼ਿਸ਼ ਕਰਦੀ ਹੈ ਤਾਂ ਦੋਹਾਂ ਵਿਚ ਵਿਦਰੋਹ ਜਾਂ ਦਵੰਦ ਬਣਦਾ ਹੈ ਜਿਸਨੂੰ ਮੈਂ ਨਾਟਕਾਂ ਵਿੱਚ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ, ਮੇਰੇ ਔਰਤ ਪਾਤਰ ਮਾਨਵਤਾ ਦੀ 'ਤਲਾਸ਼ ਵਿੱਚ ਭਟਕਦੇ ਹਨ, ਕਿਉਂਕਿ ਸਮਾਜ ਵਿੱਚ 'ਔਰਤ ਹੀ ਹੈ, ਮਾਨਵ ਨਹੀਂ। ਜਦੋਂ ਤੱਕ ਮਰਦ-ਔਰਤ ਦੋਹਾਂ ਨੂੰ ਬਰਾਬਰਤਾ ਦਾ ਸਥਾਨ ਸਮਾਜ ਨਹੀਂ ਦੇਵੇਗਾ ਤਦ ਤੱਕ ਅੱਜ ਦੇ ਯੁੱਗ ਵਿੱਚ ਖੁਸ਼ਹਾਲ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਮਨਜੀਤ ਪਾਲ ਕੌਰ ਔਰਤ ਦੀਆਂ ਦੁਸ਼ਵਾਰੀਆਂ ਨੂੰ ਆਪਣੇ ਨਾਟਕਾਂ ਦਾ ਧਰਾਤਲ ਬਣਾਉਂਦੀ ਹੈ। ਉਹਨਾਂ ਨੂੰ ਚੇਤਨ ਕਰਦੀ ਹੈ, ਲੜ ਕੇ ਹੱਕ ਪ੍ਰਾਪਤ ਕਰਨ ਦੀ ਸ਼ਕਤੀ ਪ੍ਰਦਾਨ ਕਰਦੀ ਹੈ ਅਤੇ ਇਸ ਧਰਾਤਲ 'ਤੇ ਖੜ੍ਹਕੇ ਉਹ ਸਮਾਜ ਵਿੱਚ ਅਜਿਹੇ ਪ੍ਰਤੀਮਾਨ ਸਿਰਜਣ ਵੱਲ ਅਗਰਸਰ ਹੈ ਜਿਨ੍ਹਾਂ ਨਾਲ ਇਸ ਸਮਾਜ ਨੂੰ ਬਦਲਿਆ ਜਾ ਸਕਦਾ ਹੈ। ਉਸਦੀ ਹਮਦਰਦੀ ਪੀੜਤ ਧਿਰ ਨਾਲ ਹੈ ਜਿਸਨੂੰ ਸਦੀਆਂ ਤੋਂ ਤੰਗਦਸਤੀਆਂ, ਮਾਨਸਿਕ ਤੇ ਸਰੀਰਕ ਦਾਬਿਆਂ ਦੀ ਜੂਨ ਭੋਗਣ ਲਈ ਮਜ਼ਬੂਰ

ਕੀਤਾ ਗਿਆ ਹੈ। ਉਹ ਆਪਣੇ ਕਾਵਿ ਅਤੇ ਗਦ ਨਾਟਕਾਂ ਵਿੱਚ ਇਹਨਾਂ ਦੀ ਬੇਚੈਨੀ ਅਤੇ ਬੇਤਰਤੀਬੀ ਜੀਵਨ-ਸ਼ੈਲੀ ਨੂੰ ਪੇਸ਼ ਕਰਨ ਲਈ ਨਵੀਨ ਤਕਨੀਕਾਂ ਅਤੇ ਨਾਟ-ਸ਼ੈਲੀਆਂ ਨੂੰ ਨਾਟ-ਜੁਗਤਾਂ ਵਜੋਂ ਵਰਤਦੀ ਹੈ। ਉਸਦੇ ਨਾਟਕਾਂ ਨੂੰ ਉਸਦੀਆਂ ਨਾਟ-ਜੁਗਤਾਂ ਅਤੇ ਵਿਸ਼ੇਆਤਮਕ ਪਹੁੰਚ ਸਦਕਾ ਦੂਸਰੇ ਨਾਟਕਕਾਰਾਂ ਨਾਲੋਂ ਵੱਖਰਾ ਪਹਿਚਾਣਿਆ ਜਾ ਸਕਦਾ ਹੈ। ਉਸ ਦੁਆਰਾ ਆਪਣੇ ਨਾਟਕੀ ਮਰਮ ਨੂੰ ਪੇਸ਼ ਕਰਨ ਲਈ ਵਰਤੀਆਂ ਜਾਂਦੀਆਂ ਨਾਟ-ਜੁਗਤਾਂ ਦਾ ਵਿਵਰਣ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ।

**ਸ਼ੀਲਾ ਭਾਟੀਆ** (1916 - 2008) ਹਿੰਦੀ ਅਤੇ ਪੰਜਾਬੀ ਕਵਿਤਰੀ, ਨਾਟਕਕਾਰ' ਥੀਏਟਰ ਸ਼ਖਸੀਅਤ ਅਤੇ *ਦਿੱਲੀ ਕਲਾ ਥੀਏਟਰ* ਦੀ ਬਾਨੀ ਸੀ।ਉਹ ਨਾਟਕਕਾਰ ਹੋਣ ਦੇ ਨਾਲ ਨਾਲ ਇੱਕ ਸੰਗੀਤਕਾਰ ਵੀ ਸੀ। ਉਸ ਨੂੰ ਪੰਜਾਬੀ ਓਪੇਰਾ ਦੀ ਉਤਪਤੀ ਦਾ ਸਿਹਰਾ ਦਿੱਤਾ ਜਾਂਦਾ ਹੈ, ਜੋ ਕਿ ਓਪਰੇਟਿਕ ਗਤੀਵਿਧੀਆਂ ਨੂੰ ਸ਼ਾਮਲ ਕਰਦੇ ਹੋਏ ਡਾਂਸ ਨਾਟਕ ਦਾ ਇੱਕ ਭਾਰਤੀ ਰੂਪ ਹੈ। ਉਸ ਨੂੰ ਭਾਰਤ ਸਰਕਾਰ ਨੇ 1971 ਵਿੱਚ ਪਦਮ ਸ੍ਰੀ, ਚੌਥੇ ਸਭ ਤੋਂ ਉੱਚੇ ਭਾਰਤੀ ਨਾਗਰਿਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਸੀ। ਇੱਕ ਦਹਾਕੇ ਬਾਅਦ, ਉਸ ਨੂੰ 1982 ਵਿੱਚ ਥੀਏਟਰ ਨਿਰਦੇਸ਼ਨ ਲਈ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ ਅਤੇ ਫਿਰ 1997 ਵਿੱਚ ਕਾਲੀਦਾਸ ਸਨਮਾਨ ਹਾਸਿਲ ਕੀਤਾ।ਭਾਟੀਆ ਦਾ ਜਨਮ ਸਾਲ 1916 ਨੂੰ ਸਿਆਲਕੋਟ (ਬਰਤਾਨਵੀ ਪੰਜਾਬ) ਵਿੱਚ ਹੋਇਆ ਸੀ। ਭਾਰਤ-ਪਾਕਿਸਤਾਨ ਵੰਡ ਤੋਂ ਪਹਿਲਾਂ ਦੇ ਅਰਸੇ ਦੌਰਾਨ ਉਸਨੇ ਲਾਹੌਰ ਚ ਗਣਿਤ ਅਧਿਆਪਕ ਦੇ ਤੌਰ ਤੇ ਆਪਣਾ ਕੰਮ ਸ਼ੁਰੂ ਕੀਤਾ ਸੀ। ਜਲਦ ਬਾਅਦ ਭਾਟੀਆ ਦੇਸ਼ ਦੇ ਆਜ਼ਾਦੀ ਦੇ ਸੰਘਰਸ਼ ਵਿੱਚ ਸਰਗਰਮ ਹੋ ਗਈ। ਦਿੱਲੀ ਆ ਕੇ ਉਸ ਨੇ ਹਾਲੀ ਨਾਲ ਦਿੱਲੀ ਕਲਾ ਥੀਏਟਰ ਸ਼ੁਰੂ ਕਰ ਦਿੱਤਾ। ਉਹ ਦਿੱਲੀ ਕਲਾ ਥੀਏਟਰ ਦੀ ਡਾਇਰੈਕਟਰ ਸੀ। ਸ਼ੀਲਾ ਭਾਟੀਆ ਨਾਲ, ਪੰਜਾਬੀ ਓਪੇਰਾ ਦਾ ਜਨਮ ਹੋਇਆ ਸੀ। ਉਸ ਨੇ ਉਰਦੂ ਅਤੇ ਪੰਜਾਬੀ 'ਚ ਨਾਟਕ ਲਿਖੇ ਅਤੇ ਨਿਰਦੇਸ਼ਿਤ ਕੀਤੇ। ਆਪਣੇ ਜੀਵਨ ਕਾਲ ਦੇ ਦੌਰਾਨ ਉਸ ਨੇ 29 ਮੌਲਿਕ ਪੰਜਾਬੀ ਓਪੇਰੇ ਲਿਖੇ ਸੀ ਅਤੇ ਨਿਰਦੇਸ਼ਿਤ ਕੀਤੇ। ਭਾਟੀਆ ਦਾ ਪਹਿਲਾ ਨਿਰਮਾਣ ਕਾਲ ਆਫ ਦਿ ਵੈਲੀ ਸੀ, ਇੱਕ ਸੰਗੀਤ, ਸੀ। ਇਸ ਤੋਂ ਬਾਅਦ 60 ਤੋਂ ਵੱਧ ਪ੍ਰੋਡਕਸ਼ਨ ਹੋਈ, ਜਿਵੇਂ ਕਿ ਹੀਰ ਰਾਂਝਾ (1957), ਦਰਦ ਆ ਗਿਆ ਦਬੇ ਪਾਉਂ (1979), ਸੁਲਗਦਾ ਦਰਿਆ (1982), ਉਮਰ ਖਯਾਮ (1990), ਨਸੀਬ (1997), ਚੰਨ ਬਦਲਾ ਦਾ, ਲੋਹਾ ਕੁੱਟ, ਗ਼ਾਲਿਬ ਕੌਨ ਥਾ ਅਤੇ ਨਾਦਿਰ ਸ਼ਾਹ ਪੁਨਾਬੀ ਅਤੇ ਕਿੱਸਾ ਯੇ ਔਰਤ ਕਾ (1972), ਹਵਾ ਸੇ ਹਿੱਪੀ ਤੱਕ (1972), ਅਤੇ ਉਰਦੂ ਵਿੱਚ ਯੇ ਇਸ਼ਕ ਨਾ ਆਸਨ (1980) ਸ਼ਾਮਿਲ ਹਨ। ਫ਼ੈਜ਼ ਅਹਿਮਦ ਫ਼ੈਜ਼ ਦੇ ਪੈਰੋਕਾਰ, ਭਾਟੀਆ ਦੇ ਕੋਲ ਵੀ 10 ਪ੍ਰਕਾਸ਼ਨ ਹਨ ਜਿਨ੍ਹਾਂ ਵਿੱਚ ਕਾਵਿ ਸੰਗ੍ਰਹਿ, ਪਰਲੋ ਦਾ ਝੱਖੜ (1950) ਸ਼ਾਮਲ ਹਨ। ਭਾਰਤ ਸਰਕਾਰ ਨੇ ਉਸ ਨੂੰ 1971 ਵਿੱਚ ਪਦਮ ਸ੍ਰੀ ਦਾ ਨਾਗਰਿਕ ਸਨਮਾਨ ਦਿੱਤਾ। ਉਸ ਨੂੰ 1982 ਵਿੱਚ ਸਰਬੋਤਮ ਨਿਰਦੇਸ਼ਨ ਲਈ ਸੰਗੀਤ ਨਾਟਕ ਅਕਾਦਮੀ ਇਨਾਮ ਮਿਲਿਆ। ਅਗਲੇ ਸਾਲ, ਉਸ ਨੂੰ ਗਾਲਿਬ ਅਵਾਰਡ (1983) ਅਤੇ ਫਿਰ ਪੰਜਾਬੀ ਕਲਾ ਪ੍ਰੀਸ਼ਦ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਸ ਨੂੰ 1986 ਵਿੱਚ ਦਿੱਲੀ ਪ੍ਰਸ਼ਾਸਨ ਅਤੇ 1997 ਵਿੱਚ ਕਾਲੀਦਾਸ ਸਨਮਾਨ ਤੋਂ ਸਰਬੋਤਮ ਨਿਰਦੇਸ਼ਕ ਦਾ ਪੁਰਸਕਾਰ ਮਿਲਿਆ। ਉਹ ਪੰਜਾਬੀ ਅਕਾਦਮੀ (2000) ਦੁਆਰਾ ਉਰਦੂ ਅਕਾਦਮੀ ਅਵਾਰਡ ਅਤੇ ਪਰਮ ਸਾਹਿਤ ਸਰਕਾਰ ਸਨਮਾਨ ਨਾਲ ਵੀ ਪ੍ਰਾਪਤ ਕਰ ਚੁੱਕੀ ਸੀ।

## ਸਾਰ-ਅੰਸ਼

ਪੰਜਾਬੀ ਨਾਟਕ ਦਾ ਇਤਿਹਾਸ ਇੱਕ ਜਟਿਲ ਵਰਤਾਰਾ ਹੈ ਕਿਉਂਕਿ ਪੰਜਾਬੀ ਸਭਿਆਚਾਰ ਵਿੱਚ 'ਨਾਟਕ ਵਿਧਾ ਦੀ ਸਥਿਤੀ ਕਦੇ ਵੀ ਸੰਤੋਖਜਨਕ ਨਹੀਂ ਰਹੀਂ। ਇੱਕ ਤੋ ਵਧੀਕ ਕਾਰਨਾਂ ਕਰ ਕੇ ਇਹ ਵਿਧਾ ਪੰਜਾਬੀ ਸਮਾਜ ਵਿੱਚ ਵੱਕਾਰੀ ਸਥਾਨ ਗ੍ਰਹਿਣ ਨਹੀਂ ਕਰ ਸਕੀ। ਇਸ ਲਈ ਪੰਜਾਬੀ ਨਾਟਕ ਦਾ ਇਤਿਹਾਸ ਲੇਖਣ ਸੰਭਵ ਨਹੀਂ ਹੋਇਆ। ਇਸੇ ਲਈ ਪੰਜਾਬੀ ਨਾਟਕ ਦਾ ਇਤਿਹਾਸ ਲਿਖਦਿਆ ਉਸ ਸਭਿਆਚਾਰਕ, ਪਿਛੋਕੜ, ਲੋਕਧਾਰਾਈ ਵਿਹਾਰ ਤੇ ਮਾਨਸਿਕਤਾ ਨੂੰ ਸਮਝਣਾ ਅਵੱਸ਼ਕ ਹੈ।ਇਹ ਇਸ ਲਈ ਵੀ ਜਾਣਨਾ ਜਰੂਰੀ ਹੈ ਪੰਜਾਬੀ ਵਿੱਚ ਭਾਵੇਂ ਨਾਟਕ ਦਾ ਵਿਧੀਵਾਤ ਆਰੰਭ ਪੱਛਮ ਦੇ ਪ੍ਰਭਾਵ ਨਾਲ ਹੋਇਆ ਪਰੰਤੂ ਆਪਣੀ ਇੱਕ ਸਦੀ ਦੀ ਇਤਿਹਾਸ ਸਿਰਜਣਾ ਦੌਰਾਨ ਇਹ ਬਾਰ-ਬਾਰ ਕਿਸੇ ਨਾ ਕਿਸੇ ਰੂਪ ਵਿੱਚ ਆਪਣੇ ਪਿੱਛੇ ਵੱਲ ਅਹੁਲਦਾ ਭਾਵ ਪੰਜਾਬੀ ਲੋਕਧਾਰਾ ਤੇ ਸਭਿਆਚਾਰ ਨਾਲ ਵਾਸਤਾ ਹੋਣ ਦਾ ਯਤਨ ਕਰਦਾ ਰਿਹਾ ਹੈ। ਸਮਕਾਲੀ ਪੰਜਾਬੀ ਨਾਟਕ ਵਿੱਚ ਡਾ. ਮਨਜੀਤਪਾਲ ਕੌਰ ਦਾ ਵਿਲੱਖਣ ਨਾਟਕੀ ਪ੍ਰਤੀਭਾ ਕਰਕੇ ਵਿਸ਼ੇਸ਼ ਸਥਾਨ ਹੈ। ਉਸ ਦੁਆਰਾ ਲਿਖੇ ਗਏ ਨਾਟਕ ਸਮਾਜਿਕ ਵੰਡ ਦਾ ਸ਼ਿਕਾਰ ਹੁੰਦੇ ਪਾਤਰਾਂ ਨੂੰ ਵਿਸ਼ਾ ਬਣਾਉਂਦੇ ਹਨ। ਇਹ ਨਾਟਕ ਦੁਨੀਆਂ ਦੀ ਅੱਧੀ ਆਬਾਦੀ ਔਰਤਾਂ ਦੀ ਸਮਾਜਿਕ, ਮਾਨਸਿਕ ਅਤੇ ਅਸਤਿਤਵੀ ਲੁੱਟ ਦੀ ਪੇਸ਼ਕਾਰੀ ਕਰਦੇ ਹਨ। ਭਾਰਤੀ ਸਮਾਜ ਮਰਦ ਪ੍ਰਧਾਨ ਸਮਾਜ ਹੈ ਜਿਸ ਵਿੱਚ ਔਰਤ ਨੂੰ ਗੌਣ ਦਰਜਾ ਦਿੱਤਾ ਜਾਂਦਾ ਹੈ। ਬਾਲ ਵਿਆਹ, ਅਨਜੋੜ ਵਿਆਹ, ਆਪਣੇ ਫ਼ੈਸਲੇ ਆਪ ਨਾ ਕਰਨ ਦੀ ਆਜ਼ਾਦੀ, ਹੱਕਾਂ ਪ੍ਰਤੀ ਚੇਤਨ ਹੋਣ ਜਾਂ ਪ੍ਰਾਪਤ ਕਰਨ ਦੀ ਮਨਾਹੀ, ਘਰੇਲੂ ਹਿੰਸਾ, ਬਲਾਤਕਾਰ, ਅਣਖ ਖ਼ਾਤਰ ਕਤਲ ਕਰ ਦੇਣ ਵਰਗੀਆਂ ਅਨੇਕਾਂ ਅਲਾਮਤ

ਨੇ ਇਸਨੂੰ ਗੁਲਾਮਾਂ ਤੋਂ ਵੀ ਬਦਤਰ ਜ਼ਿੰਦਗੀ ਦਾ ਭਾਗੀ ਬਣਾਇਆ ਹੋਇਆ ਹੈ। ਆਧੁਨਿਕ ਯੁੱਗ ਦੇ ਇਸ ਦੌਰ ਵਿੱਚ ਵੀ ਔਰਤ ਚਾਹੇ ਜਿੰਨਾਂ ਮਰਜ਼ੀ ਪੜ੍ਹ-ਲਿਖ ਲਵੇ ਉਹ ਸੁਤੰਤਰ ਤੌਰ 'ਤੇ ਵਿਚਰਨ ਦਾ ਹੀਆ ਨਹੀਂ ਜੁਟਾ ਪਾਉਂਦੀ। ਅਜੋਕੇ ਦੌਰ ਦੀ ਔਰਤ ਦੀ ਸਥਿਤੀ ਪੁਰਾਤਨ ਦੌਰ ਦੀ ਔਰਤ ਨਾਲੋਂ ਕਿਸੇ ਤਰ੍ਹਾਂ ਵੀ ਵੱਖਰੀ ਨਹੀਂ ਹੈ। ਭਾਰਤੀ ਸਮਾਜ ਨੇ ਸਤੀ-ਪ੍ਰਥਾ ਤੋਂ ਭਰੂਣ ਹੱਤਿਆ ਤੱਕ ਦਾ ਸਫ਼ਰ ਤਹਿ ਕਰਕੇ ਔਰਤ ਦੀ ਹੋਂਦ ਨੂੰ ਹੋਰ ਵੱਡੇ ਖ਼ਤਰਿਆਂ ਦੇ ਸਨਮੁੱਖ ਲਿਆ ਖੜ੍ਹਾ ਕੀਤਾ ਹੈ। ਸਮਕਾਲੀ ਨਾਟਕਕਾਰਾਂ ਨੂੰ ਔਰਤ ਦੀ ਸਥਿਤੀ ਨੂੰ ਆਪਣੇ ਨਾਟਕਾਂ ਵਿਚ ਪੇਸ਼ ਕੀਤਾ ਹੈ। ਕਿ ਕਿਸ ਪ੍ਰਕਾਰ ਉਸ ਦੀਆਂ ਸੱਧਰਾਂ ਦਾ ਕਤਲ ਕੀਤਾ ਜਾ ਰਿਹਾ ਹੈ ਅਤੇ ਉਸਨੂੰ ਆਪਣੇ ਹੱਕਾਂ ਦਾ ਫ਼ੈਸਲਾ ਕਰਨ ਦੀ ਖੁੱਲ੍ਹ ਨਹੀਂ ਮਿਲਦੀ। ਅਜਿਹੀਆਂ ਸਮੱਸਿਆਵਾਂ ਨੂੰ ਜਿੱਥੇ ਨਾਟਕਕਾਰਾਂ ਨੇ ਪੇਸ਼ ਕੀਤਾ ਹੈ ਉੱਥੇ ਔਰਤ ਦੀ ਅਗੰਮੀ ਕੁਰਬਾਨੀ ਨੂੰ ਅਭੂਮ ਵਿੱਚ ਲਿਆਂਦਾ ਹੈ ਜਿਸ ਤੇ ਮਾਣ ਬਣਦਾ ਹੈ।"

## ਮੁੱਖ/ਕੇਂਦਰੀ ਸ਼ਬਦ:

- ਨਾਟ---ਨਾਟਕ
- ਇਕਾਂਗੀ---ਇਕ ਅੰਕ ਵਾਲਾ ਨਾਟਕ
- ਆਧੁਨਿਕਤਾ---ਸਥਿਤੀ
- ਕਲਪਾਨਤਮਿਕ---ਕਾਲਪਨਿਕ
- ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

ਪ੍ਰਸ਼ਨ 1 ਨਾਟਕ ਵਿਧਾ ਦਾ ਜਨਮ ਕਿੱਥੇ ਹੋਇਆ?

ੳ ਅਮਰੀਕਾ ਵਿਚ

ਅ ਯੂਰਪ ਵਿਚ

ੲ ਭਾਰਤ ਵਿਚ

ਸ ਆਸਟ੍ਰੇਲੀਆਂ ਵਿਚ

ਪ੍ਰਸ਼ਨ 2 ਨਾਟ ਦਾ ਸ਼ਾਬਦਿਕ ਅਰਥ ਕੀ ਹੈ?

ੳ ਨਵਾਂ ਦੌਰ

ਅ ਅਦਾਵਾਂ

ੲ ਨਵਾਂ ਸਵੇਰਾ

ਸ ਨਵਾਂ ਕਾਲ

ਪ੍ਰਸ਼ਨ 3 ਨਾਟ ਸ਼ਬਦ ਵਿਚੋਂ ਆਇਆ ਹੈ।

ੳ ਇਤਾਲਵੀ

ਅ ਸੰਸਕ੍ਰਿਤ

ੲ ਰੂਸੀ

ਸ ਫਰਾਂਸੀਸੀ

ਪ੍ਰਸ਼ਨ 4 ਗਲਪ ਦੀਆਂ ਕਿਹੜੀਆਂ ਦੋ ਸਾਹਿਤ ਵਿਧਾਵਾਂ ਹਨ?

ੳ ਨਾਵਲ ਅਤੇ ਕਹਾਣੀ

ਅ ਸਵੈ ਜੀਵਨੀ ਅਤੇ ਜੀਵਨੀ

ੲ ਕਵਿਤਾ ਅਤੇ ਵਾਰਤਕ

ਸ ਨਾਵਲ ਅਤੇ ਨਾਟਕ

ਪ੍ਰਸ਼ਨ 5 ਪੰਜਾਬੀ ਦਾ ਪਹਿਲਾ ਮੌਲਿਕ ਨਾਟਕਕਾਰ ਕਿਹੜਾ ਹੈ?

ੳ ਨਾਨਕ ਸਿੰਘ

ਅ ਭਾਈ ਮੋਹਨ ਸਿੰਘ ਵੈਦ

ੲ ਆਈ.ਸੀ.ਨੰਦਾ

ਸ ਚਰਨ ਸਿੰਘ ਸ਼ਹੀਦ

ਪ੍ਰਸ਼ਨ 6 ਨਾਟਕ ਦਾ ਤੱਤ ਕਿਹੜਾ ਹੈ?

ੳ ਕਥਾਨਕ

ਅ ਰਾਗ

ੲ ਸੰਗੀਤ

ਸ ਛੰਦ

ਪ੍ਰਸ਼ਨ 7 ਨਾਟਕ ਵਿਚ ਪਾਤਰਾਂ ਦੀ ਬੋਲੀ ਨੂੰ ਕੀ ਕਿਹਾ ਜਾਂਦਾ ਹੈ?

ੳ ਸ਼ੈਲੀ

ਅ ਵਾਰਤਲਾਪ

ੲ ਕਥਾਨਕ

ਸ ਉਦੇਸ਼

ਪ੍ਰਸ਼ਨ 8 ਨਾਰੀਵਾਦੀ ਨਾਟਕਕਾਰ?

ੳ ਸੰਤ ਸਿੰਘ ਸੇਖੋ

ਅ ਮਨਜੀਤ ਪਾਲ ਕੌਰ

ੲ ਚਰਨ ਸਿੰਘ ਸ਼ਹੀਦ

ਸ ਪਰਗਟ ਸਿੰਘ ਸਤੌਜ

ਪ੍ਰਸ਼ਨ 9 ਯਥਾਰਥਵਾਦੀ ਨਾਟਕਕਾਰ ਕਿਹੜਾ ਹੈ?

ੳ ਆਈ.ਸੀ. ਨੰਦਾ

ਅ ਭਾਈ ਵੀਰ ਸਿੰਘ

ੲ ਚਰਨ ਸਿੰਘ ਸ਼ਹੀਦ

ਸ ਮੋਹਨ ਸਿੰਘ ਵੈਦ

ਪ੍ਰਸ਼ਨ 10 ਪ੍ਰਯੋਗਵਾਦੀ ਕਹਾਣੀਕਾਰ ਕਿਹੜਾ ਹੈ?

ੳ ਸੁਰਜੀਤ ਸਿੰਘ ਸੇਠੀ

ਅ ਭਾਈ ਵੀਰ ਸਿੰਘ

ੲ ਚਰਨ ਸਿੰਘ ਸ਼ਹੀਦ

ਸ ਮੋਹਨ ਸਿੰਘ ਵੈਦ

ਪ੍ਰਸ਼ਨ 11. ਸਾਹਿਬਾਂ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਮਨਜੀਤ ਪਾਲ ਕੌਰ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 12. ਨਾਰੀ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਸੁੰਦਰਾਂ ਪੁਸਤਕ ਦਾ ਲੇਖਕ ਕੌਣ ਹੈ?

ੳ ਮਨਜੀਤ ਪਾਲ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਰੇਤ ਦਾ ਸਮੁੰਦਰ ਰਚਨਾ ਕੀ ਹੈ?

ੳ ਨਾਟਕ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਗੀਤ ਸੰਗ੍ਰਹਿ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਅ | 2. ਅ | 3. ਅ | 4. ੳ | 5. ੲ |
| 6. ੳ | 7. ਅ | 8. ੲ | 9. ੳ | 10. ੳ |
| 11.ੲ | 12. ੳ | 13. ੳ | 14. ਅ | 15. ੳ |

## ਅਭਿਆਸ ਪ੍ਰਸ਼ਨ

1. ਪੰਜਾਬੀ ਨਾਰੀ ਨਾਟਕ ਦੇ ਸਿਧਾਂਤਕ ਪਰਿਪੇਖ ਉੱਪਰ ਨੋਟ ਲਿਖੋ?
2. ਪੰਜਾਬੀ ਨਾਰੀ ਨਾਟਕ ਦਾ ਅਰਥ ਦੱਸਦਿਆਂ ਪੰਜਾਬੀ ਨਾਰੀ ਨਾਟਕ ਦੇ ਸਰੂਪ ਬਾਰੇ ਚਰਚਾ ਕਰੋ।
3. ਪੰਜਾਬੀ ਨਾਰੀ ਨਾਟਕ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸ ਦਾ ਸਰੂਪ ਉਲੀਕੋ।

## Further Reading


- ਡਾ. ਸਤੀਸ਼ ਕੁਮਰ ਵਰਮਾ, ਪੰਜਾਬੀ ਨਾਟਕ ਦਾ ਇਤਿਹਾਸ, ਸਾਹਿਤ ਅਕਾਦਮੀ ਦਿੱਲੀ।
- ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ: ਸਰੂਪ, ਸਿਧਾਂਤ ਅਤੇ ਵਿਕਾਸ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1988.
- ਮਨਜੀਤਪਾਲ ਕੌਰ, ਪੰਜਾਬੀ ਨਾਟਕ ਤੇ ਰੰਗਮੰਚ: ਵਿਕਾਸ ਦੀਆਂ ਸੰਭਾਵਨਾਵਾਂ, (ਸੰਪਾ.) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993.
- ਪਰਮਜੀਤ ਕੌਰ ਨੂਰ, ਪੰਜਾਬੀ ਨਾਟਕ- ਇਤਿਹਾਸ ਅਤੇ ਪ੍ਰਵਿਰਤੀਆਂ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1995.

**Online Links**

https://punjabipedia.org/topic.aspx?txt=%E0%A8%A8%E0%A8%BE%E0%A8%9F%E0%A8%95

https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%A8%E0%A8%BE%E0%A8%9F%E0%A8%95

# Unit 12: ਨਾਟਕ 'ਸਿਰਜਣਾ' ਵਿਚ ਲਿੰਗ ਘਾੜ੍ਹਤ ਦੇ ਸਮੀਕਰਨ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪਾਲੀ ਭੁਪਿੰਦਰ ਦੇ ਜੀਵਨ ਅਤੇ ਰਚਨਾ ਸੰਸਾਰ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਟਕ 'ਸਿਰਜਣਾ' ਦੇ ਆਧਾਰ 'ਤੇ ਨਾਟਕ ਰੂਪਾਕਾਰ ਨੂੰ ਪਰਖਣ ਦੇ ਯੋਗ ਹੋਣਗੇ।
- ਪਾਲੀ ਭੁਪਿੰਦਰ ਦੀ ਨਾਰੀ ਚੇਤਨਾ ਨੂੰ ਸਮਝਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਨਾਟਕ ਸਿਰਜਣਾ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਨਾਟਕ ਸਿਰਜਣਾ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਨਾਟਕ ਸਿਰਜਣਾ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਨਾਟਕ ਸਿਰਜਣਾ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ।

ਪਾਲੀ ਭੁਪਿੰਦਰ ਸਿੰਘ ਪੰਜਾਬੀ ਨਾਟਕ ਦੀ ਚੌਥੀ ਪੀੜ੍ਹੀ ਦਾ ਪ੍ਰਮੁੱਖ ਨਾਟਕ ਲੇਖਕ, ਨਿਰਦੇਸ਼ਕ ਅਤੇ ਨਾਟ-ਚਿੰਤਕ ਹੈ। ਚਾਲ੍ਹੀ ਤੋਂ ਵਧੀਕ ਉਸਦੇ ਛੋਟੇ-ਵੱਡੇ ਨਾਟਕ ਆਪਣੇ ਖਾਸ ਨਾਟਕੀ ਅੰਦਾਜ, ਨਵੀਆਂ ਨਾਟ-ਵਿਧੀਆਂ ਅਤੇ ਤਿੱਖੇ ਵਿਅੰਗ ਕਰਕੇ ਪੰਜਾਬੀ ਨਾਟਕ ਦੀ ਖਾਸ ਪਛਾਣ ਬਣੇ ਹੋਏ ਹਨ। ਆਪਣੇ ਸਿਰਜਨਾਤਮਕ ਜੀਵਨ ਦੇ ਪਿਛਲੇ ਅੱਧ ਵਿੱਚ ਉਹ ਸਿਨੇਮਾ ਵੱਲ ਰੁਚਿਤ ਹੋਇਆ ਤੇ ਬਤੌਰ ਲੇਖਕ-ਨਿਰਦੇਸ਼ਕ ਪੰਜਾਬੀ-ਹਿੰਦੀ ਸਿਨੇਮਾ ਅੰਦਰ ਕੰਮ ਕਰ ਰਿਹਾ ਹੈ। 'ਸਟੂਪਿਡ ਸੈਵਨ' ਉਸਦੀ ਪਲੇਠੀ ਫਿਲਮ ਸੀ। ਇਸ ਤੋਂ ਇਲਾਵਾ ਇੱਕ ਲੰਬੀ ਕਵਿਤਾ 'ਆਮ ਆਦਮੀ ਦੀ ਵਾਰ' ਵੀ ਉਸਦੀ ਰਚਨਾ ਹੈ।

ਪਾਲੀ ਭੁਪਿੰਦਰ ਸਿੰਘ (ਦਸਤਾਵੇਜੀ ਨਾਂ ਭੁਪਿੰਦਰ ਸਿੰਘ) ਦਾ ਜਨਮ ਵੰਡ ਵੇਲੇ ਪਾਕਿਤਸਤਾਨੀ ਪੰਜਾਬ ਦੇ ਮੁਲਤਾਨ ਇਲਾਕੇ ਤੋਂ ਭਾਰਤੀ ਪੰਜਾਬ ਦੇ ਜਿਲ੍ਹਾ ਫਰੀਦਕੋਟ ਦੇ ਛੋਟੇ ਜਿਹੇ ਕਸਬੇ ਜੈਤੋ ਵਿਖੇ ਆ ਕੇ ਵਸੇ ਇੱਕ ਮੁਲਤਾਨੀ ਪਰਿਵਾਰ ਵਿੱਚ ਹੋਇਆ। ਮੁੱਢਲੀ ਸਿੱਖਿਆ ਜੈਤੋ ਦੇ ਵਿਭਿੰਨ ਸਕੂਲਾਂ ਤੋਂ ਹਾਸਿਲ ਕਰਕੇ ਪਾਲੀ ਨੇ ਗ੍ਰੈਜੂਏਸ਼ਨ ਦੀ ਡਿਗਰੀ 1985 ਵਿੱਚ ਸਰਕਾਰੀ ਬਰਜਿੰਦਰ ਕਾਲਜ ਫਰੀਦਕੋਟ ਤੋਂ ਹਾਸਿਲ ਕੀਤੀ। ਇੱਥੇ ਹੀ ਐਮ. ਏ. ਪੰਜਾਬੀ ਦਾ ਇੱਕ ਵਰ੍ਹਾ ਲਾਉਣ ਤੋਂ ਬਾਅਦ ਉਸਨੇ ਇੱਕ ਸਾਲ ਪੈਸਟੀਸਾਈਡ ਕੰਪਨੀ ਵਿੱਚ ਨੌਕਰੀ ਕੀਤੀ ਅਤੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬਤੌਰ ਪ੍ਰਾਈਵੇਟ ਵਿਦਿਆਰਥੀ ਪੋਸਟ ਗ੍ਰੈਜੂਏਸ਼ਨ ਪੂਰੀ ਕੀਤੀ। 1987 ਵਿੱਚ ਉਹ ਐਮ. ਫਿਲ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਆਇਆ। 1991 ਵਿੱਚ ਉਸਨੇ ਆਰ. ਐਸ. ਡੀ. ਕਾਲਜ ਫਿਰੋਜਪੁਰ ਵਿਖੇ ਇੱਕ ਸਾਲ ਲਈ ਬਤੌਰ ਪੰਜਾਬੀ ਅਧਿਆਪਕ ਨੌਕਰੀ ਕੀਤੀ। ਸਾਲ 1992 ਵਿੱਚ ਉਹ ਡੀ. ਐਮ. ਕਾਲਜ ਮੋਗੇ ਆ ਗਿਆ ਤੇ 2014 ਤੱਕ ਇੱਥੇ ਹੀ ਰਿਹਾ। 1992 ਵਿੱਚ ਉਸਦਾ ਵਿਆਹ ਬਰਜਿੰਦਰ ਕਾਲਜ ਦੀ ਆਪਣੀ ਸਹਿਪਾਠਣ ਸੰਦੀਪ ਕੱਕੜ ਨਾਲ ਹੋਇਆ। ਸਾਲ 2010 ਵਿੱਚ ਉਸਨੇ 'ਪੰਜਾਬੀ ਨਾਟਕ ਦਾ ਕਾਵਿ-ਸ਼ਾਸਤਰ' ਵਿਸ਼ੇ ਉੱਤੇ ਪੰਜਾਬ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਹਾਸਿਲ ਕੀਤੀ। ਸਾਲ 2013 ਵਿੱਚ ਉਸਨੇ ਆਪਣੀ ਪਹਿਲੀ ਪੰਜਾਬੀ ਫਿਲਮ 'ਸਟੂਪਿਡ ਸੈਵਨ' ਦਾ ਨਿਰਮਾਣ ਕੀਤਾ. 2014 ਵਿੱਚ ਉਹ ਨੌਕਰੀ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਓਪਨ ਲਰਨਿੰਗ ਸਕੂਲ ਵਿੱਚ ਆ ਗਿਆ ਤੇ ਸਾਲ 2015 ਵਿੱਚ ਬਤੌਰ ਐਸੋਸਿਏਟ ਪ੍ਰੋਫੈਸਰ ਇਸੇ ਯੂਨੀਵਰਸਿਟੀ ਦੇ ਇੰਡੀਅਨ ਥੀਏਟਰ ਵਿਭਾਗ ਵਿੱਚ ਆ ਗਿਆ। ਪਾਲੀ ਭੁਪਿੰਦਰ ਨੇ ਬਹੁਤ ਛੋਟੀ ਉਮਰ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ ਸੀ। ਗ੍ਰੈਜੂਏਸ਼ਨ ਪੂਰੀ ਕਰਨ ਤੱਕ ਉਸਦੀਆਂ ਅਨੇਕ ਕਵਿਤਾਵਾਂ, ਕਹਾਣੀਆਂ ਅਤੇ ਵਿਅੰਗਾਤਮਕ ਨਿਬੰਧ ਪੰਜਾਬੀ ਦੇ ਲੱਗਭਗ ਸਾਰੇ ਪ੍ਰਮੁੱਖ ਅਖਬਾਰਾਂ-ਮੈਗਜੀਨਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਸਨ। ਸਾਲ 1994 ਵਿੱਚ ਉਸਨੇ ਬਰਜਿੰਦਰ ਕਾਲਜ ਦੇ ਆਪਣੇ ਦੋਸਤਾਂ ਦੇ ਕਹਿਣ ਉੱਤੇ ਸਾਅਦਤ ਹਸਨ ਮੰਟੋ ਦੀ ਕਹਾਣੀ 'ਟੋਬਾ ਟੇਕ ਸਿੰਘ' ਦਾ ਨਾਟਕੀ-ਰੂਪਾਂਤਰਨ ਕੀਤਾ ਜੋ ਉਸੇ ਸਾਲ ਕਾਲਜ ਦੇ ਮੰਚ ਉੱਤੇ ਪ੍ਰਸਤੁਤ ਹੋਇਆ. ਹੁਣ ਪਾਲੀ ਦਾ ਝੁਕਾਅ ਰੰਗਮੰਚ ਵੱਲ ਹੋ ਗਿਆ। ਅਗਲੇ ਹੀ ਸਾਲ ਉਸਨੇ ਆਪਣਾ ਪਹਿਲਾ ਲਘੂ-ਨਾਟਕ 'ਇਸ ਚੌਂਕ ਤੋਂ ਸ਼ਹਿਰ ਦਿਸਦਾ ਹੈ' ਰਚਿਆ ਅਤੇ ਖੁਦ ਆਪਣੇ ਨਿਰਦੇਸ਼ਨ ਵਿੱਚ ਪ੍ਰਸਤੁਤ ਕੀਤਾ। ਇਸ ਤੋਂ ਬਾਅਦ ਉਸਨੇ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ ਤੇ 'ਜਦੋਂ ਮੈਂ ਸਿਰਫ਼ ਇੱਕ ਔਰਤ ਹੁੰਦੀ ਹਾਂ', 'ਮਿੱਟੀ ਦਾ ਬਾਵਾ', 'ਇੱਕ ਕੁੜੀ ਜ਼ਿੰਦਗੀ ਉਡੀਕਦੀ ਹੈ' ਅਤੇ 'ਸਿਰਜਣਾ' ਜਿਹੇ ਪ੍ਰਸਿੱਧ ਲਘੂ-ਨਾਟਕ ਰਚੇ ਜੋ ਉਸਦੇ ਨਾਲ-ਨਾਲ ਪੰਜਾਬੀ ਨਾਟਕ ਦੀ ਵੀ ਵਿਸ਼ੇਸ਼ ਪਛਾਣ ਬਣੇ। ਔਰਤ ਦਾ ਕਰਮ ਹੈ ਸਿਰਜਣਾ। ਆਪਣੀ ਕੁੱਖ ਅੰਦਰ ਆਪਣੇ ਮਰਦ ਦਾ ਭਰੂਣ ਸਾਂਭ ਕੇ ਉਹ ਸਿਰਫ਼ ਇਕ ਔਲਾਦ ਨਹੀਂ, ਮਾਨਵਤਾ ਨੂੰ ਜੰਮਦੀ ਹੈ। ਪਰ ਉਸਦਾ ਮਰਦ ਤੇ ਮਰਦ ਨਾਲ ਜੁੜਿਆ ਆਲਾ ਦੁਆਲਾ ਉਸਦੀ ਜੰਮੀ ਮਾਨਵਤਾ ਨੂੰ ਸਿਰਫ਼ ਮਰਦ ਰੂਪ ਵਿਚ ਹੀ ਵੇਖਣਾ ਚਾਹੁੰਦਾ ਹੈ। ਕਿਉਂਕਿ ਮਰਦ ਔਲਾਦ ਹੀ ਉਸ ਲਈ ਕੁਝ ਕਮਾ ਸਕਦੀ ਹੈ। ਇਸ ਤਰ੍ਹਾਂ ਪ੍ਰਾਪਰਟੀ ਕਲਚਰ ਵਿਚ ਔਰਤ ਸਿਰਜਣਾ ਤੋਂ ਵਿਸਰਜਣਾ ਬਣ ਜਾਣ ਲਈ ਮਜ਼ਬੂਰ ਹੋ ਰਹੀ ਹੈ। ਸਿਰਫ਼ ਫੀਮੇਲ ਕਾਸਟ ਵਾਲਾ ਇਹ ਨਾਟਕ ਜ਼ਬਰਦਸਤ ਨਾਟਕੀਅਤਾ ਵਾਲੀ ਸਕ੍ਰਿਪਟ ਹੈ।

2003 ਤੱਕ ਪਾਲੀ ਨੇ ਡੇਢ ਦਰਜਨ ਦੇ ਕਰੀਬ ਨਾਟਕ ਰਚ ਦਿੱਤੇ ਸਨ, ਜਿਨ੍ਹਾਂ ਵਿੱਚੋਂ ਬਹੁਤੇ ਇਕਾਂਗੀ ਅਤੇ ਲਘੂ-ਨਾਟਕ ਸਨ. ਉਸਦੀਆਂ ਇਹ ਰਚਨਾਵਾਂ ਸਿਰਫ਼ ਪੰਜਾਬ ਵਿੱਚ ਹੀ ਨਹੀਂ, ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋ ਕੇ ਪੂਰੇ ਉੱਤਰੀ ਭਾਰਤ ਦੇ ਅਕਾਦਮਿਕ ਨਾਟ-ਮੇਲਿਆਂ ਦੀ ਜਾਨ ਬਣੀਆਂ ਹੋਈਆਂ ਸਨ। ਸਾਲ 2003 ਵਿੱਚ ਉਸਨੇ ਪੂਰੇ ਨਾਟਕ 'ਘਰ-ਘਰ' ਦੀ ਰਚਨਾ ਕੀਤੀ ਅਤੇ ਆਪਣੇ ਨਿਰਦੇਸ਼ਨ ਵਿੱਚ ਪਹਿਲੀ ਵਾਰ ਉਸਨੇ ਪੰਜਾਬ ਤੋਂ ਬਾਹਰ ਦਿੱਲੀ ਵਿੱਚ ਇਹ ਨਾਟਕ ਮੰਚਿਤ ਕੀਤਾ। ਹੁਣ ਉਸਦੀ ਰਚਨਾ ਅਤੇ ਪੇਸ਼ਕਾਰੀਆਂ ਦਾ ਦਾਇਰਾ ਵੱਡਾ ਹੋ ਗਿਆ ਤੇ ਆਉਂਦੇ ਸਾਲਾਂ ਵਿੱਚ ਉਸਨੇ 'ਟੈਰੋਰਿਸਟ ਦੀ ਪ੍ਰੇਮਿਕਾ', 'ਈਡੀਪਸ' ਅਤੇ 'ਤੁਹਾਨੂੰ ਕਿਹੜਾ ਰੰਗ ਪਸੰਦ ਹੈ' ਜਿਹੇ ਆਪਣੇ ਪ੍ਰਤੀਨਿਧ ਵੱਡੇ ਨਾਟਕ ਰਚੇ ਅਤੇ ਦੇਸ਼ ਭਰ ਵਿੱਚ ਆਪਣੀ ਪਛਾਣ ਬਣਾਈ। ਸਾਲ 2006 ਵਿੱਚ ਉਸਨੇ ਪ੍ਰਵਾਸੀ ਪੰਜਾਬੀ ਜੀਵਨ ਨਾਲ ਸਬੰਧਤ ਨਾਟਕ 'ਰਾਤ ਚਾਨਣੀ' ਦੀ ਰਚਨਾ ਕੀਤੀ ਅਤੇ ਆਪਣੇ ਨਿਰਦੇਸ਼ਨ ਵਿੱਚ ਹੀ ਕਨੇਡਾ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਇਸਦੀਆਂ

ਪੇਸ਼ਕਾਰੀਆਂ ਕੀਤੀਆਂ। 2007 ਵਿੱਚ ਉਸਨੇ 'ਟੈਰੋਰਿਸਟ ਦੀ ਪ੍ਰੇਮਿਕਾ' ਦੀ ਲਹੌਰ ਵਿਖੇ ਪੇਸ਼ਕਾਰੀ ਦਿੱਤੀ, ਜਿਸਨੂੰ ਉੱਥੋਂ ਦੇ ਨੈਸ਼ਨਲ ਮੀਡੀਆ ਨੇ ਪ੍ਰਮੁੱਖਤਾ ਨਾਲ ਥਾਂ ਦਿੱਤੀ. 2008 ਵਿੱਚ ਉਸਨੇ 'ਰੌਂਗ ਨੰਬਰ' ਦੀ ਰਚਨਾ ਕੀਤੀ ਅਤੇ ਟੋਰਾਂਟੋ, ਦਿੱਲੀ ਅਤੇ ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਇਸਦੀਆਂ ਅਨੇਕ ਪੇਸ਼ਕਾਰੀਆਂ ਕੀਤੀਆਂ। 2009 ਵਿੱਚ ਉਸਨੇ ਆਪਣਾ ਪ੍ਰਸਿੱਧ ਸੋਲੋ-ਨਾਟਕ 'ਪਿਆਸਾ ਕਾਂ' ਲਿਖਿਆ ਅਤੇ ਦੇਸ ਦੇ ਅਨੇਕ ਸ਼ਹਿਰਾਂ ਵਿੱਚ ਮੰਚਿਤ ਕੀਤਾ। ਇਸ ਤੋਂ ਬਾਅਦ 'ਖੱਡ' (2011) ਆਪਣੇ ਮਨੋਵਿਗਿਆਨਕ ਵਿਸ਼ੇ, ਕਨੇਡਾ ਵਿੱਚ ਮੰਚਿਤ ਹੋਇਆ 'ਇੱਕ ਸੁਪਨੇ ਦਾ ਰਾਜਨੀਤਕ ਕਤਲ' (2013) ਅਤੇ 'ਦਿੱਲੀ ਰੋਡ 'ਤੇ ਇੱਕ ਹਾਦਸਾ' (2015) ਆਪਣੇ ਰਾਜਨੀਤਕ ਦਰਸ਼ਨ ਕਾਰਨ ਚਰਚਿਤ ਹੋਏ ਨਾਟਕ ਹਨ। 2008 ਵਿੱਚ ਰਚਿਆ ਗਿਆ ਉਸਦਾ ਕਾਮੇਡੀ ਨਾਟਕ 'ਆਰ. ਐਸ. ਵੀ. ਪੀ.' ਲਗਾਤਾਰ ਕਨੇਡਾ, ਅਮਰੀਕਾ, ਇੰਗਲੈਂਡ ਅਤੇ ਆਸਟਰੇਲੀਆ ਵਰਗੇ ਮੁਲਕਾਂ ਦੇ ਨਾਲ-ਨਾਲ ਭਾਰਤ ਵਿੱਚ ਸਟੇਜ ਹੋ ਰਿਹਾ ਹੈ।

ਪਾਲੀ ਦੇ ਮੁੱਢਲੇ ਨਾਟਕਾਂ ਨਾਲ ਹੀ ਇਹ ਨਜ਼ਰ ਆ ਗਿਆ ਸੀ ਕਿ ਮਨੁੱਖੀ ਮਨ, ਰਿਸ਼ਤਿਆਂ ਅਤੇ ਜੀਵਨ ਵਿੱਚ ਅਨੇਕ-ਪੱਧਰਾਂ 'ਤੇ ਫੈਲੇ ਤਨਾਅ ਨੂੰ ਉਸਦੇ ਨਾਟਕਾਂ ਵਿੱਚ ਵਿਸ਼ੇਸ਼ ਸਥਾਨ ਮਿਲ ਰਿਹਾ ਹੈ। ਬਾਅਦ ਵਿੱਚ ਪਾਲੀ ਨੇ ਸੁਚੇਤ ਰੂਪ ਵਿੱਚ 'ਤਨਾਅ' ਨੂੰ ਰੰਗਮੰਚੀ-ਵਿਧੀ ਦੇ ਰੂਪ ਵਿੱਚ ਅਪਣਾ ਲਿਆ। ਉਹ ਇਸ ਤਨਾਅ ਨੂੰ ਆਪਣੀ ਰਚਨਾ ਦੇ ਬੁਨਿਆਦੀ ਸੂਤਰ ਵਾਂਗ ਇਸਤੇਮਾਲ ਕਰਦਾ ਹੈ ਤੇ ਕਾਵਿਕ ਅਤੇ ਵਿਅੰਗਾਤਮਕ ਸੰਵਾਦਾਂ ਰਾਹੀਂ ਇਸਨੂੰ ਕਈ ਦਿਸ਼ਾਵਾਂ ਵਿੱਚ ਫੈਲਾ ਦਿੰਦਾ ਹੈ। ਉਸਦੀ ਇਸੇ ਵਿਧੀ ਕਰਕੇ ਦਰਸ਼ਕਾਂ ਦੀ ਚੇਤਨਾ ਉੱਤੇ ਉਸਦੀ ਤਾਕਤਵਰ ਪਕੜ ਬਣੀ ਰਹਿੰਦੀ ਹੈ ਅਤੇ ਉਸਦੇ ਨਾਟਕਾਂ ਦੀਆਂ ਪੇਸ਼ਕਾਰੀਆਂ ਬਹੁਤ ਤਿੱਖਾ ਪ੍ਰਭਾਵ ਛੱਡਦੀਆਂ ਹਨ। ਵਿਅੰਗ ਅਤੇ ਡਿਬੇਟ ਉਸਦੇ ਦੋ ਪ੍ਰਮੁੱਖ ਹਥਿਆਰ ਹਨ, ਜਿਨ੍ਹਾਂ ਨਾਲ ਉਹ ਵਿਸ਼ੇ ਦੀਆਂ ਅਨੇਕ ਡੂੰਘੀਆਂ ਅਤੇ ਅਣਦਿਸਦੀਆਂ ਪਰਤਾਂ ਉਘਾੜਦਾ ਹੈ। 'ਤੁਹਾਨੂੰ ਕਿਹੜਾ ਰੰਗ ਪਸੰਦ ਹੈ' ਉਸਦੀ ਇੱਕ ਮਿਸਾਲੀ ਰਚਨਾ ਹੈ, ਜਿਸ ਵਿੱਚ ਉਹ ਵਿਆਹ, ਨੈਤਿਕਤਾ ਅਤੇ ਕਾਮ ਦੇ ਤੀਹਰੇ ਰਿਸ਼ਤੇ ਉੱਤੇ ਬੌਧਿਕ ਪੱਧਰ ਦਾ ਸੰਵਾਦ ਰਚਾਉਂਦਾ ਹੈ ਪਰ ਸਿਰਫ਼ ਤਨਾਅ ਅਤੇ ਵਿਅੰਗ ਕਰਕੇ ਇਹ ਨਾਟਕ ਕਿਤੇ ਵੀ ਪਕੜ ਛੱਡਦਾ ਨਜ਼ਰ ਨਹੀਂ ਆਉਂਦਾ। ਉਸਦੇ ਨਾਟਕਾਂ ਵਿੱਚ ਪਰਿਸਥਿਤੀਆਂ ਦੀ ਨਾਟਕੀਅਤਾ ਇੱਕ ਪ੍ਰਮੁੱਖ ਲੱਛਣ ਹੈ। 'ਇਸ ਚੌਂਕ ਤੋਂ ਸ਼ਹਿਰ ਦਿਸਦਾ ਹੈ' ਵਿੱਚ ਇੱਕ ਪਾਤਰ ਆਪਣੀ ਬੋਲੀ ਲਾ ਦਿੰਦਾ ਹੈ। 'ਜ਼ਹਿਰ' ਵਿੱਚ ਕੁਝ ਪਾਤਰ ਜ਼ਹਿਰ ਪੀਣ ਦਾ ਪ੍ਰਯੋਗ ਕਰਦੇ ਹਨ। 'ਕੀ ਤੁਹਾਨੂੰ ਕੋਈ ਚੀਖ ਸੁਣਾਈ ਨਹੀਂ ਦੇ ਰਹੀ' ਵਿੱਚ ਇੱਕ ਘਰ ਵਿੱਚ ਇੱਕ ਔਰਤ ਨਾਲ ਬਲਾਤਕਾਰ ਹੋ ਰਿਹਾ ਹੈ ਪਰ ਬਾਹਰ ਉਸਦੇ ਆਂਢੀ-ਗੁਆਂਢੀ ਉਸਨੂੰ ਬਚਾਉਣ ਦੇ ਤਰੀਕਿਆਂ ਦੇ ਸਿੱਟਿਆਂ ਬਾਰੇ ਗੰਭੀਰ ਚਰਚਾ ਕਰ ਰਹੇ ਹਨ।

ਪਾਲੀ ਦੇ ਅਨੇਕ ਲਘੂ-ਨਾਟਕ ਸਧਾਰਨ ਅਤੇ ਵਕਤੀ ਨਜ਼ਰ ਆਉਂਦੀਆਂ ਸਮਕਾਲੀ ਸਮਾਜਿਕ ਸਮੱਸਿਆਵਾਂ ਨਾਲ ਸ਼ੁਰੂ ਹੁੰਦੇ ਹਨ ਪਰ ਜਲਦੀ ਹੀ ਉਹ ਮਾਨਵ-ਜੀਵਨ ਨਾਲ ਸਬੰਧਤ ਗੰਭੀਰ ਅਤੇ ਦਾਰਸ਼ਨਿਕ ਵਿਸ਼ਿਆਂ ਉੱਤੇ ਚਰਚਾ ਕਰਨ ਲੱਗਦੇ ਹਨ। 'ਸਿਰਜਣਾ' ਭਾਵੇਂ ਭਰੂਣ ਹੱਤਿਆ ਦੀ ਸਮਾਜਿਕ-ਸਮੱਸਿਆ ਉੱਤੇ ਲਿਖਿਆ ਗਿਆ ਨਾਟਕ ਜਾਪਦਾ ਹੈ ਪਰ ਇਸਦਾ ਸਵਾਲ ਕਿਤੇ ਗੰਭੀਰ ਹੈ; ਇੱਕ ਮਾਂ ਦੀ ਕੁੱਖ ਉੱਤੇ ਉਸਦਾ ਆਪਣਾ ਕੀ ਅਧਿਕਾਰ ਹੈ। ਇਹ ਸਵਾਲ ਉਸਦੀ ਨਾਟ-ਰਚਨਾ 'ਲੀਰਾਂ ਦੀ ਗੁੱਡੀ' ਵਿੱਚ ਆ ਕੇ ਹੋਰ ਵੀ ਗੰਭੀਰ ਹੋ ਜਾਂਦਾ ਹੈ; ਕੀ ਮਾਂ ਦਾ ਉਸਦੀ ਕੁੱਖ ਉੱਤੇ ਕੋਈ ਅਧਿਕਾਰ ਹੈ ਵੀ ਕਿ ਨਹੀਂ. ਰਚਨਾਵਾਂ 'ਚੰਦਨ ਦੇ ਓਹਲੇ' ਅਤੇ 'ਰਾਤ ਚਾਨਣੀ' ਦੀਆਂ ਉੱਪਰਲੀਆਂ ਪਰਤਾਂ ਵਿੱਚ ਭਾਵੇਂ ਕਨੇਡਾ-ਅਮਰੀਕਾ ਦੇ ਪ੍ਰਵਾਸ ਲਈ ਪੰਜਾਬੀਆਂ ਵੱਲੋਂ ਰਿਸ਼ਤਿਆਂ ਨੂੰ ਵਪਾਰ ਬਣਾ ਲੈਣ ਦਾ ਰੁਝਾਨ ਨਜ਼ਰ ਆਉਂਦਾ ਹੈ ਪਰ ਹੇਠਲੀਆਂ ਪਰਤਾਂ ਵਿੱਚ ਔਰਤ-ਮਰਦ ਦੇ ਰਿਸ਼ਤੇ ਨਾਲ ਜੁੜੇ ਗੰਭੀਰ ਸਵਾਲ ਪਏ ਹਨ. 'ਰਾਤ ਚਾਨਣੀ' ਦਾ ਨਾਇਕ ਭਾਵੇਂ ਕਨੇਡਾ ਆ ਗਿਆ ਹੈ ਪਰ ਉਸਦੀ ਭਾਰਤ ਬੈਠੀ ਮਾਂ ਦਾ ਪਰਛਾਵਾਂ ਉਸਦੀ ਸ਼ਖਸੀਅਤ ਉੱਤੇ ਇਸ ਤਰ੍ਹਾਂ ਛਾਇਆ ਹੋਇਆ ਹੈ ਕਿ ਜਿਸ ਵਿੱਚ ਉਸਦਾ ਆਪਣਾ ਪਤਨੀ ਨਾਲ ਰਿਸ਼ਤਾ ਵੀ ਨਜ਼ਰ ਨਹੀਂ ਆ ਰਿਹਾ।

ਔਰਤ ਮਰਦ ਦੇ ਰਿਸ਼ਤਿਆਂ ਬਾਰੇ ਪਾਲੀ ਭੁਪਿੰਦਰ ਦੀਆਂ ਸਿੰਘ ਦੀਆਂ ਦੋ ਰਚਨਾਵਾਂ 'ਈਡੀਪਸ' ਅਤੇ 'ਤੁਹਾਨੂੰ ਕਿਹੜਾ ਰੰਗ ਪਸੰਦ ਹੈ' ਅਹਿਮ ਹਨ। ਇੱਕ ਮਰਦ ਲਈ ਔਰਤ ਸਰੀਰਕ ਤੌਰ 'ਤੇ ਹੋਰ ਵਜੂਦ ਹੈ, ਜਿਹਨੀ ਤੌਰ 'ਤੇ ਹੋਰ. ਉਹ ਇੱਕੋ ਔਰਤ ਵਿੱਚੋਂ ਦੋ ਔਰਤਾਂ ਭਾਲਦਾ ਹੈ. ਗੁੰਝਲ ਇਹ ਹੈ ਕਿ ਉਸਦੇ ਤਨ ਵਾਲੀ ਅਤੇ ਮਨ ਵਿਚਲੀ ਔਰਤ ਬਾਰੇ ਉਸਦੀਆਂ ਅਕਾਂਖਿਆਵਾਂ ਬਿਲਕੁਲ ਵੱਖਰੀਆਂ ਅਤੇ ਆਪਾ-ਵਿਰੋਧੀ ਹਨ। ਹੋਰ ਵੀ ਵੱਡੀ ਮੁਸ਼ਕਿਲ ਤਾਂ ਇਹ ਹੈ ਕਿ ਉਸਦੇ ਮਨ ਵਿਚਲੀ ਔਰਤ ਦੀ ਕਿਰਦਾਰ ਸਿਰਜਨਾਤਮਕ ਪ੍ਰਕਿਰਿਆ ਅੰਤਹੀਣ ਹੈ। ਉਹ ਇੱਕ ਮਾਂ, ਭੈਣ, ਪ੍ਰੇਮਿਕਾ ਅਤੇ ਪਤਨੀ ਹਰ ਰੂਪ ਵਿੱਚ ਉਸਦੀ ਜ਼ਿੰਦਗੀ ਵਿੱਚ ਆ ਕੇ ਵੇਖ ਲੈਂਦੀ ਹੈ ਪਰ ਮਰਦ ਦੀ ਅਕਾਂਖਿਆ ਭਟਕਦੀ ਰਹਿੰਦੀ ਹੈ। ਉਹ ਔਰਤ ਦੇ ਅਨੇਕ ਰੂਪਾਂ ਨੂੰ ਰਲਗੱਡ ਕਰ ਲੈਂਦਾ ਹੈ ਤੇ ਸਿੱਟੇ ਵਜੋਂ ਇੱਕ ਨੂੰ ਵੀ ਠੀਕ-ਠੀਕ ਨਹੀਂ

ਮਾਣ ਸਕਦਾ। ਪਾਲੀ ਨੂੰ ਲੱਗਦਾ ਹੈ, ਮਰਦ ਮਨ ਦੀ ਇਹ ਵਿਕ੍ਰਿਤ ਅਤੇ ਗੁੰਝਲਦਾਰ ਸਥਿਤੀ ਖਾਸ ਕਰਕੇ ਭਾਰਤੀ ਜੀਵਨ ਦੇ ਸੱਭਿਆਚਾਰਕ ਅਤੇ ਸਮਾਜਿਕ ਦਬਾਵਾਂ ਦੀ ਦੇਣ ਹੈ। ਇਉਂ ਮਰਦ ਮਨ ਦੀਆਂ ਕਾਮੁਕ ਗੁੰਝਲਾਂ ਬਾਰੇ ਇਸ ਪੱਧਰ ਦਾ ਸੰਵਾਦ ਰਚਾਉਣ ਕਰਕੇ ਪਾਲੀ ਦੇ ਨਾਟਕ ਬਹੁਤ ਵਿਸ਼ੇਸ਼ ਹਨ।

ਔਰਤ-ਮਰਦ ਰਿਸ਼ਤਿਆਂ ਤੋਂ ਬਾਅਦ ਰਾਜਨੀਤੀ ਪਾਲੀ ਦੀ ਨਾਟਕਕਾਰੀ ਦਾ ਦੂਜਾ ਮੁੱਖ ਪਾਸਾਰ ਹੈ। ਮੁੱਢਲੇ ਨਾਟਕਾਂ ਵਿੱਚੋਂ 'ਤੁਹਾਡਾ ਕੀ ਖਿਆਲ ਹੈ', 'ਲੱਲੂ ਰਾਜਕੁਮਾਰ ਅਤੇ ਤਿੰਨ ਰੰਗੀ ਪਰੀ', 'ਪੰਦਰਾਂ ਅਗਸਤ', 'ਮੈਂ ਫਿਰ ਆਵਾਂਗਾ', 'ਮੈਂ ਭਗਤ ਸਿੰਘ' ਅਤੇ ਪਿਛਲੇ ਨਾਟਕਾਂ ਵਿੱਚੋਂ 'ਦਸਤਕ', 'ਇੱਕ ਸੁਪਨੇ ਦਾ ਰਾਜਨੀਤਕ ਕਤਲ' ਅਤੇ 'ਦਿੱਲੀ ਰੋਡ 'ਤੇ ਇੱਕ ਹਾਦਸਾ' ਕੁੱਲ ਮਿਲਾ ਕੇ ਡੇਢ-ਦਰਜਨ ਦੇ ਕਰੀਬ ਉਸਦੇ ਨਾਟਕ ਭਾਰਤੀ ਰਾਜਨੀਤੀ ਦੇ ਵਿਭਿੰਨ ਪਹਿਲੂਆਂ ਉੱਤੇ ਦਾਰਸ਼ਨਿਕ ਪੱਧਰ ਦਾ ਸੰਵਾਦ ਰਚਾਉਂਦੇ ਹਨ। ਰਾਜਨੀਤੀ ਬਾਰੇ ਨਿੱਕੀਆਂ-ਵੱਡੀਆਂ ਵਿਅੰਗਾਤਮਕ ਟਿੱਪਣੀਆਂ ਤਾਂ ਲੱਗਭਗ ਉਸਦੇ ਸਾਰੇ ਹੀ ਨਾਟਕਾਂ ਵਿੱਚ ਹੋਈਆਂ ਮਿਲਦੀਆਂ ਹਨ. ਪਾਲੀ ਲਈ ਤਾਂ ਔਰਤ-ਮਰਦ ਦੇ ਰਿਸ਼ਤਿਆਂ ਦੇ ਬਹੁਤੇ ਸੰਕਟ ਵੀ ਰਾਜਨੀਤਕ ਗੁੰਝਲਾਂ ਦੀ ਉਪਜ ਹਨ। 'ਇੱਕ ਸੁਪਨੇ ਦਾ ਰਾਜਨੀਤਕ ਕਤਲ' ਅਤੇ 'ਦਿੱਲੀ ਰੋਡ 'ਤੇ ਇੱਕ ਹਾਦਸਾ' ਉਸਦੀ ਇਸ ਸੋਚ ਦੁਆਲੇ ਉੱਸਰੇ ਦੋ ਵੱਡੇ ਨਾਟਕ ਹਨ. ਜਿਨ੍ਹਾਂ ਵਿੱਚ ਰਾਜਨੀਤੀ ਵਿੱਚ ਰਿਸ਼ਤੇ ਅਤੇ ਰਿਸ਼ਤਿਆਂ ਵਿੱਚ ਰਾਜਨੀਤੀ ਦੇ ਸਿਰਜੇ ਗੰਭੀਰ ਸੰਕਟ ਹਨ।

ਸਿਰਜਣਾਤਮਕ ਰਚਨਾ ਤੋਂ ਇਲਾਵਾ ਪਾਲੀ ਭੁਪਿੰਦਰ ਸਿੰਘ ਦੀ ਨਾਟਕ ਅਤੇ ਰੰਗਮੰਚ ਦੇ ਖੇਤਰ ਵਿੱਚ ਖੋਜ ਅਤੇ ਚਿੰਤਨ ਦਾ ਕੰਮ ਵੀ ਅਹਿਮ ਹੈ। ਪੀ ਐਚ. ਡੀ. ਦੀ ਡਿਗਰੀ ਲਈ ਉਸਨੇ ਪੰਜਾਬੀ ਨਾਟਕ ਦੇ ਕਾਵਿ-ਸ਼ਾਸਤਰ ਦੀ ਰਚਨਾ ਕੀਤੀ ਅਤੇ ਇਸ ਲਈ ਪਿਛਲੀ ਇੱਕ ਸਦੀ ਵਿੱਚ ਰਚੇ ਗਏ ਇੱਕ ਹਜ਼ਾਰ ਤੋਂ ਵਧੀਕ ਪੰਜਾਬੀ ਨਾਟਕਾਂ ਨੂੰ ਆਪਣੇ ਅਧਿਐਨ ਦਾ ਅਧਾਰ ਬਣਾਇਆ। ਪਾਲੀ ਦਾ ਮੰਨਣਾ ਹੈ, ਭਾਰਤੀ ਅਤੇ ਪੱਛਮੀ ਨਾਟਕ ਵਾਂਗ ਪੰਜਾਬੀ ਨਾਟਕ ਦੀ ਇੱਕ ਵੱਖਰੀ ਅਤੇ ਨਿਵੇਕਲੀ ਪਛਾਣ ਹੋਂਦ ਵਿੱਚ ਆ ਚੁੱਕੀ ਹੈ। ਪੰਜਾਬੀ ਨਾਟਕ 'ਆਮ ਆਦਮੀ ਦੇ ਨਾਇਕ ਬਣਨ' ਦਾ ਨਾਟਕ ਹੈ. ਭਾਰਤੀ 'ਸੁਖਾਂਤ' ਅਤੇ ਯੂਨਾਨੀ 'ਦੁਖਾਂਤ' ਪਰੰਪਰਾ ਵਾਂਗ ਇਸਦੀ ਇੱਕ ਨਿਵਕੇਲੀ ਪਰੰਪਰਾ 'ਆਸਵੰਤ' ਸੁਰ ਦੀ ਹੈ, ਜੋ ਇਸਨੂੰ ਪੰਜਾਬ ਦੇ ਮੱਧਕਾਲੀ ਇਤਿਹਾਸਕ ਅਨੁਭਵਾਂ ਦੀ ਦੇਣ ਹੈ. ਉਸਦਾ ਵਿਚਾਰ ਹੈ, ਪੰਜਾਬੀ ਨਾਟਕ ਨੂੰ ਨਾਇਕ ਹੀ ਇਸਦੇ ਮੱਧਕਾਲੀ ਜੀਵਨ ਵਿੱਚ ਸਥਾਪਿਤ ਹੋਏ ਮੁੱਲਾਂ ਅਤੇ ਕਦਰਾਂ-ਕੀਮਤਾਂ ਨੇ ਦਿੱਤਾ ਹੈ. ਪਾਲੀ ਭੁਪਿੰਦਰ ਸਿੰਘ ਨੇ ਯੂ. ਜੀ. ਸੀ. ਦੀ ਸਹਾਇਤਾ ਨਾਲ 'ਪੰਜਾਬੀ ਨਾਟ ਕੋਸ਼' ਵੀ ਤਿਆਰ ਕੀਤਾ ਹੈ, ਜਿਸ ਵਿੱਚ ਗਿਆਰਾਂ ਸੌ ਤੋ ਵਧੀਕ ਨਾਟਕਾਂ ਦੇ ਵੇਰਵੇ ਆਲੋਚਨਾਤਕ ਟਿੱਪਣੀਆਂ ਸਹਿਤ ਦਰਜ ਹਨ। ਪੰਜਾਬੀ ਨਾਟ-ਸ਼ਾਸਤਰ ਦੀ ਰਚਨਾ ਕਰਦਿਆਂ ਪਾਲੀ ਨੇ ਨਾ ਸਿਰਫ਼ ਪੰਜਾਬੀ ਨਾਟਕ ਅਤੇ ਰੰਗਮੰਚ ਬਲਕਿ ਨਾਟਕ ਦੀ ਵਿਧਾ ਭਾਰਤੀ ਅਤੇ ਪੱਛਮੀ ਨਾਟਕ ਬਾਰੇ ਗੰਭੀਰ ਨੁਕਤਿਆਂ ਉੱਤੇ ਵਿਚਾਰ ਕੀਤਾ ਹੈ। ਉਹ ਅਰਸਤੂ ਅਤੇ ਭਰਤਮੁਨੀ ਦੇ ਮਨੁੱਖੀ ਸਭਿਅਤਾ ਵਿੱਚ ਨਾਟ-ਵਿਧਾ ਦੇ ਜਨਮ ਦੇ ਸਿੱਧਾਤਾਂ ਨੂੰ ਮੂਲੋਂ ਰੱਦ ਕਰਦਾ ਹੈ ਤੇ ਮੰਨਦਾ ਹੈ, ਇਨ੍ਹਾਂ ਦੋ ਪਰੰਪਰਾਵਾਂ ਤੋਂ ਪਹਿਲਾਂ ਇੱਕ ਕਿਸਮ ਦੀ ਲੋਕ-ਨਾਟ ਪਰੰਪਰਾ ਦੋਹਾਂ ਸਭਿਆਤਾਵਾਂ ਵਿੱਚ ਮੌਜੂਦ ਸੀ। ਵਿਅੰਗ, ਧਾਰਮਕ-ਆਰਥਕ-ਰਾਜਨੀਤਕ ਸਰੋਕਾਰ ਅਤੇ ਸਥਾਪਤੀ-ਵਿਰੋਧੀ ਨਾਇਕ ਇਸ ਨਾਟ-ਪਰੰਪਰਾ ਦੇ ਉਹ ਵਿਸ਼ੇਸ਼ ਲੱਛਣ ਸਨ, ਜਿਨ੍ਹਾਂ ਨੂੰ ਸਵੀਕ੍ਰਿਤੀ ਦੇਣ ਤੋਂ ਉਕਤ ਨਾਟ-ਸਿੱਧਾਂਤਕਾਰ ਸੁਚੇਤ ਰੂਪ ਵਿੱਚ ਇਨਕਾਰੀ ਹਨ। ਇਸ ਤੋਂ ਇਲਾਵਾ ਜਿੱਥੇ ਉਸਨੇ ਨਾਟਕ ਅਤੇ ਰੰਗਮੰਚ ਦੇ ਪਰਸਪਰ ਸਬੰਧਾਂ, ਨਾਟ-ਭਾਸ਼ਾ ਅਤੇ ਨਾਟ-ਪਾਠ ਵਿੱਚ ਮੰਚੀ ਸਪੇਸ ਜਿਹੇ ਤਕਨੀਕੀ ਵਿਸ਼ਿਆਂ ਉੱਤੇ ਵਿਚਾਰ ਕੀਤਾ ਹੈ, ਉੱਥੇ ਪੰਜਾਬੀ ਨਾਟਕ ਦੇ ਜਨਮ ਅਤੇ ਵਿਕਾਸ ਬਾਰੇ ਵਿਸਤ੍ਰਿਤ ਖੋਜ ਕਰਕੇ ਪੰਜਾਬੀ ਨਾਟਕ ਨਾਲ ਸਬੰਧਤ ਅਨੇਕ ਮਿੱਥਾਂ ਨੂੰ ਤੋੜਿਆ ਹੈ। ਅਨੇਕ ਖੋਜ-ਪਰਚੇ ਅਤੇ ਰੇਡੀਓ-ਟੀਵੀ ਸ਼ੋਅ ਪਾਲੀ ਭੁਪਿੰਦਰ ਸਿੰਘ ਦੇ ਖੋਜ ਅਤੇ ਨਾਟ-ਚਿੰਤਨ ਕਾਰਜ ਦੇ ਪੱਧਰ ਨੂੰ ਪ੍ਰਗਟਾਉਂਦੇ ਹਨ। ਪਰਦੇ ਉੱਤੇ ਪਾਲੀ ਭੁਪਿੰਦਰ ਸਿੰਘ ਨੇ ਆਪਣਾ ਸਫ਼ਰ ਕੁਝ ਪੰਜਾਬੀ ਸ਼ਾਰਟ ਫਿਲਮਾਂ ਅਤੇ ਸੀਰੀਅਲ ਲਿਖਣ ਨਾਲ ਕੀਤਾ ਸੀ, ਪਰ ਬਾਅਦ ਵਿਚ ਉਸਨੇ ਖੁਦ ਟੀਵੀ ਲਈ ਕੁਝ ਫਿਲਮਾਂ ਅਤੇ ਸੀਰੀਅਲਾਂ ਦਾ ਨਿਰਦੇਸ਼ਨ ਕੀਤਾ। ਸਾਲ 2011 ਵਿੱਚ ਕਨੇਡਾ ਅੰਦਰ ਚਰਚਿਤ ਹੋਏ ਉਸਦੇ ਕੰਪੋਜਿਟ ਨਾਟਕ 'ਮੀ ਐਂਡ ਮਾਈ ਸਟੋਰੀ' ਨੂੰ ਮਿਲੀ ਸਫ਼ਲਤਾ ਤੋਂ ਉਤਸਾਹਿਤ ਹੋ ਕੇ ਪਾਲੀ ਨੇ ਆਪਣੀ ਪਹਿਲੀ ਪੰਜਾਬੀ-ਹਿੰਦੀ ਫਿਲਮ 'ਸਟੂਪਿਡ ਸੈਵਨ' ਦਾ ਨਿਰਮਾਣ ਕੀਤਾ। ਇਸ ਤੋਂ ਪਹਿਲਾਂ ਸਿਨੇਮੇ ਅੰਦਰ ਉਸਦਾ ਅਨੁਭਵ ਸਿਰਫ਼ ਦੋ-ਤਿੰਨ ਫਿਲਮਾਂ ਦੇ ਸੰਵਾਦ ਲਿਖਣ ਤੱਕ ਦਾ ਸੀ। ਇਹ ਫਿਲਮ ਗੰਭੀਰ ਕਿਸਮ ਦੇ ਦਰਸ਼ਕਾਂ ਅਤੇ ਆਲੋਚਕਾਂ ਦੀ ਵੱਡੀ ਪ੍ਰਸ਼ੰਸਾ ਦੀ ਪਾਤਰ ਬਣੀ। ਪਰ ਜਿਸ ਕਿਸਮ ਦਾ ਸਿਨੇਮਾ ਪਾਲੀ ਕਰਨਾ ਚਾਹੁੰਦਾ ਸੀ, ਹਾਲ ਦੀ ਘੜੀ ਉਸਦੀ ਸੰਭਾਵਨਾ ਪੰਜਾਬੀ ਵਿੱਚ ਘੱਟ ਹੋਣ ਕਾਰਨ, ਇਸ ਤੋਂ ਬਾਅਦ ਉਸਨੇ ਖੁਦ ਨੂੰ ਫਿਲਮ ਲੇਖਣ ਤੱਕ ਸੀਮਤ ਕਰ ਲਿਆ। 2014-15 ਵਿੱਚ ਉਸਨੇ ਪੰਜਾਬੀ ਦੇ ਪ੍ਰਸਿੱਧ ਫਿਲਮਕਾਰ ਸਮੀਪ ਕੰਗ ਲਈ 'ਲੌਕ' ਲਿਖੀ ਜਿਸਦੇ ਨਾਲ ਉਸਦਾ ਫਿਲਮੀ ਕੈਰੀਅਰ ਪ੍ਰੋਫੈਸ਼ਨਲ ਢੰਗ ਨਾਲ ਸ਼ੁਰੂ ਹੋ ਜਾਂਦਾ ਹੈ। ਜਨਵਰੀ

2019 ਵਿੱਚ ਰਿਲੀਜ਼ ਹੋਈ ਸਮੀਪ ਕੰਗ ਨਿਰਦੇਸ਼ਤ ਪੰਜਾਬੀ ਕਮੇਡੀ 'ਲਾਵਾਂ ਫੇਰੇ' ਪਾਲੀ ਭੁਪਿੰਦਰ ਸਿੰਘ ਦਵਾਰਾ ਲਿਖੀ ਵੱਡੀ ਬਾਕਸ-ਆਫਿਸ ਹਿੱਟ ਫਿਲਮ ਸੀ। ਸਾਲ 2014-15 ਵਿੱਚ ਹੀ ਪਾਲੀ ਨੇ ਆਪਣੀ ਲੰਬੀ ਕਵਿਤਾ 'ਆਮ ਆਦਮੀ ਦੀ ਵਾਰ' ਮੁਕੰਮਲ ਕੀਤੀ, ਜਿਸਨੂੰ ਉਸਨੇ ਆਧੁਨਿਕ ਮਹਾਂ-ਕਾਵਿ ਦਾ ਰੂਪ ਦਿੱਤਾ। ਤਿੱਖੇ ਅਤੇ ਉਦਾਸ ਕਰ ਦੇਣ ਵਾਲੇ ਵਿਅੰਗ ਨਾਲ ਰਚੀ ਇਹ ਕਵਿਤਾ ਰਾਜਨੀਤੀ ਅਤੇ ਬਜਾਰ ਦੇ ਗੱਠਜੋੜ ਨਾਲ ਬਣੇ ਚੱਕਰਵਿਊ ਵਿੱਚ ਫੱਸ ਕੇ ਮਰਦੇ ਅਜੋਕੇ ਮਨੁੱਖ ਦਾ ਦਰਦਨਾਕ ਚਿੱਤਰ ਪ੍ਰਸਤੁਤ ਕਰਦੀ ਹੈ। ਇਹ ਚੱਕਰਵਿਊ ਉਸਦੇ ਬਾਹਰੀ ਜੀਵਨ ਉੱਤੇ ਇਸ ਤਰ੍ਹਾਂ ਦਬਾਅ ਪਾ ਰਿਹਾ ਹੈ ਕਿ ਉਸਦੇ ਅੰਦਰੋਂ ਸਭ ਕੁਝ ਟੁੱਟ ਗਿਆ ਹੈ। ਉਸਦੀ ਮਾਨਸਿਕਤਾ ਖੰਡਿਤ ਹੋ ਗਈ ਹੈ. ਉਹ ਇਸ ਸਿਸਟਮ ਦੇ ਖਿਲਾਫ਼ ਲੜਨਾ ਚਾਹੁੰਦਾ ਹੈ ਪਰ ਖ਼ੁਦ ਖਿਲਾਫ਼ ਲੜਦਾ ਹੈ ਤੇ ਖ਼ੁਦ ਨੂੰ ਮਾਰ ਕੇ ਆਪ ਮਰ ਜਾਂਦਾ ਹੈ।

ਸਿਰਜਣਾ ਨਾਟਕ ਵਿਚਲੀ ਮੁੱਖ ਪਾਤਰ ਪੜ੍ਹੀ-ਲਿਖੀ ਕਾਲਜ ਅਧਿਆਪਕਾ ਹੈ। ਉਸ ਨੂੰ ਆਪਣੀ ਕੁੱਖ ਵਿੱਚ ਮਾਰਦਾ ਜਾਂ ਨਰ ਭਰੂਣ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ। ਸਿਰਜਣਾ ਦੀ ਸੱਸ ਨੂੰ ਕੇਵਲ ਪੋਤਰੇ ਦੀ ਆਸ ਹੈ। ਅਲਟਰਾਸਾਊਂਡ ਵਿੱਚ ਮਾਦਾ ਭਰੂਣ ਹੋਣ ਦੀ ਪੁਸ਼ਟੀ ਉਪਰੰਤ ਉਸ ਦੀ ਸੱਸ ਉਸ ਦਾ ਗਰਭਪਾਤ ਕਰਵਾਉਣਾ ਚਾਹੁੰਦੀ ਹੈ । ਪ੍ਰਾਪਰਟੀ ਕਲਚਰ ਵਿੱਚ ਨਰ ਸੰਤਾਨ ਹੀ ਪਰਿਵਾਰ ਅਤੇ ਪ੍ਰਾਪਰਟੀ ਵਿਚ ਵਾਧਾ ਕਰ ਸਕਦੀ ਹੈ। ਇਸੇ ਸੋਚ ਨੇ ਭਰੂਣ ਹੱਤਿਆ ਵਰਗੇ ਅਪਰਾਧ ਨੂੰ ਜਨਮ ਦਿੱਤਾ ਹੈ। ਸਿਰਜਣਾ ਦੀ ਸੱਸ ਸਿਰਜਣਾ ਨੂੰ ਡਰਾਉਂਦੀ ਹੈ। ਉਹ ਉਸ ਦੀ ਚੰਗੀ ਸੋਚ ਨੂੰ ਵੀ ਦਬਾਉਂਦੀ ਹੈ ਇਸ ਲਈ ਜਦੋਂ ਆਖਦੀ ਹੈ

> ਬੀਜੀ : ਇਕੱਲੀ ਰਹਿ ਜਾਏਂਗੀ' ਇਕੱਲੀ ...।
>
> ਸਿਰਜਣਾ : ਇਕੱਲੀ ਤਾਂ ਮੈ ਸੀ, ਇਕੱਲੀ ਤਾਂ ਸੀ ਬੀਜੀ ਹੁਣ ਤਕ ਹੁਣ ਤਾਂ ਮੇਰੇ ਨਾਲ ਮੈਂ ਹਾਂ, ਮੇਰੀ ਸਿਰਜਣਾ ਹੈ... ਹੋਰ ਵੀ ਹੋਣਗੇ... ਬਹੁਤ ਸਾਰੇ ਲੋਕ... ਜੋ ਕਹਿੰਦੇ ਨਾ ਹੋਣਗੇ, ਆ ਕੇ ਮੇਰੀ ਬਾਂਹ ਨਾ ਫੜਨਗੇ...ਪਰ ਸੋਚਦੇ ਹੋਣਗੇ, ਤੇ ਮਹਿਸੂਸ ਕਰਦੇ ਹੋਣਗੇ। ਹੱਥਾਂ ਵਿਚ ਇਕ ਸਰਸਰਾਹਟ...ਮੇਰੀ ਇਸ ਸਿਰਜਣਾ ਨੂੰ ਅਪਣਾ ਲੈਣ ਲਈ।

ਸਿਰਜਣਾ ਔਰਤ ਵਿਰੋਧੀ ਸੋਚ ਨੂੰ ਔਰਤ ਹੱਕੀ ਸੋਚ ਵਿਚ ਬਦਲਣਾ ਚਾਹੁੰਦੀ ਹੈ ਉਹ ਆਪਣੀ ਕੁੱਖ ਕਿਰਾਏ ਉੱਪਰ ਦੇਣ ਲਈ ਰਾਜ਼ੀ ਨਹੀਂ ਹੈ। ਉਹ ਆਪਣੇ ਆਪ ਨੂੰ ਬਦਲਣ ਤੋਂ ਬਚਾਉਂਦੀ ਹੈ ਉਸ ਦ੍ਰਿੜ੍ਹਤਾ ਵੇਖ ਕੇ ਉਸ ਦਾ ਪਤੀ ਉਸ ਦਾ ਸਾਥ ਦੇਂਦਾ ਹੈ। ਇਹ ਨਾਟਕੀਅਤਾ ਭਰਪੂਰ ਨਾਟਕ ਹੈ ।ਨਾਟਕ ਇਸ ਪ੍ਰਾਪਰਟੀ ਕਲਚਰ ਵਿਚਲੇ ਸਮਾਜ ਵਿਚਲੀ ਔਰਤ ਨੂੰ ਸਿਰਜਣਾ ਤੋਂ ਦੀ ਸਿਰਜਣਾ ਵੱਲ ਪ੍ਰਸਥਾਨ ਕਰਨ ਤੋਂ ਬਚਾਉਣਾ ਚਾਹੁੰਦਾ ਹੈ। ਇਸ ਨਾਟਕ ਦੇ ਮੁੱਖ ਥੀਮ ਵਿੱਚ ਵੀ ਔਰਤ ਪੂਰਬੀ ਅਤੇ ਪੱਛਮੀ ਸੱਭਿਆਚਾਰ ਦੀਆਂ ਕੀਮਤਾਂ ਵਿੱਚ ਜਕੜੀ ਵਿਚਰਦੀ ਤੇ ਪਿਸਦੀ ਹੈ ਉਹ ਮਾਨਵੀ ਰਿਸ਼ਤਿਆਂ ਦੇ ਅਨੁਯਾਈ ਵਿਭਿੰਨ ਪਸਾਰਾਂ ਵਿੱਚ ਵਿਚਰਦੀ ਹੈ ਨਾਟਕਕਾਰ ਦੁਆਰਾ ਪ੍ਰਸਤੁਤ ਔਰਤ ਪਾਤਰ ਇਲਾਕਾਈ ਘਰੇਲੂ ਵਿਕਸਤ ਸਾਧਾਰਨ ਸ਼੍ਰੇਣੀ ਨਾਲ ਸਬੰਧਤ ਹਨ ਉਹ ਧਾਰਮਿਕ ਕੱਟੜਤਾ ਦੀਆਂ ਸ਼ਿਕਾਰ ਆਪਣੀ ਹੋਂਦ ਨੂੰ ਤਰਸਦੀਆਂ ਵੰਡ ਅਤੇ ਯੁੱਧ ਦੀ ਮਾਰ ਝੱਲਦਿਆਂ ਦੰਗੇ ਫ਼ਸਾਦਾਂ ਸਮੇਂ ਸਭ ਤੋਂ ਵੱਧ ਧਨਾਢਤੰਤਰ ਅਤੇ ਪੋਲੋਸਰੋਗੇਸੀ ਦੀਆਂ ਸ਼ਿਕਾਰ ਬਣਦੀਆਂ ਹਨ ਸਿਰਜਣਾ ਨਾਟਕ ਦੇ ਕਥਾਨਕ ਵਿਚਲਾ ਪੈਟਰਨ ਸੰਗਠਤ ਹੈ। ਇਸ ਨਾਟਕ ਵਿਚ ਪਹਿਲਾਂ ਸਿਰਜਣਾ ਦੀ ਸੱਸ ਉਸ ਨੂੰ ਕੁੱਖ ਵਿਚਲੇ ਬੱਚੇ ਦੀ ਜਾਂਚ ਕਰਵਾਉਣ ਲਈ ਹਸਪਤਾਲ ਲਿਜਾਂਦੀ ਹੈ। ਸਿਰਜਣਾ ਦਾ ਪਤੀ ਉਸ ਦੀ ਗੱਲ ਨਹੀਂ ਸੁਣਦਾ। ਸਿਰਜਣਾ ਦੀ ਦੁਰਗਤੀ ਦਾ ਕਾਰਨ ਪਹਿਲਾਂ ਤੋਂ ਹੀ ਇਕ ਬੱਚੀ ਦੀ ਮਾਂ ਹੋਣ ਵਿੱਚ ਹੈ। ਸਿਰਜਣਾ ਦੀ ਦੂਜੀ ਧੀ ਬੀਜੀ ਨੂੰ ਸਵੀਕਾਰ ਨਹੀਂ ਹੈ। ਇਸ ਦੇ ਕਾਰਨ ਬੀਜੀ ਸਿਰਜਣਾ ਨੂੰ ਆਪਣੇ ਘਰ ਨਹੀਂ ਰੱਖਣਾ ਚਾਹੁੰਦੀ ਕਿਉਂਕਿ ਸਵਾਲ ਚਾਲੀ ਕਿੱਲਿਆਂ ਦੇ ਵਾਰਿਸ ਦਾ ਹੈ। ਸਿਰਜਣਾ ਇਹ ਚੁਣੌਤੀ ਸਵੀਕਾਰ ਕਰਦੀ ਹੈ ਅਤੇ ਇਸ ਸਮੇਂ ਉਸ ਦਾ ਪਤੀ ਵੀ ਉਸ ਦੇ ਨਾਲ ਖੜ੍ਹਦਾ ਹੈ। ਨਾਟਕ ਦੀ ਮੁੱਖ ਨਾਇਕਾ ਉਸ ਵੇਲੇ ਹੱਦੋਂ ਵੱਧ ਤਣਾਅ ਦੀ ਸਥਿਤੀ ਭੋਗਦੀਆ ਜਦੋਂ ਉਸ ਦੀ ਸੱਸ ਉਸ ਦੀ ਕੁੱਖ ਵਿਚਲੀ ਧੀ ਨੂੰ ਕਤਲ ਕਰਵਾਉਣਾ ਚਾਹੁੰਦੀ ਹੈ। ਦੂਜੀ ਵਾਰ ਤਣਾਉ ਉਦੋਂ ਚਰਮ-ਬਿੰਦੂ ਉੱਪਰ ਪੁੱਜਦਾ ਹੈ ਜਦੋਂ ਉਸ ਨੂੰ ਘਰੋਂ ਨਿਕਲ ਜਾਣ ਦੀ ਧਮਕੀ ਦਿੰਦੀ ਹੈ :-

> ਬੀਜੀ : ਕੌਣ ਦੀਪੇ? ਵੇਖ ਲੈ ਪੁੱਤ ਕੀ ਤਮਾਸ਼ਾ ਕਰੀ ਜਾਂਦੀਆਂ ਲੋਕਾਂ ਸਾਹਮਣੇ ਉਹ ਜਲੂਸ ਕੱਢਿਆ ਅੱਜ ਇਸ ਨੇ ਮੇਰਾ ਕੇ ਦੱਸ ਨਹੀਂ ਸਕਦੀ ਤੈਨੂੰ ਮੈਂ ... ਤੇ ਤੂੰ ਕਹਿ ਛੱਡਦਾ ਮੋਸ਼ਨਲ ਏ ਇਹ ਮੈਂ ਕਹਿਨੀਆਂ ਇਸ ਨੂੰ ਫੋਨ ਤੇ ਦੱਸਦੇ ਇਸਨੂੰ ਕੇ ਜੇ ਨਹੀਂ ਮੰਨਣੀ ਸਾਡੀ ਤਾਂ ਸਿੱਧੀ ਪਿਓ ਦੇ ਘਰ ਜਾਵੇ ਇੱਥੋਂ

ਸਿਰਜਣਾ ਵਰਗੇ ਪਾਤਰਾਂ ਦੀ ਕਹਾਣੀ ਸ਼ੁਰੂ ਤੋਂ ਅੰਤ ਤਕ ਇੱਕੋ ਮਸਲੇ ਨਾਲ ਕੇਂਦਰੀ ਸਥਿਤੀ ਵਿੱਚ ਚੱਲਦੀ ਰਹਿੰਦੀ ਹੈ। ਇਸ ਵਿਚ ਪਾਤਰਾਂ ਦੀ ਉਮਰ ਵਧਦੀ ਨਹੀਂ ਇਹ ਪਾਤਰਾਂ 'ਤੇ ਵਕਤ ਦੀ ਧੂੜ ਨਹੀਂ ਪੈਂਦੀ। ਇਸ ਵਿੱਚ ਕਿਸੇ ਵਿਅਕਤੀ ਦਾ ਬਿੰਬ ਨਹੀਂ ਉਭਰਦਾ ਜੋ ਉਲਟ ਕੇ ਪਾਤਰਾਂ

ਨੂੰ ਆਪਣਾ ਹਾਲ ਸੁਣਾ ਰਿਹਾ ਹੋਵੇ। ਉਹ ਆਪਣੀ ਕਿਸੇ ਵੀ ਯਾਦ ਦੇ ਟੋਟਿਆਂ ਵੱਲ ਧਿਆਨ ਨਹੀਂ ਦਿੰਦੇ ਬਲਕਿ ਇੰਜ ਪ੍ਰਤੀਤ ਹੁੰਦਾ ਹੈ ਇੱਥੇ ਪਾਠਕ ਜਾਂ ਦਰਸ਼ਕ ਆਪ ਆ ਕੇ ਉਸ ਦੇ ਦੁਆਰ ਵਿੱਚ ਆ ਬੈਠਦਾ ਹੈ ਜਿਹੜਾ ਸਿੱਧਾ ਪਾਤਰ ਦੀ ਚੇਤਨਾ ਦੀ ਗਹਿਰਾਈ ਵਿੱਚ ਖੁੱਲ੍ਹਦਾ ਹੈ ।

ਵਾਤਾਵਰਨ ਸਿਰਜਣਾ ਨਾਟਕ ਦੀ ਤਕਨੀਕ ਦਾ ਅਹਿਮ ਅੰਗ ਹੈ। ਪਾਲੀ ਭੁਪਿੰਦਰ ਵਾਤਾਵਰਨ ਦੇ ਤੱਤ ਤੋਂ ਬਿਨਾਂ ਨਾਟਕ ਦੀ ਨਾਟ ਵਿਧੀ ਨੂੰ ਅਧੂਰੀ ਮੰਨਦਾ ਹੈ। ਉਹ ਆਪਣੇ ਵਿਸ਼ੇ ਨੂੰ ਸਾਰਥਿਕ ਬਣਾਉਣ ਲਈ ਨਾਟਕ ਵਿਚਲੀਆਂ ਘਟਨਾਵਾਂ ਅਨੁਸਾਰੀ ਵਾਤਾਵਰਨ ਦੀ ਸਿਰਜਣਾ ਕਰਦਾ ਹੈ। ਉਹ ਨਾਟਕਾਂ ਦੀ ਸਿਰਜਣਾ ਪੇਂਡੂ ਤੇ ਸ਼ਹਿਰੀ ਵਾਤਾਵਰਣ ਨੂੰ ਮੁੱਖ ਰੱਖ ਕੇ ਕਰਦਾ ਹੈ। ਸਿਰਜਣਾ ਵਿਚਲੀ ਸੱਸ ਪਾਤਰ ਰਾਹੀਂ ਨੂੰਹ ਪ੍ਰਤੀ ਅਧਿਕਾਰ ਅਤੇ ਕਹਿਰ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ  ਨਾਟਕ ਵਿਚਲੇ ਵਾਰਤਾਲਾਪ ਲੰਮੇ ਲੰਮੇ ਹਨ। ਇਨ੍ਹਾਂ ਵਿੱਚ ਪ੍ਰਾਪਰਟੀ ਕਲਚਰ, ਕੁੱਖ ਦੀ ਕੀਮਤ, ਹੋਂਦ ਦੇ ਮੁੱਲ, ਅਣਜੰਮੀ ਧੀ ਨੂੰ ਮਾਰਨ ਦਾ ਦੁੱਖ, ਘਰ ਛੱਡਣ ਅਤੇ ਧੀਆਂ ਪਾਲ ਸਕਣ ਦੀ ਗੱਲ ਦੇ ਸੰਦਰਭ ਵਿੱਚ ਸੰਵਾਦ ਰਚਾਉਂਦਾ; ਉਸਦੇ ਨਾਟਕ ਦਾ ਇੱਕ ਇੱਕ ਵਾਰਤਾਲਾਪ ਆਪਣੇ ਆਪ ਵਿੱਚ ਪੂਰੀ ਕਹਾਣੀ ਸਮਾਈ ਬੈਠਾ ਹੈ। ਨਾਟਕੀ ਗੁਣਾਂ ਕਰਕੇ ਬੋਝਲ ਪ੍ਰਤੀਤ ਨਹੀਂ ਹੁੰਦਾ ਏ । ਸਿਰਜਣਾ ਦਾ ਆਪਣੇ ਬੱਚੇ ਦਾ ਨਰ ਮਾਦਾ ਆਧਾਰਤ ਜਾਂਚ ਨਾ ਕਰਵਾਉਣ ਦਾ ਫ਼ੈਸਲਾ ਅਟੱਲ ਸੀ।ਇਹ ਉਸ ਦੇ ਆਪਣੇ ਬੱਚੇ ਪ੍ਰਤੀ ਮੋਹ ਦਾ ਪ੍ਰਤੀਕ ਹੈ। ਇਹ ਸੰਤਾਪ ਅਤੇ ਪਿਆਰ ਸਿਰਜਣਾ ਦੇ ਵਿਚਾਰ ਨੂੰ ਉੱਚਾ ਤੇ ਸੁੱਚਾ ਬਣਾਉਣ ਦਾ ਸਿਰਜਣਾ ਦੇ ਵਿਚਾਰਾਂ ਦਾ ਅਸਲ ਪਤਾ ਨਾਟਕ ਵਿਚਲੇ ਵਾਰਤਾਲਾਪ ਰਾਹੀਂ ਚਲਦਾ। ਉਸਦੇ ਵਿਚਾਰਾਂ ਵਿਚ ਦੁੱਖ ਜਾਂ ਪਛਤਾਵਾ ਨਹੀਂ ਹੈ। ਉਸਦੀ ਵਾਰਤਾਲਾਪ ਵਰਤਮਾਨ ਨੂੰ ਸੰਵਾਰਦੀ ਤੇ ਸੰਭਾਲ ਦੀ ਇਸ ਤਰ੍ਹਾਂ ਉਸਦੀ ਵਾਰਤਾਲਾਪ ਭਵਿੱਖ ਨੂੰ ਨਵੀਂ ਸੇਧ ਦੇਂਦੀ ਹੈ । ਮਿਸਾਲ ਵਜੋਂ

ਸਿਰਜਣਾ: ਪਰ ਇਸ ਗੱਲ ਦੀ ਕੀ ਗਰੰਟੀ ਏ ਬੀਜੀ? ਕੇ ਨੈਕਸਟ ਇੱਟ ਬਿੱਲ ਦਿ ਮੇਨ.. ਫਿਰ ਕੀ ਕਰੋਗੇ

ਬੀਜੀ: ਫੇਰ ਦੀ ਫੇਰ ਦੇਖੀ ਜਾਊ।

ਸਿਰਜਣਾ: ਕਦੋਂ ਤਕ? ਕਦੋਂ ਤੱਕ ਚੱਲਦੇ ਰਹਿਣਗੇ ਇਹ ।

ਪਾਲੀ ਭੁਪਿੰਦਰ ਨੇ ਵਾਰਤਾਲਾਪੀ ਤਕਨੀਕ ਨੂੰ ਵਰਤ ਕੇ ਨਾਟਕ ਨੂੰ ਨਵੀਂ ਸੇਧ ਦਿੱਤੀ ਹੈ। ਵਾਰਤਾਲਾਪ ਨਾਟਕ ਨੂੰ ਰੌਚਕ ਬਣਾਉਂਦੀ ਹੈ। ਭਾਸ਼ਾ ਨਾਟਕ ਦਾ ਲੋੜੀਂਦਾ ਮਹੱਤਵਪੂਰਨ ਤੱਤ ਹੈ । ਕਿਸੇ ਵੀ ਸਾਹਿਤਕਾਰ ਦੀ ਰਚਨਾ ਵਿਚ ਉਸ ਦੇ ਇਲਾਕੇ ਦੀ ਬੋਲੀ ਦਾ ਪ੍ਰਭਾਵ ਉਭਾਰਦਾ ਵੇਖਣ ਵਿੱਚ ਆਉਂਦਾ ਹੈ। ਪਾਲੀ ਭੁਪਿੰਦਰ ਵੀ ਨਾਟਕ ਜਗਤ ਦੀ ਮੁੱਖ ਵਿਸ਼ੇਸ਼ਤਾ ਦ੍ਰਿਸ਼ ਭਾਸ਼ਾ ਵਿਚ ਰਚੇ ਨਾਟਕਾਂ ਕਰਕੇ ਹੈ ਦਰਸ਼ਕ ਨਾਟਕ ਨੂੰ ਵੇਖ ਕੇ ਨਹੀਂ ਪਾਉਂਦੇ ਉਹ ਸੁਣ ਕੇ ਵੀ ਸਮਝ ਲੈਂਦੇ ਹਨ। ਨਾਟਕੀ ਭਾਸ਼ਾ ਮੂਲ ਰੂਪ ਵਿਚ ਸ਼ਬਦ ਦੀ ਭਾਸ਼ਾ ਅਤੇ ਚੁੱਪ ਦੀ ਭਾਸ਼ਾ ਵਿੱਚ ਵੀ ਰਚੇ ਜਾਂਦੇ ਹਨ। ਉਸ ਦੇ ਨਾਟਕਾਂ ਦੀ ਭਾਸ਼ਾ ਵਿੱਚ ਸਾਦਗੀ ਰਵਾਨੀ ਸੰਜਮਤਾ ਤੇ ਵਿਅੰਗ ਮਿਲਦਾ ਹੈ। ਉਸ ਨੇ ਆਮ ਲੋਕਾਂ ਦੀ ਬੋਲ ਚਾਲ ਦੀ ਭਾਸ਼ਾ ਨੂੰ ਆਪਣੇ ਨਾਟਕਾਂ ਦੀ ਭਾਸ਼ਾ ਦਾ ਆਧਾਰ ਬਣਾਇਆ ਹੈ। ਉਸ ਦੇ ਨਾਟਕਾਂ ਵਿਚਲੀ ਭਾਸ਼ਾ ਸਮੇਂ ਤੇ ਸਥਿਤੀ ਅਨੁਸਾਰ ਬਦਲ ਗਈ ਹੈ। ਨਾਟਕ ਵਿਚ ਵੀ ਡਾਕਟਰ ਦੀ ਭਾਸ਼ਾ ਬਾਕੀ ਪਾਤਰਾਂ ਨਾਲੋਂ ਵੱਖਰੀ ਹੈ ਇਹੀ ਉਸ ਦੇ ਚਰਿੱਤਰ ਨੂੰ ਨਿਖਾਰਦੀ ਹੈ।

ਪਾਲੀ ਭੁਪਿੰਦਰ ਦੀ ਚਿੰਤਾ ਦਾ ਵਿਸ਼ਾ ਖ਼ਾਸ ਕਰ ਭਾਰਤੀ ਅਤੇ ਪੰਜਾਬੀ ਔਰਤ ਦੀ ਸਥਿਤੀ ਨਾਲ ਸੰਬੰਧਿਤ ਹੈ। ਉਹ ਮਾਂ, ਭੈਣ, ਪਤਨੀ, ਸਹਿਯੋਗ ਅਤੇ ਮਹਿਲਾ-ਮਿੱਤਰ ਦੇ ਰੂਪ ਵਿਚ ਮਰਦ ਨੂੰ ਆਦਰ ਦਿੰਦੀ ਹੈ। ਉਸਦੀ ਸਥਿਤੀ ਦੇ ਸੁਧਾਰ ਲਈ ਉਹ ਹੇਠ ਲਿਖੇ ਸੁਝਾਅ ਦਿੰਦਾ ਹੈ, ਇਹ ਸੁਧਾਰ ਔਰਤ ਦੇ ਆਪਣੇ ਹੱਥ ਵਿਚ ਹਨ; ਉਹ ਔਰਤ ਨੂੰ ਸ਼ਕਤੀਸ਼ਾਲੀ ਬਣਨ ਲਈ ਪ੍ਰੇਰਦਾ ਹੈ। ਔਰਤ ਕਰਮਸ਼ੀਲ, ਮਿਹਨਤੀ ਅਤੇ ਸ਼ਕਤੀ ਸੰਪੰਨ ਬਣੇ ਤਾਂ ਸਮਾਜ ਉਸਦੀ ਕਦੇ ਵੀ ਬੇਕਦਰੀ ਨਹੀਂ ਕਰ ਸਕੇਗਾ। ਕਦੇ ਵੀ ਮਨੁੱਖ ਸੰਪੂਰਨ ਨਹੀਂ ਹੁੰਦਾ। ਔਰਤ ਵਿਚ ਵੀ ਘਾਟਾਂ ਨੇ ਪਰ ਇਸਦੇ ਬਾਵਜੂਦ ਉਹ ਉਸਨੂੰ ਸਮੱਸਿਆਵਾਂ ਅੱਗੇ ਡਟਣ ਦਾ ਮਸ਼ਵਰਾ ਦੇਂਦਾ ਹੈ। ਲਗਾਤਾਰ ਕਰਮਸ਼ੀਲਤਾ ਹੀ ਉਸ ਲਈ ਸਹੀ ਵਿਕਾਸ ਦਾ ਮਾਰਗ ਹੈ। ਇਕ ਹੋਰ ਸਮੱਸਿਆ ਦਾ ਨਾਟਕਕਾਰ ਜ਼ਿਕਰ ਕਰਦਾ ਹੈ। ਜਿਸ ਵਿਚ ਉਹ ਮੰਨਦਾ ਹੈ ਕਿ ਇਕ ਔਰਤ ਨੂੰ ਦੂਜੀ ਔਰਤ ਨਾਲ ਮੁਕਾਬਲੇ ਪ੍ਰਸਤੀ ਦੀ ਭਾਵਨਾ ਵਿਚੋਂ ਨਿਕਲਣਾ ਪਏਗਾ ਕਿਉਂਕਿ ਹਰੇਕ ਔਰਤ ਦੀ ਆਪਣੀ ਪ੍ਰਤਿਭਾ ਅਤੇ ਸਮਰੱਥਾ ਹੁੰਦੀ ਹੈ। ਇਸ ਦੁਨੀਆ ਵਿਚ ਕੋਈ ਵੀ ਵਿਅਕਤੀ ਪੂਰਨ ਆਦਰਸ਼ਕ ਨਹੀਂ ਹੋ ਸਕਦਾ ਹੈ ਪਰ ਉਹ ਕਰਮਸ਼ੀਲ ਹੋ ਕੇ ਵਿਕਾਸ ਕਰ ਸਕਦਾ ਹੈ। ਔਰਤ ਨੂੰ ਆਪਣੇ ਆਪ ਹੀ ਇਸ ਸੋਚ ਨੂੰ ਪ੍ਰਫੁੱਲਤ ਕਰਨਾ ਪਏਗਾ ਕਿ ਉਹ ਸ਼ਕਤੀਸ਼ਾਲੀ ਹੈ। ਉਸਨੂੰ ਸ਼ਾਂਤੀ ਭਰਪੂਰ, ਖੁਸ਼ਨੁਮਾ ਅਤੇ ਆਨੰਦਿਤ ਜੀਵਨ ਜਿਉਣ ਦਾ ਸੰਪੂਰਨ ਅਧਿਕਾਰ ਹੈ। ਔਰਤ ਸਿਰਫ਼ ਗਲਤੀਆਂ ਮੰਨਣ ਅਤੇ ਹਰੇਕ ਦੀਆਂ ਮਿੰਨਤਾਂ ਕਰਨ ਲਈ ਪੈਦਾ ਨਹੀਂ ਹੋਈ ਹੈ। ਔਰਤ ਦੇ ਜੀਵਨ ਦਾ ਮਨੋਰਥ ਦੁਨੀਆ ਨੂੰ ਇਹ ਗੱਲ ਦੱਸਣ ਵਿਚ ਹੈ ਕਿ ਉਹ ਸਮਾਜ ਦਾ ਬਹੁਤ ਜ਼ਰੂਰੀ ਅੰਗ ਹੈ। ਉਸ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਹੈ। ਇਸਦੇ ਮੁਆਵਜ਼ੇ ਵਜੋਂ ਸਮਾਜ ਨੂੰ ਵੀ ਉਸਨੂੰ ਵਧੀਆ ਅਤੇ ਸਤਿਕਾਰਤ ਜੀਵਨ ਦੇਣਾ ਚਾਹੀਦਾ ਹੈ। ਉਸਦੀ ਇਕੋ ਇਕ ਮੰਗ ਹੈ ਕਿ ਔਰਤ ਸਮਾਜ ਵਿਚ ਆਪਣੀ ਕਸੌਟੀ 'ਤੇ ਖੁਸ਼ਹਾਲ ਜੀਵਨ ਜਿਉਵੇ।

## ਸਾਰ-ਅੰਸ਼

ਪਾਲੀ ਭੁਪਿੰਦਰ ਨੇ ਸਿਰਫ਼ ਔਰਤ ਪੱਖੀ ਜਾਂ ਸੰਬੰਧੀ ਥੀਮਾਂ ਨੂੰ ਇਸ ਨਾਟਕ ਵਿਚ ਪੇਸ਼ ਕੀਤਾ ਹੈ। ਉਸਦੇ ਨਾਟਕਾਂ ਵਿਚ ਲਾਲਚ ਦੀ ਇੰਤਹਾਵੱਸ ਮਾਪੇ ਧੀਆਂ ਦੇ ਵਿਆਹ ਤੋਂ ਮੁਨਾਫ਼ਾ ਕਮਾਉਂਦੇ ਹਨ। ਉਹਨਾਂ ਦੀ ਸੋਚ ਵਸਤੂਆਂ ਅਤੇ ਪੈਸਿਆਂ ਦੀ ਚਕਾਚੌਂਧ ਦੇ ਪਿੱਛੇ ਤਦੀ ਹੈ। ਔਰਤ ਪੂਰਵੀ ਅਤੇ ਪੱਛਮੀ ਸਭਿਆਚਾਰ ਦੀਆਂ ਕੀਮਤਾਂ ਵਿਚ ਜਕੜੀ ਵਿਚਰਦੀ ਹੈ। ਉਹ ਕੁੜੱਤਣ ਦੀ ਸ਼ਿਕਾਰ ਆਪਣੀ ਹੋਂਦ ਦੀ ਸਥਾਪਤੀ ਲਈ ਤਰਸਦੀ ਹੈ। ਉਹ ਦੰਡਾਂ ਅਤੇ ਯੁੱਧਾਂ ਦੀ ਮਾਰ ਸਹਾਰਦੀ ਹੈ। ਉਹ ਪ੍ਰੇਮੀ, ਪਤੀ, ਮਾਲਕ ਅਤੇ ਪਿਤਾ ਦੀ ਅਣਦੇਖੀ ਦਾ ਸ਼ਿਕਾਰ ਬਣਦੀ ਹੈ। ਉਹ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਸਹਾਰਦੀ ਹੈ ਪਰ ਇਤਫ਼ਾਕੀਆ ਮੌਕਾ ਮੇਲਾਂ ਰਾਹੀਂ ਸਦਭਾਵਨਾ, ਪਿਆਰ ਅਤੇ ਮਾਨਵੀ ਚੇਤਨਾ ਵਿਚੋਂ ਉਪਜੇ ਰਿਸ਼ਤਿਆਂ ਨੂੰ ਸਵਾਰਦੀ ਹੈ। ਉਹ ਮਰਦ ਪ੍ਰਧਾਨ ਸਮਾਜ ਕੋਲੋਂ ਦਮਨ, ਯਾਤਨਾਵਾਂ ਅਤੇ ਸੰਤਾਪ ਭੋਗਦੀ ਹੈ। ਉਹ ਹਮੇਸ਼ਾਂ ਦੋਹਰੀ ਮਾਰ ਝੱਲਦੀ ਹੈ। ਨਾਟਕਕਾਰ ਔਰਤ ਦੀ ਅਜਿਹੀ ਸਥਿਤੀ ਨੂੰ ਚਿਤਰਦਾ ਜ਼ਰਾ ਜਿੰਨਾ ਵੀ ਝਿਜਕਦਾ ਨਹੀਂ, ਉਹ ਉਹਨਾਂ ਦੇ ਚੇਤੰਨ ਅਤੇ ਤਰਸਭਾਵੀ ਕਿਰਦਾਰ ਨੂੰ ਪੇਸ਼ ਕਰਦਾ ਹੈ। ਉਹ ਸਰਕਾਰ ਅਤੇ ਸਿਸਟਮ ਤੋਂ ਔਰਤ ਦੀ ਆਜ਼ਾਦੀ ਦੀ ਮੰਗ ਕਰਦਾ ਨਜ਼ਰ ਆਉਂਦਾ ਹੈ। ਪਾਲੀ ਭੁਪਿੰਦਰ ਦੀ ਔਰਤ ਭ੍ਰਿਸ਼ਟ ਨਿਜ਼ਾਮ ਵਿਰੋਧੀ ਹੈ। ਉਹ ਅਨੈਤਿਕ ਕਾਰਜਾਂ ਅੱਗੇ ਡੱਟਦੀ ਹੈ। ਨਾਟਕਕਾਰ ਨੇ ਸਿਰਫ਼ ਔਰਤ ਪੱਖੀ ਜਾਂ ਔਰਤ ਸੰਬੰਧੀ ਥੀਮਾਂ ਦਾ ਵਿਸ਼ਲੇਸ਼ਣ ਵਿਚਾਰਧਾਰਾਈ ਤੌਰ 'ਤੇ ਭਾਵੁਕ ਸਾਂਝ ਨੂੰ ਔਰਤ-ਮਰਦ ਸੰਬੰਧਾਂ ਤਕ ਸੀਮਤ ਨਹੀਂ ਰੱਖਿਆ ਹੈ। ਉਹ ਪੰਜਾਬੀ ਵਿਰਸੇ ਨੂੰ ਸੁਚੇਤ ਪੱਧਰ ਉੱਪਰ ਜ਼ਿੰਦਗੀ ਦੇ ਵਿਭਿੰਨ ਪੱਖਾਂ ਦੀ ਸਾਰਥਿਕਤਾ ਤੋਂ ਔਰਤ ਭਲਾਈ ਅਤੇ ਸਮੂਹ ਚੇਤਨਾ ਪੱਖੀ ਨਜ਼ਰੀਏ ਦੇ ਆਰ-ਪਾਰ ਫੈਲਾਉਂਦਾ ਹੈ।

## ਮੁੱਖ/ਕੇਂਦਰੀ ਸ਼ਬਦ:

- ਯਾਤਨਾਵਾਂ---ਤਕਲੀਫ਼ਾਂ
- ਸੰਤਾਪ---ਦੁੱਖ
- ਇੰਤਹਾ---ਬਹੁਤ ਜ਼ਿਆਦਾ
- ਕਲਪਾਨਤਮਿਕ---ਕਾਲਪਨਿਕ
- ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

ਪ੍ਰਸ਼ਨ 1. ਪਾਲੀ ਭੁਪਿੰਦਰ ਦਾ ਜਨਮ ਕਦੋਂ ਹੁੰਦਾ ਹੈ?
ੳ 1916
ਅ 1917
ੲ 1964
ਸ 1965

ਪ੍ਰਸ਼ਨ 2. ਪਾਲੀ ਭੁਪਿੰਦਰ ਨੂੰ ਆਈ. ਸੀ. ਨੰਦਾ ਅਵਾਰਡ ਕਦੋਂ ਮਿਲਦਾ ਹੈ?
ੳ 1981
ਅ 1982
ੲ 1983
ਸ 1990

ਪ੍ਰਸ਼ਨ 3. ਮੈਂ ਭਗਤ ਸਿੰਘ ਪੁਸਤਕ ਕਿਸਦੀ ਹੈ?
ੳ ਪਾਲੀ ਭੁਪਿੰਦਰ
ਅ ਕੇਟ ਮਿਲੇਟ
ੲ ਹੈਲਨ ਸਿਕਸੂ
ਸ ਬੈਟੀ ਫਰੀਡਨ

ਪ੍ਰਸ਼ਨ 4. ਪੱਤਝੜ ਵਿੱਚ ਪੁੰਗਰਦੇ ਪੱਤੇ ਕਾਵਿ ਸੰਗ੍ਰਹਿ ਕਦੋਂ ਪ੍ਰਕਾਸ਼ਿਤ ਹੁੰਦਾ ਹੈ?

ੳ 2002

ਅ 2008

ੲ 2000

ਸ 2006

ਪ੍ਰਸ਼ਨ 5. ਔਰਤ ਨੂੰ ਜੀਵ ਦੇ ਲਵੇ ਰੂਪਾਂ ਵਿੱਚ ਢਲਣਾ ਚਾਹੀਦਾ ਹੈ ਤੇ ਆਪਣੇ ਢੰਗ ਨਾਲ ਲੇਖਣ ਕਰਨਾ ਚਾਹੀਦਾ ਹੈ ਤਾ ਜੋ ਆਪਣੇ ਆਪ ਨੂੰ ਬਿਆਨ ਕਰ ਸਕੇ।

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 6. ਨਾਰੀਵਾਦ ਔਰਤਾਂ ਦਾ ਸਮਾਜਿਕ ਉਤਪਾਦਨ ਦੇ ਵਿੱਚ ਸ਼ਾਮਿਲ ਹੋਣ ਤੇ ਔਰਤ ਨੂੰ ਬਰਾਬਰ ਦੇ ਮੋਕੇ ਦਿੱਤੇ ਜਾਣ ਦੀ ਗੱਲ ਕਰਦਾ ਹੈ। ਇਹ ਔਰਤ ਦੀ ਦੂਜੀ ਸਥਿਤੀ ਦਾ ਕਾਰਨ ਆਰਥਿਕਤਾ ਨੂੰ ਮੰਨਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 7. ਪੰਜਾਬੀ ਵਿਚ ਪਿਆਰ ਕਾਵਿ ਨੂੰ ਪ੍ਰਵਾਨਿਆ ਵੀ ਗਿਆ ਹੈ ਅਤੇ ਨਕਾਰਿਆ ਵੀ ਗਿਆ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਰਾਜਿੰਦਰ ਪਾਲ ਸਿੰਘ ਬਰਾੜ

ਪ੍ਰਸ਼ਨ 8. ਔਰਤ ਦੇ ਦਮਨ ਨੂੰ ਜੈਂਡਰ ਦੇ ਵਖਰੇਵੇਂ ਅਤੇ ਕਾਮੁਕਤਾ ਵਿੱਚ ਮੰਨਦਾ ਹੈ ਇਹ ਔਰਤ ਦੇ ਆਪਣੇ ਸ਼ਰੀਰ ਉੱਪਰ ਸੁਤੰਤਰ ਹੋਂਦ ਦੀ ਪੈਰਵੀ ਕਰਦਾ ਹੈ ਭਾਵ ਲਿੰਗਕ ਆਜ਼ਾਦੀ ਦੀ ਗੱਲ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 9. ਸੁਣੋ ਸਖੀਓ, ਤੁਹਾਡੇ ਤੋਂ ਕੋਈ ਓਹਲਾ ਨਾ ਪਰਦਾ ਹੈ

ਕਿ ਅੱਧੀ ਰਾਤ ਮੇਰੀ ਛੱਤ 'ਤੇ ਇਕ ਚੰਨ ਉਤਰਦਾ ਹੈ

ਉਪਰੋਕਤ ਰਚਨਾ ਕੀ ਹੈ?

ੳ ਗੀਤ

ਅ ਗਜ਼ਲ

ੲ ਨਜ਼ਮ

ਸ ਖੁੱਲ੍ਹ ਕਵਿਤਾ

ਪ੍ਰਸ਼ਨ 10. ਚੰਦਨ ਦੇ ਓਹਲੇ ਰਚਨਾ ਕੀ ਹੈ?

ੳ ਗੀਤ ਸੰਗ੍ਰਹਿ

ਅ ਨਾਟਕ

ੲ ਨਜ਼ਮ ਸੰਗ੍ਰਹਿ

ਸ ਖੁੱਲ੍ਹ ਕਵਿਤਾ ਸੰਗ੍ਰਹਿ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 12. ਨਾਰੀ ਚੇਤਨਾ  ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ? ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਸਮਕਾਲੀ ਪੰਜਾਬੀ ਕਵਿਤਾ:ਪ੍ਰਤਿਰੋਧੀ ਪ੍ਰਵਚਨ ਰਚਨਾ ਕੀ ਹੈ?

ੳ ਆਲੋਚਨਾ ਪੁਸਤਕ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਗੀਤ ਸੰਗ੍ਰਹਿ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਸ | 2. ਅ | 3. ਸ | 4. ੳ | 5. ੲ |
| 6. ੳ | 7. ਸ | 8. ੲ | 9. ਅ | 10. ਅ |
| 11.ੲ | 12. ੳ | 13. ੳ | 14. ਅ | 15. ੳ |

## ਅਭਿਆਸ ਪ੍ਰਸ਼ਨ

1. ਨਾਟਕ ਸਿਰਜਣਾ ਦੇ ਸਿਧਾਂਤਕ ਪਰਿਪੇਖ ਉੱਪਰ ਨੋਟ ਲਿਖੋ?
2. ਨਾਟਕ ਸਿਰਜਣਾ ਦਾ ਅਰਥ ਦੱਸਦਿਆਂ ਨਾਟਕ ਸਿਰਜਣਾ ਦੇ ਸਰੂਪ ਬਾਰੇ ਚਰਚਾ ਕਰੋ।
3. ਨਾਟਕ ਸਿਰਜਣਾ ਦੀਆਂ ਪ੍ਰਮੁੱਖ ਪਰਿਭਾਸ਼ਾਵਾਂ ਦੀ ਚਰਚਾ ਕਰਦਿਆਂ ਇਸ ਦਾ ਸਰੂਪ ਉਲੀਕੋ।

## Further Reading


- ਡਾ. ਸਤੀਸ਼ ਕੁਮਰ ਵਰਮਾ, ਪੰਜਾਬੀ ਨਾਟਕ ਦਾ ਇਤਿਹਾਸ, ਸਾਹਿਤ ਅਕਾਦਮੀ ਦਿੱਲੀ।
- ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ: ਸਰੂਪ, ਸਿਧਾਂਤ ਅਤੇ ਵਿਕਾਸ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1988.
- ਮਨਜੀਤਪਾਲ ਕੌਰ, ਪੰਜਾਬੀ ਨਾਟਕ ਤੇ ਰੰਗਮੰਚ: ਵਿਕਾਸ ਦੀਆਂ ਸੰਭਾਵਨਾਵਾਂ, (ਸੰਪਾ.) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993.
- ਪਰਮਜੀਤ ਕੌਰ ਨੂਰ, ਪੰਜਾਬੀ ਨਾਟਕ- ਇਤਿਹਾਸ ਅਤੇ ਪ੍ਰਵਿਰਤੀਆਂ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1995.


**Online Links**

https://punjabikahani.punjabi-kavita.com/Pali-Bhupinder-Singh.php

*Yaadvinder Kaur, Lovely Prefessional University*

# Unit 13: ਪੰਜਾਬੀ ਨਾਰੀਵਾਦੀ ਸਮੀਖਿਆ ਦ੍ਰਿਸ਼ਟੀ: ਇਤਿਹਾਸਕ ਪਰਿਪੇਖ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਨਾਰੀ ਸਮੀਖਿਆ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਰੀ ਸਮੀਖਿਆ ਦੇ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਨਾਰੀ ਸਮੀਖਿਆ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਨਾਰੀ ਸਮੀਖਿਆ ਦੇ ਮਹੱਤਵ ਤੋਂ ਜਾਣੂ ਹੋਣਗੇ।
- ਪੰਜਾਬੀ ਨਾਰੀ ਸਮੀਖਿਆ ਦੇ ਅਧਿਐਨ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਨਾਰੀ ਸਮੀਖਿਆ ਦੇ ਸਿਧਾਂਤਕ ਪਰਿਪੇਖ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਨਾਰੀ ਸਮੀਖਿਆ ਦੇ ਸਿਧਾਂਤ ਬਾਰੇ ਅਰਥ ਪਰਿਭਾਸ਼ਾ ਤੇ ਸਰੂਪ ਬਾਰੇ ਜਾਣ ਸਕਣਗੇ। ਇਹ ਪਾਠ ਵਿਦਿਆਰਥੀ ਨੂੰ ਨਾਰੀ ਸਮੀਖਿਆ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਨਾਰੀ ਸਮੀਖਿਆ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ। ਆਧੁਨਿਕ ਯੁੱਗ ਵਿੱਚ ਨਾਰੀ ਸਮੀਖਿਆ ਦਾ ਮਹੱਤਵ ਬਹੁਤ ਵੱਧ ਗਿਆ ਹੈ।

ਰੋਜ਼ਾਨਾ ਜ਼ਿੰਦਗੀ ਵਿੱਚ 'ਆਲੋਚਨਾ' ਸ਼ਬਦ ਦੇ ਅਰਥ ਇਸ ਦੇ ਅਸਲ ਅਰਥਾਂ ਤੋਂ ਐਨ ਉਲਟ ਪ੍ਰਕਿਰਤੀ ਦੇ ਧਾਰਨੀ ਹੋ ਚੁੱਕੇ ਹਨ। ਆਲੋਚਨਾ ਨਿੰਦਾ- ਸੂਚਕ ਲਫ਼ਜ਼ ਬਣ ਚੁੱਕਾ ਹੈ ਅਤੇ ਇਸ ਦੇ ਅਰਥ 'ਨੁਕਸ ਕੱਢਣਾ', 'ਔਗੁਣ ਦੱਸਣਾ' ਜਾਂ 'ਦੋਸ਼ ਲੱਭਣਾ' ਆਦਿ ਬਣ ਚੁੱਕੇ ਹਨ। ਪਰੰਤੂ ਇਸ ਲਫ਼ਜ਼ ਨੇ ਤਾਂ ਸੰਸਕ੍ਰਿਤ ਦੇ 'ਲੋਚ' ਧਾਤੂ ਤੋਂ ਆਪਣੀ ਹੋਂਦ ਗ੍ਰਹਿਣ ਕੀਤੀ, ਜਿਸਦਾ ਅਰਥ 'ਦੇਖਣਾ' ਹੈ। 'ਆਲੋਚ' ਦਾ ਅਰਥ ਵੀ 'ਦੇਖਣਾ', 'ਸੋਚਣਾ' ਹੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਆਲੋਚਨਾ ਸ਼ਬਦ ਦੇ ਅਰਥ ਘੇਰੇ ਨੂੰ ਨਿਸ਼ਚਿਤ ਕਰਦੇ ਹੋਏ ਇਸਦਾ ਅਰਥ 'ਜਾਂਚ, ਪੜਤਾਲ, ਗੁਣ ਦੋਸ਼ ਦਾ ਨਿਰਣਾ, ਨਜ਼ਰਸਾਨੀ, ਕਿਸੇ ਗ੍ਰੰਥ ਦੇ ਵਿਸ਼ਿਆਂ ਦੀ ਪੜਤਾਲ ਅਤੇ ਯਥਾਰਥ ਨਿਰਣੇ ਦਾ ਸਿੱਟਾ' ਦੱਸਿਆ ਹੈ। ਕੁਝ ਕੋਸ਼ਾਂ ਵਿੱਚ 'ਆਲੋਚਨਾ' ਦੇ ਅਰਥ ਦੇਖਣ ਦੀ ਕਿਰਿਆ, ਪਰਖ, ਸਮੀਖਿਆ, ਟੀਕਾ ਟਿੱਪਣੀ ਦੱਸੇ ਗਏ ਹਨ।

'ਆਲੋਚਨਾ' ਲਈ ਅਕਸਰ ਕਈ ਸ਼ਬਦਾਂ ਜਿਵੇਂ ਪਰਖ, ਪੜਚੋਲ, ਸਮੀਖਿਆ, ਸਮਾਲੋਚਨਾ, ਵਿਵੇਚਨ, ਵਿਸ਼ਲੇਸ਼ਣ, ਮੁਲਾਂਕਣ, ਵਿਆਖਿਆ ਤੇ ਨਿਰਣਾ ਆਦਿ ਦੀ ਵਰਤੋਂ ਇੱਕ ਦੂਸਰੇ ਦੇ ਸਮਾਨਾਰਥੀ ਵਜੋਂ ਹੀ ਕਰ ਲਈ ਜਾਂਦੀ ਹੈ, ਹਾਲਾਂਕਿ ਇਹਨਾਂ ਵਿਚਾਲੇ ਹਲਕੀ ਜਿਹੀ ਅਰਥ ਭਿੰਨਤਾ ਮੌਜੂਦ ਹੈ। ਪੰਜਾਬੀ ਚਿੰਤਨ ਦੀ ਦੁਨੀਆ ਵਿੱਚ ਸ਼ੁਰੂ-ਸ਼ੁਰੂ ਵਿੱਚ ਪਰਖ, ਪੜਚੋਲ ਅਤੇ ਨੁਕਤਾਚੀਨੀ ਆਦਿ ਪਦਾਂ ਨੂੰ ਵਰਤਿਆ ਜਾਂਦਾ ਰਿਹਾ ਹੈ। ਇਹਨਾਂ ਨੂੰ ਕ੍ਰਮਵਾਰ ਪ੍ਰਸੰਸਾ ਤੇ ਨੁਕਸ ਦਰਸਾਉਣਾ ਅਤੇ ਕਿਸੇ ਗੁੱਝੇ ਜਾਂ ਭੇਦ ਭਰੇ ਨੁਕਤੇ ਨੂੰ ਸਾਮ੍ਹਣੇ ਲਿਆਉਣ ਆਦਿ ਅਰਥਾਂ ਵਿੱਚ ਵਰਤਿਆ ਜਾਂਦਾ ਰਿਹਾ ਹੈ। ਅਕਸਰ ਲੋਕਾਂ ਲਈ ਇਹ ਗਿਆਨ ਦਾ ਸੰਗਠਨ ਜਾਂ ਵਿਸ਼ੇਸ਼ ਪ੍ਰਕਾਰ ਦਾ ਗਿਆਨ ਜਾਂ ਗਿਆਨ ਦੀ ਸ਼ਾਖਾ ਨਹੀਂ, ਪ੍ਰਸੰਸਾ-ਸੂਚਕ ਜਾਂ ਨਿੰਦਾ ਸੂਚਕ ਕਥਨਾਂ ਦਾ ਸੰਗ੍ਰਹਿ ਹੈ। ਇਸ ਤੋਂ ਅਗਾਂਹ 'ਆਲੋਚਨਾ' ਨੂੰ ਵਿਸ਼ਾਲ ਅਰਥਾਂ ਵਿੱਚ ਗ੍ਰਹਿਣ ਕਰ ਕੇ ਦੋ ਭਾਗਾਂ (ਸਿਧਾਂਤਿਕ ਤੇ ਵਿਹਾਰਿਕ) ਵਿੱਚ ਵੰਡ ਲਿਆ ਜਾਂਦਾ ਹੈ। ਵਿਹਾਰਿਕ ਭਾਗ ਜਾਂ ਖੰਡ ਅੱਗੋਂ ਮੈਕਰੋ ਅਧਿਐਨ ਤੋਂ ਮਾਈਕ੍ਰੋ ਜਾਂ ਮਹੀਨ ਅਧਿਐਨ ਤੱਕ ਫੈਲਦਾ ਹੈ। ਇਸ ਸੰਕਲਪ ਨੂੰ ਵਿਸ਼ਾਲ ਅਰਥਾਂ ਵਿੱਚ ਵਰਤਦੇ ਹੋਏ ਚਿੰਤਕ ਜਿਵੇਂ ਭੂਮਿਕਾ, ਰੀਵਿਊ, ਸਿਧਾਂਤ, ਇਤਿਹਾਸ ਆਦਿ ਸਾਹਿਤ ਅਧਿਐਨ ਨਾਲ ਸੰਬੰਧਿਤ ਕਈ ਅਨੁਸ਼ਾਸਨਾਂ ਨੂੰ ਵੀ ਇਸ ਵਿੱਚ ਸ਼ਾਮਲ ਕਰਨ ਦੀ ਕੁਤਾਹੀ ਕਰ ਜਾਂਦੇ ਹਨ। ਹਰਿਭਜਨ ਸਿੰਘ ਨੇ ਆਪਣੀ ਪੁਸਤਕ ਸਿਸਟਮੀ ਵਿਚਲੇ ਮਜ਼ਮੂਨ 'ਆਲੋਚਨਾ ਤੇ ਸਮੀਖਿਆ' ਵਿੱਚ ਆਲੋਚਨਾ ਨੂੰ ਸ਼ਬਦ (ਆਲੋਚਨਾ ਸਾਹਿਤ ਦਾ ਅਧਿਐਨ ਆਪਣੀਆਂ ਸ਼ਰਤਾਂ ਉਪਰ ਕਰਦੀ ਹੈ, ਸਾਹਿਤ ਦੀਆਂ ਸ਼ਰਤਾਂ ਉਪਰ ਨਹੀਂ) ਅਤੇ ਸਮੀਖਿਆ ਨੂੰ 'ਸੰਕਲਪ' ਵਜੋਂ ਵਰਤਣ ਦਾ ਸੁਝਾਅ ਦਿੱਤਾ ਸੀ। ਅਰਥਾਤ ਉਸ ਦੀ ਨਜ਼ਰ ਵਿੱਚ ਸਾਹਿਤ ਦਾ ਅਧਿਐਨ ਆਪਣੀਆਂ ਸ਼ਰਤਾਂ ਉਪਰ ਕਰਨਾ ਆਲੋਚਨਾ ਹੈ ਅਤੇ ਸਾਹਿਤ ਦੀਆਂ ਸ਼ਰਤਾਂ ਉਪਰ ਕਰਨਾ ਸਮੀਖਿਆ ਹੈ। ਉਸ ਨੇ ਕੇਵਲ ਸਾਹਿਤ-ਕੇਂਦਰਿਤ ਜਾਂ ਸਾਹਿਤਕਤਾ ਆਧਾਰਿਤ ਕਾਰਜ ਨੂੰ ਹੀ ਸਮੀਖਿਆ ਸਵੀਕਾਰ ਕੀਤਾ। ਪਰੰਤੂ ਇਹ ਨਿਖੇੜਾ ਪ੍ਰਵਾਨਯੋਗ ਨਾ ਹੋ ਸਕਿਆ। ਕੁਝ ਆਲੋਚਕ ਆਲੋਚਨਾ ਨੂੰ ਕ੍ਰਿਟਿਸਿਜ਼ਮ, ਸਮਾਲੋਚਨਾ ਨੂੰ ਕੰਪੈਰੇਟਿਵ ਕ੍ਰਿਟਿਸਿਜ਼ਮ ਅਤੇ ਸਮੀਖਿਆ ਨੂੰ ਵਿਹਾਰਿਕ ਜਾਂ ਨਿਕਟ ਪਾਠਗਤ ਅਧਿਐਨ ਨਾਲ ਜੋੜ ਕੇ ਵੱਖ-ਵੱਖ ਸੰਕਲਪਾਂ ਵਿਚਲੇ ਨਿਖੇੜ ਕਰਨ ਦੇ ਯਤਨ ਵਿੱਚ ਹਨ। ਪਰੰਤੂ ਇਸ ਨਿਖੇੜੇ ਨੂੰ ਵੀ ਫ਼ਿਲਹਾਲ ਪ੍ਰਵਾਨਗੀ ਪ੍ਰਾਪਤ ਨਹੀਂ ਹੋ ਸਕੀ। ਉਂਞ ਏਨਾ ਸਪਸ਼ਟ ਹੈ ਕਿ ਆਲੋਚਨਾ ਇੱਕ ਸਿਧਾਂਤਿਕ ਸੰਕੇਤ ਹੈ ਅਤੇ ਇਸ ਨੂੰ ਆਮ ਸਧਾਰਨ ਸ਼ਬਦ ਵਜੋਂ ਵਰਤਣਾ ਜਾਂ ਗ੍ਰਹਿਣ ਕਰਨਾ ਉਚਿਤ ਨਹੀਂ। ਮੋਟੇ ਤੌਰ ਉਪਰ ਇਸ ਸੰਕੇਤ ਦਾ ਸੰਬੰਧ ਸਾਹਿਤ ਜਾਂ ਕਲਾ ਕਿਰਤ ਦੇ ਗੁਣ-ਔਗੁਣਾਂ ਦੀ ਪਛਾਣ ਕਰ ਕੇ ਉਸ ਸੰਬੰਧੀ ਨਿਰਣਾ ਪ੍ਰਸਤੁਤ ਕਰਨ ਨਾਲ ਜਾ ਜੁੜਦਾ ਹੈ। ਇਨਸਾਈਕਲੋ- ਪੀਡੀਆ ਆਫ਼ ਬ੍ਰਿਟੈਨਿਕਾ ਵਿੱਚ ਇਸ ਦੇ ਮੁਢਲੇ ਤੇ ਮੂਲ ਅਰਥ ਇਸ ਤਰ੍ਹਾਂ ਕੀਤੇ ਗਏ ਹਨ :

> ਆਲੋਚਨਾ ਦਾ ਅਰਥ ਸੁਹਜਮਈ ਚੀਜ਼ਾਂ ਦੇ ਗੁਣ-ਦੋਸ਼ਾਂ ਦੀ ਪਰਖ ਕਰਨਾ ਹੈ, ਚਾਹੇ ਇਹ ਪਰਖ ਸਾਹਿਤ ਖੇਤਰ ਵਿੱਚ ਕੀਤੀ ਗਈ ਹੋਵੇ, ਚਾਹੇ ਕੋਮਲ ਕਲਾਵਾਂ ਵਿੱਚ ਇਸ ਦਾ ਸਰੂਪ ਰਾਏ ਕਾਇਮ ਕਰ ਕੇ ਉਸਨੂੰ ਪ੍ਰਗਟ ਕਰਨਾ ਹੈ।

ਕਾਰਲਾਈਲ ਆਲੋਚਨਾ ਨੂੰ 'ਕਿਸੇ ਪੁਸਤਕ ਬਾਰੇ ਆਲੋਚਕ ਦੀ ਮਾਨਸਿਕ ਪ੍ਰਤਿਕਿਰਿਆ ਦੇ ਸਿੱਟੇ' ਨਾਲ ਜੋੜਦਾ ਹੈ ਅਤੇ ਡਰਾਈਡਨ ਇਸ ਨੂੰ ਉਹ ਕਸੌਟੀ ਦੱਸਦਾ ਹੈ ਜਿਸਦੀ ਸਹਾਇਤਾ ਨਾਲ ਕਿਸੇ ਰਚਨਾ ਦਾ ਮੁੱਲ ਪਾਇਆ ਜਾ ਸਕੇ। 'ਆਲੋਚਨਾ' ਸਾਹਿਤ ਜਾਂ ਕਲਾ ਉਪਰ ਆਧਾਰਿਤ ਹੁੰਦੀ ਹੈ। ਜਿਵੇਂ ਜੀਵਨ ਦੀ ਹੋਂਦ ਤੋਂ ਬਗ਼ੈਰ ਕਲਾ ਜਾਂ ਸਾਹਿਤ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਓਵੇਂ ਹੀ ਸਾਹਿਤ ਜਾਂ ਕਲਾ ਦੀ ਹੋਂਦ ਬਗ਼ੈਰ ਆਲੋਚਨਾ ਦੀ ਹੋਂਦ ਨੂੰ ਚਿਤਵਿਆ ਨਹੀਂ ਜਾ ਸਕਦਾ। ਅਸਲ ਵਿੱਚ ਆਲੋਚਨਾ ਕਲਾ ਜਾਂ ਸਾਹਿਤ ਸੰਬੰਧੀ ਰਉਂ (mood) ਉਪਰ ਆਧਾਰਿਤ ਟਿੱਪਣੀਆਂ ਦਾ ਸੰਗ੍ਰਹਿ ਮਾਤਰ ਨਹੀਂ ਸਗੋਂ ਨਾਰਥਰਪ ਫਰਾਈ ਦੇ ਕਹਿਣ ਅਨੁਸਾਰ ਵਿਚਾਰ ਅਤੇ ਗਿਆਨ ਦਾ ਸੰਗਠਨ ਹੈ। ਜਿੱਥੇ ਸਾਹਿਤ ਨੂੰ ਕਲਾ ਦਾ ਦਰਜਾ ਦਿੱਤਾ ਜਾਂਦਾ ਹੈ ਉੱਥੇ ਆਲੋਚਨਾ ਸਾਹਿਤ ਅਧਿਐਨ ਵਿਗਿਆਨ ਨਹੀਂ ਤਾਂ ਇੱਕ ਵਿਸ਼ੇਸ਼ ਪ੍ਰਕਾਰ ਦਾ ਗਿਆਨ ਜ਼ਰੂਰ ਹੈ। ਜਜ਼ਬਾ, ਕਲਪਨਾ ਅਤੇ ਅਨੁਭਵ ਦਾ ਸਮੂਰਤੀਕਰਨ ਸਾਹਿਤਕਾਰ ਦੇ ਹਥਿਆਰ ਹਨ ਜਦੋਂ ਕਿ ਆਲੋਚਕ ਬੁੱਧੀ, ਤਰਕ ਅਤੇ ਵਿਗਿਆਨਿਕ ਸੋਚਣੀ ਨਾਲ ਕਿਰਤ ਨੂੰ ਪਰਤ-ਦਰ-ਪਰਤ ਖੋਲ੍ਹਦਾ ਹੈ।

ਰੀਵਿਊ, ਭੂਮਿਕਾ, ਆਲੋਚਨਾ, ਸਿਧਾਂਤ ਅਤੇ ਇਤਿਹਾਸ ਸਾਰੇ ਕਾਰਜ 'ਸਾਹਿਤ ਅਧਿਐਨ' ਦੇ ਕਿਸੇ ਇੱਕ ਜਾਂ ਦੂਸਰੇ ਪੱਖ ਜਾਂ ਪਸਾਰ ਨਾਲ ਸੰਬੰਧਿਤ ਹਨ। ਇਹ ਇੱਕ ਦੂਸਰੇ ਦੇ ਪੂਰਕ ਕਾਰਜ ਹਨ, ਵਿਰੋਧੀ ਨਹੀਂ।ਇਹਨਾਂ ਦਾ ਵਜੂਦ ਆਪਸੀ ਸਾਂਝ ਅਤੇ ਵੱਖਰਤਾ ਉਪਰ ਟਿਕਿਆ ਹੋਇਆ ਹੈ। ਮਿਸਾਲ ਵਜੋਂ ਰੀਵਿਊ ਦਾ ਅਸਲ ਮਕਸਦ ਨਵੀਂ ਛਪੀ ਰਚਨਾ ਬਾਰੇ ਪਾਠਕਾਂ ਨੂੰ ਵਾਕਫ਼ੀ ਦੇਣਾ ਜਾਂ ਉਸ ਦੇ ਉੱਭਰਵੇਂ ਗੁਣਾਂ ਦੀ ਤਾਰਕਿਕ ਵਿਆਖਿਆ ਕਰਨਾ ਹੁੰਦਾ ਹੈ। ਪ੍ਰਮਾਣਿਕ ਰੀਵਿਊ ਕਈ ਵਾਰ ਸਾਹਿਤ ਆਲੋਚਨਾ ਦੇ ਪੱਧਰ ਵਾਲੀ ਗੰਭੀਰਤਾ ਨੂੰ ਵੀ ਆਤਮਸਾਤ ਕਰਦੇ ਦਿਖਾਈ ਦਿੰਦੇ ਹਨ। ਭੂਮਿਕਾ, ਲੇਖਕ ਆਪਣੀ ਪੁਸਤਕ ਦੀ ਖ਼ੁਦ ਵੀ ਲਿਖਦਾ ਹੈ ਅਤੇ ਲਿਖਵਾਉਂਦਾ ਵੀ ਹੈ। ਇਸ ਵਿੱਚ ਸ਼ੁੱਭ ਦ੍ਰਿਸ਼ਟੀ

ਜਾਂ ਮੂੰਹ-ਮੁਲਾਹਜ਼ੇ ਦਾ ਆ ਹਾਜ਼ਰ ਹੋਣਾ ਕੁਦਰਤੀ ਗੱਲ ਹੁੰਦੀ ਹੈ।ਇਸ ਦਾ ਅਸਲ ਮਕਸਦ ਲੇਖਕ ਤੇ ਰਚਨਾ ਦੀ ਜਾਣ- ਪਛਾਣ ਤੱਕ ਹੀ ਸੀਮਿਤ ਹੁੰਦਾ ਹੈ ਪਰੰਤੂ ਕਈ ਵਾਰ ਇਹ ਆਪਣੀ ਸੀਮਾ ਤੋਂ ਪਾਰ ਫ਼ੈਲ ਕੇ, ਸਾਹਿਤ ਰਚਨਾਵਾਂ ਦੇ ਧੁਰ-ਡੂੰਘ ਤੱਕ ਅੱਪੜ ਕੇ ਸਾਹਿਤ ਆਲੋਚਨਾ ਨਾਲ ਮੇਲ ਖਾਣੀ ਅਰੰਭ ਹੋ ਜਾਂਦੀ ਹੈ। ਸਾਹਿਤ ਆਲੋਚਨਾ ਦਾ ਮੂਲ ਮਕਸਦ ਸਾਹਿਤ ਰਚਨਾ ਦੀ ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਮਿਥਣਾ ਹੁੰਦਾ ਹੈ। ਰੈਨੇ ਵੈਲਿਕ ਇਸ ਦੀ ਪ੍ਰਕਿਰਤੀ ਨੂੰ ਸਮਝਣਯੋਗ ਬਣਾਉਣ ਲਈ ਇਸ ਨੂੰ ਅੰਤਰੰਗ ਅਤੇ ਬਹਿਰੰਗ ਕੋਟੀਆਂ ਵਿੱਚ ਵੰਡਣ ਦਾ ਸੁਝਾਅ ਦਿੰਦਾ ਹੈ। ਪਾਠ-ਕੇਂਦਰਿਤ, ਸਾਹਿਤ-ਕੇਂਦਰਿਤ, ਸਾਹਿਤਕਤਾ ਦੀ ਪਛਾਣ ਦੇ ਪ੍ਰਯੋਜਨ ਉਪਰ ਆਧਾਰਿਤ ਆਲੋਚਨਾ ਨੂੰ ਉਸ ਅੰਤਰੰਗ ਅਤੇ ਲੇਖਕ, ਪਾਠਕ, ਸਮਾਜ ਜਾਂ ਕਿਸੇ ਵੀ ਹੋਰ ਸਾਹਿਤ-ਬਾਹਰੀ ਬਿੰਦੂ ਉਪਰ ਆਧਾਰਿਤ ਆਲੋਚਨਾ ਨੂੰ ਬਹਿਰੰਗ ਆਲੋਚਨਾ ਆਖਿਆ ਹੈ। ਸਿਧਾਂਤ ਦਾ ਜਨਮ ਵੀ ਸਾਹਿਤ ਰਚਨਾਵਾਂ ਦੀ ਲੰਮੀ ਪਰੰਪਰਾ ਦੇ ਮੰਥਨ ਵਿੱਚੋਂ ਹੁੰਦਾ ਹੈ। ਸਿਧਾਂਤ ਅਸਲ ਵਿੱਚ ਰਚਨਾ ਵਿਚਲੇ ਨੇਮਪਰਕ ਧਰਾਤਲ ਦਾ ਹੀ ਨਾਂ ਹੈ। ਇਹ ਸਾਮਾਨਯ ਭਾਂਤ ਦਾ ਵੀ ਹੁੰਦਾ ਹੈ ਅਤੇ ਵਿਸ਼ੇਸ਼ ਕਿਸਮ ਦਾ ਵੀ। ਆਪਣੇ ਸਾਮਾਨਯ ਰੂਪ ਵਿੱਚ ਇਹ ਪਰੰਪਰਾ ਦੇ ਤੱਤਾਂ ਨੂੰ ਉਭਾਰਦਾ ਹੈ ਅਤੇ ਵਿਸ਼ੇਸ਼ ਰੂਪ ਵਿੱਚ ਰਚਨਾ ਦੀ ਵਿਲੱਖਣਤਾ ਅਤੇ ਅਦੁੱਤੀਅਤਾ ਦੇ ਗੁਣਾਂ ਨੂੰ ਪ੍ਰਗਟਾਉਂਦਾ ਹੈ। ਸਿਧਾਂਤ ਹਮੇਸ਼ਾ ਖ਼ਮੋਸ਼ ਧਰਾਤਲ ਉਪਰ ਵਿਚਰਦੀ ਸਮੁੱਚੀ ਵਿਹਾਰਿਕਤਾ ਨੂੰ ਆਪਣੇ ਨਿਯੰਤਰਨ ਹੇਠ ਰੱਖਦਾ ਹੈ। ਇਤਿਹਾਸਕਾਰੀ ਦਾ ਕਾਰਜ ਤੱਥ ਲੱਭਤ ਤੋਂ ਅਰੰਭ ਹੋ ਕੇ ਕਾਲਕ੍ਰਮਤਾ, ਨਿਰੰਤਰਤਾ, ਕਾਲ-ਵੰਡ ਰਾਹੀਂ, ਕਾਲਾਂ ਦੇ ਨਾਮਕਰਨ ਤੱਕ ਅੱਪੜਦਾ ਹੈ। ਰੈਨੇ ਵੈਲਿਕ ਅਤੇ ਆਸਟਨ ਵਾਰਨ ਦੀ ਥੀਊਰੀ ਆਫ਼ ਲਿਟਰੇਚਰ ਵਿੱਚ ਪੇਸ਼ ਇਹ ਧਾਰਨਾ ਦਰੁਸਤ ਹੈ ਕਿ :

> ਇਹਨਾਂ ਪੱਧਤੀਆਂ (ਸਿਧਾਂਤ, ਇਤਿਹਾਸ, ਆਲੋਚਨਾ) ਦਾ ਪ੍ਰਯੋਗ ਇੱਕ ਦੂਸਰੀ ਤੋਂ ਅਛੂਤਾ ਰਹਿ ਕੇ ਨਹੀਂ ਕੀਤਾ ਜਾ ਸਕਦਾ। ਇਹ ਇੱਕ ਦੂਜੇ ਨਾਲ ਏਨੇ ਗਹਿਰੇ ਰਿਸ਼ਤੇ ਵਿੱਚ ਬੱਝੀਆਂ ਹੋਈਆਂ ਹਨ ਕਿ ਬਿਨਾ ਆਲੋਚਨਾ ਅਤੇ ਇਤਿਹਾਸ ਦੇ ਸਿਧਾਂਤ ਦੀ ਜਾਂ ਬਿਨਾਂ ਸਾਹਿਤ ਅਤੇ ਆਲੋਚਨਾ ਦੇ ਇਤਿਹਾਸ ਦੀ ਜਾਂ ਬਿਨਾਂ ਇਤਿਹਾਸ ਅਤੇ ਸਿਧਾਂਤ ਦੇ ਆਲੋਚਨਾ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

ਨਾਰਥਰਪ ਫ਼ਰਾਈ ਨੇ ਆਪਣੇ ਮਜ਼ਮੂਨ "Literary Criticism" ਵਿੱਚ ਸਾਹਿਤ ਆਲੋਚਨਾ ਦੇ ਸਰੂਪ ਨੂੰ ਸਮਝਣ ਲਈ ਦੋ ਕੋਟੀਆਂ ਨਿਰਣਾ-ਮੁੱਖ ਆਲੋਚਨਾ ਅਤੇ ਅਕਾਦਮਿਕ ਆਲੋਚਨਾ ਦਾ ਪ੍ਰਯੋਗ ਕੀਤਾ ਹੈ। ਨਿਰਣਾ- ਮੁੱਖ ਆਲੋਚਨਾ ਨੂੰ ਉਹ ਆਤਮਭਾਵੀ ਪ੍ਰਤਿਕਰਮਾਂ, ਵਿਅਕਤੀਗਤ ਪਸੰਦ-ਨਾਪਸੰਦ, ਭਾਵਨਾ-ਯੁਕਤਤਾ, ਖੰਡਗਤ ਅਧਿਐਨ, ਰਚਨਾ ਬਾਹਰੀ ਵੇਰਵਿਆਂ, ਪੂਰਵ ਮਿਥਿਤ ਧਾਰਨਾਵਾਂ ਅਤੇ ਸਿਧਾਂਤਿਕ ਤੇ ਇਤਿਹਾਸਿਕ ਪਰਿਪੇਖ ਤੋਂ ਵਿਰਵੀਆਂ ਟਿੱਪਣੀਆਂ ਨਾਲ ਜੋੜਦਾ ਹੈ। ਇਸ ਦੇ ਮੁਕਾਬਲੇ ਵਿੱਚ ਉਹ ਅਕਾਦਮਿਕ ਆਲੋਚਨਾ ਨੂੰ ਪ੍ਰਮਾਣਿਕ ਆਲੋਚਨਾ ਦਾ ਦਰਜਾ ਦਿੰਦਾ ਹੋਇਆ ਤਾਰਕਿਕ ਦ੍ਰਿਸ਼ਟੀ, ਵਸਤੂਮੂਲਕਤਾ, ਗਿਆਨ ਪ੍ਰਬੰਧ ਦੀ ਹੋਂਦ ਅਤੇ ਵਿਗਿਆਨਿਕ ਅਧਿਐਨ ਨੂੰ ਇਸਦੇ ਪਛਾਣ-ਚਿੰਨ੍ਹ ਦੱਸਦਾ ਹੈ। ਉਸ ਦੀ ਧਾਰਨਾ ਮੁਤਾਬਕ ਇਹ ਰਚਨਾ ਨੂੰ ਕਲਾਤਮਿਕ ਇਕਾਗਰਤਾ ਵਜੋਂ ਵਿਚਰਦੀ, ਕਾਲਗਤ ਤੇ ਵਿਧਾਗਤ ਪਰਿਪੇਖਾਂ ਪ੍ਰਤਿ ਸੁਚੇਤ ਰਹਿੰਦੀ, ਭ੍ਰਾਂਤੀਆਂ ਤੋਂ ਪੱਲਾ ਬਚਾ ਕੇ ਵਿਚਰਦੀ ਅਤੇ ਬਣਤਰ ਤੋਂ ਬੁਣਤੀ ਤੱਕ ਅਪੜਦੀ ਹੋਈ ਰਚਨਾ ਦੇ ਮੂਲ ਨੁਕਤਿਆਂ ਅਤੇ ਸੰਰਚਨਾਤਮਿਕ- ਨੇਮ ਤੱਕ ਅਪੜਦੀ ਹੈ। ਸਾਹਿਤ ਆਲੋਚਨਾ ਸਮਾਜ-ਮੂਲਕ, ਲੇਖਕ-ਮੂਲਕ, ਪਾਠਕ-ਮੂਲਕ ਅਤੇ ਰਚਨਾ-ਮੂਲਕ ਹੋ ਸਕਦੀ ਹੈ। ਪ੍ਰਮਾਣਿਕ ਆਲੋਚਨਾ ਉਸੇ ਨੂੰ ਮੰਨਿਆ ਜਾਂਦਾ ਹੈ ਜਿਹੜੀ ਬਹੁ-ਕੋਣਾਂ ਤੋਂ ਰਚਨਾ ਦੀਆਂ ਤਹਿਆਂ ਤੇ ਪਰਤਾਂ ਨੂੰ ਫਰੋਲਦੀ ਹੈ। ਇਹ ਸਾਹਿਤ ਦੀ ਵਿਆਖਿਆ-ਵਿਸ਼ਲੇਸ਼ਣ ਰਾਹੀਂ ਜੀਵਨ ਦੇ ਗੰਭੀਰ ਮਸਲਿਆਂ ਅਤੇ ਸੁਲਗਦੇ ਸਵਾਲਾਂ ਨਾਲ ਵੀ ਆਪਣਾ ਨਾਤਾ ਜੋੜਦੀ ਹੈ। ਰਵਿੰਦਰ ਸਿੰਘ ਰਵੀ ਦੀ ਪੁਸਤਕਅਮਰੀਕਾ ਦੀ ਨਵੀਨ ਆਲੋਚਨਾ- ਪ੍ਰਣਾਲੀ ਦੇ ਅਰੰਭ ਵਿੱਚ ਦਰਜ ਇਹ ਧਾਰਨਾ ਭਰੋਸੋਯੋਗ ਹੈ ਕਿ ਸਾਹਿਤ-ਆਲੋਚਨਾ ਸਿਰਫ਼ ਸਾਹਿਤਿਕ ਕਿਰਤਾਂ ਅਤੇ ਲੇਖਕਾਂ ਦੇ ਅਧਿਐਨ ਅਤੇ ਮੁਲਾਂਕਣ ਦੀ ਸਮੱਸਿਆ ਮਾਤਰ ਨਹੀਂ। ਇਹ ਉਸੇ ਕਿਸਮ ਦਾ ਵਿਚਾਰਧਾਰਕ ਮਸਲਾ ਹੈ ਜਿਵੇਂ ਕੋਈ ਵੀ ਹੋਰ ਸਮੱਸਿਆ ਆਪਣੇ ਆਖ਼ਰੀ ਰੂਪ ਵਿੱਚ ਜੀਵਨ- ਦ੍ਰਿਸ਼ਟੀਕੋਣ ਅਤੇ ਵਿਸ਼ਵ-ਦ੍ਰਿਸ਼ਟੀਕੋਣ ਅਨੁਸਾਰ ਵਿਰੋਧੀ ਵਿਚਾਰਧਾਰਕ ਧਿਰਾਂ ਵਿੱਚ ਵੰਡੀ ਜਾ ਸਕਦੀ ਹੈ। ਨਾਰੀਵਾਦੀ ਸਾਹਿਤਕ ਅਲੋਚਨਾ ਹੇਠ ਲਿਖੇ ਕਿਸੇ ਵੀ ਢੰਗ ਦੀ ਵਰਤੋਂ ਕਰ ਸਕਦੀ ਹੈ:

> ਜਿਸ ਤਰੀਕੇ ਨਾਲ ਔਰਤਾਂ ਨੂੰ ਵਰਣਿਤ ਕੀਤਾ ਗਿਆ ਹੈ, ਖ਼ਾਸ ਕਰਕੇ ਜੇ ਲੇਖਕ ਨਰ ਹੈ ਇਹ ਨਾਵਲ, ਕਹਾਣੀਆਂ, ਅਤੇ ਨਾਟਕ, ਅਤੇ ਜੀਵਨੀ ਅਤੇ ਇਤਿਹਾਸ ਸਮੇਤ ਗੈਰ ਅਵਿਸ਼ਪਾਈ ਵਾਲੇ ਔਰਤਾਂ ਦੇ ਕਿਰਦਾਰਾਂ ਵਿੱਚ ਕਾਲਪਨਿਕ ਅੱਖਰਾਂ ਦੋਵਾਂ 'ਤੇ ਲਾਗੂ ਹੁੰਦਾ ਹੈ। ਵਿਭਾਜਿਤ ਕਰਨਾ ਕਿਵੇਂ ਇੱਕ ਵਿਅਕਤੀ ਦੀ ਆਪਣੀ ਲਿੰਗ ਪ੍ਰਭਾਵ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ ਕਿ ਕਿਵੇਂ ਕੋਈ ਪਾਠ ਪੜ੍ਹਦਾ ਹੈ ਅਤੇ ਇੰਟਰਪ੍ਰੇਟ ਕਰਦਾ ਹੈ, ਅਤੇ ਪਾਠਕ ਦੇ ਲਿੰਗ ਤੇ ਨਿਰਭਰ ਕਰਦਾ ਹੈ ਕਿ ਕਿਸ ਅੱਖਰ ਅਤੇ ਕਿਵੇਂ ਪਾਠਕ ਦੀ ਪਛਾਣ ਕੀਤੀ ਜਾਂਦੀ ਹੈ। ਔਰਤਾਂ ਦੀ ਸਵੈ-ਲੇਖਕ ਅਤੇ ਜੀਵਨੀਆਂ ਦੇ ਲੇਖਕ ਕਿਵੇਂ ਆਪਣੀ ਵਿਵਸਥਾ ਨਾਲ ਵਿਹਾਰ ਕਰਦੇ ਹਨ, ਅਤੇ ਕਿਸ ਤਰ੍ਹਾਂ ਜੀਵਨੀਤਾਂ ਉਹਨਾਂ ਔਰਤਾਂ ਨਾਲ ਵਿਵਹਾਰ ਕਰਦੀਆਂ ਹਨ ਜੋ ਮੁੱਖ ਵਿਸ਼ਾ ਤੇ ਸੈਕੰਡਰੀ ਹਨ। ਸਾਹਿਤਿਕ ਪਾਠ ਅਤੇ ਪਾਵਰ ਅਤੇ ਲਿੰਗਕਤਾ ਅਤੇ ਲਿੰਗ ਬਾਰੇ ਵਿਚਾਰਾਂ ਦੇ ਸਬੰਧਾਂ ਨੂੰ ਬਿਆਨ ਕਰਨਾ। ਪੋਤਵੀ ਜਾਂ ਔਰਤ-ਮਾਮੂਲੀ ਜਿਹੀ ਭਾਸ਼ਾ ਦੀ ਕ੍ਰਿਤੀਕ, ਜਿਵੇਂ ਕਿ "ਸਰਵ" ਸਰਵਵਿਆਪੀ ਸ਼ਬਦ "ਉਹ" ਅਤੇ "ਉਸਨੂੰ।" ਮਰਦ ਅਤੇ ਔਰਤਾਂ ਕਿਵੇਂ ਲਿਖਦੇ ਹਨ ਕਿ ਕਿਵੇਂ ਅੰਤਰ-ਮੰਤਰ ਅਤੇ ਅੰਤਰਾਂ ਨੂੰ ਖੋਲ੍ਹਣਾ: ਇੱਕ ਸ਼ੈਲੀ, ਉਦਾਹਰਣ ਵਜੋਂ, ਜਿੱਥੇ ਔਰਤਾਂ ਵਧੇਰੇ ਪ੍ਰਭਾਵੀ ਭਾਸ਼ਾ

ਦੀ ਵਰਤੋਂ ਕਰਦੀਆਂ ਹਨ ਅਤੇ ਮਰਦ ਵਧੇਰੇ ਸਿੱਧੀ ਭਾਸ਼ਾ ਵਰਤਦੇ ਹਨ (ਉਦਾਹਰਨ: "ਉਹ ਆਪਣੇ ਆਪ ਨੂੰ" ਬਨਾਮ "ਵਿੱਚ ਦਰਸਾਉਂਦੀ ਸੀ"।

ਡਾ. ਹਰਨਾਮ ਸਿੰਘ ਸ਼ਾਨ ਅਨੁਸਾਰ ਪੰਜਾਬੀ ਸਾਹਿਤ-ਆਲੋਚਨਾ ਦਾ ਆਰੰਭ ਪੰਦਰਵੀਂ ਸਦੀ ਤੋਂ ਹੀ ਹੋਇਆ ਸੀ।ਉਨ੍ਹਾਂ ਅਨੁਸਾਰ ਪੰਜਾਬੀ ਵਿੱਚ ਪਰਖ-ਪੜਚੋਲ ਦਾ ਜਨਮ, ਪੰਦਰਵੀਂ ਸਦੀ ਵਿੱਚ ਗੁਰੂ ਨਾਨਕ ਸਾਹਿਬ ਦੇ ਪਰਵੇਸ਼ ਨਾਲ ਹੀ ਹੋ ਗਿਆ ਸੀ।ਉਹਨਾਂ ਨੇ ਆਪਣੇ ਪੂਰਬ ਕਾਲੀ ਤੇ ਵਰਤਮਾਨ ਪੰਜਾਬੀ ਦੇ ਆਦਿ ਕਵੀ ਸ਼ੇਖ ਫਰੀਦ ਜੀ ਦੇ ਕੁੱਝ ਬਚਨਾਂ ਤੇ ਵਿਚਾਰਾਂ ਦੀ ਵਿਆਖਿਆਂ ਜਾਂ ਟੀਕਾ ਟਿੱਪਣੀ ਕਰਕੇ ਇਸ ਦਾ ਮੁੱਢ ਬੰਨ੍ਹਿਆ ।ਉਹਨਾਂ ਨੇ ਬਾਬਾ ਫਰੀਦ ਬਾਣੀ ਧੁਰ ਗੁਰੂ ਵਿਅਕਤੀਆਂ ਵੱਲੋਂ ਕੀਤੇ ਗਏ ਕਿੰਤੂਆਂ ਜਾਂ ਦਿੱਤੀਆ ਗਈਆ ਟਿੱਪਣੀਆਂ ਨੂੰ ਆਪਣੀ ਉਪਰੋਕਤ ਉਕਤੀ ਦਾ ਆਧਾਰ ਬਣਾਇਆ।ਡਾ. ਹਰਨਾਮ ਸਿੰਘ ਸ਼ਾਨ ਨੇ ਪੰਜਾਬੀ ਕਵੀਆਂ, ਵਿਸ਼ੇਸ ਤੌਰ ਤੇ ਕਿੱਸਾਕਾਰਾਂ ਵੱਲੋਂ ਕੀਤੀ ਗਈ ਸਵੈਪੜਚੋਲ ਜਾਂ ਸਾਥੀ ਕਿੱਸਾਕਾਰਾਂ ਦੀਆਂ ਕਿਰਤਾਂ ਬਾਰੇ ਵਿਚਾਰਾਂ ਨੂੰ ਈ ਪੰਜਾਬੀ ਸਾਹਿਤ ਦੀ ਮੋਢੀ ਆਲੋਚਨਾ ਮੰਨਿਆ ਹੈ।ਵਾਰਿਸ, ਅਹਿਮਦਯਾਰ ਆਦਿ ਨੂੰ ਆਲੋਚਕ ਹੀ ਨਹੀਂ ਮੰਨਿਆਂ ਸਗੋਂ ਅਹਿਮਦਯਾਰ ਨੂੰ ਇੱਕ ਆਦਰਸ਼ਕ ਸਮਾਲੋਚਕ ਦੇ ਸਾਰੇ ਗੁਣਾਂ ਦਾ ਧਾਰਨੀ ਕਿਹਾ ਹੈ ਕਿਉਂਕਿ ਉਸ ਨੇ ਵਾਰਸ ਦੀ ਰਚਨਾ ਨੂੰ ਚੰਗੀ ਤਰ੍ਹਾਂ ਪੜ੍ਹਿਆ, ਘੋਖਿਆ।ਉਸ ਦੀਆਂ ਦਿਲ ਡੂੰਘਾਈਆਂ ਤੱਕ ਅੱਪੜਿਆ, ਉਸਦੀ ਕਲਾ ਨੂੰ ਜਾਂਚਿਆ- ਪਰਖਿਆ ਅਤੇ ਆਪਣੇ ਨਿੱਜੀ ਅਨੁਭਵ, ਵਿਸ਼ਾਲ ਵਾਕਫੀ ਤੇ ਅਮੁੱਕ ਅਭਿਆਸ ਅਤੇ ਪਹਿਲੀਆਂ ਹੀਰਾਂ ਦੇ ਤੁਲਨਾਤਮਕ ਅਧਿਐਨ ਦੇ ਆਧਾਰ ਤੇ ਉਸਦੀ ਕਿਰਤ ਅਤੇ ਕਲਾ- ਕੁਸ਼ਲਤਾ ਦਾ ਜਾਇਜਾਂ ਲਿਆ ਜਾਪਦਾ ਹੈ|

ਡਾ. ਸ਼ਾਨ ਨੇ ਹਾਸ਼ਮ ਮਹੁੰਮਦ ਬਖਸ਼, ਫ਼ਜ਼ਲ ਸ਼ਾਹ, ਪੀਰ ਨੇਕ ਆਲਮ ਆਦਿ ਸ਼ਾਇਰਾਂ ਨੂੰ ਆਲੋਚਕਾਂ ਦੀ ਉਪਰੋਕਤ ਸੂਚੀ ਵਿੱਚ ਸ਼ਾਮਿਲ ਕੀਤਾ ਹੈ।ਪਿਆਰਾ ਸਿੰਘ ਭੋਗਲੇ ਲਿਖਦੇ ਹਨ:- ਸਭ ਤੋਂ ਪਹਿਲਾਂ ਗੁਰੂ ਨਾਨਕ ਨੇ ਸਾਹਿਤਪਰਖਣ ਤੇ ਸੰਪਾਦਨ ਕਰਨ ਤਾ ਕੰਮ ਆਰੰਭ ਕੀਤਾ ਸੀ।ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਦਾ ਸੰਪਾਦਨ ਕਰਕੇ ਪੰਜਾਬੀ ਆਲੋਚਨਾ ਦਾ ਮਿਆਰ ਕਾਇਮ ਕੀਤਾ। ਭਾਵੇਂ ਡਾ.ਰਵਿੰਦਰ ਰਵੀ ਨੇ ਆਪਣੇ ਮਜਮੂਨ' ਪੰਜਾਬੀ ਆਲੋਚਨਾ ਦਾ ਜਨਮ ਵਿੱਚ ਅਤੇ ਵਿਕਾਸ ਵਿੱਚ ਪੰਜਾਬੀ ਸਾਹਿਤ ਆਲੋਚਨਾ ਦੀ ਪਰੰਪਰਾ ਨੂੰ ਆਪਣੇ ਪੂਰਵਕਾਲੀ ਅਤੇ ਸਮਕਾਲੀ ਚਿੰਤਕਾ ਵਾਂਗ ਮੱਧਕਾਲ ਤਕ ਪਹੁੰਚਾ ਕੇ ਵੇਖਿਆ ਹੈ।ਪਰੰਤੂ ਅੰਗਰੇਜਾਂ ਦੇ ਪੰਜਾਬ ਵਿੱਚ ਆਉਣ ਤੋ ਬਾਅਦ ਪੰਜਾਬੀ ਆਲੋਚਨਾ ਦਾ ਜਿਸ ਪ੍ਰਕਾਰ ਦਾ ਸਰੂਪ ਬਣਾਇਆ ਉਸ ਸਰੂਪ ਪਿੱਛੇ ਕਾਰਜਸ਼ੀਲ ਕਾਰਣਾ ਦੀ ਉਸ ਠੀਕ ਨਿਸ਼ਾਨਦੇਹੀ ਕੀਤੀ ਹੈ ਪਹਿਲਾਂ ਕਾਰਨ ਉਸ ਇਹ ਦੱਸਿਆ ਹੈ ਕਿ ' ਪਹਿਲੀ ਵਾਰ ਕਿਸੇ ਉਨਤ ਕੌਮ ਦੀ ਸਾਹਿਤ ਪਰੰਪਰਾ ਅਤੇ ਆਲੋਚਨਾ ਦੇ ਵਿਕਸਿਤ ਰੂਪਾ ਨਾਲ ਸਾਡਾ ਪਰਿਚਯ ਸੰਭਵ ਹੋਇਆ।ਵੱਖ ਵੱਖ ਖੇਤਰਾਂ ਵਿੱਚ ਵਿਗਿਆਨ ਦੇ ਪ੍ਰਵੇਸ਼ ਕਰਨ ਦੀ ਬਦੌਲਤ ਸਮੁੱਚੀ ਸੋਚ ਵਿਧੀ ਅਧਿਕ ਤਰਕਸੰਗਤ ਅਤੇ ਬੌਧਿਕ ਹੋਣ ਵੱਲ ਰੁਚਿਤ ਹੋਣ ਕਰਕੇ ਆਲੋਚਨਾ ਦੇ ਵਿਕਸਿਤ ਸੁਭਾਅ ਦਾ ਨਿਸ਼ਚਿਤ ਹੋਣਾ ਸੰਭਵ ਹੋਇਆ।ਦੂਜਾ ਕਾਰਣ ਉਸ ਇਹ ਦੱਸਿਆ ਕੀ ਸਾਹਿਤ ਅਧਿਐਨ ਸਾਧਾਰਨ ਪਾਠਸ਼ਾਲਾਵਾ ਮਸੀਤਾ,ਗੁਰਦੁਆਰਿਆਂ ਅਤੇ ਧਰਮਸ਼ਾਲਾਵਾ ਵਿੱਚੋ ਨਿਕਲ ਕੇ ਸਕੂਲਾਂ ਕਾਲਜਾਂ ਵਿੱਚ ਆਉਣ ਨਾਲ ਇਸ ਪ੍ਰਤੀ ਸਮੁੱਚੀ ਪਹੁੰਚ ਦਾ ਪਰਿਵਰਤਨ ਹੋਣਾ ਸੁਭਾਵਿਕ ਸੀ। ਸੁਆਲ ਪੈਦਾ ਇਹ ਹੁੰਦਾ ਹੈ। ਕਿ ਸਾਡੇ ਮੁਢਲੇ ਚਿੰਤਕ ਮੋਲਾ ਬਖਸ ਕੁਸ਼ਤਾ,ਬਾਵਾ ਬੁੱਧ ਸਿੰਘ, ਮੋਹਨ ਸਿੰਘ ਦੀਵਾਨਾ ਅਤੇ ਪ੍ਰਿੰ ਤੇਜਾ ਸਿੰਘ ਆਦਿ ਸਾਮਗਰੀ ਦੇ ਇੱਕਤਰੀਕਰਣ ਵੱਲ ਰੁਚਿਤ ਕਿਉ ਹੁੰਦੇ ਹਨ?ਉਨ੍ਹਾਂ ਦੀ ਬਿਰਤੀ ਮੰਚੈ ਮੁਖ ਕਿਉ ਹੈ?

ਔਰਤਾਂ ਦੇ ਲੇਖਕ ਜਿਨ੍ਹਾਂ ਨੂੰ ਬਹੁਤ ਘੱਟ ਜਾਣਿਆ ਜਾਂਦਾ ਹੈ ਜਾਂ ਉਹਨਾਂ ਨੂੰ ਹਾਸ਼ੀਏ 'ਤੇ ਜਾਂ ਅੰਡਰੋਲਵੂਇਡ ਕੀਤਾ ਗਿਆ ਹੈ, ਕਦੇ ਕਦਾਈਂ ਕੈਨਾ ਦੀ ਵਿਸਥਾਰ ਜਾਂ ਆਲੋਚਨਾ ਕਰਨ ਲਈ ਕਹਿੰਦੇ ਹਨ - "ਮਹੱਤਵਪੂਰਨ" ਲੇਖਕਾਂ ਅਤੇ ਕੰਮਾਂ ਦੀ ਆਮ ਸੂਚੀ. ਐਲਿਸ ਵਾਕਰ ਦੁਆਰਾ ਜ਼ੋਰਾ ਨੀਲ ਹੁਰਸਟਨ ਦੀ ਲਿਖਤ ਦੀ ਪ੍ਰਾਪਤੀ ਇਕ ਉਦਾਹਰਣ ਹੈ, ਮੁਢਲੇ ਨਾਟਕਕਾਰ ਅਪਰ ਬਹਿਰ ਦੇ ਯੋਗਦਾਨ ਨੂੰ ਉਭਾਰਨਾ , ਇਹ ਦਿਖਾਉਂਦੇ ਹੋਏ ਕਿ ਮਰਦ ਲੇਖਕਾਂ ਦੇ ਮੁਕਾਬਲੇ ਉਨ੍ਹਾਂ ਨਾਲ ਵਿਹਾਰ ਕਰਨਾ ਵੱਖਰਾ ਸੀ। ਸਾਹਿਤ ਵਿੱਚ ਮਹੱਤਵਪੂਰਣ ਯੋਗਦਾਨ ਦੇ ਤੌਰ ਤੇ 'ਮਾਦਾ ਦੀ ਅਵਾਜ਼' ਦੀ ਪੁਨਰ ਪ੍ਰਾਪਤੀ, ਭਾਵੇਂ ਕਿ ਪਹਿਲਾਂ ਹਾਸ਼ੀਏ 'ਤੇ ਜਾਂ ਅਣਗੌਲਿਆਂ ਕੀਤਾ ਗਿਆ ਸੀ।ਇਸ ਕਿਸਮ ਦੇ ਨਾਰੀਵਾਦੀ ਨਜ਼ਰੀਏ ਦੀ ਇੱਕ ਸੰਖੇਪ ਜਾਣਕਾਰੀ ਦੇ ਰੂਪ ਵਿੱਚ, ਇੱਕ ਵਿਧਾ ਵਿੱਚ ਬਹੁਤ ਸਾਰੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕਰਨਾ: ਉਦਾਹਰਨ ਲਈ, ਵਿਗਿਆਨ ਗਲਪ ਜਾਂ ਡਿਟੈਕਟਿਵ ਫਿਕਸ਼ਨ। ਇੱਕ ਲੇਖਕ (ਅਕਸਰ ਮਾਦਾ) ਵੱਲੋਂ ਕਈ ਕੰਮਾਂ ਦਾ ਵਿਸ਼ਲੇਸ਼ਣ ਕਰਨਾ ਇਹ ਜਾਣਨਾ ਕਿ ਕਿਵੇਂ ਪੁਰਸ਼ਾਂ ਅਤੇ ਔਰਤਾਂ ਅਤੇ ਨਰ ਅਤੇ ਮਾਦਾ ਭੂਮਿਕਾਵਾਂ ਨੂੰ ਮੰਨਣ ਵਾਲਿਆਂ ਵਿਚਕਾਰ ਸੰਬੰਧਾਂ ਨੂੰ ਪਾਵਰ ਸੰਬੰਧਾਂ ਸਮੇਤ ਪਾਠ ਵਿਚ ਦਰਸਾਇਆ ਗਿਆ ਹੈ। ਪਾਠਾਂ ਦੀ ਜਾਂਚ ਕਰਨ ਲਈ ਜਿਸ ਤਰੀਕੇ ਨਾਲ ਪੁਰਾਤੱਤਵ ਦਾ ਵਿਰੋਧ ਕੀਤਾ ਗਿਆ ਹੈ ਜਾਂ ਵਿਰੋਧ ਕੀਤਾ ਜਾ ਸਕਦਾ ਹੈ।

ਡਾ. ਧਨਵੰਤ ਕੌਰ (ਜਨਮ 15 ਅਗਸਤ 1956) ਸਾਬਕਾ ਪ੍ਰੋਫੈਸਰ ਇੰਚਾਰਜ, ਪਬਲਿਕੇਸ਼ਨ ਬਿਊਰੋ ਅਤੇ ਸਾਬਕਾ ਮੁਖੀ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਪੰਜਾਬੀ ਦੇ ਵਿਦਵਾਨ ਹਨ। ਡਾ. ਧਨਵੰਤ ਕੌਰ ਨੇ ਆਪਣਾ ਐਮ. ਫਿਲ ਦਾ ਖੋਜ ਕਾਰਜ 'ਆਧੁਨਿਕ ਪੰਜਾਬੀ ਕਹਾਣੀ ਦੀਆਂ ਪ੍ਰਵਿਰਤੀਆਂ' ਵਿਸ਼ੇ ਅਧੀਨ (ਨਿਗਰਾਨ-ਡਾ. ਸੁਰਿੰਦਰਪਾਲ ਸਿੰਘ) ਪੇਸ਼ ਕੀਤਾ ਅਤੇ ਉਹਨਾਂ ਦਾ ਪੀਐਚ.ਡੀ (ਖੋਜ ਪ੍ਰਬੰਧ) 'ਪੰਜਾਬੀ ਗਲਪ ਵਿੱਚ ਆਧੁਨਿਕ ਬੋਧ' (ਨਿਗਰਾਨ-ਡਾ.ਸੁਰਿੰਦਰਪਾਲ ਸਿੰਘ) ਵਿਸ਼ੇ ਤੇ ਸੀ। ਆਲੋਚਨਾ ਪੁਸਤਕਾਂ

ਹਨ- ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ-.ਸ਼ਾਸਤਰੀ ਅਧਿਐਨ, ਪੰਜਾਬੀ ਕਹਾਣੀ ਸ਼ਾਸਤਰ: ਆਲੋਚਨਾ, ਗਲਪਕਾਰ ਡਾ. ਦਲੀਪ ਕੌਰ ਟਿਵਾਣਾ, ਪ੍ਰੋ. ਮੋਹਨ ਸਿੰਘ ਰਚਨਾਵਲੀ

**ਇਨਾਮ ਸਨਮਾਨ**

- ਭਾਸ਼ਾ ਵਿਭਾਗ ਪੰਜਾਬ
- ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ,
- ਪ੍ਰਗਤੀਸ਼ੀਲ ਲਿਖਾਰੀ ਸਭਾ, ਬ੍ਰਿਟੇਨ,
- ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ, ਅਮਰੀਕਾ,
- ਸਤਵਿੰਦਰ ਕੌਰ ਉੱਪਲ ਯਾਦਗਾਰੀ ਸਨਮਾਨ,
- ਪ੍ਰੋ. ਪੂਰਨ ਸਿੰਘ ਯਾਦਗਾਰੀ ਸਨਮਾਨ

ਡਾ. ਵਨੀਤਾ ਪੰਜਾਬੀ ਸਾਹਿਤ ਸਿਰਜਨਾ ਲਈ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਹਾਸਿਲ ਕਰਨ ਵਾਲੀ ਕਵਿਤਰੀ ਹੈ। ਉਸ ਦੀ ਪੁਸਤਕ "ਕਾਲ ਪਹਿਰ ਅਤੇ ਘੜੀਆਂ" ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਹੈ। ਕਾਵਿ ਸਿਰਜਣਾ ਦੇ ਨਾਲ ਨਾਲ ਉਹ ਸਾਹਿਤ ਸਮੀਖਿਆ ਦੇ ਖੇਤਰ ਵਿੱਚ ਵੀ ਸਰਗਰਮ ਆਲੋਚਕ ਹੈ। ਸਮੀਖਿਆ ਪੁਸਤਕਾਂ ਹਨ- ਉੱਤਰ ਆਧੁਨਿਕਤਾ ਅਤੇ ਕਵਿਤਾ, ਨਾਰੀਵਾਦ ਤੇ ਸਾਹਿਤ, ਕਵਿਤਾ ਦੀਆਂ ਪਰਤਾਂ, ਰਚਨਾ ਵਿਸ਼ਲੇਸ਼ਣ, ਕਹਾਣੀ ਦੀਆਂ ਪਰਤਾਂ।

ਡਾ. ਚਰਨਜੀਤ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਵਿੱਚੋਂ ਪ੍ਰੋਫੈਸਰ ਰਿਟਾਇਰ ਹੋਏ ਹਨ। ਡਾ. ਚਰਨਜੀਤ ਕੌਰ ਲੰਮਾਂ ਸਮਾਂ ਪੰਜਾਬ ਸਟੂਡੈਂਟ ਯੂਨੀਅਨ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਨਾਲ ਜੁੜੇ ਰਹੇ ਹਨ।

**ਪੁਸਤਕਾਂ**

- ਨਾਰੀ ਚੇਤਨਾ
- ਔਰਤ ਦਸ਼ਾ ਤੇ ਦਿਸ਼ਾ
- ਬੋਲੀਆਂ ਦਾ ਖੂਹ ਭਰ ਦਿਆਂ
- ਬੋਲੀਆਂ ਦੀ ਰੇਲ ਭਰਾਂ

ਡਾ. ਹਰਿੰਦਰ ਕੌਰ ਸੋਹਲ ਦੀ ਲੋਕ ਧਾਰਾ ਲੋਕ ਗਾਇਕੀ, ਲੋਕ ਨਾਚ ਤੇ ਧਰਤੀ ਦੀ ਮਰਯਾਦਾ ਵਿੱਚ ਵਿਸ਼ੇਸ਼ ਦਿਸਚਸਪੀ ਹੈ। ਤਰਨਤਾਰਨ ਦੀ ਮਿੱਟੀ ਵਿੱਚ ਜਿੱਥੇ ਗੁਰੂ ਸਾਹਿਬਾਨ ਦੀਆਂ ਅਮਿਟ ਪੈੜਾਂ ਨੇ, ਉਥੇ ਮਾਈ ਭਾਗੋ ਦੀ ਬਹਾਦਰੀ, ਸਿਦਕ ਦਿਲੀ ਤੇ ਸਮਰਪਿਤ ਭਾਵਨਾ ਵੀ ਵਿੱਦਮਾਨ ਹੈ। ਹਰਿੰਦਰ ਨੇ ਇਸ ਵਿੱਚੋਂ ਬਹੁਤ ਕੁਝ ਗੁੜ੍ਹਤੀ ਵਾਂਗ ਜੀਵਨ ਵਿਹਾਰ ਚ ਰਮਾਇਆ ਹੈ। ਡਾ: ਹਰਿੰਦਰ ਕੌਰ ਸੋਹਲ ਦਾ ਜਨਮ ਪਿੰਡ ਚੁਤਾਲਾ( ਤਰਨਤਾਰਨ) ਵਿਖੇ ਸ: ਗੁਰਦੀਪ ਸਿੰਘ ਸੋਹਲ ਦੇ ਘਰ ਮਾਤਾ ਸਰਦਾਰਨੀ ਸਤਵੰਤ ਕੌਰ ਦੀ ਕੁੱਖੋਂ 12 ਜੂਨ 1979 ਨੂੰ ਹੋਇਆ। ਸ: ਜਸਬੀਰ ਸਿੰਘ ਸੰਧੂ ਦੀ ਜੀਵਨ ਸਾਥਣ ਹਰਿੰਦਰ ਇਕਲੌਤੇ ਸਪੁੱਤਰ ਕੁੰਵਰ ਪ੍ਰਤਾਪ ਸਿੰਘ ਸੰਧੂ ਦੀ ਮਾਂ ਹੈ। ਉਸ ਦੇ ਪੇਕੇ ਸਹੁਰੇ ਦੋਵੇਂ ਹੀ ਤਰਨਤਾਰਨ ਵਿੱਚ ਹੀ ਹਨ।

ਪੰਜਾਬੀ ਭਾਸ਼ਾ ਤੇ ਸਾਹਿੱਤ ਦੇ ਅਸਿਸਟੈਂਟ ਪ੍ਰੋਫੈਸਰ ਵਜੋਂ ਹਿੰਦੂ ਕਾਲਜ ਅੰਮ੍ਰਿਤਸਰ ਵਿੱਚ ਕਾਰਜਸ਼ੀਲ ਡਾ. ਹਰਿੰਦਰ ਕੌਰ ਸੋਹਲ ਖੋਜ ਕਾਰਜਾਂ ਦੇ ਨਾਲ ਨਾਲ ਕਾਵਿ ਸਾਹਿੱਤ ਸਿਰਜਣਾ ਵੀ ਕਰਦੀ ਹੈ। ਹਰਿੰਦਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਖਾਲਸਾ ਕਾਲਿਜ ਫਾਰ ਵਿਮੈੱਨ ਅੰਮ੍ਰਿਤਸਰ, ਖਾਲਸਾ ਕਾਲਿਜ ਅੰਮ੍ਰਿਤਸਰ ਗੁਰੂ ਗੋਬਿੰਦ ਸਿੰਘ ਕਾਲਿਜ ਸਰਹਾਲੀ ਤੇ ਹਿੰਦੂ ਕਾਲਿਜ ਅੰਮ੍ਰਿਤਸਰ ਚ ਹੁਣ ਤੀਕ ਬਾਰਾਂ ਸਾਲ ਪੜ੍ਹਾ ਚੁਕੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਬੀ.ਏ(ਆਨਰਜ਼), ਮੈਰਿਟ ਨਾਲ ਕਰ ਕੇ ਐੱਮ ਏ(ਆਨਰਜ਼) ਪੰਜਾਬੀ ਵੀ ਗੋਲਡ ਮੈਡਲਿਸਟ ਵਜੋਂ ਕੀਤੀ। ਐਮ.ਫਿਲ ਤੋਂ ਬਾਅਦ ਯੂ.ਜੀ.ਸੀ ਸਕਾਲਰਸ਼ਿਪ ਤੇ ਪੀ. ਐਚ. ਡੀ (ਪੰਜਾਬੀ ਗਾਇਕੀ ਬਦਲਦਾ ਸਰੂਪ) ਡਾ: ਗੁਰਮੀਤ ਸਿੰਘ ਦੀ ਅਗਵਾਈ ਹੇਠ ਕੀਤੀ। ਗੁਰੂ ਨਾਨਕ ਯੂਨੀਵਰਸਿਟੀ ਤੋਂ ਹੀ ਐਮ .ਏ (ਧਾਰਮਿਕ ਅਧਿਐਨ) ਵੀ ਮੈਰਿਟ 'ਚ ਰਹਿ ਕੇ ਕੀਤੀ। ਖੋਜ

ਸਬੰਧੀ ਵਿਸ਼ਾਲ ਤੇ ਵੱਡ ਆਕਾਰੀ ਪੁਸਤਕ ਪੰਜਾਬੀ ਗਾਇਕੀ ਵਿਭਿੰਨ ਪਾਸਾਰ 2012 ਤੋਂ ਇਲਾਵਾ ਲੋਕ ਕਾਵਿ:ਨਾਰੀ ਦ੍ਰਿਸ਼ਟੀ(2016) ਮਹੱਤਵ ਪੂਰਨ ਪੇਸ਼ਕਾਰੀ ਹੈ। 25 ਤੋਂ ਵੱਧ ਖੋਜ ਪੱਤਰ ਤੇ ਅਨੇਕਾਂ ਰੇਡੀਉ ਟੀ ਵੀ ਵਾਰਤਾਵਾਂ ਤੇ ਵਿਚਾਰ ਵਟਾਂਦਰੇ ਉਸ ਦੀ ਲਿਆਕਤ ਦਾ ਲੋਹਾ ਮੰਨਵਾਉਂਦੇ ਹਨ। ਵੱਖ ਵੱਖ ਯੂਨੀਵਰਸਿਟੀਆਂ ਚ ਗਿੱਧੇ ਦੀ ਨਿਰਣਾਇਕ ਵਜੋਂ ਉਸ ਦੀ ਪਛਾਣ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਰਵੋਤਮ ਗਿੱਧਾ ਡਾਂਸਰ ਰਹਿਣ ਕਾਰਨ ਉਸ ਨੂੰ ਇਹ ਮਾਣ ਮਿਲਦਾ ਹੈ। ਡਾ: ਹਰਿੰਦਰ ਕੌਰ ਸੋਹਲ ਦੀਆਂ ਕਵਿਤਾਵਾਂ ਚੋਂ ਮਿੱਟੀ, ਰੁੱਖ, ਰਵਾਇਤ ਤੇ ਲੋਕ ਧਾਰਾ ਦੇ ਲੁਕਵੇਂ ਹਵਾਲੇ ਪ੍ਰਤੱਖ ਅਪ੍ਰਤੱਖ ਰੂਪ ਚ ਪ੍ਰਗਟ ਹੁੰਦੇ ਤੁਸੀਂ ਮਹਿਸੂਸ ਕਰ ਸਕਦੇ ਹੋ।

## ਸਾਰ-ਅੰਸ਼

ਸਾਹਿਤ ਆਲੋਚਨਾ ਸਮਾਜ-ਮੂਲਕ, ਲੇਖਕ-ਮੂਲਕ, ਪਾਠਕ-ਮੂਲਕ ਅਤੇ ਰਚਨਾ-ਮੂਲਕ ਹੋ ਸਕਦੀ ਹੈ। ਪ੍ਰਮਾਣਿਕ ਆਲੋਚਨਾ ਉਸੇ ਨੂੰ ਮੰਨਿਆ ਜਾਂਦਾ ਹੈ ਜਿਹੜੀ ਬਹੁ-ਕੋਣਾਂ ਤੋਂ ਰਚਨਾ ਦੀਆਂ ਤਹਿਆਂ ਤੇ ਪਰਤਾਂ ਨੂੰ ਫਰੋਲਦੀ ਹੈ। ਇਹ ਸਾਹਿਤ ਦੀ ਵਿਆਖਿਆ-ਵਿਸ਼ਲੇਸ਼ਣ ਰਾਹੀਂ ਜੀਵਨ ਦੇ ਗੰਭੀਰ ਮਸਲਿਆਂ ਅਤੇ ਸੁਲਗਦੇ ਸਵਾਲਾਂ ਨਾਲ ਵੀ ਆਪਣਾ ਨਾਤਾ ਜੋੜਦੀ ਹੈ। ਰਵਿੰਦਰ ਸਿੰਘ ਰਵੀ ਦੀ ਪੁਸਤਕ ਅਮਰੀਕਾ ਦੀ ਨਵੀਨ ਆਲੋਚਨਾ- ਪ੍ਰਣਾਲੀ ਦੇ ਅਰੰਭ ਵਿੱਚ ਦਰਜ ਇਹ ਧਾਰਨਾ ਭਰੋਸੇਯੋਗ ਹੈ ਕਿ ਸਾਹਿਤ-ਆਲੋਚਨਾ ਸਿਰਫ਼ ਸਾਹਿਤਿਕ ਕਿਰਤਾਂ ਅਤੇ ਲੇਖਕਾਂ ਦੇ ਅਧਿਐਨ ਅਤੇ ਮੁਲਾਂਕਣ ਦੀ ਸਮੱਸਿਆ ਮਾਤਰ ਨਹੀਂ। ਇਹ ਉਸੇ ਕਿਸਮ ਦਾ ਵਿਚਾਰਧਾਰਕ ਮਸਲਾ ਹੈ ਜਿਵੇਂ ਕੋਈ ਵੀ ਹੋਰ ਸਮੱਸਿਆ ਆਪਣੇ ਆਖ਼ਰੀ ਰੂਪ ਵਿੱਚ ਜੀਵਨ- ਦ੍ਰਿਸ਼ਟੀਕੋਣ ਅਤੇ ਵਿਸ਼ਵ-ਦ੍ਰਿਸ਼ਟੀਕੋਣ ਅਨੁਸਾਰ ਵਿਰੋਧੀ ਵਿਚਾਰਧਾਰਕ ਧਿਰਾਂ ਵਿੱਚ ਵੰਡੀ ਜਾ ਸਕਦੀ ਹੈ।

## ਮੁੱਖ/ਕੇਂਦਰੀ ਸ਼ਬਦ:

- ਨਵੀਨ---ਨਵਾਂ
- ਮੁਲਾਂਕਣ---ਮੁੱਲ ਦੱਸਣਾ
- ਆਧੁਨਿਕਤਾ---ਸਥਿਤੀ
- ਕਲਪਾਨਤਮਿਕ---ਕਾਲਪਨਿਕ
- ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

ਪ੍ਰਸ਼ਨ 1. ਆਲੋਚਨਾ ਸ਼ਬਦ ਕੀ-ਕੀ ਅਰਥ ਹਨ?

ੳ ਸਮੀਖਿਆ

ਅ ਪਰਖ

ੲ ਪੜਚੋਲ

ਸ ਉਪਰੋਕਤ ਸਾਰੇ

ਪ੍ਰਸ਼ਨ 2. ਸਿਸਟਮੀ ਪੁਸਤਕ ਕਿਸਦੀ ਹੈ?

ੳ ਹਰਿਭਜਨ ਸਿੰਘ

ਅ ਸੰਤ ਸਿੰਘ ਸੇਖੋਂ

ੲ ਹੈਲਨ ਸਿਕਸੂ

ਸ ਚਾਰਲਜ਼ ਫੂਰੀਏ

ਪ੍ਰਸ਼ਨ 3. ਸੈਕਿੰਡ ਸੈਕਸ ਪੁਸਤਕ ਕਿਸਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 4. ''ਜੀਵ ਵਿਗਿਆਨ, ਮਨੋਵਿਸਲੇਸ਼ਣੀ ਸਿਧਾਂਤ ਅਤੇ ਇਤਿਹਾਸਕ ਪਦਾਰਥਵਾਦ ਦੇ ਨਜ਼ਰੀਏ ਤੋਂ ਨਾਰੀ ਨੂੰ ਪਰਿਭਾਸ਼ਿਤ ਕਰਨ ਦੇ ਅੱਡੋ-ਅੱਡ ਸਿਧਾਂਤਾ ਦਾ ਲੇਖਾ ਜੋਖਾ ਕਰਦਿਆ ਉਸਨੇ ਨਿਰਣਾ ਕੀਤਾ ਕਿ ਇਹ ਤਿੰਨੇ ਖੇਸੇ ਨਾਰੀ ਦੀ ਹੋਂਦ ਸਥਿਤੀ ਅਤੇ ਹੋਦ ਚੇਤਨਾ ਨਾਲ ਨਿਆਂ ਨਹੀ ਕਰ ਰਹੇ''

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 5. ਔਰਤ ਨੂੰ ਜੀਵ ਦੇ ਲਵੇ ਰੂਪਾਂ ਵਿੱਚ ਢਲਣਾ ਚਾਹੀਦਾ ਹੈ ਤੇ ਆਪਣੇ ਢੰਗ ਨਾਲ ਲੇਖਣ ਕਰਨਾ ਚਾਹੀਦਾ ਹੈ ਤਾ ਜੋ ਆਪਣੇ ਆਪ ਨੂੰ ਬਿਆਨ ਕਰ ਸਕੇ।

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 6. ਨਾਰੀਵਾਦ ਔਰਤਾਂ ਦਾ ਸਮਾਜਿਕ ਉਤਪਾਦਨ ਦੇ ਵਿੱਚ ਸ਼ਾਮਿਲ ਹੋਣ ਤੇ ਔਰਤ ਨੂੰ ਬਰਾਬਰ ਦੇ ਮੋਕੇ ਦਿੱਤੇ ਜਾਣ ਦੀ ਗੱਲ ਕਰਦਾ ਹੈ। ਇਹ ਔਰਤ ਦੀ ਦੂਜੀ ਸਥਿਤੀ ਦਾ ਕਾਰਨ ਆਰਥਿਕਤਾ ਨੂੰ ਮੰਨਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 7. ਔਰਤ ਦੇ ਦਮਨ ਦਾ ਸਿਧਾਂਤ ਲਿੰਗਕ ਪਛਾਨ ਦਾ ਮਾਨਸਿਕ ਉਸਾਰ ਨਾਲ ਸਬੰਧਿਤ ਹੈ। ਪਰ ਇਸ ਤਰ੍ਹਾਂ ਇਹ ਸੰਕਲਪ ਔਰਤ ਦੀ ਸਥਿਤੀ ਨੂੰ ਦੂਜੈਲੇ ਸਥਾਨ ਤੇ ਲੈ ਜਾਦਾ ਹੈ। ਕਿਉਕਿ ਔਰਤ ਦੀ ਦੂਜੈਲੀ ਸਥਿਤੀ ਉਸਦੀ ਜੈਵਿਕ ਸਰੀਰਿਕ ਬਣਤਰ ਵਿੱਚੋਂ ਨਹੀ ਸਗੋਂ ਸਮਾਜਕ ਪ੍ਰਸਥਿਤੀਆਂ ਵਿੱਚ ਉਪਜਦੀ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 8. ਔਰਤ ਦੇ ਦਮਨ ਨੂੰ ਜੈਂਡਰ ਦੇ ਵਖਰੇਵੇਂ ਅਤੇ ਕਾਮੁਕਤਾ ਵਿੱਚ ਮੰਨਦਾ ਹੈ ਇਹ ਔਰਤ ਦੇ ਆਪਣੇ ਸ਼ਰੀਰ ਉੱਪਰ ਸੁਤੰਤਰ ਹੋਂਦ ਦੀ ਪੈਰਵੀ ਕਰਦਾ ਹੈ ਭਾਵ ਲਿੰਗਕ ਆਜ਼ਾਦੀ ਦੀ ਗੱਲ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 9. ਸਮਾਜ ਵਿੱਚ ਔਰਤਾਂ ਦੀ ਯੋਗਤਾ ਦੇ ਆਧਾਰ ਤੇ ਬਰਾਬਰੀ ਦੀ ਗੰਲ ਕਰਦਾ ਹੈ ਇਸ ਅਨੁਸਾਰ ਔਰਤਾਂ ਆਪਣੇ ਕੰਮਾਂ ਅਤੇ ਯੋਗਤਾਂ ਰਾਹੀ ਮਰਦ ਦੇ ਬਰਾਬਰ ਖੜ ਸਕਦੀਆਂ ਹਨ। ਇਹ ਨਾਰੀਵਾਦ ਗਰਭਪਾਤ, ਜਿਣਸ਼ੀ ਧੱਕੇਸ਼ਾਹੀ, ਵੋਟ ਦਾ ਅਧਿਕਾਰ,ਸਿੱਖਿਆ, ਉਚਿੱਤ ਸਿਹਤ ਸੇਵਾਵਾਂ, ਘਰੇਲੂ ਹਿੱਸਾ ਆਦਿ ਮੁੱਢਲੇ ਮਸਲਿਆ ਤੇ ਖਿਲਾਲ ਕੇਂਦਰਿਤ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 10. ਨਾਰੀਵਾਦ ਔਰਤ-ਮਰਦ ਦੀ ਬਰਾਬਤਾ ਦੀ ਗੱਲ ਕਰਦਾ ਹੈ ਪਰ ਔਰਤ ਦੀ ਦੂਜੈਲੀ ਸਥਿਤੀ ਦੀ ਤਹਿ ਪਿੱਛੇ ਪਏ ਕਾਰਣਾਂ ਦੀ ਪਰਖ ਪੜਚੋਲ ਵਿੱਚ ਵੀ ਨਹੀ ਪੈਂਦਾ ਸਗੋ ਇਹ ਸਮਾਜਕ ਢਾਂਚੇ ਵਿੱਚ ਥੋੜੇ ਜਿਹੇ ਸੁਧਾਰ ਲਿਆਕੇ ਔਰਤਾਂ ਦੀ ਸਥਿਤੀ ਨੂੰ ਸੁਧਾਰਨ ਵੱਲ ਰੁਚਿਤ ਹੁੰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 12. ਨਾਰੀ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ? ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਸਭ ਤੋਂ ਪਹਿਲਾਂ ਨਾਰੀਵਾਦ ਦੀ ਕਿਹੜੀ ਕਿਸਮ ਪ੍ਰਚੱਲਿਤ ਹੋਈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਸ | 2. ੳ | 3. ਸ | 4. ੲ | 5. ੳ |
| 6. ੳ | 7. ੳ | 8. ਸ | 9. ੲ | 10. ਅ |
| 11.ੲ | 12. ੳ | 13. ੳ | 14. ਅ | 15. ੲ |

## ਅਭਿਆਸ ਪ੍ਰਸ਼ਨ

1. ਆਲੋਚਨਾ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦੇ ਵਿਭਿੰਨ ਰੂਪਾਂ ਦਾ ਵਰਣਨ ਕਰੋ।
2. ਪੰਜਾਬੀ ਆਲੋਚਨਾ ਦੇ ਨਿਕਾਸ ਅਤੇ ਵਿਕਾਸ ਉਪਰ ਨੋਟ ਲਿਖੋ।
3. ਪੰਜਾਬੀ ਆਲੋਚਨਾ ਦੇ ਖੇਤਰ ਵਿਚ ਨਾਰੀ ਆਲੋਚਕਾਂ ਦਾ ਸਥਾਨ ਨਿਰਧਾਰਿਤ ਕਰੋ।

## Further Reading


- ਡਾ. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ।
- ਡਾ. ਹਰਿਭਜਨ ਸਿੰਘ ਭਾਟੀਆ, ਪੰਜਾਬੀ ਆਲੋਚਨਾ: ਸਿਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
- ਜਸਬੀਰ ਸਿੰਘ ਆਹਲੂਵਾਲੀਆ, ਪੰਜਾਬੀ ਆਲੋਚਨਾ: ਇਕ ਪਰਿਚਯ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- ਡਾ. ਹਰਜੋਧ ਸਿੰਘ, ਪੰਜਾਬੀ ਆਲੋਚਨਾ ਵਿਸ਼ੇਸ਼ ਅੰਕ-82, ਖੋਜ ਪਤ੍ਰਿਕਾ।


**Online Links**

https://punjabipedia.org/topic.aspx?txt=%E0%A8%86%E0%A8%B2%E0%A9%8B%E0%A8%9A%E0%A8%A8%E0%A8%BE

*Yaadvinder Kaur, Lovely Prefessional University*

# Unit 14: 'ਨਾਰੀਵਾਦ ਤੇ ਸਹਿਤ' ਪੁਸਤਕ ਵਿਚ ਪੇਸ਼ ਨਾਰੀਵਾਦੀ ਪਹੁੰਚ

**ਵਿਸ਼ਾ-ਵਸਤੂ**

ਉਦੇਸ਼

ਪ੍ਰਸਤਾਵਨਾ

ਜਾਣ-ਪਛਾਣ

ਸਾਰਾਂਸ਼

ਕੇਂਦਰੀ ਸ਼ਬਦ

ਸਵੈ-ਮੁਲਾਂਕਣ

ਸਵੈ-ਮੁਲਾਂਕਣ ਲਈ ਉੱਤਰ

ਅਭਿਆਸ ਪ੍ਰਸ਼ਨ

ਸੰਦਰਭ ਪੁਸਤਕਾਂ

## ਉਦੇਸ਼

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਡਾ. ਵਨੀਤਾ ਦੇ ਜੀਵਨ ਅਤੇ ਰਚਨਾ ਸੰਸਾਰ ਨੂੰ ਸਮਝਣ ਦੇ ਸਮਰੱਥ ਹੋਣਗੇ।
- 'ਨਾਰੀਵਾਦ ਤੇ ਸਾਹਿਤ' ਪੁਸਤਕ ਨੂੰ ਆਲੋਚਨਾ ਵਿਧਾ ਦੇ ਸੰਦਰਭ ਵਿੱਚ ਪਛਾਣਨ ਦੇ ਯੋਗ ਹੋਣਗੇ।
- ਡਾ. ਵਨੀਤਾ ਦੇ ਨਾਰੀ ਦ੍ਰਿਸ਼ਟੀ ਨੂੰ ਜਾਣਨ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਨਾਰੀਵਾਦੀ ਆਲੋਚਨਾ ਤੇ ਸਾਹਿਤ ਦੇ ਸਿਧਾਂਤਕ ਪਰਿਪੇਖ ਬਾਰੇ ਪੰਜਾਬੀ ਆਲੋਚਨਾ ਦੇ ਸੰਦਰਭ ਵਿਚ ਜਾਣਕਾਰੀ ਦੇਣਾ ਹੈ। ਇਸ ਪਾਠ ਰਾਹੀਂ ਵਿਦਿਆਰਥੀ ਡਾ. ਵਨੀਤਾ ਦੇ ਨਾਰੀਵਾਦ ਸਿਧਾਂਤ ਦੇ ਸਿਧਾਂਤਕ ਅਤੇ ਵਿਹਾਰਕ ਸਰੋਕਾਰਾਂ ਸੰਬੰਧੀ ਭਰਪੂਰ ਜਾਣਕਾਰੀ ਹਾਸਿਲ ਕਰ ਸਕਣਗੇ।। ਇਹ ਪਾਠ ਵਿਦਿਆਰਥੀ ਨੂੰ ਨਾਰੀਵਾਦ ਤੇ ਸਾਹਿਤ ਦੇ ਸਿਧਾਂਤ ਦੀ ਸਮਝ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਦਾ ਮਾਧਿਅਮ ਬਣੇਗਾ। ਕਿਸੇ ਦੇਸ਼ ਦੀ ਨਾਰੀਵਾਦ ਤੇ ਸਾਹਿਤ ਪ੍ਰਚਲਿਤ ਸਮਾਜਿਕ ਕਦਰਾਂ ਕੀਮਤਾਂ, ਰਾਜਸੀ ਸੂਝ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਹੋਇਆ ਕਰਦੀ ਹੈ।

ਨਾਰੀ-ਵਾਦ ਸ਼ਬਦ ਦੇ ਵਿਭਿੰਨ ਸਮਾਨਾਰਥਕ ਸ਼ਬਦ ਔਰਤ, ਇਸਤਰੀ, ਮਾਦਾ ਆਦਿ ਹਨ। 'ਨਾਰੀ' ਨਾਲ ਜਦੋਂ 'ਵਾਦ' ਜੁੜ ਜਾਂਦਾ ਹੈ ਤਾਂ ਇਹ ਸ਼ਬਦ ਜਿਸ ਵਿਸ਼ੇ ਨਾਲ ਜੁੜਦਾ ਹੈ ਉਹ ਆਪਣੇ ਨਾਲ ਇੱਕ ਵਿਚਾਰ, ਚਿੰਤਨ, ਕ੍ਰਾਂਤੀ ਸੰਘਰਸ਼ ਅਤੇ ਅੰਦੋਲਨ ਦੇ ਬੀਜ ਲੈਕੇ ਚਲਦਾ ਹੈ। ਜਿਵੇਂ-ਜਿਵੇਂ ਇਹ 'ਵਾਦ' ਵਿਕਾਸ ਕਰਦਾ ਹੈ ਇਸ ਦੀਆਂ ਵਿਭੰਨ ਵਿਚਾਰਧਾਰਕ ਲੜੀਆਂ ਬਣਦੀਆਂ ਵਿਗਸਦੀਆਂ ਅਤੇ ਟੁੱਟਦੀਆਂ-ਭੱਜਦੀਆਂ ਹਨ। ਇਸੇ ਤੋੜ-ਜੋੜ ਵਿੱਚੋਂ ਵਿਕਾਸ ਦਾ ਰਸਤਾ ਨਿਕਲਦਾ ਹੈ। ਨਾਰੀਜਨ 'ਵਾਦ' ਨਾਲ ਜੁੜਿਆ ਇੱਕ ਵਿਸ਼ੇਸ਼ ਵਰਗ ਜਾਂ ਇਸ ਨਾਲ ਸੰਬੰਧਤ ਵਿਭਿੰਨ ਧਿਰਾਂ ਸਵੈ ਅਤੇ ਸਮਾਜ ਦੀ ਬਿਹਤਰੀ ਵੱਲ ਕਦਮ ਵਧਾਉਂਦੀਆਂ ਹਨ। 'ਨਾਰੀਵਾਦ' ਬਾਰ ਵੀ ਇਹ ਸੱਚ ਹੈ ਕਿ ਇਸ ਨੇ ਸਮਾਜ ਦੇੇ ਵਿਸ਼ੇਸ਼ ਵਰਗ ਭਾਵ ਔਰਤ ਜਾਤੀ ਦੇ ਹਿੱਤ ਵਿੱਚ ਅਵਾਜ ਬੁਲੰਦ ਕੀਤੀ। ਇਸ ਬਾਰੇ ਡਾ. ਬਲਵਿੰਦਰ ਕੌਰ ਬਰਾੜ ਨੇ 'ਵੈਬਸਟਰ ਇੰਗਲਿਸ਼ ਡਿਕਸ਼ਨਰੀ ਦੇ ਹਵਾਲੇ ਨਲ ਲਿਖਿਆ ਹੈ:- ਫੈਮੀਨਿਜ਼ਮ ਸ਼ਰਦ ਅੰਗਰੇਜੀ ਵਿੱਚ ਫਰੈਂਚ ਰਾਹੀਂ ਆਇਆ। ਫਰੈਂਚ ਵਿੱਚ ਇਹ ਲਾਤੀਂਲੀ ਸ਼ਰ ਤੋਂ ਮਿਲ ਕੇ ਬਣਿਆ ਹੈ। ਜੋ ਪੰਜਾਬੀ ਵਿੱਚ ਨਾਰੀਵਾਦ ਦੇ ਸਮਾਨ ਅਰਥ ਰੱਖਦਾ ਹੈ। ਨਾਰੀਵਾਦ ਦਾ ਅਰਥ ਹੈ। ਲਿੰਗ ਦੇ ਅਧਾਰ ਤੇ ਰਾਜੀਨਿਤਕ, ਆਰਥਿਕ ਅਤੇ ਸਮਾਜਿਕ ਸਮਾਨਤਾ ਤੋਂ ਹੈ। ਨਾਰੀਵਾਦ ਦੀ ਜਨਮ-ਭੂਮੀ ਅਤੇ ਇਸਨੂੰ ਪ੍ਰਫੁਲਿਤ ਕਰਨ ਦੇ ਯਤਨ ਪੱਛਮੀ ਸਮਜ ਵਿੱਚ ਆਰੰਭ ਹੋਏ। ਪੱਛਮੀ ਸਮਾਜ ਵਿੱਚ ਸਭ ਤੋਂ ਪਹਿਲਾਂ ਔਰਤਾਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਈਆਂ। ਬੀਜ ਰੂਪ ਵਿੱਚ ਸਭ ਤੋਂ ਪਹਿਲਾਂ ਮੈਰੀਵੂਲਸਟੋਨ ਕਰਾਫਟ ਨੇ ਔਰਤਾਂ ਦੇ ਹੱਕ ਵਿੰਚ ਨਾਹਰਾਂ ਬੁਲੰਦ ਕੀਤਾ। ਉਸਦੀ ਸੰਂਨ 1792 ਵਿੱਚ ਪ੍ਰਕਾਸ਼ਿਤ ਹੋਈ ਪੁਸਤਕ 'ਅ ਵਿੰਡੀਕੇਸ਼ਨ ਔਫ ਦਾ ਰਾਈਟਜ਼ ਔਫ ਵਿਮਨ' ਨਾਲ ਔਰਤ ਦੇ ਦੁੱਖਾਂ ਤੇ ਹੱਕਾਂ ਲਈ ਬਹਿਸ਼ ਆਰੰਭ ਹੋਈ। ਸਮਾਜ ਵਿੱਚ ਨਾਰੀ ਦੀ ਮੁੱਢੇ-ਮੁੱਢੇ ਬਰਾਬਰੀ ਦਾ ਏਜੰਡਾ ਲੈਕੇ ਨਾਰੀਵਾਦ ਚੇਤਨਾ ਦੀ ਲਹਿਰ ਭਾਵੇਂ ਪੱਛਮ ਵਿੱਚ ਉੱਤਰੀ ਪਰ ਇਸਦੇ ਸਰੋਕਾਰਾ, ਸੋਝੀਆਂ ਅਤੇ ਪ੍ਰਭਾਵਾਂ ਨੇ ਸਾਰੀ ਦੁਨੀਆਂ ਚ ਮੁਲਕਾ, ਸਮਾਜਾਂ, ਸੱਭਿਆਚਾਰਾਂ ਨੂੰ ਕਲੇਵਰ ਵਿੱਚ ਲਿਆ। ਨਾਰੀਵਾਦ ਦੇ ਅਧਾਰ ਤੇ ਪ੍ਰੇਰਕ ਨਾਰੀ ਚੇਤਨਾ ਨਾਲ ਸਬੰਧਿਤ ਉਨ੍ਹਾਂ ਸਮਾਜਿਕ ਲਹਿਰਾਂ ਵਿੱਚ ਪਏ ਹਨ। ਜਿਲ੍ਹਾਂ ਨੇ ਨਾਰੀ ਚੇਤਨਾ ਨਾਲ ਸਦੀਆਂ ਤੋਂ ਹੋ ਰਹੀ ਬੇਇਨਸਾਫੀ ਵਿਰੁੱਧ ਅਵਾਜ਼ ਬੁਲੰਦ ਕੀਤੀ ਅਤੇ ਨਾਰੀ ਨੂੰ ਬਰਾਬਰ ਦੇ ਸਮਾਜਿਕ ਨਾਗਰਿਕ ਅਧਿਕਾਰ ਦਿਵਾਉਣ ਲਈ ਸਮੂਹਿਕ ਯਤਨ ਆਰੰਭੇ। ਨਾਰੀਵਾਦ ਦਾ ਸਕੰਲਪ ਆਪਣੀ ਹੋਂਦ ਇਸ ਤੱਥ ਤੋਂ ਗ੍ਰਹਿਣ ਕਰਦਾ ਹੈ ਕਿ ਇਸ ਕਾਇਨਾਤ ਵਿੱਚ ਨਾਰੀ ਦੀ ਗਣਨਾ ਪ੍ਰਾਣੀਆਂ ਦੇ ਉਸ ਵਰਗ ਵਿੱਚ ਪ੍ਰਵਾਵਿਤ ਹੈ ਜਿਸਨੂੰ ਮਨੁੱਖ ਕਿਹਾ ਜਾਂਦਾ ਹੈ ਅਤੇ ਜਿਹੜਾ ਪ੍ਰਵਰਗ ਚੇਤਨਾ ਯੁਕਤ ਹੋਣ ਕਕੇ ਸਭ ਤੋਂ ਸ੍ਰੇਸ਼ਟ ਤੇ ਉੱਤਮ ਹੈ। ਪ੍ਰਕਿਰਤਿਕ ਜਗਤ ਤੇ ਸਥਾਈ, ਸਦੀਵੀ ਅਤੇ ਅਟੱਲ ਨਿਯਮਾਂ ਅਨੁਸਾਰ ਪੁਰਖ ਤੇ ਨਾਰੀ ਮਨੁੱਖੀ ਇਕਾਈ ਦੇ ਦੋ ਜੁਜ਼ ਹਨ।

ਆਧੁਨਿਕ ਸਮੇਂ ਵਿੱਚ ਔਰਤ ਦੇ ਮਾਣ ਸਤਿਕਾਰ ਵਿੱਚ ਕਾਫ਼ੀ ਵਾਧਾ ਹੋਇਆ ਹੈ।ਜੇ ਗੱਲ ਕਰੀਏ ਪੰਜਾਬੀ ਨਾਰੀ ਦੀ ਤਾਂ ਉਸਦੇ ਜੀਵਨ ਵਿੱਚ ਪਿਛਲੇ ਸਮੇਂ ਨਾਲੋਂ ਕਾਫੀ ਬਦਲਾਅ ਆਇਆ ਹੈ।ਅੱਜ ਦੀ ਪੰਜਾਬੀ ਨਾਰੀ ਪਹਿਲਾਂ ਨਾਲੋਂ ਕਾਫੀ ਨਿਰਬਲ ਹੋ ਚੁੱਕੀ ਹੈ। ਅੱਜ ਦੀ ਔਰਤ ਸਵੈਮਾਨ ਨਾਲ ਜੀ ਸਕਦੀ ਹੈ। ਪਰਿਵਾਰ ਨਿਯੋਜਨ ਸੰਬੰਧਾਂ ਨੇ ਪੰਜਾਬੀ ਸੱਭਿਆਚਾਰ ਦਾ ਮੁਹਾਂਦਰਾ ਹੀ ਬਦਲ ਦਿੱਤਾ ਹੈ।ਇਸ ਨੇ ਪਰਿਵਾਰ ਨੂੰ ਛੋਟਾ ਹੀ ਨਹੀਂ ਕੀਤਾ ਸਗੋਂ ਕਾਮ ਪ੍ਰਤੀ ਔਰਤ ਦਾ ਦ੍ਰਿਸ਼ਟੀਕੋਣ ਹੀ ਬਦਲ ਦਿੱਤਾ ਹੈ। ਇਸ ਕਰਕੇ ਛੋਟੇ ਪਰਿਵਾਰ ਨੇ ਪੁਰਾਣੀ ਸੱਭਿਆਚਾਰਕ ਬਣਤਰ ਹੀ ਬਦਲ ਦਿੱਤੀ ਹੈ। ਇਸ ਕਰਕੇ ਅੱਜ ਦੇ ਸਮੇਂ ਵਿੱਚ ਸਿਰਫ਼ ਦੋ ਬੱਚੇ ਹੀ ਰੱਖਦੇ ਹਨ ਭਾਵੇਂ ਤਾਂ ਇੱਕ ਇੱਕ ਕੁੜੀ ਦਾ ਇੱਕ ਮੁੰਡਾ ਜਾਂ ਫਿਰ ਦੋਵੇਂ ਕੁੜੀ ਹੀ ਕਿਉਂ ਨਾ ਹੋਣ ਇਸ ਕਰਕੇ ਰਿਸ਼ਤੇ ਵੀ ਘਟਦੇ ਜਾਂਦੇ ਹਨ। ਅੱਜਕਲ੍ਹ ਦੇ ਬੱਚੇ ਮਾਸੀ ਨੂੰ ਤਰਸਣਗੇ। ਇਹ ਵਿਅੰਗ ਨਹੀਂ ਇਹ ਸੱਚ ਮੁੱਚ ਹੀ ਹੁੰਦਾ ਹੈ ਜਾਂ ਹੋ ਰਿਹਾ ਹੈ।ਪੰਜਾਬੀ ਸੱਭਿਆਚਾਰ ਵਿੱਚ ਰਿਸ਼ਤਾ ਨਾਤਾ ਪ੍ਰਬੰਧ ਵਿੱਚ ਪਰੰਪਰਿਕ ਤੌਰ ਤੇ ਮਰਦ ਪੱਖ ਹਮੇਸ਼ਾ ਹੀ ਉੱਚਾ ਰਿਹਾ ਹੈ ਪ੍ਰੰਤੂ ਹੁਣ ਇਹ ਉੱਚਾਈ ਘੱਟਦੀ ਜਾ ਰਹੀ ਹੈ। ਧੀਆਂ ਵਾਲੇ ਸਦਾ ਨੀਵੇਂ ਹੋਣ ਦਾ ਸੰਕਲਪ ਵੀ ਟੁੱਟ ਰਿਹਾ ਹੈ। ਵੋਟ ਦੇ ਅਧਿਕਾਰ ਨੇ ਔਰਤ ਅੰਦਰ ਇੱਕ ਜਜ਼ਬਾ ਖੜ੍ਹਾ ਕਰ ਦਿੱਤਾ ਪਰ ਭਾਵੇਂ ਔਰਤ ਮਰਦ ਦੇ ਗੁਲਾਮ ਸੀ ਪਰ ਫਿਰ ਵੀ ਉਹ ਆਪਣੇ ਵੋਟ ਅੰਦਰ ਜਾ ਕੇ ਆਪਣੀ ਮਰਜ਼ੀ ਨਾਲ ਪਾਉਂਦੀ ਸੀ।ਪਿਛਲੇ ਸਮੇਂ ਵਿੱਚ ਜਦੋਂ ਔਰਤ ਨੂੰ ਰਾਖਵਾਂਕਰਨ ਮਿਲਿਆ ਤਾਂ ਬਹੁਤ ਸਾਰੀਆਂ ਗੱਲਾਂ ਹੋਣ ਲੱਗ ਪਈਆਂ ਸਨ, ਪਰ ਕਾਗਜ਼ੀ ਤੌਰ ਤੇ ਕਾਨੂੰਨੀ ਸਰਪੰਚੀ ਤਾਂ ਔਰਤਾਂ ਕੋਲ ਹੈ,ਪਰ ਅਸਲ ਵਿੱਚ ਸਰਪੰਚੀ ਤਾਂ ਮਰਦ ਹੀ ਕਰਦੇ ਹਨ। ਪਰ ਇਸ ਸਭ ਕੁਝ ਨੇ ਔਰਤ ਨੂੰ ਚਾਰ-ਦੀਵਾਰੀ ਤੋਂ ਬਾਹਰ ਰਹਿੰਦਾ ਉਨ੍ਹਾਂ ਨੂੰ ਸੱਥਾਂ ਤਹਿਸੀਲਾਂ ਦਫ਼ਤਰਾਂ ਵਿੱਚ ਥਾਂ ਦਿਵਾਈ ਅਤੇ ਉੱਦਮੀ ਔਰਤਾਂ ਲਈ ਰੋਸ ਪ੍ਰਕਿਰਿਆ ਦੇ ਨਵੇਂ ਰਾਹ ਖੋਲ੍ਹੇ ਇੱਥੇ ਪੁਰਾਣੀ ਸੱਭਿਆਚਾਰਕ ਪੰਚਾਇਤ ਵਿੱਚ ਔਰਤਾਂ ਦਾ ਜਾਣਾ ਵਰਜਿਤ ਸੀ। ਹੁਣ ਉਹ ਖ਼ੁਦ ਪੰਚਾਇਤ ਦੀ ਮੁਖੀ ਹੈ। ਅਜੋਕੇ ਸਮੇਂ ਵਿੱਚ ਔਰਤ ਨੂੰ ਸਿੱਖਿਆ ਸਬੰਧੀ ਪੂਰੀ ਆਜ਼ਾਦੀ ਪ੍ਰਾਪਤ ਹੈ ਔਰਤਾਂ ਸਿੱਖਿਆ ਪ੍ਰਾਪਤ ਕਰਕੇ ਮਹੱਤਵਪੂਰਨ ਦਿਆਂ ਤੇ ਪਹੁੰਚ ਚੁੱਕੇ ਹਨ ਜਦਕਿ ਪੁਰਾਣੇ ਸਮੇਂ ਵਿੱਚ ਅਜਿਹੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਜੇਕਰ ਪਹਿਰਾਵੇ ਦੀ ਗੱਲ ਕੀਤੀ ਜਾਵੇ ਤਾਂ ਦਰਸਾਉਂਦੇ ਕਰਨਾ ਪਹਿਰਾਵਾ ਆਮ ਤੌਰ ਤੇ ਸਲਵਾਰ ਕਮੀਜ਼ ਘੱਗਰਾਂ ਦੁਪੱਟਾ ਹੁੰਦਾ ਸੀ। ਇਹ ਪਹਿਰਾਵਾ ਸਰੀਰ ਦੇ ਪੂਰੇ ਅੰਗਾਂ ਨੂੰ ਢੱਕਦਾ ਸੀ। ਔਰਤਾਂ ਨੂੰ ਆਪਣੇ ਸਹੁਰੇ ਪਰਿਵਾਰ ਵਿੱਚ ਵੱਡੀ ਉਮਰ ਦੇ ਮਰਦ ਤੋਂ ਹਮੇਸ਼ਾ ਘੁੰਡ ਕੱਢਣਾ ਪੈਂਦਾ ਸੀ। ਪਰ ਆਧੁਨਿਕ ਸਮੇਂ ਵਿੱਚ ਘੁੰਡ ਕੱਢਣ ਦਾ ਰਿਵਾਜ ਅਨਪੜ੍ਹ ਪੇਂਡੂ ਔਰਤਾਂ ਵਿੱਚ ਲਗਭਗ ਖ਼ਤਮ ਹੋ ਚੁਕਾ ਹੈ ਅਤੇ ਪਹਿਰਾਵੇ

ਵਿੱਚ ਨੌਜਵਾਨ ਕੁੜੀਆਂ ਜਿਨ੍ਹਾਂ ਦੀ ਪਾਣ ਲੱਗ ਪਈਆਂ ਹਨ। ਅਸਲ ਵਿੱਚ ਪੰਜਾਬੀ ਸਮੇਤ ਨਿਰੰਤਰ ਤਬਦੀਲੀ ਵਿੱਚ ਹੈ।ਜਿਸ ਕਰਕੇ ਸੱਭਿਆਚਾਰਕ ਪਰਿਵਰਤਨ ਦੇ ਕਾਰਨ ਔਰਤ ਦੀ ਸਥਿਤੀ ਵੀ ਨਿਰੰਤਰ ਬਦਲਦੀ ਰਹਿੰਦੀ ਹੈ।ਇਸ ਲਈ ਅੱਜ ਦਾ ਪੰਜਾਬ ਵੀ ਭਾਰੂ ਸੱਭਿਆਚਾਰ ਪਿਤਾ ਪੁਰਖੀ ਹੈ। ਇਸ ਕਰਕੇ ਪਿੰਡਾਂ ਸ਼ਹਿਰ ਜਾਤ ਜਮਾਤ ਉਮਰ ਦੇ ਅਨੁਸਾਰ ਇਹ ਤਬਦੀਲੀ ਲਗਾਤਾਰ ਘਟਦੀ ਤੇ ਵਧਦੀ ਰਹਿੰਦੀ ਹੈ। ਨਾਰੀ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਪੰਜਾਬੀ ਸੱਭਿਆਚਾਰ ਵਿੱਚ ਆ ਰਹੀ ਤਬਦੀਲੀ ਸਮੁੱਚੇ ਰੂਪ ਵਿੱਚ ਔਰਤ ਮਰਦ ਦਰਮਿਆਨ ਬਰਾਬਰੀ ਵੱਲ ਨੂੰ ਵਧ ਰਹੀ ਦਿਖਾਈ ਦਿੰਦੀ ਹੈ।

ਡਾ. ਵਨੀਤਾ ਪੰਜਾਬੀ ਸਾਹਿਤ ਸਿਰਜਨਾ ਲਈ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਹਾਸਿਲ ਕਰਨ ਵਾਲੀ ਕਵਿਤਰੀ ਹੈ। ਉਸ ਦੀ ਪੁਸਤਕ "ਕਾਲ ਪਹਿਰ ਅਤੇ ਘੜੀਆਂ" ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਹੈ।

**ਕਾਵਿ ਪੁਸਤਕਾਂ**

- ਸੁਪਨਿਆਂ ਦੀ ਪਗਡੰਡੀ
- ਹਰੀਆਂ ਛਾਵਾਂ ਦੀ ਕਬਰ
- ਬੋਲ ਅਲਾਪ
- ਮੰਦਰ ਸਪਤਿਕ
- ਖਰਜ ਨਾਦ

**ਸਮੀਖਿਆ ਪੁਸਤਕਾਂ**

- ਉੱਤਰ ਆਧੁਨਿਕਤਾ ਅਤੇ ਕਵਿਤਾ
- ਨਾਰੀਵਾਦ ਤੇ ਸਾਹਿਤ
- ਕਵਿਤਾ ਦੀਆਂ ਪਰਤਾਂ
- ਰਚਨਾ ਵਿਸ਼ਲੇਸ਼ਣ
- ਕਹਾਣੀ ਦੀਆਂ ਪਰਤਾਂ ਹੋਰ
- ਮੇਰੀ ਚੀਨ ਯਾਤਰਾ (ਸਫ਼ਰਨਾਮਾ)

ਨਾਰੀਵਾਦ ਦ੍ਰਿਸ਼ਟੀ ਤੋਂ ਪੰਜਾਬੀ ਵਿਚ ਕੁਝ ਪ੍ਰਕਾਸ਼ਿਤ-ਅਪ੍ਰਕਾਸ਼ਿਤ ਅਧਿਐਨ ਸਾਹਮਣੇ ਆਏ ਹਨ ਪਰ ਬਿਨਾਂ ਨਾਰੀਵਾਦੀ ਪਰਿਪੇਖ ਦੀ ਚੇਤਨਾ ਦੇ, ਬਿਨਾਂ ਵਿਸ਼ਵ ਨਾਰੀਵਾਦੀ ਸੰਵਾਦ ਦੇ ਅਧਿਐਨ ਤੋਂ। ਇਸੇ ਲਈ ਡਾ. ਵਨੀਤਾ ਦੀ ਪੁਸਤਕ 'ਨਾਰੀਵਾਦ ਤੇ ਸਾਹਿਤ ਪਹਿਲੀ ਪੰਜਾਬੀ ਕਿਤਾਬ ਹੈ ਜਿਸ ਵਿਚ ਨਾਰੀਵਾਦੀ ਪਰਿਪੇਖ ਨੂੰ ਵਿਸਤ੍ਰਿਤ ਰੂਪ ਵਿਚ ਵਿਚਾਰਿਆ ਗਿਆ ਹੈ। ਡਾ. ਵਨੀਤਾ ਨੇ ਆਪਣੀ ਸ਼ਾਇਰੀ ਦੇ ਨਾਲ-ਨਾਲ 'ਉੱਤਰ-ਆਧੁਨਿਕਤਾ ਤੇ ਕਵਿਤਾ ਲਿਖ ਕੇ ਵੀ ਅਜਿਹੀ ਇਕ ਪਹਿਲ ਕੀਤੀ ਸੀ ਕਿਉਂਕਿ ਨਿਰੋਲ ਕਵਿਤਾ ਦੇ ਸੰਦਰਭ ਵਿਚ ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ ਕਵਿਤਾ ਦੇ ਵਿਸ਼ਲੇਸ਼ਣ ਬਾਰੇ ਉਹ ਪਹਿਲੀ ਪੁਸਤਕ ਸੀ।

ਨਾਰੀਵਾਦ ਬਾਰੇ ਵੀ ਵਿਸਤ੍ਰਿਤ ਪਰਿਪੇਖ ਪਹਿਲਾਂ ਪੱਛਮ ਵਿਚ ਬਨਣਾ ਸ਼ੁਰੂ ਹੋਇਆ। ਇਸ ਬਾਰੇ ਸਿਧਾਂਤਕ ਵਿਸਥਾਰ, ਨਾਰੀਵਾਦੀ ਸਾਹਿਤ-ਸ਼ਾਸਤਰ, ਟੈਕਸਟ ਦਾ ਵਿਸ਼ਲੇਸ਼ਣ ਆਦਿ।ਉੱਤਰ-ਸੰਰਚਨਾਵਾਦ, ਨਵ-ਮਾਰਕਸਵਾਦ ਤੇ ਉੱਤਰ-ਆਧੁਨਿਕਤਾ ਦੇ ਨਾਲ-ਨਾਲ ਨਾਰੀਵਾਦ ਬਾਰੇ ਚਰਚਾ ਜਾਂ ਨਾਰੀਵਾਦੀ ਚਿੰਤਕਾਂ ਦਾ ਬਾਕੀ ਸਾਹਿਤ-ਸ਼ਾਸਤਰ ਜਾਂ ਗਿਆਨ-ਸ਼ਾਸਤਰ ਨਾਲ ਸੰਵਾਦ ਇਸੇ ਸੰਦਰਭ ਵਿਚ ਹੀ ਏਸ਼ਿਆਈ ਜਾਂ ਭਾਰਤੀ ਨਾਰੀਵਾਦ ਦੀਆਂ ਆਪਣੀਆਂ ਸਮੱਸਿਆਵਾਂ ਅਤੇ ਸਾਹਿਤ ਸ਼ਾਸਤਰ ਬਾਰੇ ਚਰਚਾ ਉਭਰਿਆ। ਅਸਲ ਵਿਚ ਹਰ ਸਮਾਜ, ਸਭਿਆਚਾਰ, ਪ੍ਰਬੰਧ ਤੇ ਸਾਹਿਤ ਦੇ ਸੰਦਰਭ ਵਿਚ ਇਸ ਦੀਆਂ ਆਪਣੀਆਂ ਸਥਿਤੀਆਂ ਹਨ। ਉੱਤਰ ਆਧੁਨਿਕਤਾ ਨੇ ਇਸ ਦ੍ਰਿਸ਼ਟੀ ਨੂੰ ਹੋਰ ਉਭਾਰਿਆ ਹੈ। ਪਰ ਅਜਿਹਾ ਚਰਚਾ ਕਰਦਿਆਂ ਵੀ ਚੇਤਨਾ ਵਿਚ ਇਹ ਉਹ ਗਿਆਨ ਹੋਣਾ ਜ਼ਰੂਰੀ ਹੈ ਜੋ ਵਿਵਾਦ ਨਾਰੀਵਾਦੀ ਸੰਵਾਦ ਵਿਚ ਉਭਰਿਆ ਹੈ। ਇਸੇ ਲਈ ਡਾ.ਵਨੀਤਾ ਦੀ ਪੁਸਤਕ 'ਨਾਰੀਵਾਦ ਤੇ ਸਾਹਿਤ ਅਜਿਹੇ ਪੰਜਾਬੀ ਅਧਿਐਨ ਵਿਚ ਇਕ ਨਵਾਂ ਅਧਿਆਇ ਸ਼ੁਰੂ ਕਰਦੀ ਹੈ। ਡਾ. ਵਨੀਤਾ ਪੰਜਾਬੀ ਸਾਹਿਤ ਦੇ ਖੇਤਰ ਦੀ ਇਕ ਬਹੁ-ਚਰਚਿਤ ਅਤੇ ਬਹੁ-ਪੱਖੀ ਸ਼ਖਸੀਅਤ ਹੈ। ਉਸ ਦੀ ਸ਼ੈਲੀੇ ਰਚਨਾਤਮਿਕ

ਵੀ ਹੈ ਅਤੇ ਆਲੋਚਨਾਤਮਿਕ ਵੀ। ਉਹ ਕਵਿੱਤਰੀ ਵੀ ਹੈ, ਅਨੁਵਾਦਕ ਵੀ ਅਤੇ ਇਕ ਪ੍ਰਬੁੱਧ ਆਲੋਚਕ ਵੀ। ਡਾ. ਵਨੀਤਾ ਦੀ ਇਹ ਪੁਸਤਕ ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਅਤੇ ਗੰਭੀਰ ਪਾਠਕ ਲਈ ਇਕ ਵੱਡਮੁੱਲਾ ਤੋਹਫਾ ਹੈ।

ਇਸ ਪੁਸਤਕ ਦੇ ਆਰੰਭ ਵਿਚ 'ਨਾਰੀਵਾਦ ਤੇ ਨਾਰੀ ਸਥਿਤੀ' ਨੂੰ ਵਿਚਾਰਦਿਆਂ ਚਰਚਾ ਨੂੰ ਦੋ ਭਾਗਾਂ ਵਿਚ ਵੰਡ ਲਿਆ ਗਿਆ ਹੈ। ਪਹਿਲਾਂ ਏਸ਼ਿਆਈ-ਅਫਰੀਕੀ ਸਥਿਤੀ ਨੂੰ ਵਿਚਾਰਿਆ ਗਿਆ ਹੈ ਜਿਸ ਵਿਚ ਨਾਰੀ ਦੀ ਸਥਿਤੀ ਦੇ ਆਲੇ-ਦੁਆਲੇ ਉਸਾਰਿਆਂ ਭਾਰਤੀ ਪੌਰਾਣ, ਆਰੀਆ ਸਭਿਆਚਾਰ, ਮਨੂਸਿਮਰਤੀ, ਰਿਗਵੇਦ 'ਚੋਂ ਉਸਰਦੀ ਨਾਰੀ ਦ੍ਰਿਸ਼ਟੀ, ਦੇਵਦਾਸੀ-ਪੰਰਪਰਾ , ਸਿੱਖ ਸਿਧਾਂਤਾਂ 'ਚੋਂ ਉਭਰਦੀ ਨਾਰੀ ਦਿਸ਼ਟੀ, ਪੰਜਾਬੀ ਫੋਕਲੋਰ ਦਾ ਅਵਚੇਤਨ, ਅਜੋਕੇ ਭਾਰਤ ਵਿਚ ਉਭਰਦੀ ਨਾਰੀਵਾਦੀ ਲਹਿਰ , ਦੂਜੇ ਪਾਸੇ ਚੀਨ ਵਿਚ ਆਏ ਪਰਿਵਰਤਨ, ਹੁਣ ਉਪਭੋਗਤਾਵਾਦੀ ਸਥਿਤੀ ਦਾ ਪੈਂਦਾ ਪ੍ਰਭਾਵ, ਜਾਪਾਨ ਦੀ ਗਾਥਾ ਪੰਰਪਰਾ ਦਾ ਨਾਰੀ ਦੀ ਸਥਿਤੀ 'ਤੇ ਪ੍ਰਭਾਵ, ਅਫਰੀਕੀ ਤੇ ਅਰਬ ਦੇਸ਼ਾਂ ਵਿਚ ਨਾਰੀ ਦੀ ਆਜ਼ਾਦੀ ਤੇ ਪਰੰਪਰਕ ਤੇ ਕਬੀਲੀ ਜਕੜ, ਯਹੂਦੀ ਸਮਾਜ ਵਿਚ ਨਾਰੀ ਦੀ ਸਥਿਤੀ, ਵਿਹਾਰ ਸਾਹਮਣੇ ਲਿਆਂਦਾ ਹੈ।ਯੋਗ ਗੱਲਾਂ ਨੂੰ ਮੁੱਖ ਰਖਦਿਆਂ ਇਨ੍ਹਾਂ ਦਾ ਵਿਸਥਾਰ ਸੰਭਵ ਨਹੀਂ ਜਾਪਦਾ।

ਪੱਛਮੀ ਸਥਿਤੀ ਇਨ੍ਹਾਂ ਗੱਲਾਂ ਵੱਲ ਸੰਕੰਤ ਕੀਤਾ ਗਿਆ ਹੈ। ਪੁਸਤਕ ਦੇ ਆਕਾਰ ਅਤੇ ਬਾਕੀ ਵਿਚਾਰਨ ਨੂੰ ਵਿਚਾਰਦਿਆਂ ਗੱਲ ਅਠਾਰ੍ਹਵੀਂ ਸਦੀ ਤੋਂ ਆਰੰਭ ਕੀਤੀ ਗਈ ਹੈ ਜਦੋਂ ਗਿਆਨ ਖੇਤਰ ਵਿਚ ਨਾਰੀਵਾਦ ਬਾਰੇ ਸੰਵਾਦ ਸਾਹਮਣੇ ਆਉਣਾ ਸ਼ੁਰੂ ਹੋਇਆ। ਨਾਰੀ ਅੰਦੋਲਨ ਸਾਹਮਣੇ ਆਉਣ ਲੱਗੇ। ਗਿਆਨ-ਉਦੈ ਦਾ ਤਰਕ, ਟੈਸਟੈਂਟਵਾਦ ਦਾ ਪ੍ਰਭਾਵ, ਫਰਾਂਸੀਸੀ-ਕਰਾਂਤੀ ਤੇ ਨਾਰੀਵਾਦੀ ਸਥਿਤੀ। ਫਰਾਂਸ ਬੈਲਜੀਅਮ, ਹਾਲੈਂਡ, ਇਟਲੀ ਦੀ ਕੈਥੋਲਿਕ ਸਥਿਤੀ ਤੇ ਦ੍ਰਿਸ਼ਟੀ ਵਿਰੁੱਧ ਨਾਰੀਵਾਦੀ ਦ੍ਰਿਸ਼ਟੀ, ਪੱਛਮ ਵਿਚ ਉਭਰੇ ਅਜਿਹੇ ਤਣਾਓ, ਇਗਲੈਂਡ, ਅਮਰੀਕਾ ਤੇ ਬਾਕੀ ਯੂਰਪੀ ਵਿਚ ਬਣਦੇ-ਢਹਿੰਦੇ ਦ੍ਰਿਸ਼ਟੀਕੋਣ, ਰੂਸੀ ਨਾਰੀਵਾਦੀ ਅੰਦੋਲਨ, ਇਨ੍ਹਾਂ ਗੱਲਾ ਵੱਲ ਸੰਕੇਤ ਕਰਦਿਆਂ ਪੂਰਬੀ ਤੇ ਪੱਛਮੀ ਸਥਿਤੀਆਂ ਬਾਰੇ ਇਕ ਤੁਲਨਾਤਮਿਕ ਦੂਜੇ ਅਧਿਆਇ ਵਿਚ ਨਾਰੀਵਾਦੀ ਮਸਲਿਆਂ ਬਾਰੇ ਚਰਚਾ ਕਰਦਿਆਂ ਭਾਵੇਂ ਗੱਲ 1975 ਦੇ ਮੈਕਸੀਕੋ ਦੇ ਕੌਮਾਂਤਰੀ ਨਾਰੀਵਾਦੀ ਸੰਮੇਲਨ ਤੋਂ ਸ਼ੁਰੂ ਕੀਤੀ ਗਈ ਹੈ ਪਰ 1995 ਵਿਚ ਬੀਜਿੰਗ (ਚੀਨ) ਵਿਚ ਹੋਏ ਚੌਥੇ ਕੌਮਾਂਤਰੀ ਨਾਰੀ ਸੰਮੇਲਨ ਨੂੰ ਕੇਂਦਰ ਬਣਾਇਆ ਹੈ। ਇਸ ਸੰਮੇਲਨ ਵਿਚ ਗਰੀਬੀ, ਸਿੱਖਿਆ, ਸਿਹਤ, ਹਿੰਸਾ, ਹਥਿਆਰਬੰਦ ਤਣਾਓ, ਆਰਥਿਕ ਨਾਬਰਾਬਰੀ, ਤਾਕਤ ਦੀ ਭਾਈਵਾਲੀ, ਮਾਸ ਮੀਡੀਆ ਦੀ ਦ੍ਰਿਸ਼ਟੀ ਤੋਂ ਸਾਰੀਆਂ ਸਮੱਸਿਆਵਾਂ ਬਾਰੇ ਵਿਚਾਰ ਕੀਤੀ ਗਈ ਸੀ। ਵਿਸ਼ਵ ਆਰਥਿਕ ਵੰਡ ਬਾਰੇ ਜੋ ਸਰਵੇਖਣ ਸਾਹਮਣੇ ਆਏ ਹਨ ਉਨ੍ਹਾਂ ਅਨੁਸਾਰ ਇਸ ਆਰਥਿਕਤਾ ਵਿਚ 110 ਸੰਖ-ਡਾਲਰ ਭਾਗ ਔਰਤਾਂ ਦਾ ਹੈ। ਪਰ ਇਸ ਦੇ ਬਰਾਬਰ ਉਸ ਨੂੰ ਅਧਿਕਾਰ ਪ੍ਰਪਾਤ ਨਹੀਂ। ਅਜੋਕਾ ਲੋਕਪ੍ਰਿਅ ਮੀਡੀਏ ਦਾ ਵਰੋਸਾਇਆ। ਸਭਿਆਚਾਰ ਕਿਵੇਂ ਨਾਰੀਵਾਦੀ ਦ੍ਰਿਸ਼ਟੀ ਦੇ ਖ਼ਿਲਾਫ਼ ਬਣਦਾ ਹੈ, ਇਸ ਵਿਚਾਰ ਤੇ ਇਹ ਅਧਿਆਏ ਖਤਮ ਹੁੰਦਾ ਹੈ। ਇਸ ਪਿੱਛੋਂ ਸਾਹਮਣੇ ਆਏ ਨਾਰੀਵਾਦੀ ਸਿਧਾਂਤਾਂ ਦੇ ਵਿਕਾਸ ਬਾਰੇ ਚਰਚਾ ਕਰਦਿਆਂ ਫਰਾਂਸ ਦੇ ਨਾਰੀਵਾਦੀ ਚਿੰਤਨ, ਐਂਗਲੋਂ-ਅਮਰੀਕਨ ਸਿਧਾਂਤ, ਕਰਾਂਤੀਕਾਰੀ ਨਾਰੀਵਾਦੀ ਸਿਧਾਂਤ, ਨਾਰੀਵਾਦੀ ਵਿਤਰੇਕਤਾ ਸਿਧਾਂਤ, ਅਰਾਜਕੀ ਨਾਰੀਵਾਦੀ ਸਿਧਾਂਤ, ਵਿਚਾਰਧਾਰਾ ਤੇ ਨਾਰੀਵਾਦੀ ਸਿਧਾਂਤ ਬਾਰੇ ਸੰਖੇਪ ਉਲੇਖ ਕੀਤਾ ਗਿਆ ਹੈ। 1949 ਵਿਚ ਸਿਮੁ ਦ ਬਿਵੋਇ ਦੀ 'ਦ ਸੈਕਿੰਡ ਸੈਕਸ' ਨਾਰੀਵਾਦੀ ਆਵਾਜ਼ ਦਾ ਸ਼ਕਤੀਸ਼ਾਲੀ ਪ੍ਰਗਟਾ ਬਣੀ ਤੇ ਉਸ ਸਮੇਂ ਨੇ ਸਿਮੂਦ ਬਿਵਾਇ ਦਾ ਵਿਸ਼ਵਾਸ ਸੀ ਕਿ ਸਮਾਜਵਾਦੀ ਪਰਿਵਰਤਨ ਆਉਣ ਨਾਲ ਨਾਰੀ ਨੂੰ ਵੀ ਸਮਾਜਕ ਤੇ ਆਰਥਿਕ ਬਰਾਬਰਤਾ ਮਿਲ ਜਾਵੇਗੀ ਪਰ 1972 ਵਿਚ ਉਸ ਨੇ ਇਸ ਵਿਚਾਰ ਨੂੰ ਬਦਲ ਲਿਆ ਤੇ ਨਾਰੀਵਾਦੀ ਲਹਿਰ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਉਸ ਨੇ ਆਖਿਆ : ਦ ਸੈਕੰਡ ਸੈਕਸ' ਦੇ ਅੰਤ `ਤੇ ਮੈਂ ਇਹ ਕਿਹਾ : ਮੈਂ ਨਾਰੀਵਾਦੀ ਨਹੀਂ ਹਾਂ ਕਿਉਂਕਿ ਮੇਰਾ ਵਿਸ਼ਵਾਸ ਇਹ ਸੀ ਕਿ ਸਮਾਜਵਾਦ ਦੇ ਵਿਕਾਸ ਨਾਲ ਨਾਰੀ ਦੀਆਂ ਸਮੱਸਿਆਵਾਂ । ਆਪਣੇ ਆਪ ਹੱਲ ਹੋ ਜਾਣਗੀਆਂ। ਭਾਵੇਂ ਮੈਂ ਸਮਾਜਵਾਦ ਦੇ ਵਿਚਾਰ ਨਾਲ ਅਜੇ ਵੀ। ਸਹਿਮਤ ਹਾਂ, ਪਰ ਹੁਣ ਮੇਰਾ ਵਿਚਾਰ ਇਹ ਬਣਿਆ ਹੈ ਕਿ ਨਾਰੀ ਦੀਆਂ ਸਮੱਸਿਆਵਾਂ । ਸੁਲਝਾਉਣ ਲਈ ਲਹਿਰ ਦੇ ਰੂਪ ਵਿਚ ਸੰਘਰਸ਼ ਸ਼ੁਰੂ ਕਰਨਾ ਪਵੇਗਾ ਅਤੇ ਸਮਾਜਵਾਦ । ਆਉਣ ਤਕ ਉਡੀਕਣਾ ਨਹੀਂ ਚਾਹੀਦਾ। ਇਸ ਲਈ ਹੁਣ ਮੈਂ ਨਾਰੀਵਾਦੀ ਹਾਂ। ਡਾ. ਵਨੀਤਾ ਸਿਮੁ ਦ ਬਿਇ ਤੋਂ ਪਿੱਛੋਂ ਦੀਆਂ ਚਿੰਤਕਾਂ ਤੋਰਿਲ ਮਾਇ (ਸੈਕਸੂਅਲ,ਨਾਰੀਵਾਦੀ ਦੀ ਚਿੰਤਨ ਵੱਲ ਸੰਕੇਤ ਕਰਦਿਆਂ ਨਾਲ-ਨਾਲ ਫਰਾਇਡ ਦੇ ਜਾਂ ਹੋਰ । ਮਨੋਵਿਸ਼ਲੇਸ਼ਣ ਵਿਚ ਸਾਹਮਣੇ ਆਏ ਉਨ੍ਹਾਂ ਸਿਧਾਂਤਾਂ ਦਾ ਜ਼ਿਕਰ ਕਰਦੀ ਹੈ ਜਿਨ੍ਹਾਂ ਨਾਲ , ਨਾਰੀਵਾਦ ਦਾ ਤਣਾਓ ਪੈਦਾ ਹੋਇਆ ਹੈ। ਉਹ ਆਪਣੀ ਵਿਚਾਰਧਾਰਾ ਨੂੰ ਸਪਸ਼ਟ ਕਰਦਿਆਂ ਆਖਦੀ ਹੈ: "ਨਾਰੀਵਾਦੀ ਦ੍ਰਿਸ਼ਟੀ ਜਿਨਸੀ ਵਿਚਾਰਧਾਰਾ (ਸੈਕਸ ਆਇਡਿਆਲੋਜੀ) ਦਾ ਵਿਰੋਧ ਕਰਦੀ ਹੈ। ਨਾਰੀਵਾਦੀ ਸਿਧਾਂਤ ਅਜਿਹੇ ਹਰ ਪ੍ਰਬੰਧ ਦਾ ਵਿਰੋਧ ਕਰਦਾ ਹੈ ਜਿਸ ਵਿਚ ਔਰਤ ਨੂੰ ਸਿਰਫ਼ ਜਿਸ ਦਾ ਪ੍ਰਤੀਕ ਬਣਾ ਦਿੱਤਾ ਜਾਂਦਾ ਹੈ। ਔਰਤ ਕਿਉਂਕਿ ਪਰਿਵਾਰ ਦੀ ਸਭ ਤੋਂ ਅਹਿਮ ਕੜੀ ਹੈ ਇਸ ਲਈ ਵਿਚਾਰਧਾਰਾ ਪਰਿਵਾਰ ਦੇ ਸੰਕਲਪ ਨੂੰ ਧਿਆਨ ਵਿਚ ਰੱਖ ਕੇ ਬਣਨੀ ਚਾਹੀਦੀ ਹੈ। ਉਸ ਦੀ ਇਸ ਪੁਸਤਕ ਦਾ ਅਗਲਾ ਅਧਿਆਇ ਸਭ ਤੋਂ ਮਹੱਤਵਪੂਰਨ ਹੈ।

ਨਾਰੀਵਾਦੀ ਸਾਹਿਤ ਸਿਧਾਂਤ, ਕਿਉਂਕਿ ਨਾਰੀ ਨਾਲ ਸੰਬੰਧਤ ਮਸਲਿਆਂ ਵੱਲ ਤਾਂ ਆਮ ਧਿਆਨ ਦਿੱਤਾ ਜਾਂਦਾ ਹੈ ਤੇ ਕੇਵਲ ਉਸ ਦੇ ਆਲੇ-ਦੁਆਲੇ ਹੀ ਉਸ ਦੇ ਸਾਹਿਤ ਦੀ ਗੱਲ ਕਰ ਲਈ ਜਾਂਦੀ ਹੈ ਪਰ ਨਾਰੀਵਾਦੀ ਸਾਹਿਤ ਸਿਧਾਂਤਾਂ ਜਾਂ ਸਾਹਿਤ ਸ਼ਾਸਤਰ ਵੱਲ ਘੱਟ ਧਿਆਨ ਦਿੱਤਾ ਜਾਂਦਾ ਹੈ। ਨਾਰੀਵਾਦੀ ਸਾਹਿਤ ਸਿਧਾਂਤਾਂ ਦਾ ਰੋਮਾਨੀ ਕਲਾ ਨਾਲ ਵਿਰੋਧ, ਨਾਰੀਵਾਦੀ ਪ੍ਰਵਚਨ, ਨਾਰੀਵਾਦੀ ਸੌਂਦਰਯ ਬੋਧ ਤੇ ਨਾਰੀਵਾਦੀ ਆਲੋਚਨਾ ਬਾਰੇ ਚਰਚਾ ਕੀਤਾ ਹੈ। ਰੋਮਾਨੀ ਕਲਾ ਦਾ ਵਿਰੋਧ ਕਰਦਿਆਂ ਉਹ ਮੇਰੀ ਵੇਲਸਟੋਨ ਕਰਾਫਟ ਦੇ ਵਿਚਾਰ ਨੂੰ ਸਵੀਕਾਰ ਕਰਦੀ ਹੈ, "ਰੋਮਾਨੀ ਗਲਪ ਦਾ ਵਿਰੋਧ ਇਸ ਲਈ ਕੀਤਾ ਜਾਂਦਾ ਹੈ ਕਿਉਂਕਿ ਇਸ ਵਿਚ ਔਰਤ ਦੀ ਸਮਾਜਕਤਾ ਨੂੰ ਪਿਤਾ ਮੁਖੀ ਦ੍ਰਿਸ਼ਟੀ ਨਾਲ ਪੇਸ਼ ਕੀਤਾ ਜਾਂਦਾ ਹੈ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਰੋਮਾਨੀ ਗਲਪ ਮਰਦ ਸ਼ਕਤੀ ਦਾ ਅਜਿਹਾ ਸਭਿਆਚਾਰਕ ਹਥਿਆਰ ਹੈ ਜੋ ਝੂਠੀ ਕਾਮੁਕਤਾ ਨੂੰ ਗਲਪ ਦੀ ਤਹਿ ਥੱਲੇ ਲੁਕਾ ਲੈਂਦਾ ਹੈ ਤੇ ਰੁਮਾਂਸ ਵਿਚ ਔਰਤ ਨੂੰ ਸਿਰਫ ਪਿਆਰ ਦੀ ਇਕ ਵਸਤ ਬਣਾ ਦਿੱਤਾ ਜਾਂਦਾ ਹੈ। ਇਉਂ ਸਮੁੱਚੇ ਰੂਪ ਵਿਚ ਔਰਤ ਦਾ ਅਵਮੁਲਣ ਹੁੰਦਾ ਹੈ।"

ਸਮੇਂ ਦੇ ਬਦਲਾਅ ਨਾਲ ਪੰਜਾਬੀ ਸੱਭਿਆਚਾਰ ਵਿੱਚ ਔਰਤ ਦੀ ਸਥਿਤੀ ਵਿੱਚ ਵੀ ਬਦਲਾਅ ਆਇਆ ਹੈ। ਅਸਲ ਵਿੱਚ ਜਿਵੇਂ ਪੰਜਾਬੀ ਸੱਭਿਆਚਾਰ ਬਦਲ ਰਿਹਾ ਹੈ ਉਸ ਨਾਲ ਸਭਿਆਚਾਰ ਵਿੱਚ ਔਰਤ ਦੀ ਸਥਿਤੀ ਵੀ ਬਦਲ ਰਹੀ ਹੈ। ਅੱਜ ਦੇ ਸਮੇਂ ਵਿੱਚ ਔਰਤ ਦੀ ਸਥਿਤੀ ਮਰਦ ਦੇ ਬਰਾਬਰ ਹੈ। ਜੇਕਰ ਅਸੀਂ ਸਿੱਖਿਆ ਦੇ ਪੱਖ ਤੋਂ ਗੱਲ ਕਰੀਏ। ਤਾਂ ਔਰਤ ਉੱਚ ਸਿੱਖਿਆ ਹਾਸਿਲ ਕਰ ਰਹੀ ਹੈ। ਅਤੇ ਰਿਸ਼ਤੇ ਨਾਤੇ ਪ੍ਰਬੰਧ ਵਿੱਚ ਔਰਤ ਨੂੰ ਅੱਜ ਦੇ ਪਰਿਵਾਰ ਵਿੱਚ ਮਰਦ ਦੇ ਬਰਾਬਰ ਮਾਨ ਸਨਮਾਨ ਪ੍ਰਾਪਤ ਹੈ।ਅਸਲ ਵਿੱਚ ਪੰਜਾਬੀ ਸੱਭਿਆਚਾਰ ਨਿਰੰਤਰ ਤਬਦੀਲੀ ਵਿੱਚ ਹੈ। ਇਸ ਬਾਰੇ ਸਭਿਆਚਾਰਕ ਪਰਿਵਰਤਨ ਦੌਰਾਨ ਔਰਤ ਦੀ ਸਥਿਤੀ ਵੀ ਨਿਰੰਤਰ ਤਬਦੀਲ ਹੁੰਦੀ ਹੈ। ਭਾਵੇਂ ਅੱਜ ਵੀ ਪੰਜਾਬ ਦਾ ਭਾਰੂ ਸੱਭਿਆਚਾਰ ਪਿਤਾ ਪੁਰਖੀ ਹੈ ਪ੍ਰੰਤੂ ਇਹ ਪਿਤਾ ਪੁਰਖੀ ਸੱਭਿਆਚਾਰ ਬਦਲਦੇ ਹਾਲਾਤਾਂ ਵਿੱਚ ਟੁੱਟ ਰਿਹਾ ਹੈ। ਨਾਰੀ ਦ੍ਰਿਸ਼ਟੀ ਤੋਂ ਦੇਖਿਆ ਪੰਜਾਬੀ ਸੱਭਿਆਚਾਰ ਵਿੱਚ ਆ ਰਹੀ ਤਬਦੀਲੀ ਸਮੁੱਚੇ ਰੂਪ ਵਿੱਚ ਔਰਤ ਮਰਦ ਦਰਮਿਆਨ ਬਰਾਬਰੀ ਵਲ ਨੂੰ ਵੱਧ ਰਹੀ ਹੈ। ਉਹ ਨਾਰੀਵਾਦ ਜਾਂ ਉੱਤਰ ਨਾਰੀਵਾਦ ਨੂੰ ਸਮਝਣ ਲਈ ਫਿਲਾਸਫੀ, ਭਾਸ਼ਾ, ਵਿਗਿਆਨ ਤੇ ਮਨੋਵਿਗਿਆਨ ਦਾ ਗਿਆਨ ਜ਼ਰੂਰੀ ਸਮਝਦੀ ਹੈ ਤੇ ਇਸੇ ਦ੍ਰਿਸ਼ਟੀ ਤੋਂ ਹੀ ਥਿਸ਼ਨ-ਪ੍ਰਧਾਨ (ਫੈਲੋਸੈਂਟਰਿਕ) ਦ੍ਰਿਸ਼ਟੀ ਤੇ ਕਈ ਹੋਰ ਨਾਰੀ ਚਿੰਤਕਾਂ ਵਾਂਗ ਹਮਲਾ ਕਰਦੀ ਹੈ। ਨਾਰੀਵਾਦੀ ਸੌਂਦਰਯ ਬੋਧ ਦਾ ਇਸ ਦ੍ਰਿਸ਼ਟੀ ਤੋਂ ਨਿਖੇੜ ਪੈਦਾ ਕਰਦੀ ਹੈ। ਇਸ ਪਿਛੋਕੜ ਵਿਚ ਉਹ ਕੁਰਤੁਲੇਨ ਹੈਦਰ , ਕ੍ਰਿਸ਼ਨਾ ਸੋਬਤੀ, ਕਮਲਾ ਦਾਸ, ਰਾਜੀ ਸੇਠ, ਅਨਾਮਿਕਾ, ਤਸਲੀਮਾ ਨਸਰੀਨ, ਮ੍ਰਿਦੁਲਾ ਗਰਗ ਦੀ ਟੈਕਸਟ ਵੱਲ ਸੰਕੇਤ ਕਰਦਿਆਂ ਅਗਲੇ ਅਧਿਆਇ 'ਨਾਰੀਵਾਦ ਅਤੇ ਪੰਜਾਬੀ ਲੇਖਿਕਾਵਾਂ ਵਿਚ ਅੰਮ੍ਰਿਤਾ ਪ੍ਰੀਤਮ, ਅਜੀਤ ਕੋਰ , ਦਲੀਪ ਕੌਰ ਟਿਵਾਣਾ, ਸ਼ਰਨ ਮੱਕੜ, ਸੁਖਵੰਤ ਕੌਰ ਮਾਨ, ਬਲਜੀਤ ਕੌਰ ਬੱਲੀ, ਮਹਿੰਦਰ ਕੌਰ ਗਿੱਲ , ਕੈਲਾਸ਼ ਪੁਰੀ, ਮਨਜੀਤ ਟਿਵਾਣਾ, ਪਾਲ ਕੌਰ, ਸ਼ਸ਼ੀ ਸਮੁੰਦਰਾ, ਅਮਰੋ ਜਿਉਤੀ, ਸੁਰਜੀਤ ਕਲਸੀ, ਚੰਦਨ ਨੇਗੀ, ਬਲਵਿੰਦਰ ਕੌਰ ਬਰਾੜ, ਕਮਲ ਇਕਾਰਸ਼ੀ, ਮਨਜੀਤ ਪਾਲ , ਵੀਨਾ ਵਰਮਾ, ਨਿਰੂਪਮਾ ਦੱਤ, ਅਮਰਜੀਤ ਘੁੰਮਣ, ਸੁਖਵਿੰਦਰ ਅੰਮ੍ਰਿਤ ਆਦਿ ਵੱਲ ਸੰਕੇਤ ਕਰਦਿਆਂ ਪੰਜਾਬੀ ਨਾਰੀ ਲੇਖਕ ਦਾ ਪੈਰਾਡਾਈਮ ਬਣਾਉਂਦੀ ਹੈ।

### ਸਾਰ-ਅੰਸ਼

ਇਸ ਪੈਰਾਡਾਈਮ ਨੂੰ ਬਣਾਉਂਦਿਆਂ ਪਿਛਲੇ ਅਧਿਆਇਆਂ ਦੇ ਪਰਿਪੇਖ ਨੂੰ ਆਪਣੀ ਚੇਤਨਾ ਵਿਚ ਰਖਦਿਆਂ ਵਿਸ਼ਲੇਸ਼ਣ ਦੀ ਵਿਧੀ ਬਣਾਉਂਦੀ ਹੈ। ਸਪਸ਼ਟ ਹੈ ਕਿ ਇਸ ਪਰਿਪੇਖ ਵਿਚ ਇਨ੍ਹਾਂ ਲੇਖਿਕਾਵਾਂ ਦੀ ਸਾਰੀ ਟੈਕਸਟ ਵੱਲ ਸੰਕੇਤ ਨਹੀਂ ਕੀਤਾ ਜਾ ਸਕਦਾ ਪਰ ਉਹ ਇਹ ਸੰਖੇਪ ਚਰਚਾ ਕਰਦਿਆਂ ਨਾਰੀ ਲੇਖਨ ਦੀ ਸਮਰੱਥਾ ਪਛਾਨਣ ਦੇ ਨਾਲ-ਨਾਲ ਉਸ ਦੀ ਸੀਮਾ ਪਛਾਨਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਡਾ. ਵਨੀਤਾ ਦੀ ਇਹ ਕਿਤਾਬ ਪੰਜਾਬੀ ਵਿਚ ਨਾਰੀਵਾਦੀ ਅਧਿਐਨ ਦਾ ਠੀਕ ਪਰਿਪੇਖ ਵਿਚ ਮੁੱਢਲਾ ਬਿੰਦੂ ਪੈਦਾ ਕਰਦੀ ਹੈ, ਵਿਸਥਾਰ ਨਹੀਂ, ਪਰ ਉਸ ਪੰਜਾਬੀ ਅਧਿਐਨ ਨੂੰ ਰੱਦ ਕਰ ਦਿੰਦੀ ਹੈ ਜੋ ਨਾਰੀਵਾਦੀ ਸਾਹਿਤ-ਇਹ ਕਿਤਾਬ ਨਾਰੀਵਾਦੀ ਅਧਿਐਨ ਨੂੰ ਗਿਆਨ ਦੇ ਸਮੁੱਚੇ ਵਿਕਾਸ ਦੀ ਚੇਤਨਾ ਨਾਲ ਜੋੜਦੀ ਹੈ। ਜਦੋਂ ਕਿਸੇ ਭਾਸ਼ਾ ਵਿਚ ਇਹ ਕੁਝ ਵਾਪਰਦਾ ਹੈ, ਉਦੋਂ ਉਸ ਭਾਸ਼ਾ ਵਿਚ ਨਾਰੀਵਾਦੀ ਟੈਕਸਟ ਜਾਂ ਰਚਨਾ ਦੀ ਜ਼ਿੰਮੇਵਾਰੀ ਵੀ ਹੋਰ ਵਧ ਜਾਂਦੀ ਹੈ।

## ਮੁੱਖ/ਕੇਂਦਰੀ ਸ਼ਬਦ:

- ਟੈਕਸਟ---ਰਚਨਾ
- ਵਾਸਤਵਿਕਤਾ---ਸੱਚਾਈ

- ਫਿਲਾਸਫੀ---ਦਰਸ਼ਨ
- ਕਲਪਾਨਤਮਿਕ---ਕਾਲਪਨਿਕ
- ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

ਪ੍ਰਸ਼ਨ 1. ਸੁਪਨਿਆਂ ਦੀ ਪਗਡੰਡੀ ਪੁਸਤਕ ਕਿਸਦੀ ਹੈ?

ੳ ਅੰਮ੍ਰਿਤਾ ਪ੍ਰੀਤਮ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਵਨੀਤਾ

ਪ੍ਰਸ਼ਨ 2. ਵਨੀਤਾ ਨੂੰ ਸਾਹਿਤ ਅਕਾਦਮੀ ਅਵਾਰਡ ਕਿਸ ਪੁਸਤਕ ਲਈ ਮਿਲਦਾ ਹੈ?

ੳ ਸੁਪਨਿਆਂ ਦੀ ਪਗਡੰਡੀ

ਅ ਉਤਰਆਧੁਨਿਕਤਾ

ੲ ਬੋਲ ਅਲਾਪ

ਸ ਕਾਲ ਪਹਿਰ ਘੜੀਆਂ

ਪ੍ਰਸ਼ਨ 3. ੳ ਗੀਤਾਂ ਵਾਲਿਆ ਪੁਸਤਕ ਕਿਸਦੀ ਹੈ?

ੳ ਅੰਮ੍ਰਿਤਾ ਪ੍ਰੀਤਮ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 4. ਪੱਤਝੜ ਵਿੱਚ ਪੁੰਗਰਦੇ ਪੱਤੇ ਕਾਵਿ ਸੰਗ੍ਰਹਿ ਕਦੋਂ ਪ੍ਰਕਾਸ਼ਿਤ ਹੁੰਦਾ ਹੈ?

ੳ 2002

ਅ 2008

ੲ 2000

ਸ 2006

ਪ੍ਰਸ਼ਨ 5. ਔਰਤ ਨੂੰ ਜੀਵ ਦੇ ਲਵੇ ਰੂਪਾਂ ਵਿੱਚ ਢਲਣਾ ਚਾਹੀਦਾ ਹੈ ਤੇ ਆਪਣੇ ਢੰਗ ਨਾਲ ਲੇਖਣ ਕਰਨਾ ਚਾਹੀਦਾ ਹੈ ਤਾ ਜੋ ਆਪਣੇ ਆਪ ਨੂੰ ਬਿਆਨ ਕਰ ਸਕੇ।

ਉਪਰੋਕਤ ਪਰਿਭਾਸ਼ਾ ਕਿਸ ਦੀ ਹੈ?

ੳ ਸਿਮੋਨ

ਅ ਕੇਟ ਮਿਲੇਟ

ੲ ਹੈਲਨ ਸਿਕਸੂ

ਸ ਬੈਟੀ ਫਰੀਡਨ

ਪ੍ਰਸ਼ਨ 6. ਨਾਰੀਵਾਦ ਔਰਤਾਂ ਦਾ ਸਮਾਜਿਕ ਉਤਪਾਦਨ ਦੇ ਵਿੱਚ ਸ਼ਾਮਿਲ ਹੋਣ ਤੇ ਔਰਤ ਨੂੰ ਬਰਾਬਰ ਦੇ ਮੋਕੇ ਦਿੱਤੇ ਜਾਣ ਦੀ ਗੱਲ ਕਰਦਾ ਹੈ। ਇਹ ਔਰਤ ਦੀ ਦੂਜੀ ਸਥਿਤੀ ਦਾ ਕਾਰਨ ਆਰਥਿਕਤਾ ਨੂੰ ਮੰਨਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 7. ਪੰਜਾਬੀ ਵਿਚ ਪਿਆਰ ਕਾਵਿ ਨੂੰ ਪ੍ਰਵਾਨਿਆ ਵੀ ਗਿਆ ਹੈ ਅਤੇ ਨਕਾਰਿਆ ਵੀ ਗਿਆ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਰਾਜਿੰਦਰ ਪਾਲ ਸਿੰਘ ਬਰਾੜ

ਪ੍ਰਸ਼ਨ 8. ਔਰਤ ਦੇ ਦਮਨ ਨੂੰ ਜੈਂਡਰ ਦੇ ਵਖਰੇਵੇਂ ਅਤੇ ਕਾਮੁਕਤਾ ਵਿੱਚ ਮੰਨਦਾ ਹੈ ਇਹ ਔਰਤ ਦੇ ਆਪਣੇ ਸ਼ਰੀਰ ਉੱਪਰ ਸੁਤੰਤਰ ਹੋਂਦ ਦੀ ਪੈਰਵੀ ਕਰਦਾ ਹੈ ਭਾਵ ਲਿੰਗਕ ਆਜ਼ਾਦੀ ਦੀ ਗੱਲ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਕਿਸ ਨਾਲ ਸਬੰਧਿਤ ਹੈ?

ੳ ਮਾਰਕਸਵਾਦੀ ਨਾਰੀਵਾਦ

ਅ ਉਦਾਰਵਾਦੀ ਨਾਰੀਵਾਦ

ੲ ਰੈਡੀਕਲ ਨਾਰੀਵਾਦ

ਸ ਮਨੋਵਿਸ਼ਲੇਸ਼ਣੀ ਨਾਰੀਵਾਦ

ਪ੍ਰਸ਼ਨ 9. ਸੁਣੋ ਸਖੀਓ, ਤੁਹਾਡੇ ਤੋਂ ਕੋਈ ਓਹਲਾ ਨਾ ਪਰਦਾ ਹੈ

ਕਿ ਅੱਧੀ ਰਾਤ ਮੇਰੀ ਛੱਤ 'ਤੇ ਇਕ ਚੰਨ ਉਤਰਦਾ ਹੈ

ਉਪਰੋਕਤ ਰਚਨਾ ਕੀ ਹੈ?

ੳ ਗੀਤ

ਅ ਗਜ਼ਲ

ੲ ਨਜ਼ਮ

ਸ ਖੁੱਲ੍ਹ ਕਵਿਤਾ

ਪ੍ਰਸ਼ਨ 10. ਹਜ਼ਾਰ ਰੰਗਾਂ ਦੀ ਲਾਟ ਰਚਨਾ ਕੀ ਹੈ?

ੳ ਗੀਤ ਸੰਗ੍ਰਹਿ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਖੁੱਲ੍ਹ ਕਵਿਤਾ ਸੰਗ੍ਰਹਿ

ਪ੍ਰਸ਼ਨ 11. ਨਾਰੀ ਨੀਝ ਪੁਸਤਕ ਦਾ ਲੇਖਕ ਕੌਣ ਹੈ?

ੳ ਮੇਘਾ ਸਿੰਘ

ਅ ਰਵੇਲ ਸਿੰਘ

ੲ ਚਰਨਜੀਤ ਕੌਰ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 12. ਨਾਰੀ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਚਰਨਜੀਤ ਕੌਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 13. ਔਰਤ ਅਜ਼ਾਦ ਹੈ? ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਰਵੇਲ ਸਿੰਘ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 14 ਨਾਰੀ ਦਾ ਮੁੱਢਲਾ ਕਦਮ ਪੁਸਤਕ ਦਾ ਲੇਖਕ ਕੌਣ ਹੈ?

ੳ ਜਸਬੀਰ ਕੇਸਰ

ਅ ਸਰਬਜੀਤ ਕੌਰ ਸੰਧਾਵਾਂਲੀਆ

ੲ ਹਰਜਿੰਦਰ ਵਾਲੀਆ

ਸ ਗੁਰਮੀਤ ਸਿੰਘ ਮਾਨ

ਪ੍ਰਸ਼ਨ 15. ਨਾਰੀਵਾਦ ਰਚਨਾ ਕੀ ਹੈ?

ੳ ਆਲੋਚਨਾ ਪੁਸਤਕ

ਅ ਗਜ਼ਲ ਸੰਗ੍ਰਹਿ

ੲ ਨਜ਼ਮ ਸੰਗ੍ਰਹਿ

ਸ ਗੀਤ ਸੰਗ੍ਰਹਿ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1. ਸ | 2. ੳ | 3. ਸ | 4. ੲ | 5. ੳ |
| 6. ੳ | 7. ੳ | 8. ਸ | 9. ੲ | 10. ਅ |
| 11.ੲ | 12. ੳ | 13. ੳ | 14. ਅ | 15. ੲ |

## ਅਭਿਆਸ ਪ੍ਰਸ਼ਨ

1. ਡ. ਵਨੀਤਾ ਦੇ ਜੀਵਨ ਅਤੇ ਰਚਨਾ ਸੰਸਾਰ ਉਪਰ ਨੋਟ ਲਿਖੋ।
2. ਡਾ. ਵਨੀਤਾ ਦੀ ਨਾਰੀਵਾਦੀ ਦ੍ਰਿਸ਼ਟੀ ਦਾ ਮੁਲਾਂਕਣ ਕਰੋ।
3. ਡਾ. ਵਨੀਤਾ ਦਾ ਪੰਜਾਬੀ ਆਲੋਚਨਾ ਜਗਤ ਵਿਚ ਸਥਾਨ ਨਿਰਧਾਰਿਤ ਕਰੋ।

## Further Reading


- ਡਾ. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ।
- ਡਾ. ਹਰਿਭਜਨ ਸਿੰਘ ਭਾਟੀਆ, ਪੰਜਾਬੀ ਆਲੋਚਨਾ: ਸਿਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
- ਜਸਬੀਰ ਸਿੰਘ ਆਹਲੂਵਾਲੀਆ, ਪੰਜਾਬੀ ਆਲੋਚਨਾ: ਇਕ ਪਰਿਚਯ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- ਡਾ. ਹਰਜੋਧ ਸਿੰਘ, ਪੰਜਾਬੀ ਆਲੋਚਨਾ ਵਿਸ਼ੇਸ਼ ਅੰਕ-82, ਖੋਜ ਪਤ੍ਰਿਕਾ।


**Online Links**

https://punjabipedia.org/topic.aspx?txt=%E0%A8%A8%E0%A8%BE%E0%A8%B0%E0%A9%80-%E0%A8%9A%E0%A9%87%E0%A8%A4%E0%A8%A8%E0%A8%BE

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-521360
Fax.: +91-1824-506111
Email: odl@lpu.co.in